## CORE COURSE (CC): RELIGIOUS STUDIES

## SEMESTER-V

## ਪ੍ਰਮੁੱਖ ਸੰਪਰਦਾਵਾਂ (MAIN SECTS)

### SECTION-A

### ਯੂਨਿਟ 1: ਸਿੱਖ ਧਰਮ: ਉਦਾਸੀ ਅਤੇ ਨਿਰਮਲ ਸੰਪਰਦਾਇ

ਉਦਾਸੀ ਸਿੱਖ ਧਰਮ ਦਾ ਅਟੁੱਟ ਅੰਗ ਹਨ। ਇਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਵਿਚ ਵਿਲੱਖਣ ਯੋਗਦਾਨ ਪਾਇਆ । ਇਹਨਾਂ ਦੇ ਯਤਨਾਂ ਸਦਕਾ ਸਿੱਖੀ ਪ੍ਰਚਾਰ ਉਸ ਸਮੇਂ ਵੀ ਜਾਰੀ ਰਿਹਾ ਜਦੋਂ ਸਿੱਖ ਪੰਥ ਸੰਕਟ ਵਿਚੋਂ ਲੰਘ ਰਿਹਾ ਸੀ । ਇਹਨਾਂ ਉਦਾਸੀ ਸੰਤਾਂ ਨੇ ਪ੍ਰਮੁਖ ਸਿੱਖ ਸੰਸਥਾਵਾਂ ਦੀ ਸੇਵਾ-ਸੰਭਾਲ ਦਾ ਕਾਰਜ ਜਾਰੀ ਰੱਖਿਆ ਅਤੇ ਨਾਲ ਹੀ ਅਜਿਹੀਆਂ ਰਚਨਾਵਾਂ ਵੀ ਸਾਹਮਣੇ ਲਿਆਂਦਿਆਂ ਜਿਨ੍ਹਾਂ ਰਾਹੀਂ ਸਿੱਖੀ ਵਿਕਾਸਮੁਖੀ ਦਿਸ਼ਾ ਵੱਲ ਨਿਰੰਤਰ ਚਲਦੀ ਰਹੀ । ਅਠਾਰਵੀਂ ਸਦੀ ਵਿਚ ਇਨ੍ਹਾਂ ਦੁਆਰਾ ਕੀਤੇ ਯਤਨਾਂ ਸਦਕਾ ਜੋ ਰਚਨਾਵਾਂ ਸਾਹਮਣੇ ਆਈਆਂ ਉਨ੍ਹਾਂ ਵਿਚੋਂ ਸਿੱਖ ਧਰਮ ਸੰਬੰਧੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਭਾਵੇਂ ਕਿ ਕੁਝ ਵਿਦਵਾਨ ਇਹ ਕਹਿੰਦੇ ਹਨ ਕਿ ਉਦਾਸੀਆਂ ਨੇ ਸਿੱਖੀ ਸਿਧਾਂਤਾਂ ਨੂੰ ਪੇਸ਼ ਕਰਨ ਲਈ ਵੇਦਾਂਦਿਕ ਮੁਹਾਵਰੇ ਦਾ ਪ੍ਰਯੋਗ ਕੀਤਾ, ਪਰ ਇਸ ਦੇ ਨਾਲ ਇਹ ਵੀ ਸੱਚ ਹੈ ਕਿ ਏਸੇ ਮੁਹਾਵਰੇ ਦੇ ਪ੍ਰਯੋਗ ਨੇ ਹਿੰਦੂਆਂ ਨੂੰ ਸਿੱਖ ਧਰਮ ਪ੍ਰਤੀ ਆਕਰਸ਼ਿਤ ਕੀਤਾ । ਇਹਨ੍ਹਾਂ ਦੀ ਦੇਣ ਨੂੰ ਕਿਸੇ ਪ੍ਰਕਾਰ ਘਟਾ ਕੇ ਨਹੀਂ ਵੇਖਿਆ ਜਾਣਾ ਚਾਹੀਦਾ । ਇਹਨ੍ਹਾਂ ਨੇ ਸਿੱਖੀ ਸੰਦੇਸ਼ ਉਥੇ ਤੱਕ ਪਹੁੰਚਾਉਣ ਦਾ ਕਾਰਜ ਕੀਤਾ ਜਿਥੇ ਤੱਕ ਅਜੋਕੇ ਸਮੇਂ ਦੇ ਸਿੱਖ ਪ੍ਰਚਾਰਕ ਵੀ ਨਹੀਂ ਪਹੁੰਚ ਸਕੇ ।

ਸਿੱਖ ਧਰਮ ਵਿਚ ਉਦਾਸੀ ਸ਼ਬਦ ਦਾ ਆਰੰਭ ਗੁਰੂ ਨਾਨਕ ਦੇਵ ਜੀ ਨਾਲ ਜੋੜਿਆ ਜਾਂਦਾ ਹੈ, ਜਿਸ ਨੂੰ ਵੱਖ-ਵੱਖ ਅਰਥਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ :

1 ਯਾਤਰਾਵਾਂ ਦੇ ਰੂਪ ਵਿਚ

2 ਭੇਖ ਦੇ ਰੂਪ ਵਿਚ

3 ਨਿਰਲੇਪਤਾ ਦੇ ਰੂਪ ਵਿਚ

4 ਉਦਾਸੀਪਨ ਦੇ ਰੂਪ ਵਿਚ

**ਉਦਾਸੀ ਸੰਪਰਦਾ ਦਾ ਆਰੰਭ**

ਉਦਾਸੀ ਸੰਪ੍ਰਦਾ ਦਾ ਆਰੰਭ ਬਾਬਾ ਸਿਰੀ ਚੰਦ ਤੋਂ ਮੰਨਿਆ ਜਾਂਦਾ ਹੈ I ਪਰ ਫਿਰ ਵੀ ਕੁਝ ਉਦਾਸੀ ਸਾਧੂ ਇਹ ਸ਼ਬਦ ਸੰਸਕ੍ਰਿਤ ਭਾਸ਼ਾ ਵਿਚੋਂ ਆਇਆ ਹੋਣ ਕਰਕੇ ਇਸਦਾ ਸੰਬੰਧ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜ ਕੇ ਪੇਸ਼ ਕਰਦੇ ਹਨ। ਉਦਾਸੀ ਸਾਧੂ ਮੰਨਦੇ ਹਨ ਕਿ ਉਦਾਸੀਨ ਪਰੰਪਰਾ ਵਿਚ ਪਹਿਲਾ ਬ੍ਰਹਮਾ ਜੀ ਫਿਰ ਸ੍ਰੀ ਸਨਕਾਦਿ ਰਿਸ਼ੀ, ਸ੍ਰੀ ਯੋਗੀਸ਼ਵਰ ਸ਼ਿਵ, ਸ੍ਰੀ ਨਾਰਾਇਣ ਅਤੇ ਫਿਰ ਸ੍ਰੀ ਸਨਤਕੁਮਾਰ ਜੀ ਆਏ I ਸ਼ਿਵ-ਨਾਰਾਇਣ ਦੋਵੇਂ ਉਦਾਸੀ ਮੱਤ ਦੇ ਆਚਾਰੀਆ ਰਹੇ I ਏਸੇ ਮੱਤ ਦੇ ਆਚਾਰੀਆ ਸਿਰੀ ਚੰਦ ਜੀ ਹੋਏ। ਉਦਾਸੀ ਸੰਪ੍ਰਦਾਇ ਦੇ ਪੈਰੋਕਾਰ ਇਹ ਵੀ ਮੰਨਦੇ ਹਨ ਕਿ ਇਸ ਮੱਤ ਦਾ ਮੁੱਢ ਓਅੰਕਾਰ ਤੋਂ ਬੱਝਾ ਸੀ I ਫਿਰ ਬਾਬਾ ਸਿਰੀ ਚੰਦ ਨੇ ਉਦਾਸੀ ਮੱਤ ਦਾ ਵਿਧੀਵਤ ਸੰਗਠਨ ਕੀਤਾ। ਇਸ ਸੰਪ੍ਰਦਾਇ ਦੁਆਰਾ ਪੇਸ਼ ਕੀਤੇ ਇਸ ਮੱਤ ਦਾ ਖੰਡਨ ਕਰਨ ਵਾਲਿਆਂ ਦੀ ਦਲੀਲ ਹੈ ਕਿ "ਇਸ ਸੰਪ੍ਰਦਾਇ ਵਾਲੇ ਆਪਣੀ ਸੰਪ੍ਰਦਾਇ ਨੂੰ ਅਨਾਦਿ ਕਾਲ ਤੋਂ ਚਲੀ ਆਉਂਦੀ ਸਿੱਧ ਕਰਨ ਲਈ ਪੋਰਾਣਿਕ ਗ੍ਰੰਥਾਂ ਤੇ ਕਥਾਵਾਂ ਦਾ ਆਸਰਾ ਲੈਂਦੇ ਹਨ I ਇਸ ਮੱਤ ਦਾ ਆਧਾਰ ਇਤਿਹਾਸਕ ਨਹੀਂ ਹੈ I" ਇਸਤੋਂ ਇਲਾਵਾ ਇਹ ਕਿਹਾ ਜਾਂਦਾ ਹੈ ਕਿ "ਵੇਦ, ਪੁਰਾਣ, ਮਹਾਭਾਰਤ ਆਦਿ ਪ੍ਰਾਚੀਨ ਗ੍ਰੰਥਾਂ ਵਿਚ ਜਿਥੇ-ਜਿਥੇ ਉਦਾਸੀ ਸੰਪ੍ਰਦਾਇ ਨਾਲ ਜੋੜਨ ਲਈ ਇਤਿਹਾਸ ਨੂੰ ਤੋੜ ਮਰੋੜ ਕੇ ਕਿਤੇ-ਕਿਤੇ ਪੇਸ਼ ਕੀਤਾ ਜਾ ਰਿਹਾ ਹੈ।"

ਸਿੱਖ ਧਰਮ ਨਾਲ ਸੰਬੰਧਤ ਵਿਦਵਾਨ ਉਦਾਸੀ ਸ਼ਬਦ ਨੂੰ ਗੁਰੂ ਨਾਨਕ ਦੇਵ ਜੀ ਨਾਲ ਅਤੇ ਉਦਾਸੀ ਸੰਪ੍ਰਦਾਇ ਨੂੰ ਬਾਬਾ ਸਿਰੀ ਚੰਦ ਨਾਲ ਜੋੜ ਕੇ ਵੇਖਦੇ ਹਨ। ਇਥੇ ਇਹ ਗੱਲ ਜਾਣ ਲੈਣੀ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀ ਪਹਿਰਾਵਾ ਧਾਰਨ ਕਰਕੇ ਜੋ ਉਦਾਸੀਆਂ ਕੀਤੀਆਂ ਉਹ ਲੋਕਾਈ ਨੂੰ ਸਚਿਆਰੇ ਮਾਰਗ ਨਾਲ ਜੋੜਨ ਲਈ ਸਾਧਨ ਮਾਤਰ ਸਨ I ਗੁਰੂ ਜੀ ਅਜਿਹੇ ਗੁਰਮੁਖ ਪੈਦਾ ਕਰਨ ਦਾ ਯਤਨ ਕਰ ਰਹੇ ਸਨ ਜੋ ਮਾਇਆ ਵਿਚ ਉਦਾਸ ਰਹਿ ਕੇ ਸ੍ਰੇਸ਼ਟ ਸਮਾਜ ਦੀ ਸਿਰਜਨਾ ਕਰਨ ਦੇ ਸਮਰਥ ਹੋਣ, ਜਿਨ੍ਹਾਂ ਦੁਆਰਾ ਪੇਸ਼ ਕੀਤੀ ਜੀਵਨਜਾਚ ਰਾਹੀ ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਜਿਹੇ ਸਦਗੁਣ ਪੈਦਾ

ਹੋਣ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਜਿਹੇ ਵਿਕਾਰਾਂ ਨੂੰ ਕਾਬੂ ਕਰਨ ਦੀ ਪ੍ਰੇਰਣਾ ਪੈਦਾ ਹੋਵੇ। ਗੁਰੂ ਨਾਨਕ ਦੇਵ ਦੁਆਰਾ ਦਰਸਾਈ ਜੀਵਨਜਾਚ, ਜੋ ਮਨੁੱਖ ਨੂੰ ਗੁਰਮੁਖ ਪਦ ਤਕ ਲੈ ਕੇ ਜਾਂਦੀ ਹੈ, ਨੂੰ ਧਾਰਨ ਕਰਨ ਦਾ ਜੋ ਮਾਰਗ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਇਆ ਗਿਆ ਹੈ ਉਸਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਰਾਮਦਾਸ ਜੀ ਦਸਦੇ ਹਨ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥0

ਗੁਰੂ ਸਹਿਬਾਨ ਦੁਆਰਾ ਦਰਸਾਈ ਇਹ ਜੀਵਨਜਾਚ ਮਨੁੱਖ ਗ੍ਰਹਿਸਤੀ ਜੀਵਨ ਵਿਚ ਵੀ ਧਾਰਨ ਕਰ ਸਕਦਾ ਹੈ ਅਤੇ ਗ੍ਰਹਿਸਤੀ ਜੀਵਨ ਤੋਂ ਬਗੈਰ ਵੀ। ਪਰ ਗ੍ਰਹਿਸਤੀ ਜੀਵਨ ਤੋਂ ਬਗੈਰ ਗੁਰਮਿਤ ਜੀਵਨਜਾਚ ਧਾਰਨ ਕਰਦੇ ਹੋਏ ਉਸ ਲਈ ਜ਼ਰੂਰੀ ਹੈ ਕਿ ਉਹ ਗ੍ਰਹਿਸਤੀ ਜੀਵਨ ਦਾ ਨਿੰਦਕ ਨਾ ਹੋਵੇ। ਗੁਰਸਿੱਖ ਲਈ ਗ੍ਰਹਿਸਤ ਜੀਵਨ ਧਾਰਨ ਕਰਨਾ ਬੰਦਿਸ਼ ਨਹੀਂ ਬਲਕਿ ਉਸਦੀ ਆਪਣੀ ਮਰਜ਼ੀ ਹੈ ਕਿ ਉਹ ਗ੍ਰਹਿਸਤ ਵਿਚ ਰਹਿਣਾ ਚਾਹੁੰਦਾ ਹੈ ਜਾਂ ਨਹੀਂ, ਉਦੇਸ਼ ਗੁਰਮਤਿ ਅਨੁਸਾਰ ਜਗਤ ਵਿਚ ਰਹਿੰਦੇ ਹੋਏ ਪਰਮਪਦਿ ਦੀ ਪ੍ਰਾਪਤੀ ਦਾ ਹੋਣਾ ਚਾਹੀਦਾ ਹੈ। ਏਸੇ ਕਰਕੇ ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਲਈ ਉਤਰਾਧਿਕਾਰੀ ਦੀ ਚੋਣ ਕੀਤੀ ਤਾਂ ਬਾਬਾ ਸਿਰੀ ਚੰਦ ਅਤੇ ਬਾਬਾ ਲਖਮੀ ਚੰਦ ਜੀ ਵੀ ਹਾਜ਼ਰ ਸਨ।" ਉਸ ਸਮੇਂ ਬਾਬਾ ਸਿਰੀ ਚੰਦ ਦੀ ਉਮਰ, 1494 ਈਸਵੀ ਵਿਚ ਜਨਮ ਅਨੁਸਾਰ, ਲਗਭਗ 45 ਸਾਲ ਅਤੇ ਬਾਬਾ ਲਖਮੀ ਚੰਦ ਦੀ ਉਮਰ, 1496 ਈਸਵੀ ਵਿਚ ਜਨਮ ਅਨੁਸਾਰ, ਲਗਪਗ 43 ਸਾਲ ਮੰਨੀ ਜਾਂਦੀ ਹੈ। ਇਸ ਸਮੇ ਤਕ ਇਹ ਦੋਵੇਂ ਅਣਵਿਆਹੇ ਸਨ ਜਦੋਂ ਕਿ ਉਸ ਸਮੇਂ ਛੋਟੀ ਉਮਰ ਵਿਚ ਵਿਆਹ ਕਰਾਉਣ ਦਾ ਰਿਵਾਜ ਪ੍ਰਚਲਿਤ ਸੀ।

ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭੇ ਮਿਸ਼ਨ ਨੂੰ ਅਗੇ ਤੋਰਨ ਦਾ ਕਾਰਜ ਭਾਂਵੇ ਪ੍ਰਮੁਖ ਤੋਰ ਤੇ ਉਹਨਾਂ ਦੁਆਰਾ ਸਥਾਪਤ ਉਤਰਾਧਿਕਾਰੀ ਹੀ ਕਰ ਰਹੇ ਸਨ ਪਰ ਇਹਨਾਂ ਤੋਂ ਇਲਾਵਾ ਉਹਨਾਂ ਵਿਅਕਤੀਆਂ ਦਾ ਵੀ ਸਤਿਕਾਰ ਕੀਤਾ ਗਿਆ ਜੋ ਇਸ ਮਿਸ਼ਨ ਲਈ ਆਪ ਸਮਰਪਿਤ ਹੋ ਗਏ, ਉਦਾਸੀਆਂ, ਸੇਵਾਪੰਥੀਆ ਅਤੇ ਨਿਰਮਲਿਆਂ ਨੂੰ ਏਸੇ ਸ਼੍ਰੇਣੀ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਇਹਨਾਂ ਤੋਂ ਇਲਾਵਾ ਜਿਨ੍ਹਾਂ ਦਾ ਕਾਰਜ ਗੁਰਮਿਤ ਤੋਂ ਉਲਟ ਜਾਪਿਆ ਉਹਨਾਂ ਨੂੰ ਗੁਰੂ ਸਾਹਿਬਾਨ ਨੇ ਆਪ ਫਿਟਕਾਰ ਦਿੱਤਾ । ਧੀਰਮਲੀਆਂ, ਰਾਮਰਾਈਆਂ ਆਦਿ ਨੂੰ ਏਸ ਸ਼੍ਰੇਣੀ ਵਿਚ ਰਖ ਕੇ ਵੇਖਿਆ ਜਾ ਸਕਦਾ ਹੈ । ਉਦਾਸੀ ਪ੍ਰਥਾ ਨੂੰ ਅਗੇ ਤੋਰੀ ਰੱਖਣ ਵਾਲਿਆਂ ਦਾ ਵਿਚਾਰ ਹੈ ਕਿ ਸੰਸਾਰ ਵਿਚ ਮੁੱਖ ਧਰਮ, ਪ੍ਰਾਨੀ ਮਾਤਰ ਲਈ ਗ੍ਰਿਸਤ ਹੀ ਹੈ, ਇਸ ਲਈ ਸਤਿਗੁਰ ਨਾਨਕ ਨੇ ਇਸੇ ਨੂੰ ਉਤਮ ਦਸਣ ਲਈ ਅਮਲੀ ਤੌਰ ਪੁਰ, ਗੁਰਯਾਈ ਦਾ ਸਿਲਸਿਲਾ ਗ੍ਰਿਸਤ ਮਾਰਗ ਵਿੱਚ ਜਾਰੀ ਕੀਤਾ। ਪਰ ਇਸ ਧਰਮ ਦਾ ਸੰਦੇਸ਼, ਦੇਸ ਦੇਸਾਂਤਰ ਵਿੱਚ ਹਰ ਪ੍ਰਾਨੀ ਤੱਕ ਪਹੁੰਚਾਣ ਲਈ, 'ਉਦਾਸੀ ਦੀ ਰੀਤਿ' ਭੀ ਬੰਦ ਨਹੀਂ ਕੀਤੀ। ਸਗੋਂ ਇਸ ਰੀਤ ਨੂੰ ਟੋਰੀ ਰੱਖਣ ਦੀ ਜ਼ਿੰਮੇਵਾਰੀ ਲੈਣ ਵਾਸਤੇ, ਆਪਣੇ ਵੱਡੇ ਸਪੂਤ ਬਾਬਾ ਸਿਰੀ ਚੰਦ ਜੀ ਦਾ ਮਨ ਪ੍ਰੇਰ ਦਿਤਾ ਅਰੁ ਉਨ੍ਹਾਂ ਦੇ ਸੁਭਾਉ ਵਿੱਚ, ਜਮਾਂਦਰੂ ਹੀ ਜਤੀ ਰਹਿਣ ਦੀ ਭਾਵਨਾ ਉਤਪਨ ਕਰ ਦਿੱਤੀ ਤਾਂ ਜੋ ਘਰਿਸਤ ਦੇ ਵਲੇਵੇਂ ਗਲ ਪਾ ਕੇ, ਦੇਸ ਰਟਨ ਦੀਆਂ ਖੇਚਲਾਂ ਤੋਂ ਕੰਨੀ ਨਾ ਕਤਰਾਉਣ ਲੱਗੇ।

ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਲਹਿਣਾ ਨੂੰ ਗੁਰਗੱਦੀ ਦੇਣ ਤੇ ਭਾਵੇਂ ਗੁਰੂ ਪੁੱਤਰਾਂ ਨੇ ਰੋਸ ਕੀਤਾ ਪਰ ਉਹਨਾਂ ਦੇ ਅਜਿਹੇ ਵਿਹਾਰ ਤੇ ਗੁਰੂ ਜੀ ਵਲੋਂ ਕੋਈ ਨਕਾਰਾਤਮਕ ਟਿਪਣੀ ਵੇਖਣ ਨੂੰ ਨਹੀਂ ਮਿਲਦੀ ਕਿਉਂਕਿ ਉਹਨਾਂ ਦਾ ਵਿਹਾਰ ਸਮਾਜਿਕ ਸਰੋਕਾਰਾਂ ਵਿਚੋਂ ਪ੍ਰਗਟ ਹੁੰਦਾ ਸੀ, ਇਸ ਵਿਚ ਕੋਈ ਗੱਲ ਗੁਰਮਿਤ ਵਿਰੋਧੀ ਨਹੀਂ ਸੀ । ਗੁਰੂ ਨਾਨਕ ਦੇਵ ਜੀ ਨੇ ਪੁੱਤਰਾਂ ਨੂੰ ਇਹ ਦ੍ਰਿੜ ਕਰਾਇਆ ਕਿ ਗੁਰਗੱਦੀ ਦਾ ਉਤਰਾਧਿਕਾਰ ਵਿਰਾਸਤ ਨਹੀਂ ਬਲਕਿ ਯੋਗਤਾ ਹੈ।

ਕੇਵਲ ਗੁਰੂ ਨਾਨਕ ਦੇਵ ਜੀ ਹੀ ਨਹੀਂ ਬਲਕਿ ਦੂਸਰੇ ਗੁਰੂ ਸਾਹਿਬਾਨ ਨੇ ਵੀ ਆਪਣੇ ਪੁੱਤਰਾਂ ਨੂੰ ਇਹੀ ਸਬਕ ਦ੍ਰਿੜ ਕਰਾਇਆ, ਜੋ ਕਿ ਚੌਥੇ ਗੁਰੂ ਤੱਕ ਚਲਦਾ ਰਿਹਾ। ਚੌਥੇ ਗੁਰੂ, ਗੁਰੂ ਰਾਮਦਾਸ, ਜੀ ਤੱਕ "ਗੁਰੂ ਜੀ ਦੇ ਪੁੱਤਰਾਂ ਨੂੰ ਇਹ ਸਬਕ ਦ੍ਰਿੜ ਕਰਾਇਆ ਜਾ ਚੁੱਕਾ ਸੀ ਕਿ ਗੁਰਿਆਈ ਲਈ ਕੇਵਲ ਯੋਗਤਾ ਹੀ ਗਿਣੀ ਜਾਏਗੀ, ਇਸ ਲਈ ਉਸ ਤੋਂ ਬਾਅਦ ਉਨ੍ਹਾਂ ਨੇ ਕਰੜੇ ਫਰਜ਼ ਨਿਭਾਉਣ ਦੇ ਯੋਗ ਹੋਣ ਦੀ ਕੋਸ਼ਿਸ਼ ਕੀਤੀ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਚੋਣ ਲਈ ਸਿੱਖਾਂ ਅਤੇ ਗੁਰੂ ਪੁੱਤਰਾਂ ਵਿਚੋਂ ਪਰਖ

ਇਕੋ ਕਸੌਟੀ ਤੇ ਕੀਤੀ ਜਾਂਦੀ ਸੀ। ਇਸ ਪਰਖ ਵਿਚ ਸ਼ਾਮਲ ਅਤੇ ਯੋਗਤਾ ਰੱਖਣ ਵਾਲੇ ਪੁੱਤਰਾਂ ਨੂੰ ਪੁੱਤਰ ਹੋਣ ਕਰਕੇ ਹੀ ਕਿਉਂ ਖਾਰਜ ਕੀਤਾ ਜਾਏ ?.. ਤਜਰਬੇ ਦੇ ਤੌਰ ਤੇ ਇਸ ਯੋਗਤਾ ਵਾਲੇ ਅਸੂਲ ਨੂੰ ਉਨਤ ਕਰਨ ਲਈ ਇਹ ਜ਼ਰੂਰੀ ਸਮਝਿਆ ਗਿਆ ਕਿ ਉਤਰਧਿਕਾਰੀ ਦੀ ਚੋਣ ਗੁਰੂ ਜੀ ਦੇ ਅੰਤਿਮ ਸਮੇਂ ਤਕ ਮੁਲਤਵੀ ਨਾ ਕੀਤੀ ਜਾਏ ਸਗੋਂ ਪਹਿਲੇ ਕਰ ਲਈ ਜਾਏ ਤਾਂ ਜੋ ਉਤਰਾਧਿਕਾਰੀ ਨੂੰ ਆਪਣੀ ਯੋਗਤਾ ਸਿੱਧ ਕਰਨ ਲਈ ਕੁਝ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਮਿਲ ਸਕੇ। ਚੋਣ ਸਦਾ ਵਧੀਆ ਹੁੰਦੀ ਰਹੀ। ਗੁਰੂ ਹਰਿ ਕ੍ਰਿਸ਼ਨ ਵੀ ਬੜੇ ਹੋਣਹਾਰ ਸਨ। ਜੇ ਛੋਟੀ ਆਯੂ ਵਾਲੇ ਗੁਰੂ ਛੇਤੀ ਜੋਤੀ-ਜੋਤਿ ਸਮਾ ਗਏ ਤਾਂ ਇਸ ਵਿਚ ਚੋਣ ਕਰਨ ਵਾਲੇ ਦਾ ਕੋਈ ਦੋਸ਼ ਨਹੀਂ ਸੀ।"

ਉਦਾਸੀ ਸੰਪ੍ਰਦਾ ਦਾ ਆਰੰਭ ਕਦੋਂ ਹੋਇਆ? ਇਸ ਸੰਬੰਧ ਵਿਚ ਪ੍ਰਮਾਣਿਕ ਹਵਾਲੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਉਦਾਸੀ ਸ਼ਬਦ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਜੋੜ ਕੇ ਇਹ ਵਰਣਿਤ ਕੀਤਾ ਜਾਂਦਾ ਹੈ ਕਿ ਇਸ ਸੰਪ੍ਰਦਾ ਦੇ ਬੀਜ ਗੁਰੂ ਜੀ ਦੇ ਜੀਵਨ ਵਿਚੋਂ ਵੇਖਣ ਨੂੰ ਮਿਲਦੇ ਹਨ। ਸੰਤਰੇਣ ਉਦਾਸੀ ਸੰਤ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀ ਭੇਖ ਆਪ ਬਾਬਾ ਸਿਰੀ ਚੰਦ ਨੂੰ ਦਿਤਾ :

ਹਮਰਾ ਬਾਣਾ ਇਹੁ ਸਭ ਜੇਤਾ। ਪਾਸ ਰਖੋ ਤੁਮ ਆਪ ਸੁ ਤੇਤਾ 14

ਏਸੇ ਭਾਵ ਨੂੰ ਵੱਖ-ਵੱਖ ਵਿਦਵਾਨਾਂ ਨੇ ਆਪੋ ਆਪਣੇ ਸ਼ਬਦਾਂ ਰਾਹੀਂ ਚਿਤਰਿਤ ਕਰਦੇ ਹੋਏ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ "ਆਪਣੇ ਵਿਅਕਤੀਤਵ ਤੋਂ ਅਗੋਂ ਤਿੰਨ ਲਾਟਾਂ ਮਚਾਈਆਂ। ਪਹਿਲੀ ਲਾਟ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣੀ ਗੁਰਗਦੀ ਦੇ ਕੇ ਆਪਣੇ ਮਿਸ਼ਨ, ਜਿਹੜਾ ਗੁਰਗਦੀ ਦਾ ਹੈ, ਦਾ ਸੰਚਾਲਕ ਬਣਾਇਆ। ਦੂਸਰਾ ਸੀ ਰਮਤਾ ਧਰਮ-ਪ੍ਰਚਾਰ, ਜਿਹੜਾ ਉਨ੍ਹਾਂ ਨੇ ਉਦਾਸੀਆਂ ਦੌਰਾਨ ਕੀਤਾ ਸੀ, ਮਿਸ਼ਨਰੀ ਕੰਮ, ਉਹਦੀ ਜਿਹੜੀ ਸਾਰੀ ਸੰਭਾਲ ਸੀ, ਉਹ ਬਾਬਾ ਸਿਰੀ ਚੰਦ ਜੀ ਦੇ ਹੱਥਾਂ ਵਿਚ ਦਿਤੀ ਅਤੇ ਤੀਜੀ ਪਰੰਪਰਾ ਜਿਹੜੀ ਉਨ੍ਹਾਂ ਤੋਂ ਚਲੀ ਉਹ ਬਿੰਦੀ ਸੰਤਾਨ ਦੀ ਸੀ, ਇਹ ਬਾਬਾ ਲਖਮੀ ਦਾਸ ਜੀ ਤੋਂ ਤੁਰੀ ਸੀ। ਸੋ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਵਿਅਕਤੀਤਵ ਤਿੰਨ ਦਿਸ਼ਾਵਾਂ ਵਲ ਵਿਕਾਸ ਕਰਦਾ ਹੈ। ਇਹ ਤਿੰਨ ਦਿਸ਼ਾਵਾਂ ਸੁਤੰਤਰ ਹੁੰਦਿਆਂ ਹੋਈਆਂ ਵੀ ਇਕ ਦੂਜੇ ਦੇ ਨਾਲ ਮਿਲ ਕੇ ਚਲ ਰਹੀਆਂ ਹਨ। ਇਹ ਅੰਤਰ-ਸੰਬੰਧਤ ਵੀ ਨੇ ਤੇ ਇਨ੍ਹਾਂ ਦਾ ਆਪਣਾ ਮਹੱਤਵ ਵੀ ਹੈ।" ਬਾਬਾ ਸਿਰੀ ਚੰਦ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਉਦਾਸੀ ਭੇਖ ਵਿਚ ਸਿੱਖੀ ਦਾ ਪ੍ਰਚਾਰ ਕਰਨ ਦੀ ਆਗਿਆ ਕਰਨ

ਦੇ ਨਾਲ-ਨਾਲ ਉਦਾਸੀ ਸੰਪ੍ਰਦਾ ਦਾ ਆਗੂ ਬਣਾਉਣ ਵਾਲੇ ਵਿਦਵਾਨਾਂ ਦਾ ਮਤ ਹੈ ਕਿ ਬਾਬਾ ਸਿਰੀ ਚੰਦ "ਪਿਤਾ-ਗੁਰੂ ਜੀ ਦੇ ਧਾਰਨ ਕੀਤੇ 30 ਸਾਲ ਦੇ ਇਸ ਸਾਧੂ ਭੇਖ ਦੀ ਪ੍ਰਭੂਤਾ ਨੂੰ ਤੇ ਪਵਿੱਤਰਤਾ ਨੂੰ ਚੰਗੀ ਤਰ੍ਹਾਂ ਸਮਝੇ ਹੋਏ ਸਨ। ਇਨ੍ਹਾਂ ਨੇ ਗੁਰੂ-ਪਿਤਾ ਪਾਸ ਅਰਜ਼ ਕੀਤੀ ਤੇ ਸਵਾਸਾਂ ਤੀਕ ਬੇਦਾਗ ਰੱਖਣ ਦਾ ਪ੍ਰਣ ਲੈ ਕੇ ਗੁਰੂ ਜੀ ਦੀ ਆਗਿਆ ਨਾਲ ਉਹੀ ਪੁਸ਼ਾਕਾਂ (ਉਦਾਸੀ ਭੇਖ) ਧਾਰਣ ਕਰ ਲਿਆ ਸੀ। ਉਸ ਦਿਨ ਥੀਂ ਬਾਬਾ ਸਿਰੀ ਚੰਦ ਪੱਕੇ ਉਦਾਸੀ ਸੰਤ ਸਮਝੇ ਜਾਣ ਲਗੇ ਸਨ।"

ਗੁਰੂ ਨਾਨਕ ਦੇਵ ਜੀ ਨੇ 'ਸਚਿਆਰਾ ਮਨੁੱਖ ਬਣਾਉਣ ਅਤੇ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਲਈ ਯਤਨ ਕੀਤੇ ਅਤੇ ਏਸੇ ਕਾਰਜ ਲਈ ਉਦਾਸੀਆਂ ਵੀ ਕੀਤੀਆਂ। ਉਦਾਸੀਆਂ ਉਪਰੰਤ ਕਰਤਾਰਪੁਰ ਵਿਖੇ ਨਿਵਾਸ ਦੌਰਾਨ ਗੁਰੂ ਜੀ ਦੁਆਰਾ ਕੀਤੇ ਪ੍ਰਚਾਰ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ ਜਿਸਦਾ ਪ੍ਰਗਟਾਵਾ ਕਰਦੇ ਹੋਏ ਸਾਖੀਕਾਰ ਲਿਖਦਾ ਹੈ, "ਜਿਥੇ ਦਰੀਆਉ ਦੇ ਕਿਨਾਰੇ ਬਾਬਾ ਬੈਠਾ ਰਹਿੰਦਾ ਉਥੇ ਲੋਕ ਝੁਬਿ ਗਏ। ਹਿੰਦੂ ਮੁਸਲਮਾਨ ਜੋਗੀ ਸੰਨਿਆਸੀ ਬ੍ਰਹਮਚਾਰੀ

ਤਪੈ ਤਪੀਸਰ ਦਿਗੰਬਰ ਬੈਸਨੋ ਉਦਾਸੀ ਬੈਰਾਗੀ ਗਿਰਹੀ ਖਾਨ ਖਵਾਨੀ (ਨ) ਉਮਰਾਉ ਕਰੋੜੀਆ

ਜੁ ਕੋਈ ਪਰਮੇਸਰ ਪੈਦਾ ਕੀਤਾ ਸਾ ਸੋ ਉਸਤਤਿ ਲੈ ਉਠਿਆ। ਬਾਬੇ ਨਾਨਕ ਕੀ।"" ਇਹਨਾਂ ਸਭ ਵਰਗਾਂ ਨੂੰ ਸਿੱਖੀ ਨਾਲ ਜੋੜੀ ਰੱਖਣਾ ਅਤੇ ਸਮਾਜ ਕਲਿਆਣ ਵਾਸਤੇ ਅਗੇ ਲਿਆਉਣਾ ਜ਼ਰੂਰੀ ਸੀ। ਗੁਰੂ ਜੀ ਦੁਆਰਾ ਪ੍ਰਚਾਰਿਤ ਇਸ ਵਿਚਾਰਧਾਰਾ ਨੂੰ ਸਾਹਮਣੇ ਰੱਖ ਕੇ ਉਦਾਸੀ ਸੰਪ੍ਰਦਾਇ ਦਾ ਸਮਰਥਨ ਕਰਦੇ ਹੋਏ ਕਿਹਾ ਗਿਆ, "ਜੋਗੀਆਂ, ਸੰਨਿਆਸੀਆਂ, ਜਤੀਆਂ ਤੇ ਪਰਿਵਾਜਕਾਂ ਦੇ ਟਾਕਰੇ ਬਾਬਾ ਸਿਰੀ ਚੰਦ ਨੂੰ 'ਉਦਾਸੀ ਸੰਪਦਾਇ' ਨੂੰ ਸਮਾਜਿਕ ਲੋੜਾਂ ਅਨੁਸਾਰ ਜਾਰੀ ਕਰਨ ਦਾ ਕਾਰਜ-ਭਾਰ ਸੌਂਪਿਆ। ਇਹੋ ਕਾਰਨ ਹੈ ਕਿ ਬਾਬਾ ਸਿਰੀ ਚੰਦ ਤੋਂ ਜਾਰੀ ਹੋਈ ਉਦਾਸੀ ਸੰਪਦਾਇ ਜੋਗੀਆਂ, ਸੰਨਿਆਸੀਆਂ ਵਾਂਗ ਕੇਵਲ ਵਾਨਪ੍ਰਸਤ ਤੇ ਚਤੁਰਥ ਆਸ਼ਰਮ ਅਪਨਾਉਣ ਤੱਕ ਸੀਮਿਤ ਨਾ ਹੋ ਕੇ ਸਮਾਜ ਮੁਖੀ ਕਾਰਜ ਕਰਨ ਵਾਲੀ ਹੋ ਕੇ ਉਭਰੀ, ਜੋ ਨਿਰੰਤਰ ਸਾਹਿਤ-ਰਚਨਾ, ਵਿਦਿਆ ਸਥਾਨ ਕਾਇਮ ਕਰਨ, ਦਵਾਖਾਨੇ ਆਦਿ ਬਣਾਉਣ ਦ ਲੋਕ ਹਿਤੈਸ਼ੀ ਕਾਰਜ ਕਰਦੀ ਆ ਰਹੀ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਬਾਬਾ ਸਿਰੀ ਚੰਦ ਨੂੰ ਉਦਾਸੀ ਸੰਪਦਾ ਦਾ ਮੋਢੀ ਥਾਪੇ ਜਾਣ ਜਾਂ ਉਹਨਾਂ ਦੁਆਰਾ ਇਸ ਸੰਪਦਾ ਨੂੰ ਸੰਗਠਨਾਤਮਕ ਤਰੀਕੇ ਨਾਲ ਅਗੇ ਵਧਾਉਣ ਦਾ ਵਿਰੋਧ ਕਰਨ ਵਾਲੇ ਵਿਦਵਾਨ ਇਹ ਦਲੀਲ ਦਿੰਦੇ ਹਨ ਕਿ "ਉਦਾਸੀ ਭੇਖ ਤੇ

ਰੀਤਿ ਨੂੰ ਅਗਾਹਾਂ ਚਾਲੂ ਰੱਖਣ ਦੀ ਆਗਿਆ ਸਤਿਗੁਰੂ ਨਾਨਕ ਵਲੋਂ ਬਾਬਾ ਸਿਰੀ ਚੰਦ ਨੂੰ ਪ੍ਰਾਪਤ ਹੋਣ ਦਾ ਜ਼ਿਕਰ ਕਿਸੇ ਭੀ ਪੁਰਾਤਨ ਇਤਿਹਾਸ ਯਾ ਸਾਖੀਆਂ ਵਿਚ ਨਹੀਂ । ਹਾਂ, ਕੁਝ ਉਦਾਸੀ ਸੰਤਾਂ ਵਲੋਂ ਇਸ ਟੂਟੀ ਲੜੀ ਨੂੰ ਜੋੜਨ ਦਾ ਯਤਨ ਹੋਇਆ ਹੈ।"" ਅਜਿਹਾ ਨਹੀਂ ਅਜਿਹਾ ਨਹੀਂ ਕਿ ਇਹ ਵਿਦਵਾਨ ਉਦਾਸੀ ਪਰੰਪਰਾ ਦੁਆਰਾ ਸਿੱਖੀ ਪ੍ਰਚਾਰ ਵਿਚ ਪਾਏ ਯੋਗਦਾਨ ਤੋਂ ਮੁਨਕਰ ਹਨ ਬਲਕਿ ਉਹ ਕਹਿੰਦੇ ਹਨ ਕਿ "ਸਤਿਗੁਰ ਨਾਨਕ ਦਾ ਉਦਾਸੀ ਮਤ ਗ੍ਰਿਹਸਤ ਵਿਚ ਉਦਾਸ ਰਹਿ ਕੇ ਹਰਿ ਭਗਤੀ ਤੇ ਅਭਿਆਗਤ ਸਿੱਖ ਸਾਧੂਆਂ ਦੀ ਸੇਵਾ ਕਰਨਾ ਸੀ । ਸੋ ਸਾਰੇ ਸਤਿਗੁਰੂ ਇਸੇ ਸਿਧਾਂਤ ਦਾ ਪ੍ਰਚਾਰ ਕਰਦੇ ਤੇ ਸਿੱਖਾਂ ਸੇਵਕਾਂ ਤੋਂ ਅਮਲ ਕਰਾਉਂਦੇ ਸਨ । ਐਪਰ ਜੋ ਸਿੱਖ ਫਕੀਰੀ ਜੀਵਨ ਬਿਤਾਉਂਦਾ ਤੇ ਜਤ, ਸਤ, ਸੰਤੋਖ ਆਦਿ ਨਿਭਾਉਂਦਾ ਹੋਇਆ, 'ਨਿਰੰਕਾਰੀ ਧਰਮ' ਦਾ ਪ੍ਰਚਾਰ ਕਰਨ ਦੀ ਯੋਗਤਾ ਵਿਖਾਉਂਦਾ ਸੀ; ਉਸ ਨੂੰ 'ਉਦਾਸੀ ਭੇਖ' ਬਖ਼ਸ਼ ਦੇਂਦੇ ਸਨ। ਇਨ੍ਹਾਂ 'ਸਾਧੂ ਪ੍ਰਚਾਰਕਾਂ' ਦਾ ਵਿਹਾਰ ਬਹੁਤਾ ਹੋਰਨਾਂ ਮਤਾਂ ਦੇ ਫ਼ਕੀਰਾਂ ਤੇ ਸਾਧੂਆਂ ਨਾਲ ਹੁੰਦਾ ਸੀ । ਗ੍ਰਿਹਸਤੀਆਂ ਵਿਚ ਪ੍ਰਚਾਰ ਕਰਨ ਵਾਸਤੇ ਗ੍ਰਿਹਸਤੀ ਸਿੱਖਾਂ ਨੂੰ ਹੀ ਮੰਜੀਆਂ ਬਖ਼ਸ਼ੀਆਂ ਜਾਂਦੀਆਂ ਸਨ । ਉਦਾਸੀ ਸਿੱਖਾਂ ਦੇ ਜਿੰਮੇ ਧਰਮ ਪ੍ਰਚਾਰ ਦੇ ਨਾਲ ਹੀ ਗੁਰ ਅਸਥਾਨਾਂ ਦੀ ਸੇਵਾ ਸੰਭਾਲ ਦੀ ਡਿਊਟੀ ਭੀ ਹੁੰਦੀ ਸੀ । ਕਿਉਂਜੋ ਵਿਰਕਤ ਹੋਣ ਕਰਕੇ, ਇਨ੍ਹਾਂ ਨੂੰ ਪੂਜਾ ਦਾ ਧਾਨ ਲੋੜ ਤੋਂ ਵੱਧ ਵਰਤਣ ਦਾ ਲਾਲਚ ਨਹੀਂ ਸੀ ਹੁੰਦਾ ।" ਗੁਰੂ ਨਾਨਕ ਦੇਵ ਜੀ ਦੇ ਸਪੁਤਰ ਬਾਬਾ ਸਿਰੀ ਚੰਦ ਜੀ ਤੋਂ ਮੰਨੀ ਜਾਂਦੀ ਇਸ ਪਰੰਪਰਾ ਦੇ ਸਾਧੂਆਂ ਨੇ ਗੁਰੂ ਜੀ ਦੁਆਰਾ ਰਚੀ ਬਾਣੀ ਦਾ ਪ੍ਰਚਾਰ ਕੀਤਾ ਅਤੇ ਦੂਰ-ਨੇੜਲੇ ਸਥਾਨਾਂ ਤੇ ਜਾ ਕੇ ਸਿੱਖੀ ਦੇ ਪ੍ਰਚਾਰ ਵਿਚ ਯੋਗਦਾਨ ਪਾਇਆ । ਇਹ ਪ੍ਰਚਾਰ ਕਿਸ ਰੂਪ ਵਿਚ ਕੀਤਾ ਜਾਂਦਾ ਸੀ ਇਸ ਤੇ ਚਾਨਣਾ ਪਾਉਂਦੇ ਹੋਏ ਡਾ. ਤਾਰਨ ਸਿੰਘ ਦਸਦੇ ਹਨ ਕਿ "ਇਹ ਸਾਰਾ ਪ੍ਰਚਾਰ ਜ਼ਬਾਨੀ ਕਥਾ-ਬਾਰਤਾ ਦੇ ਰੂਪ ਵਿਚ ਹੁੰਦਾ ਸੀ । ਲਿਖਤੀ ਰੂਪ ਵਿਚ ਟੀਕੇ, ਭਾਸ਼, ਪਰਮਾਰਥ, ਵਿਆਖਿਆ ਨਹੀਂ ਰਚੇ ਗਏ ।""

ਉਦਾਸੀ ਸੰਪ੍ਰਦਾਇ ਦੁਆਰਾ ਸਿੱਖੀ ਪ੍ਰਚਾਰ ਦਾ ਕਾਰਜ ਬਾਬਾ ਸਿਰੀ ਚੰਦ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ । ਉਹ ਸਮੇਂ-ਸਮੇਂ ਗੁਰੂ ਸਾਹਿਬਾਨ ਕੋਲ ਆਉਂਦੇ ਅਤੇ ਗੁਰੂ ਸਾਹਿਬਾਨ ਗੁਰੂ-ਪੁੱਤਰ ਵਜੋਂ ਉਹਨਾਂ ਦਾ ਸਤਿਕਾਰ ਕਰਦੇ । ਗੁਰੂ-ਘਰ ਨਾਲ ਉਹਨਾਂ ਦੇ ਸੰਬੰਧ ਦਾ ਵਿਸਥਾਰ ਇਤਿਹਾਸਕ ਸਰੋਤਾਂ ਰਾਹੀਂ ਉਜਾਗਰ ਹੁੰਦਾ ਹੈ। ਕੇਸਰ ਸਿੰਘ ਛਿੱਬਰ ਲਿਖਦਾ ਹੈ :

ਸ੍ਰੀ ਚੰਦ ਸਾਹਿਬ ਜੀ ਪੱਗ ਭਿਜਵਾਈ ।

ਇਕ ਪ੍ਰਿਥੀਏ ਨੂੰ ਇਕ ਅਰਜਨ ਨੂੰ ਆਈ । ਮਰਨੇ ਦੀ ਪਗਿ ਪ੍ਰਿਥੀਏ ਬੱਧੀ। ਗੁਰਿਆਈ ਦੀ ਪਗਿ ਅਰਜਨ ਲੱਧੀ ।2

ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਸਿਰੀ ਚੰਦ ਜੀ ਨੂੰ ਬਾਰਠ ਪਿੰਡ ਵਿਖੇ ਮਿਲੇ ਅਤੇ ਇਥੇ ਹੀ ਗੁਰੂ ਜੀ ਨੇ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿਤਾ, ਉਹਨਾਂ ਨੂੰ ਅਰਪਣ ਕਰ ਦਿਤਾ । ਪਰੰਪਰਾ ਵਿਚ ਇਸ ਘਟਨਾ ਬਾਰੇ ਵਰਣਨ ਕਰਦੇ ਹੋਏ ਕਿਹਾ ਜਾਂਦਾ ਹੈ ਕਿ ਬਾਬਾ ਸਿਰੀ ਚੰਦ ਨੇ ਗੁਰੂ ਜੀ ਨੂੰ ਪੁਛਿਆ, "ਆਪਦੇ ਕਿੰਨੇ ਸਾਹਿਬਜ਼ਾਦੇ ਹਨ? ਏਨ੍ਹਾਂ ਪੰਜ ਦਸੇ ਤਾਂ ਓਹ ਬੋਲੇ ਕੋਈ ਬਾਬੇ ਦਾ ਭੀ ਹੈ? ਏਨ੍ਹਾਂ ਆਖਿਆ ਸਭੇ ਬਾਬੇ ਦੇ ਹਨ, ਜੇੜ੍ਹਾ ਪਸਿੰਦ ਆਵੇ ਲੈ ਲਓ । ਸਿਰੀ ਚੰਦ ਜੀ ਨੇ ਗੁਰਦਿਤੇ ਦੀ ਬਾਂਹ ਫੜਕੇ ਬਚਨ ਕੀਤਾ, ਏਹ ਤੁਸਾਡਾ ਭੀ ਟਿੱਕਾ ਤੇ ਸਾਡਾ ਭੀ ਏਹੋ ਟਿੱਕਾ, ਸੋ ਦੀਨ ਦਾ ਟਿੱਕਾ ਹੋਇਆ। ਆਪਣੀ ਸੇਲੀ ਟੋਪੀ ਗੁਰਦਿੱਤੇ ਜੀ ਨੂੰ ਪਹਿਨਾ ਕੇ ਆਖਿਆ, ਗੁਰੂ ਨਾਨਕ ਜੀ ਦੇ ਦੋਲਤ ਦੋਵੇਂ ਪ੍ਰਕਾਰ ਦੀ ਮੀਰੀ ਪੀਰੀ ਤਾਂ ਪਹਿਲਾਂ ਹੀ ਤੁਹਾਡੇ ਘਰ ਗਈ ਹੋਈ ਹੈ, ਇਹ ਫ਼ਕੀਰੀ ਮੇਰੇ ਪਾਸ ਸੀ ਸੋ ਸਮੁੰਦਰ ਵਿਚ ਨਦੀਆਂ ਦੇ ਪੈਣ ਵਾਂਗੂ ਏਹ ਭੀ ਤੁਹਾਡੇ ਘਰ ਜਾ ਰਹੀ ਹੈ ।

ਬਾਬਾ ਗੁਰਦਿਤਾ ਜੀ ਨੇ ਪਿਤਾ- ਗੁਰੂ ਅਤੇ ਬਾਬਾ ਸਿਰੀ ਚੰਦ ਜੀ ਦੀ ਆਗਿਆ ਅਨੁਸਾਰ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਆਰੰਭ ਕਰ ਦਿਤਾ। ਦੂਰ-ਨੇੜੇ ਦੇ ਇਲਾਕਿਆਂ ਤਕ ਸਿੱਖੀ ਪ੍ਰਚਾਰ ਲਈ ਪਰਚਾਰਕ ਨਿਯੁਕਤ ਕੀਤੇ ਗਏ । ਜਿਹੜੇ ਚਾਰ ਪ੍ਰਮੁਖ ਕੇਂਦਰ ਸਭ ਤੋਂ ਪਹਿਲਾਂ ਸਥਾਪਤ ਕੀਤੇ ਗਏ, ਉਹਨਾਂ ਨੂੰ ਧੂਏਂ (ਧੂਣੇ) ਕਿਹਾ ਜਾਂਦਾ ਹੈ । ਇਹ ਪ੍ਰਚਾਰ ਕੇਂਦਰ ਉਦਾਸੀ ਡੇਰਿਆਂ ਦੇ ਨਾਮ ਪ੍ਰਸਿੱਧ ਹੋਏ, ਇਹਨਾਂ ਸਥਾਨਾਂ ਤੇ ਨਿਯੁਕਤ ਹੋਣ ਵਾਲੇ ਮੁਖੀ ਪਰਚਾਰਕਾਂ ਦੇ ਨਾਮ ਸਨ -ਅਲਮਸਤ, ਬਾਲੂ ਹਸਨਾ, ਫੂਲਸ਼ਾਹ ਅਤੇ ਗੋਂਦਾ (ਗੋਇੰਦਾ) । ਇਹਨਾਂ ਚਾਰ ਧੂਇਆਂ ਤੋਂ ਇਲਾਵਾ ਛੇ ਬਖ਼ਸ਼ਿਸ਼ਾਂ - ਸੁਥਰੇਸ਼ਾਹੀ, ਸੰਗਤਸਾਹਿਬੀਏ, ਜੀਤਮਲੀਏ, ਬਖ਼ਤਮੱਲੀਏ, ਭਗਤਭਗਵਾਨੀਏ ਅਤੇ ਮੀਹਾਂਸ਼ਾਹੀਏ - ਵੀ ਸਥਾਪਤ ਕੀਤੀਆਂ ਗਈਆਂ। ਇਹਨਾਂ ਸਾਰਿਆਂ ਨੂੰ ਸਮੂਹਕ ਤੌਰ ਤੇ ‘ਦਸਨਾਮੀ' ਉਦਾਸੀ ਸਾਧੂ ਕਿਹਾ ਜਾਂਦਾ ਹੈ ।

ਧੂਏਂ

ਕੁਝ ਪਰੰਪਰਾਵਾਂ ਸਮੇਂ-ਸਮੇਂ ਤੇ ਹਰੇਕ ਪ੍ਰਚਾਰ ਕੇਂਦਰ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ। ਜਿਨ੍ਹਾਂ ਨੂੰ ਸਮਾਂ ਗੁਜ਼ਰ ਜਾਣ ਤੇ ਨਾ ਤਾਂ ਅਖੋਂ ਪਰੋਖੇ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਤਿਲਾਂਜਲੀ ਦਿਤੀ ਜਾ ਸਕਦੀ ਹੈ ਬਲਕਿ ਇਹ ਪਰੰਪਰਾਵਾਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ । ਉਦਾਸੀ ਡੇਰਿਆਂ ਵਿਚ ਬਲਦੇ ਧੂਣਿਆਂ ਨੂੰ ਏਸੇ ਪਰਿਪੇਖ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ।

ਇਹਨਾਂ ਧੂਣਿਆਂ ਦੇ ਆਰੰਭ ਬਾਰੇ ਕਿਹਾ ਜਾਂਦਾ ਹੈ ਕਿ ਡੇਹਰਾ ਬਾਬਾ ਨਾਨਕ ਤੋਂ ਕੁਝ ਹੀ ਦੂਰੀ ਤੇ "ਬਾਬਾ ਸਿਰੀ ਚੰਦ ਜੀ ਇਕ ਛਪਰੀ ਪਾ ਕੇ ਰਹਿਣ ਲਗੇ। ਹੁਣ ਬਾਬਾ ਸਿਰੀ ਚੰਦ ਜੀ ਕਈ ਦਿਨਾਂ ਦੀ ਅਖੰਡ ਸਮਾਧੀ ਲਗਾਉਣ ਉਪਰੰਤ ਅਸਲੋਂ ਉਪਰਾਮ ਹੋ ਗਏ । ਵਧੇਰੇ ਕਰਕੇ ਇਕਾਂਤਵਸ ਰਖਦੇ । ਕਿਸੇ ਨਾਲ ਘਟ ਵਧ ਹੀ ਗੱਲਬਾਤ ਕਰਦੇ । ਕੱਪੜੇ ਤਾਂ ਉਹ ਪਹਿਲਾਂ ਵੀ ਨਹੀਂ ਸਨ ਪਹਿਨਦੇ । ਇਸ ਥਾਂ ਕੜਾਕੇ ਦੀ ਸਰਦੀ ਪੈਂਦੀ ਸੀ । ਇਹਨਾਂ ਦਾ ਸੇਵਕ ਕਮਲੀਆ ਬੜਾ ਸਿਆਣਾ ਸੀ । ਬਾਬਾ ਜੀ ਨੂੰ ਸਰਦੀ ਤੋਂ ਬਚਾਉਣ ਲਈ ਧੂਣੀ ਲਾ ਦੇਂਦਾ । ਇਹੋ ਧੂਣੀ ਅਗੇ ਜਾ ਕੇ ਧੂੰਏ ਅਖਵਾਈ," ਅਤੇ ਸਦਾ ਲਈ ਉਦਾਸੀ ਪਰੰਪਰਾ ਅਤੇ ਸੰਪ੍ਰਦਾ ਦਾ ਅੰਗ ਬਣ ਗਈ। ਦਾਰਸ਼ਨਿਕ ਵਿਆਖਿਆ ਵਿਚ ਧੂੰਏ ਉਸਨੂੰ ਕਿਹਾ ਜਾਂਦਾ ਹੈ ਜਿਸ ਦੀ ਅਗਨੀ ਵਿਚ ਦੁਨਿਆਵੀ ਦੁੱਖ ਅਤੇ ਸੁੱਖ ਸੜ ਜਾਂਦੇ ਹਨ, ਭਾਵ ਸਾਧਕ ਇਨ੍ਹਾਂ ਤੋਂ ਉਪਰ ਉਠ ਜਾਂਦਾ ਹੈ ।

ਅਲਮਸਤ

ਇਸ ਦਾ ਜਨਮ 1553 ਈਸਵੀ ਵਿਚ ਕਸ਼ਮੀਰ ਦੇ ਇਲਾਕੇ ਵਿਚ ਹੋਇਆ । ਇਹ ਬਾਬਾ ਸਿਰੀ ਚੰਦ ਦਾ ਸੇਵਕ ਸੀ । ਬਾਬਾ ਗੁਰਦਿਤਾ ਜੀ ਨੇ ਇਸਨੂੰ ਧਰਮ ਪ੍ਰਚਾਰ ਲਈ ਨਿਯੁਕਤ ਕੀਤਾ ਅਤੇ ਨਾਨਕਮਤੇ ਵਿਖੇ ਧੂੰਏਂ ਦਾ ਮੁਖੀ ਥਾਪਿਆ। ਨਾਨਕਮਤੇ ਵਿਖੇ ਸਿੱਖੀ ਦੇ ਪ੍ਰਚਾਰਕ ਦੇ ਤੌਰ ਤੇ ਅਲਮਸਤ ਨੇ ਦੂਰ-ਨੇੜੇ ਦੀ ਵਸੋਂ ਨੂੰ ਗੁਰੂ-ਘਰ ਨਾਲ ਜੋੜਨ ਦਾ ਉਪਰਾਲਾ ਕੀਤਾ ਅਤੇ ਉਨਾਂ ਦੇ ਮਨ ਵਿਚ ਸਿੱਖੀ ਪ੍ਰਤੀ ਪ੍ਰੇਮ ਅਤੇ ਸ਼ਰਧਾ ਪੈਦਾ ਕਰਨ ਵਿਚ ਸਫ਼ਲਤਾ ਹਾਸਲ ਕੀਤੀ । ਉਥੋਂ ਦੇ ਰਾਜੇ ਦੇ ਘਰ ਦੇਰ ਬਾਅਦ ਇਕ ਪੁੱਤਰ ਪੈਦਾ ਹੋਇਆ, ਉਸਨੇ ਇਸਨੂੰ ਗੁਰੂ ਦੀ ਬਖ਼ਸ਼ਿਸ਼ ਜਾਣ ਕੇ ਖੁਸ਼ੀ ਵਿਚ "ਅਨੇਕ ਪ੍ਰਕਾਰ ਦੇ ਤੋਹਫ਼ੇ ਪਦਾਰਥ ਅਲਮਸਤ ਸਾਧੂ ਦੇ ਹੱਥ, ਜਿਸਨੂੰ ਉਸ ਦੇਸ ਦਾ ਮਸੰਦ ਨਾਨਕਮਤੇ ਦਾ ਮਹੰਤ ਗੁਰੂ ਜੀ ਨੇ ਕਰ ਰੱਖਿਆ ਸੀ, ਗੁਰੂ ਪਾਸ ਭੇਜੇ ।" ਅਲਮਸਤ ਦੇ ਵਧਦੇ ਪ੍ਰਭਾਵ ਕਾਰਣ ਉਥੇ ਦੇ ਜੋਗੀਆਂ ਦੀ ਮਾਨਤਾ ਘਟਣ ਲੱਗੀ ਅਤੇ ਉਹਨਾਂ ਨੇ ਇਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ । ਜਦੋਂ ਗੁਰੂ ਜੀ ਨੂੰ ਇਸ ਬਾਰੇ ਪਤਾ ਲਗਿਆ ਤਾਂ ਉਹਨਾਂ ਨੇ ਨਾਨਕਮਤੇ ਜਾ ਕੇ ਜੋਗੀਆਂ ਨੂੰ ਇਸ ਕਾਰਜ ਤੋਂ ਰੋਕਿਆ। ਅਲਮਸਤ ਜੀ ਨੇ ਦੂਰ ਦੁਰਾਡੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ, "ਕਾਬੁਲ ਵਿਚ ਬਾਬਾ ਸਿਰੀ ਚੰਦ ਦੀ ਧਰਮਸਾਲ ਭੀ ਇਨ੍ਹਾਂ ਦੀ ਹੀ ਕਾਇਮ ਕੀਤੀ ਹੋਈ ਪ੍ਰਸਿਧ ਹੈ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਲਿਖਤੀ ਬੀੜਾਂ ਹਨ ।

ਬਾਲੂ ਹਸਨਾ

ਇਹ ਅਲਮਸਤ ਦਾ ਛੋਟਾ ਭਰਾ ਸੀ । ਇਸਦਾ ਜਨਮ ਵੀ ਕਸ਼ਮੀਰ ਵਿਖੇ 1564 ਈਸਵੀ ਨੂੰ ਹੋਇਆ। ਉਦਾਸੀ ਭੇਖ ਵਿਚ ਸਿੱਖੀ ਦਾ ਪ੍ਰਚਾਰ ਕਰਦਾ ਅਤੇ ਇਸਨੂੰ ਇਕ ਧੂੰਏਂ ਦਾ ਮੁਖੀ ਨਿਯੁਕਤ ਕੀਤਾ ਗਿਆ । ਇਸਨੂੰ ਪ੍ਰਚਾਰਕ ਨਿਯੁਕਤ ਕਰਨ ਦੀ ਇਕ ਵਿਸ਼ੇਸ਼ ਘਟਨਾ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿਆਨ ਸਿੰਘ ਦਸਦੇ ਹਨ ਕਿ ਇਹ "ਇਕ ਦਿਨ ਗੁਰਦਿੱਤੇ ਜੀ ਨਾਲ ਸ਼ਿਕਾਰ ਤੇ ਗਿਆ, ਉਨਾਂ ਸੂਰ ਪਿਛੇ ਘੋੜਾ ਲਾਇਆ ਹੋਰ ਤਾਂ ਕੋਈ ਨਾ ਪਹੁੰਚਿਆ । ਸੂਰ ਮਰਨੇ ਸਮੇਂ ਇਕ ਬਾਲੂ ਹਸਨਾ ਪਹੁੰਚਿਆ, ਗੁਰਦਿੱਤੇ ਜੀ ਨੇ ਖੁਸ਼ ਹੋ ਕੇ ਏਸ ਨੂੰ ਟੋਪੀ ਬਖ਼ਸ਼ੀ, ਡੇਰੇ ਆਏ ਤਾਂ ਗੁਰੂ ਜੀ ਨੇ ਉਸਦੀ ਬ੍ਰਿਤੀ ਭਜਨ ਵਿਚ ਲੱਗੀ ਹੋਈ ਦੇਖ ਕੇ ਹੁਕਮ ਦਿੱਤਾ ਹੁਣ ਤੂੰ ਥੰਮ ਸਾਹਿਬ ਬੈਠਕੇ ਭਜਨ ਕਰ, ਤਾਹੀਂ ਹੁਣ ਤੋੜੀ ਓਸੇ ਦੀ ਸੰਪ੍ਰਦਾਇ ਦੇ ਉਦਾਸੀ ਸਾਧੂ ਥੰਮ ਜੀ ਦੇ ਪੁਜਾਰੀ ਹਨ।"

ਗੋਇੰਦਾ

ਇਸਨੂੰ ਗੱਦਾ ਵੀ ਕਿਹਾ ਜਾਂਦਾ ਹੈ । ਇਸਦਾ ਜਨਮ 1569 ਈਸਵੀ ਨੂੰ ਕਸ਼ਮੀਰ ਵਿਖੇ ਹੋਇਆ ਅਤੇ ਇਸਨੂੰ ਉਦਾਸੀਆਂ ਦੇ ਇਕ ਧੂੰਏਂ ਦੇ ਮੁਖੀ ਪ੍ਰਚਾਰਕ ਥਾਪਿਆ ਗਿਆ । ਦੁਆਬੇ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਕਰਨਾ ਇਸ ਦਾ ਕਾਰਜ ਖੇਤਰ ਸੀ।

ਫੂਲਸ਼ਾਹ

ਇਸ ਦਾ ਜਨਮ 1563 ਈਸਵੀ ਨੂੰ ਹੋਇਆ। ਇਹ ਗੋਇੰਦ ਸਾਹਿਬ ਦੇ ਛੋਟੇ ਭਰਾ ਸਨ । ਇਸਨੂੰ ਇਕ ਉਦਾਸੀ ਧੂਏਂ ਦਾ ਮੁਖੀ ਥਾਪਿਆ ਗਿਆ।

ਬਖ਼ਸ਼ਿਸ਼ਾਂ

ਇਹਨਾਂ ਧੂਣਿਆਂ ਤੋਂ ਇਲਾਵਾ ਛੇ ਬਖ਼ਸ਼ਿਸ਼ਾਂ ਵੀ ਸਾਹਮਣੇ ਆਈਆਂ ਹਨ । ਮੰਨਿਆ ਜਾਂਦਾ ਹੈ ਕਿ ਕੁਝ ਤਪੀ ਸਾਧਕਾਂ ਨੂੰ ਅਸ਼ੀਰਵਾਦ ਦੇ ਕੇ ਵੱਖ-ਵੱਖ ਸਮੇਂ ਗੁਰੂ ਸਾਹਿਬਾਨ ਨੇ ਸਿੱਖੀ ਪ੍ਰਚਾਰ ਲਈ ਨਿਯੁਕਤ ਕੀਤਾ ਸੀ ਜਿਸ ਕਰਕੇ ਇਹਨਾਂ ਨੂੰ ਬਖ਼ਸ਼ਿਸ਼ਾਂ ਕਿਹਾ ਜਾਂਦਾ ਹੈ।

ਸੁਥਰੇਸ਼ਾਹੀ

ਇਹਨਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਏ ਜੀ ਦੇ ਸਮੇਂ ਸਿੱਖੀ ਦੀ ਸੇਵਾ ਕੀਤੀ । ਗੁਰੂ ਹਰਿਰਾਏ ਜੀ ਤੋਂ ਬਖ਼ਸ਼ਿਸ਼ ਹਾਸਲ ਕਰਕੇ ਪੰਜਾਬ ਤੋਂ ਅਫ਼ਗਾਨਿਸਤਾਨ ਤਕ ਵਖ-ਵਖ ਸਥਾਨਾਂ ਤੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਈ ।

ਸੰਗਤਸਾਹਿਬੀਏ

ਸੰਗਤ ਨਾਮ ਦਾ ਇਕ ਸਿੱਖ ਗੁਰੂ-ਘਰ ਦਾ ਬਹੁਤ ਸ਼ਰਧਾਲੂ ਸੀ । ਵਪਾਰ ਲਈ ਫੇਰੀ ਪਾਉਂਦਾ, ਇਹ ਸਿੱਖ ਇਕ ਵਾਰ ਜਦੋਂ ਗੁਰੂ ਹਰਿਰਾਇ ਜੀ ਦੀ ਸ਼ਰਣ ਆਇਆ ਤਾਂ ਗੁਰੂ ਜੀ ਨੇ ਇਸ ਦਾ ਨਾਉਂ ਫੇਰੂ ਰਖ ਦਿਤਾ । ਗੁਰੂ ਜੀ ਨੇ ਇਸਨੂੰ ਨੱਕੇ ਦਾ ਮਸੰਦ ਥਾਪਿਆ । ਕਥਨੀ ਅਤੇ ਕਰਨੀ ਦੇ ਇਸ ਸੂਰੇ ਨੇ ਗੁਰੂ ਆਸ਼ੇ ਅਨੁਸਾਰ ਸਿੱਖੀ ਪ੍ਰਚਾਰ ਵਿਚ ਯੋਗਤਾਨ ਪਾਇਆ ਅਤੇ ਗੁਰੂ ਘਰ ਵਿਚ ਸਨਮਾਨ ਦਾ ਪਾਤਰ ਬਣਿਆ। ਮਸੰਦਾਂ ਦੀਆਂ ਕਰਤੂਤਾਂ ਬਾਰੇ ਜਾਣਕਾਰੀ ਮਿਲਣ ਤੇ ਦਸਮੇਸ਼ ਪਿਤਾ ਨੇ ਇਹਨਾਂ ਨੂੰ ਸਖਤ ਤਾੜਨਾ ਕੀਤੀ ਅਤੇ ਗੁਰੂ-ਦਰਬਾਰ ਵਿਚ ਪੇਸ਼ ਹੋਣ ਦਾ ਹੁਕਮ ਕੀਤਾ । ਭਾਈ ਫੇਰੂ ਨੂੰ ਦਾੜ੍ਹੀ ਤੋਂ ਫੜ ਲਿਆਉਣ ਦਾ ਹੁਕਮ ਹੋਇਆ, ਉਹਨਾਂ ਦੀ ਸਿੱਖੀ ਸੇਵਕੀ ਤੋਂ ਜਾਣਕਾਰ ਸਿੱਖਾਂ ਨੇ ਅਜਿਹਾ ਕਰਨ ਦਾ ਹੀਆ ਨਾ ਕੀਤਾ ਤਾਂ ਆਪ ਆਪਣੀ ਦਾੜ੍ਹੀ ਫੜ ਕੇ ਗੁਰੂ ਸਾਹਿਬ ਕੋਲ ਆ ਪੇਸ਼ ਹੋਏ । ਗੁਰੂ ਸਾਹਿਬ ਨੇ ਨਿਮਰਤਾ ਵੇਖ ਕੇ 'ਸਚੀ ਦਾੜ੍ਹੀ' ਦਾ ਆਸ਼ੀਰਵਾਦ ਦਿਤਾ ਅਤੇ 'ਸੰਗਤਸਾਹਿਬ' ਦਾ ਖਿਤਾਬ ਬਖ਼ਸ਼ਿਆ । ਉਸ ਦਿਨ ਤੋਂ ਇਹਨਾਂ ਦੀ ਸੰਗਤ ਦੇ ਉਦਾਸੀ ਸਾਧੂਆਂ ਨੂੰ 'ਸੰਗਤਸਾਹਿਬਏ" ਕਿਹਾ ਜਾਂਦਾ ਹੈ ।

ਜੀਤਮਲੀਏ

ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਹੋਈ ਅਤੇ ਇਹਨਾਂ ਦਾ ਪ੍ਰਚਾਰ ਕੇਂਦਰ ਫ਼ਤਹਿਪੁਰ ਮੰਨਿਆ ਜਾਂਦਾ ਹੈ ।

ਬਖ਼ਤਮੱਲੀਏ

ਇਹਨਾਂ ਦਾ ਪ੍ਰਮੁਖ ਆਗੂ ਬਖ਼ਤਮੱਲ ਸੀ ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਸ਼ੀਰਵਾਦ ਨਾਲ ਸਿੱਖੀ ਪ੍ਰਚਾਰ ਦਾ ਕੰਮ ਕਰਦਾ ਸੀ । ਇਸ ਦਾ ਪ੍ਰਮੁਖ ਕਾਰਜ ਖੇਤਰ ਕਾਬੁਲ ਵਿਖੇ ਸੀ, ਇਥੋਂ ਦੇ ਸਿੱਖਾਂ ਤੋਂ ਭੇਟਾ ਉਗਰਾਹ ਕੇ ਗੁਰੂ-ਘਰ ਅਰਪਣ ਕਰਦਾ ਸੀ । ਕਿਹਾ ਜਾਂਦਾ ਹੈ ਕਿ ਜਦੋਂ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਦਾ ਖਾਤਮਾ ਕਰ ਦਿਤਾ ਅਤੇ

ਉਹਨਾਂ ਨੂੰ ਸਖਤ ਤਾੜਨਾ ਕੀਤੀ ਤਾਂ ਇਹ "ਇਸਤ੍ਰੀ ਦਾ ਭੇਖ ਧਾਰ ਕੇ ਮਾਤਾ ਜੀ ਦੀ ਸ਼ਰਨ ਗਿਆ ਅਰ ਮਾਛੀ ਮੰਗੀ। ਮਾਤਾ ਜੀ ਦੇ ਕਹਿਣ ਪੁਰ ਕਲਗੀਧਰ ਨੇ ਇਸ ਨੂੰ ਮੁਆਫ਼ ਕੀਤਾ ਅਰ ਅਗੋਂ ਨੂੰ ਸੁਮਾਰਗ ਚੱਲਣ ਦਾ ਉਪਦੇਸ਼ ਦਿੱਤਾ। ਇਸ ਦੀ ਸੰਪ੍ਰਦਾਇ ਦੇ ਉਦਾਸੀ ਬਖ਼ਤਮੱਲੀਏ ਅਖਵਾਉਂਦੇ ਹਨ, ਅਰ ਗੱਦੀ ਤੇ ਬੈਠਣ ਵੇਲੇ ਮਹੰਤ ਇਸਤ੍ਰੀ ਦਾ ਲਿਬਾਸ ਪਹਿਨਦਾ ਹੈ।

ਭਗਤਭਗਵਾਨੀਏ

ਇਹਨਾਂ ਦਾ ਸੰਬੰਧ ਬਿਹਾਰ ਨਾਲ ਹੈ। ਉਥੇ ਤਪ-ਸਾਧਨਾ ਕਰਦੇ ਸਨ ਅਤੇ ਘੁੰਮਦੇ ਹੋਏ ਪੰਜਾਬ ਆਏ ਤਾਂ ਗੁਰੂ ਹਰਿਰਾਏ ਜੀ ਨਾਲ ਮਿਲਾਪ ਹੋਇਆ ਅਤੇ ਸਿੱਖੀ ਧਾਰਨ ਕੀਤੀ।

ਗੁਰੂ ਜੀ ਨੇ ਇਸ ਦਾ ਨਾਮ 'ਭਗਤਭਗਵਾਨ' ਰਖਿਆ ਅਤੇ ਇਸ ਨੂੰ ਧਰਮਚੰਦ ਜੀ ਦੇ ਸਪੁੱਤਰ ਮਿਹਰਚੰਦ ਜੀ ਕੋਲ ਭੇਜ ਦਿਤਾ। ਉਹਨਾਂ ਦੀ ਸੰਗਤ ਵਿਚ ਉਦਾਸੀ ਭੇਖ ਧਾਰਨ ਕੀਤਾ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਪੂਰਬ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਦੀ ਸੇਵਾ ਦੀਆਂ ਹੁਣ ਗੱਦੀਆਂ ਪੂਰਬ ਵਿਚ ਹਨ।"ਮੀਹਾਂਸ਼ਾਹੀਏ

ਰਾਮਦੇਵ ਨਾਮਕ ਇਕ ਸਿੱਖ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਲੰਗਰ ਦੀ ਸੇਵਾ ਕਰਦਾ ਸੀ। ਮਾਲਵੇ ਦੇ ਪ੍ਰਚਾਰ ਸਮੇਂ ਗੁਰੂ ਜੀ ਧਮਧਾਨ ਪਹੁੰਚੇ ਤਾਂ ਗੁਰੂ ਜੀ ਨੇ ਇਸਦੀ ਸੇਵਾ ਤੋਂ ਪ੍ਰਸੰਨ ਹੋ ਕੇ "ਨਾਮ ਭਾਈ ਮੀਹਾਂ ਰਖਿਆ ਅਰ ਨਗਾਰਾ, ਨਸ਼ਾਨ ਤਥਾ ਲੰਗਰ ਚਲਾਉਣ ਲਈ ਲੋਹ ਬਖ਼ਸ਼ ਕੇ ਮਹੰਤ ਥਾਪਿਆ।""" ਦਸਮੇਸ਼ ਪਿਤਾ ਦੀ ਵੀ ਸੇਵਾ ਕੀਤੀ ਅਤੇ ਅਸ਼ੀਰਵਾਦ ਵਜੋਂ ਦਸਤਾਰ ਅਤੇ ਸ਼ਾਸਤਰਾਂ ਦਾ ਸਨਮਾਨ ਪ੍ਰਾਪਤ ਕੀਤਾ। ਇਹਨਾਂ ਦੇ ਸੇਵਕਾਂ ਨੂੰ ਮੀਹਾਂਸ਼ਾਹੀਏ ਕਿਹਾ ਜਾਂਦਾ ਹੈ। ਇਹਨਾਂ ਦੇ ਸੇਵਕਾਂ ਵਿਚ ਕਰਨੀ ਵਾਲੇ ਸੰਤ ਹੋਏ ਹਨ ਜਿਨ੍ਹਾਂ ਵਿਚ "ਬਾਵਾ ਮੱਲ, ਬਾਵਾ ਸੁਰਤਰਾਮ, ਬਾਵਾ ਮਜਨੂ ਸਾਹਿਬ, ਬਾਵਾ ਲਖਮੀਰ ਜੀ, ਬਾਵਾ ਭੋਲਾ ਦਾਸ ਜੀ ਅਤੇ ਬਾਵਾ ਰਾਮਦਾਸ ਜੀ" ਦਾ ਨਾਮ ਲਿਆ ਜਾ ਸਕਦਾ ਹੈ। ਇਸਤੋਂ ਇਲਾਵਾ "ਸਾਧੂ ਬੇਲੇ ਵਾਲੇ ਬਾਵਾ ਬਨਖੰਡੀ ਜੀ ਇਸੇ ਸੰਪ੍ਰਦਾਇ ਦੇ ਸਾਧੂ ਸਨ। ਪਟਿਆਲੇ ਵਿਚ ਬਾਵਾ ਮਗਨੀਰਾਮ ਜੀ ਦਾ, ਲਖਨਊ ਵਿਚ ਬਾਵਾ ਗੁਰ ਨਾਰਾਇਣ ਜੀ ਦਾ ਮਸ਼ਹੂਰ ਡੇਰਾ ਅਤੇ ਸਿੰਧ ਵਿਚ ਸਾਧੂਬੇਲਾ ਤੀਰਥ ਮੀਹਾਸ਼ਾਹੀਆਂ ਦੇ ਪਵਿੱਤਰ ਅਸਥਾਨ ਹਨ।"4

ਉਦਾਸੀਆਂ ਅਤੇ ਸਿੱਖਾਂ ਵਿਚ ਮਤਭੇਦ

ਉਦਾਸੀ ਸਾਧੂਆਂ ਨੇ ਗੁਰਬਾਣੀ ਪ੍ਰਚਾਰ ਦਾ ਮੁਖ ਧੁਰਾ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਨੂੰ ਬਣਾਇਆ ਅਤੇ ਉਦੇਸ਼ ਜਿਥੇ ਇਕ ਪਾਸੇ ਗੁਰਬਾਣੀ ਵਿਆਖਿਆ, ਦੂਜੇ ਪਾਸੇ ਗੁਰੂ ਜੀ ਦੀ ਸ਼ਖਸੀਅਤ ਨੂੰ ਉਜਾਗਰ ਕਰਨਾ ਹੁੰਦਾ ਸੀ । ਅਜਿਹਾ ਕਰਦੇ ਸਮੇਂ ਉਹ ਗੁਰਮਤਿ ਦੀ ਵੈਦਿਕ ਰੀਤ ਅਨੁਸਾਰ ਵਿਆਖਿਆ ਵੀ ਕਰ ਜਾਂਦੇ ਸਨ । ਇਸ ਵਿਚ ਉਹਨਾਂ ਦੀ ਕਾਰਗੁਜ਼ਾਰੀ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਉਹ ਗੁਰੂ ਦਾ ਸੰਦੇਸ਼ ਉਨਾਂ ਸਥਾਨਾਂ ਅਤੇ ਇਲਾਕਿਆਂ ਤੱਕ ਪਹੁੰਚਾਉਣ ਵਿਚ ਕਾਮਯਾਬ ਹੋ ਗਏ ਸਨ ਜਿਥੇ ਸਿਧੇ ਤੌਰ ਤੇ ਸਿਧਾਂਤਕ ਸਿੱਖੀ ਜੀਵਨਜਾਚ ਵਾਲਿਆਂ ਲਈ ਪਹੁੰਚਣਾ ਮੁਸ਼ਕਲ ਹੋ ਜਾਂਦਾ ਸੀ । ਉਹਨਾਂ ਦੁਆਰਾ ਗੁਰੂ ਨਾਨਕ ਦਾ ਸੰਦੇਸ਼ ਇਨ੍ਹਾ ਜ਼ਿਆਦਾ ਪਰਪੱਕ ਕਰਵਾਇਆ ਗਿਆ ਕਿ ਜਦੋਂ ਇਹਨਾਂ ਦੇ ਫਿਰਕਿਆਂ ਦੇ ਕੁਝ ਸਾਧੂਆਂ ਨੇ ਇਸ ਤੋਂ ਮੂੰਹ ਮੋੜਨਾ ਚਾਹਿਆ ਤਾਂ ਸਫਲ ਨਾ ਹੋ ਸਕੇ, ਪਰ ਇਹਨਾਂ ਦੇ ਯਤਨਾਂ ਨੇ ਉਦਾਸੀਆਂ ਨੂੰ ਸਿੱਖੀ ਪ੍ਰਚਾਰ ਤੋਂ ਦੂਰ ਕਰ ਦਿਤਾ । ਪ੍ਰੋ. ਪ੍ਰੀਤਮ ਸਿੰਘ ਬਿਹਾਰ ਦੇ ਇਕ ਤ੍ਰਿਪਿਟਕਾਚਾਰੀਆ ਦੀ ਹੱਡ ਬੀਤੀ ਦਾ ਵਰਣਨ ਕਰਦੇ ਹੋਏ ਦਸਦੇ ਹਨ ਕਿ ਇਹਨਾਂ ਦੇ "ਪਟਨੇ ਵਾਲੇ ਪੱਕੇ ਡੇਰੇ ਵਿਚ ਇਕ ਪੇਂਡੂ ਮਾਈ, ਆਪਣੀ ਨੂੰਹ ਨੂੰ ਗੁਰ-ਮੰਤਰ ਦਿਵਾਉਣ ਲੈ ਆਈ । ਤ੍ਰਿਪਿਟਿਕਾਚਾਰੀਆ ਨੇ ਹੌਲੀ-ਹੌਲੀ ਉਸ ਦੀ ਨੂੰਹ ਦੇ ਕੰਨ ਵਿਚ ਗਾਇਤ੍ਰੀ ਮੰਤਰ ਬੋਲਣਾ ਸ਼ੁਰੂ ਕੀਤਾ । ਓਮੇ ਭੂਰ ਭੁਵਹ ਸਹ... ਤਾਂ ਮਾਈ, ਜੋ ਕੋਲ ਬੈਠੀ ਸੀ, ਇਕ ਦਮ ਕੂਕ ਉਠੀ ਅਤੇ ਕਿਹਾ ਕਿ ਗੁਰੂ ਜੀ! ਸਾਡੀ ਕੁੜੀ ਨੂੰ ਇਹ ਕਿਹੜਾ ਮੰਤਰ ਦੇਣ ਲੱਗ ਪਏ ਜੇ, ਇਹਨੂੰ ਤਾਂ ਉਹੀ ਮੰਤਰ ਦਿਉ, ਜਿਹੜਾ ਮੈਨੂੰ ਦਿਤਾ ਸੀ ਇਕ ਓਮੇ ਸਤਿਨਾਮ ਵਾਲਾ । ਇਹ ਦੱਸ ਕੇ ਤ੍ਰਿਪਿਟਿਕਾਚਾਰੀਆ ਜੀ ਬੋਲੇ, ਤੁਹਾਨੂੰ ਪਤਾ ਹੀ ਹੋਵੇਗਾ ਕਿ ਹੁਣ ਅਸੀਂ ਤੁਹਾਡੇ ਵਾਲਾ ਮੂਲ ਮੰਤਰ ਨਹੀਂ ਦੇਂਦੇ । ਤ੍ਰਿਪਿਟਿਕਾਚਾਰੀਆ ਦੇ ਵਾਕਾਂ ਤੋਂ ਸਪਸ਼ਟ ਹੈ ਕਿ ਵੇਦਾਂਤਿਕ ਰੰਗ ਵਿਚ ਰੰਗੇ ਹੋਏ ਉਦਾਸੀਆਂ ਨੇ ਜਿਥੇ ਇਕ ਪਾਸੇ ਸਿੱਖੀ ਨੂੰ ਢਾਹ ਲਾਉਣ ਵਾਲੇ ਕਾਰਜ ਕੀਤੇ ਹਨ ਉਥੇ ਨਾਲ ਹੀ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਸਿੱਖੀ ਸਿਧਾਂਤਾਂ ਪ੍ਰਤੀ ਅਸਪਸ਼ਟਤਾ ਪ੍ਰਦਾਨ ਕੀਤੀ ਹੈ।

ਉਦਾਸੀ ਸੰਪ੍ਰਦਾ ਦੁਆਰਾ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜੋ ਉਦਮ ਕੀਤੇ ਗਏ ਉਹਨਾਂ ਵਿਚ ਮੌਖਿਕ ਪ੍ਰਚਾਰ ਦੇ ਨਾਲ-ਨਾਲ ਵਿਆਖਿਆਮਈ ਸਾਹਿਤ ਵੀ ਤਿਆਰ ਕੀਤਾ ਗਿਆ । ਗੁਰੂ ਸਾਹਿਬਾਨ ਦੀਆਂ ਪ੍ਰਮੁਖ ਬਾਣੀਆਂ, ਜਿਵੇਂ ਜਪੁਜੀ, ਸਿਧ ਗੋਸਟਿ, ਓਅੰਕਾਰ, ਆਸਾ ਦੀ ਵਾਰ, ਅਨੰਦ ਸਾਹਿਬ ਆਦਿ, ਬਾਣੀਆਂ ਦੇ ਟੀਕੇ ਕੀਤੇ ਗਏ । ਇਹਨਾਂ ਦੀ ਵਿਆਖਿਆ ਦਾ ਮੁਹਾਵਰਾ ਪ੍ਰਮੁਖ ਤੌਰ ਤੇ ਵੈਦਿਕ ਰੀਤ ਵਾਲਾ ਹੀ ਸੀ ਜਿਸਨੇ ਸਿਧਾਂਤਕ ਖਲਾਅ ਪੈਦਾ ਕੀਤਾ । ਇਹਨਾਂ ਵਿਚ ਇਕ ਪ੍ਰਮੁਖ

ਟੀਕਾਕਾਰ ਅਨੰਦਘਨ ਹੋਇਆ ਹੈ ਜਿਸਨੇ "ਗੁਰੂ ਨਾਨਕ ਬਾਣੀ ਨੂੰ ਸ਼ਾਸਤ੍ਰ ਰੀਤ ਦੀ ਬਾਣੀ ਦਸਿਆ ਹੈ ਅਤੇ ਸ਼ਾਸਤ੍ਰ ਰੀਤ ਅਨੁਸਾਰ ਉਸਦਾ ਟੀਕਾ ਕਰਨ ਦਾ ਯਤਨ ਕੀਤਾ ਹੈ।" ਉਦਾਸੀ ਸੰਪ੍ਰਦਾ ਦੇ ਇਸ ਵਿਦਵਾਨ ਉਤੇ ਟਿਪਣੀ ਕਰਦੇ ਹੋਏ ਕਿਹਾ ਗਿਆ ਹੈ, "ਉਦਾਸੀ ਸੰਪ੍ਰਦਾਇ ਦੀ ਗੁਰਮਤ ਵਿਆਖਿਆ ਵਿਚ ਹਿੰਦੂ ਗਲਬੇ ਦਾ ਸਿਖਰ ਸੁਆਮੀ ਅਨੰਦਘਨ ਦੇ ਟੀਕਿਆਂ ਵਿਚ ਦੇਖਿਆ ਜਾ ਸਕਦਾ ਹੈ।"

ਵਿਆਖਿਆਕਾਰੀ ਤੋਂ ਇਲਾਵਾ ਸਿੱਖਾਂ ਅਤੇ ਉਦਾਸੀਆਂ ਵਿਚਕਾਰ ਗੰਭੀਰ ਮਤਭੇਦ ਵੀਹਵੀਂ ਸਦੀ ਦੇ ਆਰੰਭ ਵਿਚ ਉਭਰ ਕੇ ਸਾਹਮਣੇ ਆਏ ਜਦੋਂ ਕੁਝ ਉਦਾਸੀ ਮਹੰਤ ਗੁਰੂ ਜੀ ਦੀ ਗੋਲਕ ਨੂੰ ਨਿਜੀ ਗੋਲਕ ਅਤੇ ਗੁਰੂ-ਘਰ ਦੀ ਸੰਪਤੀ ਨੂੰ ਨਿਜੀ ਸੰਪਤੀ ਸਮਝਣ ਲਗੇ, ਜਿਸਦੇ ਨਤੀਜੇ ਵਜੋਂ ਉਹਨਾਂ ਦੇ ਜੀਵਨ ਵਿਚ ਆਯਾਸ਼ੀ ਅਤੇ ਬਦਕਾਰੀ ਦੀ ਭਾਵਨਾ ਪੈਦਾ ਹੋ ਗਈ। ਸਿੱਖ ਇਸ ਅਨੈਤਿਕ ਕਾਰਜ ਨੂੰ ਸਹਾਰ ਨਾ ਸਕੇ ਅਤੇ ਉਹਨਾਂ ਗੁਰੂ-ਘਰ ਨੂੰ ਅਜਿਹੇ ਕੁਕਰਮੀ ਬਦਮਾਸ਼ਾਂ ਤੋਂ ਮੁਕਤ ਕਰਾਉਣ ਦਾ ਕਾਰਜ ਆਰੰਭ ਕਰ ਦਿਤਾ। ਅੰਗਰੇਜ਼ ਹਕੂਮਤ ਉਹਨਾਂ ਦੀ ਪਿੱਠ ਤੇ ਆਈ ਤਾਂ ਇਹ ਹੋਰ ਦਲੇਰ ਹੋ ਗਏ ਜਿਸਦੇ ਸਿੱਟੇ ਵਜੋਂ ਇਹ ਟਕਰਾਉ ਹੋਰ ਗੰਭੀਰ ਰੂਪ ਧਰਾਨ ਕਰ ਗਿਆ। ਅੰਗਰੇਜ਼ ਅਫ਼ਸਰਾਂ ਨੇ ਬਹੁਤ ਸਾਰੀਆਂ ਜ਼ਮੀਨਾਂ ਇਹਨਾਂ ਮਹੰਤਾਂ ਦੇ ਨਾਵਾਂ ਹੇਠ ਲਿਖ ਦਿਤੀਆਂ ਤਾਂ ਕਿ ਇਹਨਾਂ ਨੂੰ ਕਨੂੰਨੀ ਤੌਰ ਤੇ ਕਾਬਜ਼ ਰਹਿਣ ਵਿਚ ਕੋਈ ਮੁਸ਼ਕਲ ਨਾ ਆਵੇ। ਇਹ ਕਾਰਜ ਉਸ ਸਮੇਂ ਆਰੰਭ ਕੀਤਾ ਗਿਆ, ਜਦੋਂ ਅੰਗਰੇਜ਼ ਹਕੂਮਤ ਦੇ ਪੱਕੇ ਪੈਰ ਜੰਮ ਗਏ ਤਾਂ ਜ਼ਮੀਨ ਅਤੇ ਜਇਦਾਦ ਦੇ ਬੰਦੋਬਸਤ ਦੇ ਨਵੇਂ ਰਿਕਾਰਡ ਤਿਆਰ ਕਰਨੇ ਸਨ।

ਇਨ੍ਹਾਂ ਅੰਦਰ ਬਹੁਤ ਸਾਰਿਆਂ ਅੰਦਰ ਗੁਰਦੁਆਰਿਆਂ ਨਾਲ ਲਗੀਆਂ ਜਗੀਰਾਂ ਅਤੇ ਜਾਇਦਾਦਾਂ ਮਹੰਤਾਂ ਦੇ ਨਾਵਾਂ ਅਗੇ ਲਿਖ ਦਿਤੀਆਂ ਗਈਆਂ। ਜਿਥੇ-ਜਿਥੇ ਸੰਗਤ ਸੁਚੇਤ ਸੀ, ਉਥੇ ਤਾਂ ਇਹ ਅੰਦਰਾਜ ਰਸਮੀ ਤੌਰ ਤੇ ਹੀ ਰਹੇ ਪਰ ਜਿਥੇ ਪੁਜਾਰੀ ਮਨਮਾਨੀ ਕਰ ਸਕਦੇ ਸਨ, ਉਥੇ ਉਨ੍ਹਾਂ ਦੀ ਮਲਕੀਅਤ ਪਰਵਾਨ ਕਰ ਲਈ ਗਈ ਅਤੇ ਉਹ ਜਾਇਦਾਦ ਦੀ ਹੇਰਾਫੇਰੀ ਕਰਨ ਲਗ ਪਏ। ਉਦਾਸੀ ਮਹੰਤ, ਜਿਹੜੇ ਹਿੰਦੂ ਵੀ ਸਨ ਅਤੇ ਸਿੱਖ ਵੀ, ਅਤੇ ਹਿੰਦੂ ਸ਼ਰਧਾਲੂਆਂ ਨੂੰ ਆਪਣੇ ਵਲ ਖਿਚਣਾ ਚਾਹੁੰਦੇ ਸਨ, ਨੇ ਗੁਰਦੁਆਰਿਆਂ ਅੰਦਰ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਸਥਾਪਤ ਕਰ ਲਈਆਂ।">>

ਪੰਜਾਬ ਵਿਚ ਅਕਾਲੀ ਆਪਣੀ ਹੋਂਦ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਸਨ । ਉਸ ਸਮੇਂ ਪੰਜਾਬ ਵਿਚ ਮੁਸਲਿਮ ਬਹੁਗਿਣਤੀ ਦੀ ਸਰਕਾਰ ਸੀ । ਉਹ ਅਕਾਲੀਆਂ ਨੂੰ ਨੀਵਾਂ ਦਿਖਾਉਣ ਦਾ ਹਰ ਸੰਭਵ ਯਤਨ ਕਰ ਰਹੇ ਸਨ । ਅਕਾਲੀਆਂ ਦੀ ਤਾਕਤ ਦਾ ਧੁਰਾ ਗੁਰਦੁਆਰੇ ਸਨ ਅਤੇ ਸਰਕਾਰ ਇਸ ਧੁਰੇ ਨੂੰ ਖਤਮ ਕਰਨਾ ਚਾਹੁੰਦੀ ਸੀ । ਇਸ ਕਾਰਜ ਲਈ ਮਾਰਚ 1921 ਵਿਚ ਵਿਦਿਆ ਮੰਤਰੀ ਮੀਆਂ ਫ਼ਜ਼ਲ-ਇ-ਹੁਸੈਨ ਨੇ ਇਕ ਬਿਲ ਪੇਸ਼ ਕੀਤਾ ਜਿਸ ਅਨੁਸਾਰ ਬੋਰਡ ਆਫ਼ ਕਮਿਸ਼ਨਰਜ਼ ਸਥਾਪਤ ਕਰਨਾ ਸੀ, ਜਿਹੜਾ ਗੁਰਦੁਆਰਿਆਂ ਦੇ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਵੇਗਾ । ਸਿੱਖ ਵਿਧਾਇਕਾਂ ਨੇ ਇਸ ਬਿਲ ਦਾ ਵਿਰੋਧ ਕੀਤਾ ਕਿਉਂਕਿ ਬੋਰਡ ਵਿਚ ਗੈਰ ਸਿੱਖ ਵੀ ਸਨ, ਅਤੇ ਇਸ ਬੋਰਡ ਨੇ ਸਿੱਖਾਂ ਦੇ ਧਰਮ ਅਸਥਾਨਾਂ ਦੇ ਪ੍ਰਬੰਧ ਕਰਨਾ ਸੀ । ਵਿਧਾਨ ਸਭਾ ਦੇ ਮੈਂਬਰ ਇਸ ਗੱਲ ਤੇ ਵੀ ਸਹਿਮਤ ਨਹੀਂ ਸਨ ਕਿ 'ਗੁਰਦੁਆਰਾ' ਕੀ ਹੈ? ਬਹੁਤ ਸਾਰੇ ਉਦਾਸੀ ਮਹੰਤਾਂ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਦੇ ਧਰਮ ਅਸਥਾਨ ਹਿੰਦੂ ਮੰਦਰ ਹਨ। ਇਸ ਪ੍ਰਕਾਰ ਇਨ੍ਹਾਂ ਮਹੰਤਾਂ ਨੇ ਹਿੰਦੂਆਂ ਅਤੇ ਅਕਲੀ ਵਿਰੋਧੀ ਸਿੱਖਾਂ ਦੀ ਹਮਾਇਤ ਪ੍ਰਾਪਤ ਕਰ ਲਈ। ਇਸ ਸੰਬੰਧ ਵਿਚ ਸਰਦਾਰ ਮਹਿਤਾਬ ਸਿੰਘ ਨੇ ਮੂੰਹ-ਤੋੜ ਜੁਆਬ ਦਿੱਤਾ, ਜਿਹੜਾ ਪੀ.ਐਲ.ਸੀ.ਡੀ. ਅਪ੍ਰੈਲ 1921 ਅਨੁਸਾਰ ਇਸ ਪ੍ਰਕਾਰ ਹੈ:

ਇਹ ਮਹੰਤ ਖ਼ੂਨ ਚੂਸਣ ਵਾਲੀਆਂ ਜੋਕਾਂ ਦੀ ਜਮਾਤ ਹੈ । ਇਨ੍ਹਾਂ ਅੰਦਰ ਜ਼ਹਿਰ ਭਰ ਗਿਆ ਹੈ। ਇਹ ਪੂਜਾ ਦਾ ਧਾਨ ਖਾਂਦੇ ਹਨ ਅਤੇ ਸਾਡੇ ਗੁਰੂ ਜੀ ਦੇ ਬਚਨ ਅਨੁਸਾਰ ਇਸ ਧਾਨ ਨਾਲ ਆਦਮੀ ਸ਼ੈਤਾਨ ਹੋ ਜਾਂਦਾ ਹੈ ਜੇਕਰ ਸਰਕਾਰ ਇਸ ਮਾਮਲੇ ਵਿਚ ਸਾਡੀ ਸਹਾਇਤਾ ਕਰਨਾ ਚਾਹੁੰਦੀ ਹੈ ਤਾਂ ਅਸੀਂ ਇਹ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਹਾਂ ਕਿ ਨਿਰਮਲੇ ਅਤੇ ਉਦਾਸੀ ਮਤਿ ਨਾਲ ਸੰਬੰਧਤ ਸਾਧੂਆਂ ਨੂੰ ਸਾਡੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣ ਦਾ ਕੋਈ ਹੱਕ ਹੈ, ਇਸ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵਜਦੀ ਹੈ ।

ਪਰ ਮੀਆਂ ਫ਼ਜ਼ਲ ਨੇ ਇਹ ਬਿਲ ਪਾਸ ਕਰਵਾ ਲਿਆ ਅਤੇ ਇਸ ਨੇ 'ਦੀ ਸਿੱਖ ਗੁਰਦੁਆਰਾਜ਼ ਐਂਡ ਸ਼ਰਾਈਨਜ਼ ਐਕਟ ਆਫ਼ 1922 ਦਾ ਰੂਪ ਧਾਰਿਆ। ਪਰ ਸਿੱਖਾਂ ਨੇ ਇਸ ਕਾਨੂੰਨ ਦੀ ਪ੍ਰਵਾਹ ਨਹੀਂ ਕੀਤੀ।"

ਸਿੱਖਾਂ ਨੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸੰਘਰਸ਼ ਆਰੰਭ ਕਰ ਦਿਤਾ ਜਿਸਦੇ ਸਿਟੇ ਵਜੋਂ ਸਿੰਘ ਸਭਾ ਲਹਿਰ ਦਾ ਜਨਮ ਹੋਇਆ । ਇਸ ਲਹਿਰ ਨੇ ਸਿੱਖਾਂ ਵਿਚ ਇਕ ਨਵਾਂ ਜੋਸ਼ ਭਰ ਦਿਤਾ, ਸਿੱਖਾਂ ਵਿਚ ਧਰਮ ਪ੍ਰਤੀ ਦ੍ਰਿੜ੍ਹਤਾ ਅਤੇ ਏਕਤਾ

ਪੈਦਾ ਹੋਈ । ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਹੋਏ ਅਤੇ ਇਹਨਾਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ । ਉਦਾਸੀ ਸਿੱਖ ਮੁਖ ਧਾਰਾ ਨਾਲੋਂ ਪੂਰੀ ਤਰਾਂ ਟੁੱਟ ਗਏ। "ਉਦਾਸੀਆਂ ਨੇ ਇਕ ਮੁਕੱਦਮਾ ਹਾਈ ਕੋਰਟ ਵਿਚ ਕੀਤਾ ਜਿਸਦਾ ਫੈਸਲਾ 1926 ਈਸਵੀ ਵਿਚ ਹੋਇਆ । ਉਸ ਅਨੁਸਾਰ ਉਦਾਸੀ ਸੰਤ ਸਿੱਖ ਨਹੀਂ ਸਨ । ਇਸ ਫੈਸਲੇ ਅਨੁਸਾਰ ਉਦਾਸੀ ਸੰਤ ਸਿੱਖ ਪੰਥ ਨਾਲੋਂ ਕਾਨੂੰਨੀ ਤੌਰ ਤੇ ਟੁੱਟ ਗਏ । ਨਤੀਜਾ ਇਹ ਹੋਇਆ ਕਿ ਜਿਥੇ ਉਦਾਸੀ ਡੇਰਿਆਂ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਹੁਣ ਉਥੋਂ ਬੀੜਾਂ ਹਟਾ ਕੇ ਭਾਗਵਤ ਪੁਰਾਣ, ਤੇ ਗੀਤਾ ਆਦਿ ਨੂੰ ਸਥਾਪਤ ਕਰਨਾ ਆਰੰਭ ਹੋ ਗਿਆ ।" ਅਜਿਹਾ ਹੀ ਇਕ ਫੈਸਲਾ ਦਸੰਬਰ 2002 ਵਿਚ ਹੋਇਆ ਜਿਸ ਵਿਚ ਭਾਰਤ ਦੀ ਸਰਵਉਚ ਅਦਾਲਤ ਸੁਪਰੀਮ ਕੋਰਟ ਨੇ ਉਦਾਸੀ ਡੇਰੇ ਨੂੰ ਗੁਰਦੁਆਰੇ ਨਾਲੋਂ ਨਿਖੇੜਨ ਦਾ ਫੈਸਲਾ ਦਿਤਾ ।" ਇਸ ਫੈਸਲੇ ਤੋਂ ਸਪਸ਼ਟ ਹੁੰਦਾ ਹੈ ਕਿ ਉਦਾਸੀ ਡੇਰਿਆਂ ਵਿਚ ਅੱਜ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਇਸ ਤਰ੍ਹਾਂ ਉਦਾਸੀ ਡੇਰਿਆਂ ਦਾ ਸਿੱਖੀ ਨਾਲੋਂ ਤੋੜ-ਵਿਛੋੜਾ ਕਰਨਾ ਚਿੰਤਾ ਦਾ ਵਿਸ਼ਾ ਹੈ । ਉਦਾਸੀ ਸਿੱਖਾਂ ਨੇ ਜਿੰਨ੍ਹਾ ਕੰਮ ਕੀਤਾ ਹੈ ਅਜੇ ਤਕ ਉਹ ਸਾਰਾ ਸਾਹਮਣੇ ਨਹੀਂ ਆਇਆ । ਇਸ ਦਿਸ਼ਾ ਵਲ ਖੋਜ ਦਾ ਕੰਮ ਅਜੇ ਬਾਕੀ ਹੈ। ਉਦਾਸੀਆਂ ਦੁਆਰਾ ਰਚੇ ਗਏ ਸਾਹਿਤ ਦੀਆਂ ਮੁਢਲੀਆਂ ਪਰਤਾਂ ਤੋਂ ਇਹ ਤਥ ਉਜਾਗਰ ਹੁੰਦੇ ਹਨ ਕਿ ਇਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਭਲੀਭਾਂਤ ਪ੍ਰਚਾਰ ਕੀਤਾ। ਇਸ ਪ੍ਰਚਾਰ ਵਿਚ ਗੁਰੂ ਜੀ ਦੀ ਸ਼ਖਸੀਅਤ ਨੂੰ ਉਜਾਗਰ ਕਰਨਾ ਜੀਵਨ ਦਾ ਉਦੇਸ਼ ਬਣਾਇਆ। ਇਹਨਾਂ ਵਲ ਪਿੱਠ ਕਰ ਕੇ ਗੁਰਮਿਤ ਪ੍ਰਚਾਰ ਅਤੇ ਵਿਆਖਿਆ ਸੰਬੰਧੀ ਕੀਤਾ ਕੋਈ ਖੋਜ-ਕਾਰਜ ਖੋਜ ਦੇ ਮਾਪਦੰਡਾਂ ਦੀ ਉਲੰਘਣਾ ਹੋਵੇਗਾ ।

**ਨਿਰਮਲ ਸੰਪਰਦਾਇ**

ਉੱਤਰੀ ਭਾਰਤ ਦੀਆਂ ਸੰਪ੍ਰਦਾਵਾਂ ਵਿੱਚ ਨਿਰਮਲ ਸੰਪ੍ਰਦਾਇ ਦਾ ਵਿਸ਼ੇਸ਼ ਸਥਾਨ ਹੈ । ਇਸ ਸੰਪ੍ਰਦਾਇ ਦੇ ਪ੍ਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਹਨ । ਸਿੱਖ ਇਤਿਹਾਸ ਵਿੱਚ ਜ਼ਿਕਰ ਆਇਆ ਹੈ। ਭਾਦਰੋਂ ਸੁਦੀ 13 ਸੰਮਤ 1564 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਾਲੀ ਵੇਈਂ ਵਿੱਚ ਇਸ਼ਨਾਨ ਕਰਨ ਸਮੇਂ ਚੁੱਭੀ ਲਾ ਕੇ ਸਚਖੰਡ ਵਿੱਚ ਪਹੁੰਚ ਗਏ। ਅਕਾਲ ਪੁਰਖ ਦੇ ਦਰ 'ਤੇ 'ਸੋ ਦਰੁ ਕੇਹਾ ਸੋ ਘਰ ਕੇਹਾ ਜਿਤੁ ਬਹਿ ਸਰਬ ਸਮਾਲੇ' ਵਾਲਾ ਸ਼ਬਦ ਉਚਾਰਨ ਕਰਕੇ ਉਸਤਤੀ ਕੀਤੀ। ਇਸ ਸਮੇਂ ਅਕਾਲ

ਪੁਰਖ ਨੇ ਮੂਲ ਮੰਤ੍ਰ ਬਖ਼ਸ਼ ਕੇ ਸਤਿਗੁਰੂ ਜੀ ਨੂੰ ਆਗਿਆ ਕੀਤੀ ਕਿ 'ਤਪ' ਰਹੇ ਸੰਸਾਰ ਨੂੰ ਨਾਮ ਜਪਾਓ, ਸਿਮਰਨ ਵਿੱਚ ਲਾਓ। ਸਤਿਗੁਰੂ ਜੀ ਨੇ ਵਾਹਿਗੁਰੂ ਦੇ 'ਨਾਮ' ਦਾ 'ਸੱਤਿ' ਦੇ ਆਧਾਰ 'ਤੇ ਰਾਜ ਕਾਇਮ ਕੀਤਾ। 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ' (ਪੰਨਾ ੯੬੬) 'ਸੱਚ' ਤੇ 'ਨਾਮ' ਬ੍ਰਹਿਮੰਡ ਰਚਨਾ ਤੋਂ ਵੀ ਪਹਿਲਾਂ ਸਨ, ਹੁਣ ਵੀ ਹਨ ਅਤੇ ਸਦੈਵ ਰਹਿਣਗੇ । ਗੁਰਬਾਣੀ ਦਾ ਫੁਰਮਾਨ ਹੈ : 'ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ।।" (ਪੰਨਾ ੧੨੪੮) ਇਸ ਸੱਚ ਦੇ ਰਾਜ ਦਾ ਨਿਰਮਲ ਪੰਥ ਸਿੱਕਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ, 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।' (ਭਾ.ਗੁਰ. 1/45) ਸੰਸਾਰੀ ਰਾਜਿਆ ਦੇ ਸਿੱਕੇ ਬੰਦ ਹੁੰਦੇ ਰਹਿੰਦੇ ਹਨ ਅਤੇ ਬਦਲਦੇ ਰਹਿੰਦੇ ਹਨ, ਨਵੇਂ ਚੱਲਦੇ ਰਹਿੰਦੇ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚ ਦੇ ਰਾਜ. ਦਾ ਸਿੱਕਾ 'ਨਿਰਮਲ ਪੰਥ' ਸਦੈਵ ਸਥਿਰ ਰਹੇਗਾ, ਨਾ ਬਦਲੇਗਾ ਨਾ ਮਿਟੇਗਾ । ਇਸ ਭੇਖ ਦੀ ਮਰਯਾਦਾ ਅਨੁਸਾਰ ਚੱਲਣ ਵਾਲਿਆਂ ਦਾ ਜੀਵਨ ਲੋਕ-ਪ੍ਰਲੋਕ ਵਿੱਚ ਸਫਲ ਹੁੰਦਾ ਰਹੇਗਾ।

ਸਤਿਗੁਰੂ ਜੀ ਅਕਾਲ ਪੁਰਖ ਦੇ ਦਰ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਵੇਈਂ ਨਦੀ ਵਿੱਚੋਂ ਪ੍ਰਗਟ ਹੋਏ । ਸਤਿਗੁਰੂ ਜੀ ਦਾ ਅਨਨਯ ਸਿੱਖ ਭਾਈ ਭਾਗੀਰਥ ਸ਼ਰਧਾ ਪੂਰਵਕ ਤਿੰਨ ਦਿਨ ਤੋਂ ਸਤਿਗੁਰੂ ਜੀ ਦੇ ਦਰਸ਼ਨ ਲਈ ਇਕਾਗਰ ਚਿੱਤ ਨਦੀ ਕਿਨਾਰੇ ਖੜ੍ਹਾ ਰਿਹਾ । ਸਤਿਗੁਰੂ ਜੀ ਨੇ ਪ੍ਰਸੰਨਤਾ ਪੂਰਬਕ ਸ਼ਰਧਾ ਭਗਤੀ ਵੇਖ ਕੇ ਭਾਈ ਭਾਗੀਰਥ ਨੂੰ ਮੂਲ ਮੰਤ੍ਰ ਤੇ ਨਿਰਮਲ ਭੇਖ ਦੇ ਕੇ ਨਿਵਾਜਿਆ। ਇਸ ਤਰ੍ਹਾਂ ਪਹਿਲਾ ਨਿਰਮਲਾ ਸੰਤ ਭਾਈ ਭਾਗੀਰਥ ਹੋਇਆ ਹੈ।

ਭਾਈ ਭਾਗੀਰਥ ਜੀ ਨੇ ਸਤਿਗੁਰੂ ਜੀ ਦੀ ਉਸਤਤੀ ਵਿੱਚ ਇੱਕ ਵਾਰ ਵੀ ਲਿਖੀ ਹੈ, ਜਿਸ ਵਿੱਚੋਂ ਕੁਝ ਪੰਕਤੀਆਂ ਅੰਕਿਤ ਕਰਦੇ ਹਾਂ :

"ਬਾਬਾ ਬੇਂਈ ਨਾਇ ਕੈ ਸੱਚਖੰਡ ਮੇਂ ਪਹੁਤਾ ਜਾਈ।

ਬੇਂਈ ਵਿਚੋਂ ਨਿਕਲੇ ਰੰਗ ਮਜੀਠੀ ਬਸਨ ਧਰਾਈ।

ਬੈਠੇ ਕਬਰ ਸਥਾਨ ਮੇਂ ਦਰਸ਼ਨ ਕਉ ਉਲਟੀ ਲੋਕਾਈ ।

ਵਾਹਿਗੁਰੂ ਸਤਿਨਾਮੁ ਦੈ, ਚਾਰਿ ਬੇਦ ਕਉ ਸਾਰਿ ਬਤਾਈ।

ਖੰਡ ਬ੍ਰਹਮੰਡੀ ਸੈਲ ਕਰ ਭਵ ਨਿਧ ਤਾਰੀ ਖਲਕ ਸਬਾਈ।

ਨਿਰਮਲ ਪੰਥੁ ਚਲਾਇਆ ਏਕ ਬਿਵੇਕ ਭਗਤਿ ਦ੍ਰਿੜਾਈ ।

ਸਾਧਨ ਕਠਿਨ ਛਡਾਇ ਕੈ ਗੁਰ ਸਿੱਖੀ ਦੀ ਰੀਤਿ ਚਲਾਈ।

ਕਲਿਜੁਗ ਨਾਨਕ ਕਲਾ ਦਿਖਾਈ।'"

(ਵਾਰ ਪਉੜੀ ੩੩ਵੀਂ)

ਇਸ ਤਰ੍ਹਾਂ ਨਿਰਮਲ ਭੇਖ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ, ਜੋ ਦਸਮ ਪਾਤਸ਼ਾਹ ਤੱਕ ਵਿਧੀਵਤ ਦਸਾਂ ਸਤਿਗੁਰੂਆਂ ਦੀ ਆਗਿਆ ਅਨੁਸਾਰ ਦੇਸਾਂ-ਪ੍ਰਦੇਸਾਂ ਵਿੱਚ ਧਰਮ ਪ੍ਰਚਾਰ ਕਰਦਾ ਰਿਹਾ। ਨਿਰਮਲ ਸ਼ਬਦ ਦਾ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਇਸ ਤਰ੍ਹਾਂ ਕੀਤਾ ਹੈ :

ਨਿਰਮਲ-ਮੈਲ ਰਹਿਤ, ਪ੍ਰਕਾਸ਼, ਉਜਾਲਾ, ਰੋਸ਼ਨ, ਕਲੰਕ ਰਹਿਤ, ਸ੍ਰੇਸ਼ਟਾਚਾਰੀ, ਨਿਰਵੈਰ, ਅਵਿਦਿਆ, ਮੈਲ ਰਹਿਤ, ਨਿਰਮਲ ਧਰਮ, ਖ਼ਾਲਸਾ ਧਰਮ, ਸਿੱਖ ਧਰਮ। ਨਿਰਮਲ ਪੰਥ ਸਿੱਖ ਸੰਪ੍ਰਦਾਏ 'ਅਹਿਨਿਸ ਨਵਤਨ ਨਿਰਮਲਾ ਮੈਲ ਨ ਕਬਹੂ ਹੋਇ।" ਸਿੱਖ ਧਰਮ ਧਾਰਨ ਵਾਲਾ ਗੁਰੂ ਨਾਨਕ ਦਾ ਸਿੱਖ 'ਸਾਧ ਸੰਗ ਹੋਏ ਨਿਰਮਲਾ ਨਾਨਕ ਪ੍ਰਭ ਕੇ ਰੰਗ', 'ਸਬਦ ਰਤੇ ਸੇ ਨਿਰਮਲੇ ।'

ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ ਗੁਰੂ ਗੋਬਿੰਦ ਸਿੰਘ ਜੀ ਸਰਬ ਕਲਾ ਅਵਤਾਰ ਸਨ। ਹਿੰਦੂ ਧਰਮ ਦੀ ਰੱਖਿਆ, ਭਾਰਤੀ ਸੰਸਕ੍ਰਿਤੀ, ਸਭਿਆਚਾਰ ਦੀ ਰੱਖਿਆ ਦਾ ਉਪਦੇਸ਼ ਦਿੱਤਾ। ਆਪ ਇਸ ਕਾਰਜ ਦੀ ਪੂਰਤੀ ਵਾਸਤੇ ਮਨ, ਬਾਣੀ, ਕਰਮ ਕਰਕੇ ਦ੍ਰਿੜ੍ਹ ਹੋ ਗਏ। ਭਾਰਤੀਆਂ ਵਿੱਚ ਜੋ ਕਾਇਰਤਾ/ਨਿਪੁੰਸਕਤਾ ਘਰ ਕਰ ਚੁੱਕੀ ਸੀ, ਉਸ ਨੂੰ ਖ਼ਤਮ ਕਰਨ ਦਾ ਨਿਰਣੈ ਕਰਕੇ ਦੇਸ਼ ਦੀ ਜਨ-ਸਾਧਾਰਨ ਜਨਤਾ ਵਿੱਚ ਸ੍ਵੈ-ਵਿਸ਼ਵਾਸ, ਸ੍ਵੈਮਾਨ, ਦ੍ਰਿੜਤਾ, ਆਤਮ ਬਲ ਭਰਨ ਲਗੇ। ਭਾਰਤੀਆਂ ਵਿੱਚ ਅਣਖ-ਗ਼ੈਰਤ ਪੈਦਾ ਕਰਨ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਸੀ। ਇਸੇ ਕਾਰਜ ਨੂੰ ਅੱਗੇ ਤੋਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿੱਚ ਸ਼ਾਸਤ ਅਤੇ ਸ਼ਸਤਰ ਦਾ ਏਕੀਕਰਨ ਕੀਤਾ। ਆਪ ਸ੍ਵਯੰ ਅੱਜ ਪੂਰਨ ਬਾਣੀ ਦਾ ਉਚਾਰਨ ਕਰਦੇ ਸਨ। ਆਪ ਜੀ ਦੇ ਦਰਬਾਰ ਵਿੱਚ ਬ੍ਰਜ ਭਾਸ਼ਾ,

ਹਿੰਦੀ, ਪੰਜਾਬੀ, ਫ਼ਾਰਸੀ ਅਤੇ ਅਰਬੀ ਦੇ ਵਿਦਵਾਨ, ਆਲਮ ਫ਼ਾਜ਼ਲ ਮੌਜੂਦ ਸਨ ਪਰ ਆਪ ਪੁਰਾਤਨ ਭਾਰਤੀਯ ਦਰਸ਼ਨ, ਸਾਹਿੱਤ, ਕਾਵਿ, ਇਤਿਹਾਸ ਦੇ ਅਧਿਐਨ ਵਾਸਤੇ ਸੰਸਕ੍ਰਿਤ ਦਾ ਪੜ੍ਹਨਾ ਜ਼ਰੂਰੀ ਸਮਝਦੇ ਸਨ ।

ਗੁਰੂ ਜੀ ਦੇ ਦਰਬਾਰ ਵਿੱਚ ਪੰਡਿਤ ਰਘੁਨਾਥ ਸੰਸਕ੍ਰਿਤ ਗ੍ਰੰਥਾਂ ਦੀ ਕਥਾ ਕਰਦਾ ਸੀ। ਸਤਿਗੁਰੂ ਜੀ ਨੇ ਪੰਡਿਤ ਜੀ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਸੰਸਕ੍ਰਿਤ ਵੀ ਪੜ੍ਹਾਇਆ ਕਰਨ । ਪਰ ਪੰਡਿਤ ਜੀ ਨੇ ਸਿੱਖਾਂ ਨੂੰ ਵਿੱਦਿਆ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ ਕਿ ਸਿੱਖ ਨੀਵੀਂ ਜਾਤੀ (ਸ਼ੁਦਾਂ) ਵਿੱਚੋਂ ਹਨ । ਬ੍ਰਾਹਮਣ ਨਹੀਂ ਹਨ ਅਤੇ ਨਾ ਹੀ ਕਸ਼ਤ੍ਰੀ ਹਨ। ਇਸ ਵਾਸਤੇ ਸਿੱਖ, ਦੇਵਭਾਸ਼ਾ (ਵੇਦ) ਬਾਣੀ ਪੜ੍ਹਨ ਦੇ ਅਧਿਕਾਰੀ ਨਹੀਂ ਹਨ।

ਸਤਿਗੁਰੂ ਜੀ ਨੇ ਪੰਡਿਤ ਰਘੂਨਾਥ ਦੀ ਇਹ ਨਿਰਾਰਥਕ ਤਰਕ ਸੁਣਕੇ ਫ਼ੁਰਮਾਇਆ, 'ਪੰਡਿਤ ਜੀ, ਜਿਨ੍ਹਾਂ ਨੂੰ ਤੁਸੀਂ ਸ਼ੂਦ੍ਰ ਕਹਿੰਦੇ ਹੋ, ਇਨ੍ਹਾਂ ਸਿੱਖਾਂ ਦੇ ਚਰਨਾਂ ਵਿੱਚ ਬੈਠ ਕੇ ਵੱਡੇ-ਵੱਡੇ ਬ੍ਰਾਹਮਣ ਵੇਦ, ਸ਼ਾਸਤ੍ਰ ਆਦਿ 14 ਵਿੱਦਿਆ ਪੜ੍ਹਨਗੇ । ਇਹ ਸਿੱਖ ਬ੍ਰਾਹਮਣਾਂ ਦੇ ਵਿਦਿਆ ਗੁਰੂ ਹੋਣਗੇ ।" ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

"ਬੋਲੇ ਗੁਰ ਸੁਨਿ ਦਜ ਕੀ ਬਾਨੀ। ਹੇ ਦਜ ਮਹਾਂ ਮੁਢ ਅਭਿਮਾਨੀ ॥

ਜੋ ਬਿੱਦਿਆ ਪਢਿ ਤੂੰ ਗਰਬੈ ਹੈਂ । ਮਮ ਸਿੱਖਨ ਕੋ ਸੁਦਰ ਕੋਹੈਂ ॥

ਇਨ ਹੀ ਮੇਰੇ ਸਿੱਖਨ ਤੈ ਲਖਿ । ਬਿਦਯਾ ਬੇਦ ਪਢੋਂਗੇ ਦਜ ਦਖ ॥ ਨਿਗਮਾਗਮ ਲੌ ਚੌਦਯ ਬਿਦਯਾ । ਮੈਂ ਨਿਜ ਪੰਥੈ ਦਈ ਪ੍ਰਸਿੱਧਯਾ ॥ ਜਿਨ ਕੋ ਤੂੰ ਸ਼ੂਦਰ ਬਤਰੈਹੈਂ । ਬਿਦਯਾ ਗੁਰੂ ਦਿੱਜਨ ਇਹ ਥੈਹੈਂ ।"

(ਪੰਥ ਪ੍ਰਕਾਸ਼ ਪੰਨਾ ੨੭੮੭)

ਪੰਜ ਸੰਤਾਂ ਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਭੇਜਣਾ

ਕੁਝ ਸਮੇਂ ਬਾਅਦ 1686 ਈ: ਨੂੰ ਸਤਿਗੁਰੂ ਜੀ ਨੇ ਵਿਸ਼ੇਸ਼ ਸਮਾਗਮ ਬੁਲਾਇਆ, ਜਿਸ ਵਿੱਚ ਦੂਰ-ਨੇੜੇ ਦੀ ਸਮੂਹ ਸੰਗਤ ਇਕੱਤਰ ਹੋਈ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਤਿਗੁਰੂ ਜੀ ਨੇ ਸਦ-ਉਪਦੇਸ਼ ਦਿੰਦੇ ਹੋਏ ਵਿਦਿਆ ਦੀ ਮਹਾਨਤਾ ਦੀ ਵਿਆਖਿਆ ਵੀ ਕੀਤੀ ਅਤੇ ਸਰਬੱਤ ਨੂੰ ਵਿਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ । ਨਾਲ ਹੀ ਗੁਰਬਾਣੀ ਅਤੇ ਭਾਸ਼ਾ

ਦੇ ਪੰਜ ਪ੍ਰਸਿੱਧ ਵਿਦਵਾਨਾਂ ਨੂੰ ਆਵਾਜ਼ ਦੇ ਕੇ ਖੜ੍ਹੇ ਹੋਣ ਦਾ ਆਦੇਸ਼ ਦਿੱਤਾ। ਇਹ ਪੰਜੇ ਵਿਦਵਾਨ - ਸੰਤ ਕਰਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਵੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੱਥ ਜੋੜ ਕੇ ਖੜ੍ਹੇ ਹੋ ਗਏ।

ਇਨ੍ਹਾਂ ਦੀ ਚੋਣ ਸਤਿਗੁਰੂ ਜੀ ਨੇ ਇਸ ਵਾਸਤੇ ਕੀਤੀ ਸੀ ਕਿ ਇਨ੍ਹਾਂ ਨੂੰ ਵਿਦਿਆ ਨਾਲ ਅਨੁਰਾਗ ਸੀ। ਬੁੱਧੀ ਸੂਖ਼ਮ ਸੀ, ਗ੍ਰੰਥਾਂ ਦੇ ਅਤਿ ਗੂੜ੍ਹ ਵਿਸ਼ਿਆਂ, ਪਦਾਰਥਾਂ ਨੂੰ ਸਮਝਣ ਦੀ ਸਮਰੱਥਾ ਰੱਖਦੇ ਸਨ। ਭਾਸ਼ਾ ਦੇ ਪਹਿਲਾਂ ਹੀ ਵਿਦਵਾਨ ਸਨ। ਨਵਯੁਵਕ ਸਨ, ਸੈਲਾਨੀ ਸੁਭਾਉ ਸੀ ਅਤੇ ਉੱਚੇ ਆਚਰਣ ਦੇ ਮਾਲਕ ਸਨ। ਸਤਿਗੁਰੂ ਜੀ ਦੇ ਆਗਿਆਕਾਰ ਸਨ। ਆਵਾਜ਼ਾ ਸੁਣ ਕੇ ਚਰਨਾਂ ਵਿੱਚ ਹਾਜ਼ਿਰ ਹੋ ਕੇ ਨਮਸਕਾਰ ਕਰਕੇ ਖੜ੍ਹੇ ਹੋ ਗਏ। ਦੀਵਾਨ ਖਚਾ-ਖਚ ਭਰਿਆ ਹੋਇਆ ਸੀ। ਸੰਗਤ ਸਾਹ ਰੋਕ ਕੇ ਹੁਕਮ ਸੁਣਨ ਵਾਸਤੇ ਕਾਹਲੀ ਸੀ।

ਸਤਿਗੁਰੂ ਜੀ ਨੇ ਫ਼ੁਰਮਾਇਆ, 'ਤੁਹਾਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਜੀ ਨੂੰ ਭੇਜ ਰਹੇ ਹਾਂ। ਕਖਾਏ ਵਸਤਰ ਧਾਰਨ ਕਰਕੇ ਸੰਨਿਆਸੀ ਰੂਪ ਵਿੱਚ, ਵੇਦ/ਸ਼ਾਸਤ੍ਰਾਂ ਦੀ ਸੰਸਕ੍ਰਿਤੀ ਵਿੱਚ ਸਾਰੀ ਵਿਦਿਆ ਪ੍ਰਾਪਤ ਕਰੋ। ਅੱਜ ਹੀ ਸਾਰੀ ਤਿਆਰੀ ਕਰ ਕੇ ਅੰਮ੍ਰਿਤ ਵੇਲੇ ਯਾਤਰਾ ਆਰੰਭ ਦੇਣੀ, ਡੋਲਣਾ ਨਹੀਂ, ਸਤਿਗੁਰੂ ਅੰਗ-ਸੰਗ ਹਨ। ਜੋ ਵਿਦਿਆ ਜਨ-ਸਾਧਾਰਨ 12 ਵਰਸ਼ਾਂ ਵਿੱਚ ਪ੍ਰਾਪਤ ਕਰਦੇ ਹਨ, ਉਹ ਵਿਦਿਆ 12 ਮਹੀਨਿਆਂ ਵਿੱਚ ਪ੍ਰਾਪਤ ਕਰ ਲਵੋਗੇ। ਸਾਡੇ ਇਸ ਵਰਦਾਨ ਨਾਲ ਦੇਸ਼ ਦੇ ਧੁਰੰਧਰ ਪੰਡਿਤ ਬਣੋਗੇ। ਅੱਗੇ ਇਸ ਵਿਦਿਆ ਨੂੰ ਪੰਥ ਵਿੱਚ ਪ੍ਰਚਾਰਨਾ।

ਜਿਸ ਤਰ੍ਹਾਂ ਦੀ ਤੁਹਾਡੀ ਨਿਰਮਲ ਬੁੱਧੀ ਹੈ, ਇਸ ਤਰ੍ਹਾਂ ਨਿਰਮਲੇ ਬਣ ਕੇ ਰਹਿਣਾ, ਜਾਓ! ਪੰਜਾਂ ਦੇ ਸਿਰ ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿੱਚ ਝੁਕ ਗਏ।

ਦੂਸਰੇ ਦਿਨ ਭਗਵੇਂ ਵਸਤਰ ਧਾਰਨ ਕਰਕੇ ਗਾਤੀਆਂ ਲਾ ਕੇ, ਚਿੱਪੀਆਂ ਲੈ ਕੇ, ਪੰਜੇ ਸੰਤ ਕਾਸ਼ੀ ਜੀ ਜਾਣ ਵਾਸਤੇ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ। ਸਤਿਗੁਰੂ ਜੀ ਵੇਖ ਕੇ ਪਰਮ ਪ੍ਰਸੰਨ ਹੋਏ ਅਤੇ ਅਨੇਕ ਆਸ਼ੀਰਵਾਦ ਦੇ ਕੇ ਕਾਸ਼ੀ ਜੀ ਨੂੰ ਜਾਣ ਦੀ ਇਸ ਤਰ੍ਹਾਂ ਆਗਿਆ ਕੀਤੀ ਤੇ ਫ਼ੁਰਮਾਇਆ :

"ਜਾਓ ! ਮੇਰੇ ਲਾਲ ਪਾਲ ਕਰ ਹੈ ਅਕਾਲ ਥਾਰੀ, ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ।

ਕਾਮ ਕ੍ਰੋਧ ਲੋਭ ਤਯਾਗ ਸਾਗ ਪਾਤ ਖਾਇ ਬਹ,

ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ ।

ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ,

ਸੋਈ ਅਬ ਪ੍ਰਗਟੀ ਯੋ ਦੇਸ ਇਸ ਸਾਰੇ ਪੈ।

ਵਰਣ ਤੁਮਾਰੇ ਅਥ ਆਸ੍ਰਮ ਸੰਨਯਾਸ ਭਯੋ, ਲਯੋ ਹੈ ਅਰੂਜ ਪਦ ਊਚ ਚੰਦ ਤਾਰੇ ਪੈ।"

ਇਸ ਤਰ੍ਹਾਂ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਕੇ ਨਮਸਕਾਰ ਅਤੇ ਪਰਿਕ੍ਰਮਾ ਕਰਕੇ ਇਹ ਪੰਜੇ ਸੰਤ ਕਾਸ਼ੀ ਜੀ ਨੂੰ ਚਲੇ ਗਏ। ਕਾਸ਼ੀ ਜੀ ਪਹੁੰਚ ਕੇ ਜਤਨੇ ਬ੍ਰਾਹਮਣ ਦੇਬਟ (ਬੋਹੜ) ਹੇਠ ਜਾ ਕੇ ਆਸਨ ਲਾਏ, ਘਾਸ ਦੀ ਛੰਨ (ਛੱਪਰੀ) ਬਣਾ ਕੇ ਰਹਿਣ ਲੱਗੇ । ਇਹ ਜਤਨ ਮੱਠ ਪ੍ਰਸਿੱਧ ਨਾਉਂ 'ਚੇਤੰਨ ਮੱਠ' ਨਿਰਮਲ ਪੰਥ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ।

ਛੇਤੀ ਹੀ ਪੰਡਿਤ ਸਦਾ ਨੰਦ ਜੀ ਕੋਲ ਪੜ੍ਹਨ ਦਾ ਪ੍ਰਬੰਧ ਹੋ ਗਿਆ । ਪੰਡਿਤ ਸਦਾ ਨੰਦ ਜੀ ਕਾਸ਼ੀ ਦੇ ਮੰਨੇ-ਪ੍ਰਮੰਨੇ ਅਧਿਆਪਕ ਸਨ । ਸਤੋਗੁਣੀ, ਕੋਮਲ, ਨਿਮਰ ਸੁਭਾਅ ਸੀ। ਵਿਦਿਆਰਥੀਆਂ ਨਾਲ ਹਿਤ ਕਰਨ ਵਾਲੇ ਸਨ। ਜਿਸ ਤਰ੍ਹਾਂ ਦੇ ਯੋਗ ਅਧਿਆਪਕ ਸਨ, ਇਸੀ ਤਰ੍ਹਾਂ ਦੇ ਵਿਦਿਆ ਅਨੁਰਾਗੀ ਪੰਜੇ ਵਿਦਿਆਰਥੀ ਸਨ, ਜੋ ਅਮੋਲਕ ਸਮੇਂ ਨੂੰ ਵਿਦਿਆ ਅਧਿਐਨ ਵਿੱਚ ਬਤੀਤ ਕਰਦੇ ਸਨ । ਹਾਸ-ਬਿਲਾਸ, ਨ੍ਰਿਤ, ਗੀਤ ਵਿੱਚ ਸਮਾਂ ਲਾਉਣਾ ਘਾਤਕ ਸਮਝਦੇ ਸਨ । ਹਰ ਤਰ੍ਹਾਂ ਦੇ ਸੁੱਖ-ਸਵਾਦ ਤੋਂ ਦੂਰ ਰਹਿੰਦੇ ਸਨ । ਇਕਾਗਰ ਮਨ ਨਾਲ ਕੇਵਲ ਇਕੋ ਆਦਰਸ਼ ਮੁੱਖ ਰੱਖਿਆ ਸੀ ਕਿ ਵੱਧ ਤੋਂ ਵੱਧ ਵਿਦਿਆ ਅਧਿਐਨ ਕੀਤਾ ਜਾਵੇ ।

ਕਾਸ਼ੀ ਵਿੱਚ ਇਹ ਗੱਲ ਪ੍ਰਸਿੱਧ ਹੋ ਗਈ ਕਿ ਨਵੇਂ ਆਏ ਪੰਜੇ ਪੰਜਾਬੀ ਸੰਤ ਕੋਈ ਚਮਤਕਾਰੀ ਵਿਅਕਤੀ ਸਨ । ਜੋ ਵਿਦਿਆ ਕਈ ਵਰਸ਼ਾਂ ਵਿੱਚ ਪੜ੍ਹੀ ਜਾ ਸਕਦੀ ਹੈ, ਉਹ ਉਨ੍ਹਾਂ ਨੇ ਥੋੜ੍ਹੇ ਸਮੇਂ ਵਿੱਚ ਪ੍ਰਾਪਤ ਕਰ ਲਈ । ਇਸ ਦਾ ਕਾਰਣ ਇਹ ਸੀ - ਸਤਿਗੁਰੂ ਦਾ ਵਰਦਾਨ ਹੋਣਾ, ਵਿਦਿਆ ਦਾਤਾ ਦੇ ਪੜ੍ਹਾਉਣ ਦਾ ਢੰਗ, ਪੜ੍ਹਨ ਦਾ ਅਣਥੱਕ ਅਭਿਆਸ, ਧਰਮ ਪ੍ਰਚਾਰ ਦੀ ਲਗਨ, ਪੰਥ ਵਿੱਚ ਸੰਸਕ੍ਰਿਤ ਵਿਦਿਆ ਦੇ ਪਰਿਵਿਤ ਕਰਨ ਦਾ ਉਤਸ਼ਾਹ । ਇਸ ਕਰਕੇ ਇਹ ਪੰਜੇ ਸੰਤ ਵਿਆਕਰਣ, ਵੇਦ,

ਵੇਦਾਂਗ, ਨਯਾਯ, ਵੇਦਾਂਤ ਆਦਿਕ ਸਰਵ ਵਿਦਿਆ ਦੇ ਪ੍ਰਕਾਂਡ ਪੰਡਿਤ ਬਣ ਗਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

''ਪਹੁੰਚੇ ਕਾਂਸ਼ੀ ਪੁਰੀ ਉਦਾਰੇ। ਚੇਤਨ ਮਠ ਮੈਂ ਰਹੇ ਵਿਚਾਰੇ।

ਸਾਧ ਨਿਰਮਲੇ ਤਹਿ ਬਿਦਤਾਏ। ਵਿਦਯਾ ਪਢੀ ਅਧਿਕ ਮਨ ਲਾਏ।"

ਸ੍ਰੀ ਅਨੰਦਪੁਰ ਸਾਹਿਬ ਬੈਕੁੰਠ ਧਾਮ ਬਣਿਆ ਹੋਇਆ ਹੈ। ਸੰਗਤਾਂ ਦੀ ਆਵਾਜਾਈ, ਸਤਿਗੁਰੂ ਜੀ ਦੇ ਦਰਸ਼ਨ, ਉਪਦੇਸ਼, ਕਥਾ-ਕੀਰਤਨ, ਕਵੀਆਂ ਦੀਆਂ ਨਵੀਆਂ-ਨਵੀਆਂ ਕਵਿਤਾਵਾਂ ਅਤੇ ਕਵੀ ਦਰਬਾਰ, ਅੰਮ੍ਰਿਤਧਾਰੀ ਸਿੰਘਾਂ ਦੇ ਜੰਗੀ ਅਭਿਆਸ, ਪਾਉਂਟਾ ਸਾਹਿਬ ਦੀ ਤਰ੍ਹਾਂ ਸ੍ਰੀ ਅਨੰਦਪੁਰ ਵੀ ਵਿਦਿਆ ਦਾ ਸੁਮੇਲ ਬਣਿਆ ਹੋਇਆ ਹੈ। ਇੱਕ ਦੂਸਰੇ ਪ੍ਰਤੀ ਪ੍ਰੇਮ ਭਾਵ ਅਤੇ ਸ਼ਰਧਾ ਵੇਖਣ ਵਾਲੀ ਹੈ।

ਪਾਉਂਟਾ ਸਾਹਿਬ ਵਿੱਚ ਸੰਨ 1686 ਈ. ਨੂੰ ਪੰਜ ਸੰਤਾਂ - ਭਾਈ ਕਰਮ ਸਿੰਘ, ਭਾਈ ਰਾਮ ਸਿੰਘ, ਭਾਈ ਗੰਡਾ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਸੈਣਾ ਸਿੰਘ ਜੀ ਦੀ ਚੋਣ ਹੋਈ ਸੀ। ਇਹ ਸਤਿਗੁਰੂ ਜੀ ਨੇ ਪਹਿਲੇ ਹੀ ਸੋਚ ਸਮਝ ਕੇ ਸੰਗਤ ਵਿੱਚੋਂ ਨਾਉਂ ਲੈ ਕੇ ਚੁਣੇ ਸਨ। ਇਹ ਉਨ੍ਹਾਂ ਵਿਅਕਤੀਆਂ ਦੀ ਚੋਣ ਕੀਤੀ ਸੀ ਜੋ ਵਿਵੇਕ ਬੁੱਧੀ ਵਾਲੇ ਸਨ, ਭਾਸ਼ਾ ਅਤੇ ਗੁਰਬਾਣੀ ਦੇ ਵਿਦਵਾਨ ਸਨ, ਜਿਨ੍ਹਾਂ ਨੂੰ ਪਠਨ-ਪਾਠਨ ਦਾ ਹੀ ਪ੍ਰੇਮ ਸੀ। ਵਿਦਿਆ ਅਨੁਰਾਗੀ ਹੋਣ ਕਰਕੇ ਸੰਸਕ੍ਰਿਤ (ਵੇਦ, ਵੇਦਾਂਤ, ਸ਼ਾਸਤ੍ਰ, ਵਿਆਕਰਣ, ਉਪਨਿਸ਼ਦ, ਪੁਰਾਣ, ਰਾਮਾਇਣ, ਮਹਾਂਭਾਰਤ) ਪੜ੍ਹਨ ਵਾਸਤੇ ਕਾਸ਼ੀ ਜੀ ਭੇਜਿਆ ਸੀ। ਇਨ੍ਹਾਂ ਪੰਜਾਂ ਦੀ ਘਾਲਣਾ ਵੀ ਪੰਜ ਪਿਆਰਿਆਂ ਵਰਗੀ ਮਹਾਨ ਹੈ, ਜੋ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਜੰਗਲਾਂ, ਪਹਾੜਾਂ, ਨਦੀਆਂ ਵਿੱਚ ਦੀ ਕਾਸ਼ੀ ਵਿਖੇ ਵਰਸ਼ਾਂ-ਬੱਧੀ ਗਰਮੀ, ਸਰਦੀ, ਭੁੱਖ, ਪਿਆਸ ਸਹਿੰਦੇ ਹੋਏ ਕੇਵਲ ਵਿਦਿਆ ਪ੍ਰਾਪਤ ਕਰਦੇ ਰਹੇ। ਇਨ੍ਹਾਂ ਪੰਜਾਂ ਨੂੰ ਵੀ ਸਤਿਗੁਰੂ ਜੀ ਨੇ ਪੰਜ ਪਿਆਰਿਆਂ ਦੀ ਤਰ੍ਹਾਂ ਪਰਮ ਸਤਿਕਾਰ ਦਿੱਤਾ।

ਪਾਉਂਟਾ ਸਾਹਿਬ ਦੀ ਚੋਣ ਤੋਂ 13 ਵਰਸ਼ ਮਗਰੋਂ ਸੰਨ 1699 ਈ: ਵਿੱਚ ਸ੍ਰੀ ਅਨੰਦਪੁਰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਗਈ।

ਇਕਨਾਂ ਨੂੰ ਸ਼ਾਸਤ੍ਰ ਵਿਦਿਆ ਬਖ਼ਸ਼ੀ, ਇਕਨਾਂ ਨੂੰ ਸ਼ਸਤ੍ਰ ਵਿਦਿਆ ਬਖ਼ਸ਼ੀ । ਧਰਮ ਦੇ ਉਪਦੇਸ਼ਕਾਂ ਨੂੰ ਸ਼ਾਸਤ੍ਰ ਵਿੱਚ ਨਿਪੁੰਨ ਕੀਤਾ ਅਤੇ ਧਰਮ ਦੇ ਰੱਖਿਅਕਾਂ ਨੂੰ ਸ਼ਸਤ੍ਰ ਵਿੱਚ ਪ੍ਰਵੀਨ ਕੀਤਾ। ਕਲਗੀਧਰ ਪਿਤਾ ਦੇ ਅਨੇਕ ਤਰ੍ਹਾਂ ਦੇ ਚਰਿਤ, ਅਨੰਦਪੁਰ ਦੀਆਂ ਰੌਣਕਾਂ, ਵਿਦਵਾਨਾਂ ਦੀਆਂ ਗੋਸ਼ਟੀਆਂ, ਕਵੀ ਦਰਬਾਰਾਂ ਦੇ ਸਮਾਚਾਰ ਸੁਣ ਕੇ ਪੰਜੇ ਸੰਤਾਂ ਦੇ ਮਨ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਕਾਹਲੇ ਹੋ ਗਏ । ਵਿਦਿਆ ਵਿੱਚ ਪੂਰਣਤਾ ਪ੍ਰਾਪਤ ਕਰ ਚੁੱਕੇ ਸਨ । ਇਸ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਪੁੱਜਣ ਦਾ ਨਿਰਣੈ ਕਰ ਲਿਆ । ਵਿਦਿਆ ਦਾਤਾ ਪੰਡਿਤ ਸਦਾ ਨੰਦ ਜੀ ਨੂੰ ਸਾਰੀ ਗੱਲ ਦੱਸ ਕੇ ਪੰਜਾਬ ਜਾਣ ਦੀ ਆਗਿਆ ਮੰਗੀ, ਜੋ ਪੰਡਿਤ ਜੀ ਨੇ ਸੁਹਰਸ਼ ਪ੍ਰਵਾਨ ਕੀਤੀ। ਸੰਤਾਂ ਦੇ 13 ਵਰਸ਼ ਦੇ ਨਿਵਾਸ ਨਾਲ ਚੇਤਨ ਮਠ ਨਿਰਮਲਿਆਂ ਦਾ ਆਸ਼ਰਮ ਪ੍ਰਸਿੱਧ ਹੋ ਚੁੱਕਾ ਸੀ । ਇਸ ਵਾਸਤੇ ਇਥੋਂ ਦਾ ਪ੍ਰਬੰਧ ਸੰਤ ਕਰਮ ਸਿੰਘ ਜੀ ਦੇ ਸ਼ਿਸ਼ ਸੰਤ ਜੈ ਰਾਮ ਜੀ ਨੂੰ ਸੰਭਾਲ ਕੇ ਵਿਦਿਆ ਦਾਤਾ ਨੂੰ ਨਮਸਕਾਰ, ਪਰਿਕ੍ਰਮਾ ਕਰਕੇ ਸਤਿਗੁਰੂ ਅਗੇ ਅਰਦਾਸ ਕਰਕੇ ਪੰਜਾਬ ਨੂੰ ਤੁਰ ਪਏ ਜੋ ਕਾਫ਼ੀ ਸਮੇਂ ਵਿੱਚ ਧੀਰੇ-ਧੀਰੇ ਚੱਲ ਕੇ ਅੰਮ੍ਰਿਤ ਵੇਲੇ ਸ੍ਰੀ ਅਨੰਦਪੁਰ ਸਾਹਿਬ ਪੁੱਜ ਗਏ ।

ਸਤਿਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਹੈ । ਅਪਾਰ ਸੰਗਤ ਸਦ-ਉਪਦੇਸ਼ ਸ਼ਰਵਨ ਕਰ ਰਹੀ ਹੈ । ਪੰਜ ਪਿਆਰੇ ਮੰਚ ਦੇ ਨਜ਼ਦੀਕ ਸਤਿਗੁਰੂ ਜੀ ਦੇ ਚਰਨਾਂ ਵਿੱਚ ਸੁਸ਼ੋਭਿਤ ਹਨ। ਸੂਰਬੀਰ ਸ਼ਸਤ੍ਰਧਾਰੀ ਸਿੰਘ, 'ਬੀਰ ਆਸਨ ਬੈਠੇ ਹਨ ।

ਪੰਜੇ ਸੰਤ ਭਗਵੀਆਂ ਗਾਤੀਆਂ ਲਾਈ, ਪਉਏ ਪਹਿਨੀ, ਹੱਥ ਵਿੱਚ ਚਿੱਪੀਆਂ ਅਤੇ ਗ੍ਰੰਥ ਲਈ ਗੁਰੂ ਕਲਗੀਧਰ ਪਿਤਾ ਦੇ ਦਰਬਾਰ ਵਿੱਚ ਹਾਜ਼ਿਰ ਹੋਏ । ਦਾਤਨਾਂ, ਪੁਸ਼ਪਪੱਤਰ ਭੇਟ ਕਰਕੇ ਚਰਨਾਂ ਵਿੱਚ ਝੁਕ ਕੇ ਸ਼ਸ਼ਟਾਂਗ ਲੰਮੇ ਪੈ ਗਏ।

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥

ਮੁੜ ਉੱਠਕੇ, ਹੱਥ ਜੋੜਕੇ ਇਕ ਸ੍ਵਰ ਸੰਸਕ੍ਰਿਤ ਵਿੱਚ ਉਸਤਤੀ ਕਰਨ ਲੱਗੇ।

ਕੁਝ ਦਿਨ ਤੋਂ ਉਪਰੰਤ ਪੰਜੇ ਨਿਰਮਲੇ ਸੰਤਾਂ ਨੇ ਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਕੇ ਅੰਮ੍ਰਿਤਪਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਗੁਰੂ ਜੀ ਸੁਣਕੇ ਪਰਮ ਪ੍ਰਸੰਨ ਹੋਏ।

ਪੰਜ ਪਿਆਰਿਆਂ ਦੁਆਰਾ ਅੰਮ੍ਰਿਤਪਾਨ ਕਰਵਾਇਆ ਗਿਆ । ਇਸ ਸਮੇਂ ਕੁਝ ਸੰਤਾਂ ਨੂੰ ਭਾਈ ਦਇਆ ਸਿੰਘ ਜੀ ਪਿਆਰੇ ਨੇ, ਕੁਝ ਸੰਤਾਂ ਨੂੰ ਭਾਈ ਧਰਮ ਸਿੰਘ ਜੀ ਪਿਆਰੇ ਨੇ ਰਹਿਤ ਮਰਿਯਾਦਾ ਦਾ ਉਪਦੇਸ਼ ਅਤੇ ਗੁਰਮੰਤ੍ਰ ਦਿੱਤਾ । ਇਸ ਕਰਕੇ ਨਿਰਮਲ ਪੰਥ ਦੀਆਂ ਸਭਵੰਸਾਵਲੀਆਂ ਦੋਨਾਂ ਪਿਆਰਿਆਂ (ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ) ਨਾਲ ਜਾ ਕੇ ਮਿਲਦੀਆਂ ਹਨ।

ਭਾਈ ਰਾਮ ਕੋਇਰ ਜੀ ਵਾਲੀ ਸਾਖੀ ਵਿੱਚ ਕਥਨ ਕੀਤਾ ਗਿਆ ਹੈ, ਜਿਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਵਿੱਚ ਲਿਖਿਆ ਹੈ :

ਇਹ ਵਿਧ ਪਾਂਚੋ ਸਿੰਘ ਕੋ, ਖੰਡੇ ਪਹੁਲ ਦੀਨ । ਪੰਚ ਕੋਸ਼ ਉਰ ਗਯਾਨ ਦੇ, ਨਿਰਮਲ ਪੰਥ ਸੁ ਕੀਨ।

ਪੰਡਿਤ ਗੁਲਾਬ ਸਿੰਘ ਜੀ ਨੇ 'ਮੋਕਸ਼ ਪੰਥ ਪ੍ਰਕਾਸ' ਵਿੱਚ ਗੁਰੂ ਜੀ ਵੱਲੋਂ ਨਿਰਮਲ ਪੰਥ ਨੂੰ ਸ਼ਾਸਤ੍ਰ ਅਤੇ ਖ਼ਾਲਸੇ ਨੂੰ ਸ਼ਸਤ੍ਰ ਧਾਰਨ ਕਰਨ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ :

"ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ।

ਰਚਯੋ ਪੰਥ ਭਵ ਮੈਂ ਪ੍ਰਗਟ, ਦੋ ਬਿਧਿ ਕੋ ਵਿਸਤਾਰ ।

ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ।

ਪਾਲਨ ਭੂਮੀ ਕੋ ਕਰਯੋ, ਦੁਸ਼ਟਨ ਮੂਲ ਉਖਾਰ ।

ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।

ਨਿਰਮਲ ਭਾਖੈ ਜਗਤ ਤਿਹ, ਹੇਰੈ ਬ੍ਰਹਮ ਸੁ ਏਕ ।'"

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ :

“ਪਢਿ ਨਿਗਮਾਗਮ ਗੁਰੂ ਢਿਗ ਆਏ । ਗੁਰਹਿ ਸੁਨਾਇ ਅਧਿਕ ਬਰ ਪਾਏ ॥ ਖੁਸ਼ੀ ਹੋਇ ਗੁਰੁ ਐਸ ਉਚਾਰੀ । ਸਾਰ ਬਿੱਦਯਾ ਜਗ ਜੁਗ ਭਾਰੀ ॥ ਸ਼ੱਸਤਰ ਏਕ ਸ਼ਾਸਤਰ ਦੂਜੀ । ਉਭੇ ਜਾਤਿ ਜਗ ਮਾਨੀ ਪੂਜੀ ॥

ਦੁਸ਼ਟ ਮੁਢ ਸ਼ਸਤ੍ਰ ਕਰ ਦਬ ਹੈ । ਸ਼ਾਸਤ੍ਰ ਤੋਂ ਕੋਵਿਦ ਬਸ ਫਬ ਹੈ ॥

ਅੰਬੀਰੀ ਵਜੀਰੀ ਫਕੀਰੀ । ਦਾਨ ਦਹੀਰੀ ਸਭਿ ਤਦਬੀਰੀ ॥ ਤਰਗਸ ਗੀਰੀ ਰਾਜ ਗਹੀਰੀ । ਹਮਰੇ ਪੰਥ ਵੀਚ ਸਭਿ ਥੀਰੀ ॥ ਇਤਯਾਦਿਕ ਬਰ ਸਤਿਗੁਰੂ ਦੀਏ । ਜੋ ਸੁਨਿ ਸਿੱਖ ਸਭੈ ਖੁਸ਼ਿ ਥੀਏ ॥"

(ਪੰਥ ਪ੍ਰਕਾਸ਼, ਪੰਨਾ 2789)

ਅਗੇ ਗਿਆਨੀ ਗਿਆਨ ਸਿੰਘ ਜੀ ਹੋਰ ਵਿਆਖਿਆ ਕਰਦੇ ਹਨ :

"ਸਿੱਖ ਦੈ ਬਿਧਿ ਸਭਿ ਤਿਨ ਕੇ ਥੀਏ । ਏਕ ਗ੍ਰਿਹਸਥੀ ਤਯਾਗੀ ਬੀਏ ।

ਗ੍ਰੇਹੀ ਕੇਵਲ ਸਿੱਖ ਬਿਦਤਾਏ । ਤਯਾਗੀ ਸਿੱਖ ਨਿਰਮਲੇ ਗਾਏ ।

ਸਾਧ ਨਿਰਮਲੇ ਵਹੀ ਅਪਾਰੇ । ਬਿਦਤੇ ਤਬਿ ਤੇ ਜਗਤ ਮਝਾਰੇ । ਦਸੋਂ ਗੁਰੂ ਕੀ ਖਿਜ਼ਮਤ ਮੈਂਹੈਂ । ਰਹੇ ਸਦਾ ਗੁਰੂ ਪੰਥ ਮਧੋਹੈਂ । ਪੈ ਪ੍ਰਵਿਰਤੀ ਅਧਿਕ ਨ ਧਾਰੀ । ਰਹੈਂ ਨਿਵਰਤੀ ਸੰਤ ਉਦਾਰੀ।”

(ਪੰਥ ਪ੍ਰਕਾਸ਼, ਪੰਨਾ 2785)

ਗੁਰ ਪ੍ਰਤਾਪ ਸੂਰਜ ਵਿੱਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

"ਜੋਗ ਭੋਗ ਸੁ ਦੋਨੋਂ ਰੀਤ। ਦਈ ਨਿਰਮਲ ਪੰਥ ਕੇ ਚੀਤ।

ਸਤਿਨਾਮੁ ਕੋ ਸੁਮਰਨ ਕਰਨੋ । ਏਹੀ ਯੋਗ ਇਕ ਲਿਵ ਕੇ ਵਰਨੋ।

ਲਰਨ ਰਿਪਨ ਸੋ ਕਰਯੋ ਕਾਜ । ਏਹੀ ਭੋਗ ਕੋ ਦੀਏ ਸਮਾਜ।

ਇਤਿਆਦਿਕ ਨਿਰਮਲ ਯਸ ਕੋ । ਬੰਦਹਿ ਸਤਿਗੁਰ ਪਾਏ ਪਰਸ ਕੋ ।

ਗੁਰ ਮਹਿਮਾ ਸਿਮਰਨ ਸਤਿਨਾਮੁ । ਹੋਮੈ ਤਿਆਗੇ ਮਨ ਬਿਸ੍ਰਾਮੁ। ਦਯਾ ਛਿਮਾ ਸੁਚ ਸੰਯਮ ਧੀਰਜ । ਧਰਮ ਪਰਾਇਣ ਸਾਚ ਸਬੀਰਜ ।

ਗੁਰ ਸਿਖੀ ਨਿਰਮਲ ਸੰਤੋਖ । ਸਦਾ ਗੁਰੂ ਕੇ ਰਹੈ ਭਰੋਸ।"

ਅਰਥ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਨ ਅਵਤਾਰ ਸਨ, ਜਿਨ੍ਹਾਂ ਨੇ ਪੰਥ ਰਚ ਕੇ ਦੋ ਰੂਪਾਂ ਵਿੱਚ ਸੰਗਠਤ ਕੀਤਾ । ਇੱਕ ਜੱਥਾ ਸ਼ਸਤਰਾਂ ਦੁਆਰਾ ਧਰਮ ਦੀ ਰੱਖਿਆ ਕਰਨ ਵਾਸਤੇ ਜ਼ਾਲਮਾਂ ਨਾਲ ਸੰਗ੍ਰਾਮ ਲਈ ਨਿਯਤ ਕੀਤਾ। ਦੂਸਰੇ ਜੱਥੇ ਵਿਚ ਵਿਵੇਕ ਬੁੱਧੀ ਵਾਲੇ ਸ਼ਾਸਤਰਾਂ ਦੇ ਪਠਨ-ਪਾਠਨ ਵਿੱਚ ਲਾਏ ਜੋ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਾਮ-ਬਾਣੀ, ਵਿਦਿਆ ਦਾ ਪ੍ਰਚਾਰ ਕਰਨ ਵਾਸਤੇ ਦੇਸਾਂ-ਦੇਸਾਂਤਰਾਂ ਵਿੱਚ ਚਲੇ ਗਏ ਅਤੇ ਸੰਸਾਰ ਵਿਚ 'ਨਿਰਮਲ ਪੰਥ' ਦੇ ਨਾਮ ਨਾਲ ਪ੍ਰਸਿੱਧ ਹੋਏ ।

ਵਾਸਤਵ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਦਸਮ ਗੁਰੂ ਜੀ ਦੇ ਸਮੇਂ ਤਕ ਗੁਰਸਿੱਖੀ ਦੀ ਸੰਪ੍ਰਦਾਇ ਦਾ ਨਾਮ 'ਨਿਰਮਲ ਪੰਥ' ਹੀ ਪ੍ਰਸਿੱਧ ਸੀ । 'ਖ਼ਾਲਸਾ', 'ਸਹਿਜਧਾਰੀ', 'ਸਹਿਲੰਗ' ਆਦਿ ਉਪ-ਸ਼ਾਖਾਂ ਸਨ । ਸਤਿਗੁਰੂਆਂ ਦੇ ਸਮੇਂ ਵਿੱਚ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ । ਜੋ ਸੰਗਤ ਸਤਿਗੁਰੂ ਜੀ ਦੇ ਸਿੱਧੀ ਅਧੀਨ ਸੀ, ਉਸ ਨੂੰ 'ਖ਼ਾਲਸਾ' ਕਿਹਾ ਜਾਂਦਾ ਸੀ । ਮਸੰਦਾਂ ਦੇ ਅਧੀਨ ਸੰਗਤ ਨੂੰ 'ਸਹਲੰਗ' ਆਖਿਆ ਜਾਂਦਾ ਸੀ । ਪੂਰੇ ਪੰਥ ਦਾ ਨਾਉਂ 'ਨਿਰਮਲ ਪੰਥ' ਸੀ। ਸਮਰਾਟ ਤਥਾ ਕੇਂਦਰੀ ਸਰਕਾਰ ਦੀ ਹੋਵੇ । ਜਿਸ ਸੰਪਤੀ (ਜਮੀਨ) ਉੱਤੇ ਕਿਸੇ ਵਿਸਵੇਦਾਰ, ਮਾਲ ਦੇ ਕਾਗ਼ਜ਼ਾਂ ਵਿੱਚ ਖ਼ਾਲਸਾ ਉਸ ਸੰਪਤੀ (ਜ਼ਮੀਨ) ਨੂੰ ਆਖਦੇ ਹਨ, ਜੋ ਸਿੱਧੀ ਜ਼ਿਮੀਂਦਾਰ, ਜਾਗੀਰਦਾਰ, ਮਨਸਬਦਾਰ ਅਤੇ ਕਿਸੇ ਵੀ ਅਨਯ ਵਿਅਕਤੀ ਦਾ ਕੋਈ ਅਧਿਕਾਰ ਅਤੇ ਨੌਵੇਂ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿੱਚ ਜ਼ਿਕਰ ਆਇਆ ਹੈ :

ਨਾ ਹੋਵੇ । 'ਖ਼ਾਲਸਾ' ਸ਼ਬਦ ਛੇਵੇਂ ਪਾਤਸ਼ਾਹ ਦੇ ਸਮੇਂ ਵਿੱਚ ਪ੍ਰਚਲਤ ਸੀ । ਛੇਵੇਂ ਸਤਿਗੁਰੂ ਜੀ ਅਤੇ ਨੌਵੇਂ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿੱਚ ਜ਼ਿਕਰ ਆਇਆ ਹੈ :

ਪੂਰਬ ਦੀ ਸੰਗਤਿ ਗੁਰੂ ਕਾ ਖਾਲਸਾ ਹਇ।

(ਛੇਵੀਂ ਪਾਤਸ਼ਾਹੀ ਹੁਕਮਨਾਮਾ 9, ਪੰਨਾ 15)

ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ।

(ਪਾਤਸ਼ਾਹੀ 9ਵੀਂ ਹੁਕਮਨਾਮਾ 23, ਪੰਨਾ 27)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਸਮਾਪਤ ਕਰਕੇ ਗੁਰਸਿੱਖੀ ਨੂੰ ਸਿੱਧਾ ਆਪਣੇ ਨਾਲ ਜੋੜ ਲਿਆ। ਉਸ ਵੇਲੇ ਸਰਬੱਤ ਸੰਗਤ ਨੂੰ ਖ਼ਾਲਸੇ ਦੀ ਉਪਾਧੀ ਨਾਲ ਵਿਭੂਸ਼ਤ ਕੀਤਾ ਗਿਆ। ਇਸ ਵਾਸਤੇ ਦੂਜੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।

ਭਾਵ ਸਤਿਗੁਰੂ ਜੀ ਨੇ ਮਸੰਦਾਂ ਦੀ ਵਿਚੋਲਗੀ ਖ਼ਤਮ ਕਰਕੇ ਸਰਬੱਤ ਸੰਗਤ ਨੂੰ ਖ਼ਾਲਸਾ ਬਣਾ ਕੇ ਆਪਣੇ ਨਾਲ ਸਿੱਧਾ ਸੰਪਰਕ ਜੋੜ ਲਿਆ।

ਇਸ ਦੇ ਵਿਪ੍ਰੀਤ ਜਿਵੇਂ ਉਪਰ ਦੱਸਿਆ ਹੈ, ਗੁਰੂ ਕੀ ਸਿੱਖੀ ਦਾ ਨਾਉਂ 'ਨਿਰਮਲ ਪੰਥ' ਹੈ। ਨਿਰਮਲ ਦੇ ਅਰਥ ਹਨ - ਮਲ/ਅਵਿਦਿਆ/ਅਗਿਆਨ ਤੋਂ ਰਹਿਤ, ਸ੍ਰੇਸ਼ਟ, ਸਦਾਚਾਰੀ, ਪਾਵਨ ਆਤਮਾ, ਪਵਿੱਤਰ ਮਨ, ਬਾਣੀ ਵਾਲਾ ਵਿਅਕਤੀ। ਦਸਮ ਸਤਿਗੁਰੂ ਜੀ ਨੇ ਵੀ ਖ਼ਾਲਸੇ ਦੀ ਇਹੀ ਪਰਿਭਾਸ਼ਾ ਦਿੱਤੀ ਹੈ :

ਜਾਗਤਿ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥ ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥

ਸਤਿਗੁਰੂ ਜੀ ਦੇ ਕਥਨ ਅਨੁਸਾਰ 'ਖ਼ਾਲਸਾ' ਸ਼ਬਦ ਅਤੇ 'ਨਿਰਮਲ' ਸ਼ਬਦ ਵਿੱਚ ਭਾਸ਼ਾ-ਭੇਦ ਤੋਂ ਬਿਨਾਂ ਕੋਈ ਅੰਤਰ ਨਹੀਂ ਹੈ। ਦੋਨੋਂ ਸ਼ਬਦ ਹੀ ਸਮਾਨਾਰਥਕ ਹਨ। ਖ਼ਾਲਸਾ ਅਰਬੀ ਦਾ ਸ਼ਬਦ ਹੈ, ਜੋ ਅੱਗੇ ਫ਼ਾਰਸੀ ਵਿੱਚ ਪ੍ਰਵੇਸ਼ ਕਰ ਚੁੱਕਾ ਹੈ ਅਤੇ 'ਨਿਰਮਲ' ਸੰਸਕ੍ਰਿਤ ਦਾ । ਗੁਰੂ ਦਸਮ ਪਿਤਾ ਜੀ ਦੇ ਸਮੇਂ ਵਿੱਚ ਦੇਸ਼ ਦੀ ਰਾਜਕੀਯ ਭਾਸ਼ਾ ਫ਼ਾਰਸੀ ਸੀ । ਗੁਰੂ ਜੀ ਸ੍ਵਯੰ ਫ਼ਾਰਸੀ ਦੇ ਵਿਦਵਾਨ ਸਨ । ਇਸ ਵਾਸਤੇ ਸਮੂਹ ਸਿੱਖੀ ਨੂੰ 'ਖ਼ਾਲਸਾ' ਦੀ ਉਪਾਧੀ ਨਾਲ ਸਨਮਾਨਿਆ ਗਿਆ । ਨਿਰਮਲੇ ਸੰਤ ਸਤਿਗੁਰੂ ਜੀ ਦੇ ਆਸ਼ੀਰਵਾਦ ਨਾਲ ਸੰਸਕ੍ਰਿਤ, ਭਾਸ਼ਾ, ਸਾਹਿਤਯ, ਦਰਸ਼ਨ, ਭਾਰਤੀ ਇਤਿਹਾਸ, ਮਿਥਿਹਾਸ ਅਤੇ ਗੁਰਮਤਿ-ਗੁਰਬਾਣੀ ਦੇ ਵਿਦਵਾਨ ਰਹੇ ਹਨ। ਇਸ ਵਾਸਤੇ ਉਹ ਪੁਰਾਤਨ ਸੰਪ੍ਰਦਾਈ ਨਾਉਂ 'ਨਿਰਮਲ ਪੰਥ' ਨਾਲ ਹੀ ਪ੍ਰਸਿੱਧ ਰਹੇ ਹਨ, ਵਰਨਾ 'ਖ਼ਾਲਸਾ" ਨਿਰਮਲ ਪੰਥ ਦੀ ਉਪਸ਼ਾਖਾ ਸੀ । ਦਸਮ ਸਤਿਗੁਰੂ ਜੀ ਦੇ ਸਮੇਂ ਵਿੱਚ ਵਿਸ਼ਾਲਤਾ ਗ੍ਰਹਿਣ ਕਰ ਗਿਆ। ਸਾਡੇ ਇਸ ਵਿਚਾਰ ਦੀ ਪ੍ਰੋੜ੍ਹਤਾ ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ : "ਸਿੱਖ ਧਰਮ ਵਿੱਚ ਇਸ ਤਰ੍ਹਾਂ ਭਾਵੇਂ ਪਹਿਲੇ ਪਹਿਲ 'ਖ਼ਾਲਸਾ ਪੰਥ' ਹੀ 'ਨਿਰਮਲ ਸੰਪ੍ਰਦਾਇ' ਸੀ । ਪਰ ਫੇਰ ਉਦਾਸ, ਸੰਨਿਆਸ, ਤਿਆਗ ਤੇ ਫ਼ਕੀਰਾਨਾ ਵਰਤੋਂ-ਵਿਹਾਰ ਰਾਹੀਂ ਗੁਰਮਤਿ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦੂਰ-ਅੰਦੇਸ਼ੀ ਨਾਲ ਇਸ ਤਰੀਕੇ ਨੂੰ ਬਦਲ ਦਿੱਤਾ । ਨਿਰਮਲੇ ਸਿੰਘ ਖ਼ਾਲਸਾ ਪੰਥ ਦਾ ਹੀ ਅੰਗ ਬਣਾ ਦਿੱਤੇ । ਉਨ੍ਹਾਂ ਸਿੱਖਾਂ ਨੂੰ ਗੁਰੂ ਸਾਹਿਬ ਨੇ ਆਪਣੇ ਰਸਮ ਰਿਵਾਜ ਦੇ ਕਖਾਏ, ਮੰਜੀਠੀ, ਸੰਧੂਰੀ, ਗੇਰੂਏ ਜਾਂ ਸਫੇਦ ਵਸਤਰ ਪਹਿਨਣ ਦੀ ਖੁੱਲ੍ਹ ਦਿੱਤੀ ।'"

ਦਸ ਬਖ਼ਸ਼ੀਸ਼ਾਂ

ਗੁਰੂ ਕਲਗੀਧਰ ਪਿਤਾ ਜੀ ਨੇ ਨਿਰਮਲੇ ਮਹਾਂਪੁਰਖਾਂ ਦੀ ਕਰਨੀ, ਘਾਲਣਾ, ਸਿਮਰਨ, ਜਪ, ਤਪ, ਵਿਦਿਆ, ਵਿਵੇਕ, ਸਬਰ, ਸੰਤੋਖ, ਤਿਆਗ ਵੇਖ ਕੇ ਸਮੇਂ-ਸਮੇਂ ਪ੍ਰਸੰਨਤਾ ਵਿੱਚ ਵਰਣਨ ਆਇਆ ਹੈ।

ਕਈ ਵਾਰ ਆਸ਼ੀਰਵਾਦ/ਵਰਦਾਨ ਬਖਸ਼ੇ ਹਨ, ਜਿਨ੍ਹਾਂ ਵਿੱਚੋਂ ਸਤਿਗੁਰੂ ਜੀ ਦੇ ਦਸ ਆਸ਼ੀਰਵਾਦ ਪ੍ਰਸਿੱਧ ਹਨ। ਇਨ੍ਹਾਂ ਨੂੰ ਨਿਰਮਲ ਭੇਖ ਵਿੱਚ ਦਸ ਬਖ਼ਸ਼ੀਸ਼ਾਂ ਕਿਹਾ ਜਾਂਦਾ ਹੈ । ਇਨ੍ਹਾਂ ਦਸ ਬਖ਼ਸ਼ੀਸ਼ਾਂ ਵਿੱਚੋਂ ਕਈ ਬਖ਼ਸ਼ੀਸ਼ਾਂ ਦਾ 'ਸਰਬ ਲੋਹ ਪ੍ਰਕਾਸ਼' ਰਥ ਵਿੱਚ ਵਿਸਤਾਰ ਪੂਰਵਕ ਹੈ।

ਪਹਿਲੀ ਬਖ਼ਸ਼ੀਸ਼

ਪੰਜੇ ਨਿਰਮਲੇ ਵਿਦਵਾਨ ਮਹਾਂਪੁਰਖਾਂ ਦਾ ਸਤੋਗੁਣੀ, ਸ਼ੀਲ ਸੁਭਾਅ, ਵਿਵੇਕ ਬੁਧੀ, ਗਿਆਨ, ਨਿਮਰਤਾ ਵੇਖ ਕੇ ਸਤਿਗੁਰੂ ਜੀ ਨੇ ਕ੍ਰਿਪਾ ਦੁਆਰਾ ਅਨੇਕ ਵਰਦਾਨ ਬਖ਼ਸ਼ਦਿਆਂ ਨੇ ਇਹ ਬਖ਼ਸ਼ੀਸ਼ ਬਖ਼ਸ਼ੀ ।

ਕਾਹੂੰ ਸੇ ਨ ਰਾਖੇ ਰਾਗ, ਦਵੈਖ ਹੂੰ ਨ ਕਾਹੂੰ ਸੰਗ, ਲੋਕ ਕੁਲ ਲਾਜ ਖਟ ਖਟੋ ਜਿਨ ਨਾ ਕੋ ਹੈ ।

ਨਿੰਮ੍ਰਤਾ ਸੋ ਭਰੇ ਰਿਦੇ ਨਿਪੁੰਨਤਾ ਧਰੇ ਰਰੇ, ਰਾਮ ਕ੍ਰਿਸ਼ਨ ਹਰੇ ਪਾਰਬ੍ਰਹਮ ਬੋਧ ਜਾ ਕੋ ਹੈ।

ਨਿਗਮ ਪ੍ਰਵਾਹ ਨਿਤਯ ਜਿਨ ਕੇ ਨਿਹਾਲ ਸਿੰਘ, ਗਿਰਾ ਗੁਰੂ ਗ੍ਰੰਥ ਕੀ ਮੈਂ ਜਾਂ ਕੋ ਪ੍ਰੇਮ ਬਾਕੋ ਹੈ।

ਨਿਤਾਪ੍ਰਤਿ ਨਿਰੋਪਾਧਿ ਅਹੰਬ੍ਰਹਮ ਬੋਧ ਜਾ ਕੇ, ਦੈਤ ਮਲ ਕਟੀ ਨਿਰਮਲੇ ਨਾਮ ਯਾ ਕੇ ਹੈ।

ਨਿਰਮਲ ਪੰਥ ਦੋ ਰੂਪਾਂ ਵਿੱਚ ਪ੍ਰਸਿੱਧ ਰਹੇਗਾ। ਭਗਤੀ ਮਾਰਗ ਦੁਆਰਾ ਅੰਤ੍ਰੀਵ ਗਿਆਨ ਦੀ ਖੜਗ ਹਾਸਲ ਕਰਕੇ, ਕਾਮ, ਕ੍ਰੋਧ, ਈਰਖਾ, ਲੋਭ, ਮੋਹ, ਅਹੰਕਾਰ, ਦੈਤ, ਅਸੁਰੀ, ਸੰਪ੍ਰਦਾ ਦਾ ਨਾਸ ਕਰੇਗਾ। ਜੋ ਕਿਸੇ ਨਾਲ ਵੀ ਰਾਗ ਦਵੈਸ਼ ਨਹੀਂ ਕਰੇਗਾ। ਸਾਰੀ ਮਨੁੱਖਤਾ ਨੂੰ ਨਿਮਰਤਾ ਪੂਰਵਕ ਨਾਮ ਬਾਣੀ ਨਾਲ ਜੋੜੇਗਾ । ਸਰਬੱਤ ਪ੍ਰਾਣੀ-ਮਾਤ੍ਰ ਨੂੰ ਆਪਣੀ ਹੀ ਆਤਮਾ ਮੰਨੇਗਾ ਅਤੇ ਮੰਨਨ ਕਰਵਾਏਗਾ। ਗਿਆਨ ਦੀ 'ਬਢਨੀ" ਦੁਆਰਾ ਕੂੜ ਦੇ ਕੂੜੇ ਨੂੰ ਸਾਫ਼ ਕਰੇਗਾ । ਇਹ ਵਰਦਾਨ ਗੁਰੂ ਕਲਗੀਧਰ ਸ੍ਵਾਮੀ ਨੇ ਬਖ਼ਸ਼ੇ ।

ਦੂਸਰੀ ਬਖ਼ਸ਼ੀਸ਼

ਇਕ ਵਾਰ ਦਸਮ ਗੁਰੂ ਜੀ ਨੇ ਭਗਵੇਂ ਵਸਤਰ ਪਹਿਨ ਕੇ ਸਾਧੂ ਦਾ ਰੂਪ ਧਾਰਨ ਕਰਕੇ ਅਨੰਦਪੁਰ ਵਿੱਚ ਚੱਲ ਰਹੇ ਸਾਰੇ ਲੰਗਰਾਂ ਦੀ ਪਰਖ ਕੀਤੀ ਸੀ । ਦੂਸਰੇ ਦਿਨ ਭਗਵੇਂ ਵਸਤਰ ਨਿਰਮਲੇ ਸੰਤਾਂ ਨੂੰ ਬਖਸ਼ ਦਿੱਤੇ ਸਨ।

ਤੀਸਰੀ ਬਖ਼ਸ਼ੀਸ਼

ਇੱਕ ਵਾਰ ਕਲਗੀਧਰ ਸੁਆਮੀ ਨੇ ਕੜਾਹ ਪ੍ਰਸਾਦ ਦੀ ਦੇਗ ਦੇ ਕੜਾਹੇ ਕੱਢ ਕੇ ਸੰਗਤ ਨੂੰ ਲੁੱਟਣ ਦੀ ਆਗਿਆ ਕੀਤੀ। ਸੰਗਤ ਲੁੱਟਣ ਲੱਗੀ । ਕੁਝ ਸਿੰਘ ਆਰਾਮ ਨਾਲ ਸ਼ਾਂਤ, ਇਕਾਗਰ ਚਿੱਤ ਬੈਠੇ ਰਹੇ। ਗੁਰੂ ਜੀ ਨੇ ਪ੍ਰਸੰਨਤਾ ਨਾਲ ਫ਼ਰਮਾਇਆ, "ਨਿਰਮਲੇ ਸੰਤਾਂ ਨੇ ਸਿੱਖੀ (ਪੰਥ) ਵਿੱਚ ਸੰਤੋਖ ਦਾ ਬੀਜ ਰੱਖ ਲਿਆ ਹੈ।"

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਇਹੁ ਸੰਤੋਖੀ ਸਿੱਖ ਹਮਾਰੇ । ਸਤੋ ਗੁਨੀ ਗਯਾਨੀ ਸਵਿਚਾਰੇ ॥ ਬੀਜ ਸਬਰ ਸੰਤੋਖਹਿ ਕੇਰਾ । ਪਰਖਯੋਂ ਹਮ ਇਨ ਰਖਯੋ ਬਧੇਰਾ ॥ ਨਿਰਮਲ ਉਰ ਇਹੁ ਭਏ ਨਿਰਮਲੇ । ਹਰਿ ਗੁਰ ਭਗਤਿ ਬ੍ਰਿਕਤ ਪਿਰਮਿਲੇ ॥

ਪੰਥ ਨਿਰਮਲਾ ਇਹੁ ਮਮ ਚਾਲੈ । ਪੂਜਨੀਯ ਸਭਿ ਹੇਤ ਬਿਸਾਲੈ ॥

(ਪੰਥ ਪ੍ਰਕਾਸ਼, ਪੰਨਾ 2790)

ਚੌਥੀ ਬਖ਼ਸ਼ੀਸ਼

ਇੱਕ ਦਿਨ ਦਸਮ ਪਾਤਸ਼ਾਹ ਨੇ ਅਨੰਦਪੁਰ ਦੇ ਸਾਰੇ ਸਿੱਖਾਂ ਦੇ ਡੇਰਿਆਂ ਦੀ ਅੰਮ੍ਰਿਤ ਵੇਲੇ ਗੁਪਤ ਪੜਤਾਲ ਕੀਤੀ । ਵੇਖਿਆ ਕੋਈ ਸੁੱਤਾ ਪਿਆ ਸੀ, ਕੋਈ ਗੱਪਾਂ ਮਾਰ ਰਿਹਾ ਸੀ । ਕੇਵਲ ਇੱਕ ਡੇਰੇ ਵਿੱਚ ਸਿੱਖ ਸਿਮਰਨ, ਨਿਤਨੇਮ, ਬਾਣੀ ਪੜ੍ਹਦੇ ਵੇਖੇ ਗਏ । ਬਾਅਦ ਵਿੱਚ ਗੁਰੂ ਜੀ ਨੇ ਦੀਵਾਨ ਵਿੱਚ ਕਿਹਾ, "ਅੱਜ ਅਸੀਂ ਆਲਸ ਤੋਂ ਰਹਿਤ ਕੇਵਲ ਨਿਰਮਲੇ ਸੰਤਾਂ ਨੂੰ ਵੇਖਿਆ ਹੈ, ਜੋ ਸਾਵਧਾਨ ਹੋ ਕੇ ਨਿਤਨੇਮ ਕਰਨ ਵਿੱਚ ਲੱਗੇ ਹੋਏ ਸਨ।"

ਪੰਜਵੀਂ ਬਖ਼ਸ਼ੀਸ਼

ਇਕ ਦਿਨ ਅਨੰਦਪੁਰ ਵਿੱਚ ਤਮਾਸ਼ੇ ਵਾਲੇ ਨੱਟ ਆਏ । ਸਭ ਤਮਾਸ਼ਾ ਵੇਖਣ ਗਏ । ਗੁਰੂ ਜੀ ਨੇ ਪੜਤਾਲ ਕੀਤੀ ਤਾਂ 17 ਨਿਰਮਲੇ ਸੰਤ ਆਪਣੇ ਪਠਨ-ਪਾਠਨ/ਅਧਿਐਨ, ਸਿਮਰਨ ਵਿੱਚ ਲੱਗੇ ਹੋਏ ਵੇਖੇ ਗਏ। ਸਤਿਗੁਰੂ ਜੀ ਨੇ ਫ਼ਰਮਾਇਆ,

'ਜਗਤ ਤਮਾਸ਼ੇ ਨੂੰ ਅਸੱਤ ਮੰਨਣ ਵਾਲੇ ਕੇਵਲ ਨਿਰਮਲੇ ਸੰਤ ਹਨ ਜਿਨ੍ਹਾਂ ਦੇ ਮਨ ਇਕਾਗਰ ਹਨ। ਇਸ ਕਰਕੇ ਨਿਰਮਲੇ ਸੰਤਾਂ ਦੇ ਕਾਰਣ ਪੰਥ ਦੀ ਸਦਾ ਸ਼ੋਭਾ ਬਣੇਗੀ ।"

ਛੇਵੀਂ ਬਖ਼ਸ਼ੀਸ਼

ਇੱਕ ਵਾਰ ਗੁਰੂ ਦਸਮ ਪਿਤਾ ਦੇ ਸੇਵਾਦਾਰ ਨਿਰਮਲੇ ਸੰਤ ਭਾਈ ਚੰਦਨ ਸਿੰਘ ਦਾ ਸਮਾਨ ਚੋਰ ਚੋਰੀ ਕਰਕੇ ਲੈ ਗਿਆ। ਪਰ ਛੇਤੀ ਫੜ ਲਿਆ ਗਿਆ ਅਤੇ ਸਤਿਗੁਰੂ ਜੀ ਦੇ ਹਾਜ਼ਿਰ ਕੀਤਾ ਗਿਆ । ਗੁਰੂ ਜੀ ਨੇ ਚੰਦਨ ਸਿੰਘ ਨੂੰ ਬੁਲਾ ਕੇ ਪੁੱਛਿਆ, "ਸੱਚੇ ਪਾਤਸ਼ਾਹ ਚੋਰ ਨੂੰ ਕੀ ਸਜ਼ਾ ਦਿੱਤੀ ਜਾਵੇ?" ਚੰਦਨ ਸਿੰਘ ਨੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ਚੋਰ ਲੋੜਵੰਦ ਹੋਵੇਗਾ, ਇਸ ਨੂੰ ਪੁੱਛਕੇ ਇਸ ਦੀ ਹੋਰ ਲੋੜ ਵੀ ਪੂਰੀ ਕਰ ਦਿਉ ਪਰ ਅੱਗੇ ਨੂੰ ਚੋਰੀ ਨਾ ਕਰੇ ।"

ਗੁਰੂ ਜੀ ਨੇ ਪ੍ਰਸੰਨ ਹੋ ਕੇ ਫ਼ੁਰਮਾਇਆ, "ਭਾਈ ਚੰਦਨ ਸਿੰਘ, ਤੂੰ ਤਾਂ ਬ੍ਰਹਮ ਗਿਆਨੀ ਨਿਰਮਲਾ ਸੰਤ ਹੈਂ । ਤੇਰੇ ਸ਼ੁਭ ਗੁਣ ਨਿਰਮਲ ਪੰਥ ਦੇ ਚਿੰਨ੍ਹ ਬਣਨਗੇ ।"

ਸੱਤਵੀਂ ਬਖ਼ਸ਼ੀਸ਼

ਇੱਕ ਦਿਨ ਨਿਰਮਲੇ ਸੰਤ ਭਾਈ ਸੰਤ ਸਿੰਘ ਨੂੰ ਫੜ ਕੇ ਗੁਰੂ ਜੀ ਦੀ ਹਜ਼ੂਰੀ ਵਿੱਚ ਲਿਆਂਦਾ ਗਿਆ ਅਤੇ ਸ਼ਿਕਾਇਤ ਕੀਤੀ ਗਈ ਕਿ ਇਸ ਨੇ ਕੱਛ, ਕ੍ਰਿਪਾਨ ਆਦਿਕ ਕਕਾਰ ਤਿਆਗ ਦਿੱਤੇ ਹਨ। ਗੁਰੂ ਜੀ ਨੇ ਸੰਤ ਸਿੰਘ ਨੂੰ ਕਾਰਣ ਪੁੱਛਿਆ। ਉੱਤਰ ਵਿੱਚ ਸੰਤ ਸਿੰਘ ਨੇ ਕਿਹਾ, "ਮਹਾਰਾਜ ! ਆਪ ਜੀ ਦੇ ਸਦ ਉਪਦੇਸ਼ ਨੂੰ ਧਾਰਨ ਕਰਕੇ ਮੈਂ ਪੰਚ ਕੋਸ਼ ਤੋਂ ਅਸੰਗ ਹੋ ਰਿਹਾ ਹਾਂ, ਆਪ ਜੀ ਦੀ ਮਰਯਾਦਾ ਤਾਂ ਦੇਹ ਅਭਿਮਾਨੀ ਕਰਮਕਾਂਡੀ ਵਾਸਤੇ ਹੈ । ਜੇਕਰ ਆਪ ਜੀ ਦਾ ਸਿੱਖ ਬਣ ਕੇ ਅਸਥੂਲ ਕਰਮਕਾਂਡ ਦੇ ਬੰਧਨ ਨਾ ਟੁੱਟੇ ਤਾਂ ਯਮ ਦੇ ਬੰਧਨਾਂ ਤੋਂ ਜੀਵ ਕਿਵੇਂ ਮੁਕਤਿ ਹੋਵੇਗਾ?" ਗੁਰੂ ਨੇ ਹੱਸ ਕੇ ਸਿੱਖਾਂ ਨੂੰ ਫ਼ਰਮਾਇਆ, "ਤੁਸੀਂ ਤਾਂ ਨਿਰਮਲੇ ਸੰਤ ਦੀ ਸ਼ਿਕਾਇਤ ਕਰ ਦਿੱਤੀ । ਬ੍ਰਹਮ ਗਿਆਨੀ ਉਪਰ ਕਿਸੇ ਕਰਮਕਾਂਡ ਦਾ ਬੰਧਨ ਨਹੀਂ ਹੈ।"

ਅੱਠਵੀਂ ਬਖ਼ਸ਼ੀਸ਼

ਮਾਲਵੇ ਦੇ ਦੌਰੇ ਸਮੇਂ ਪਿੰਡ ਦੀਨੇ ਤੋਂ ਮੁਕਤਸਰ ਜਾਂਦੇ ਹੋਏ ਸਤਿਗੁਰੂ ਜੀ ਪਿੰਡ ਸਰਾਵਾਂ, ਬਹਿਬਲ (ਜ਼ਿਲ੍ਹਾ ਫ਼ਰੀਦਕੋਟ) ਵਿਖੇ ਇੱਕ ਰਾਤ ਰਹੇ। ਇਲਾਕੇ ਵਿੱਚ ਕਾਲ ਪਿਆ ਹੋਇਆ ਸੀ। ਸਤਿਗੁਰੂ ਜੀ ਨੇ ਫੁਰਮਾਇਆ, "ਇਕੱਠਾ ਲੰਗਰ ਬਣਾਉਣ ਦੀ ਬਜਾਏ, ਪਿੰਡ ਵਾਲੇ ਦੋ-ਦੋ ਸਿੰਘਾਂ ਨੂੰ ਘਰ ਲੈ ਜਾ ਕੇ ਲੰਗਰ ਛਕਾ ਲਿਆਉਣ।" ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਅੰਤਰਜਾਮੀ ਸਤਿਗੁਰੂ ਜੀ ਆਏ ਸਿੰਘਾਂ ਨੂੰ ਪੁੱਛਣ ਲੱਗੇ ਕਿ ਸਿੰਘ ਕੀ-ਕੀ ਛਕ ਕੇ ਆਏ ਹਨ? ਕਿਸੇ ਨੇ ਕੜਾਹ ਪ੍ਰਸ਼ਾਦਿ, ਕਿਸੇ ਨੇ ਦੌੜਾਂ (ਪਰੌਂਠੇ), ਕਿਸੇ ਨੇ ਖਿਚੜੀ-ਦੁੱਧ, ਕਿਸੇ ਨੇ ਦਲੀਆ, ਕਿਸੇ ਨੇ ਬਾਜਰੇ ਦੇ, ਕਿਸੇ ਨੇ ਛੋਲਿਆਂ ਦੇ ਮਿੱਸੇ ਪ੍ਰਸ਼ਾਦੇ ਦੱਸੇ।

ਜਦੋਂ ਭਾਈ ਮੈਲਾਗਰ ਸਿੰਘ, ਭਾਈ ਗੱਜਾ ਸਿੰਘ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਪ੍ਰਸੰਨ ਮੁੱਖ ਕਿਹਾ, ''ਅਸੀਂ ਤਾਂ ਅਤੀ ਸਵਾਦਿਸ਼ਟ ਉੱਤਮ ਭੋਜਨ ਛਕਿਆ ਹੈ।" ਪਰ ਪਿੰਡ ਨਿਵਾਸੀ ਬੋਲੇ, "ਜਿਸ ਸਿੱਖ ਦੇ ਘਰ ਵਿੱਚ ਛਕਣ ਗਏ ਸਨ, ਉਸ ਦੇ ਘਰ ਤਾਂ ਖਾਣ ਵਾਸਤੇ ਕੁਝ ਵੀ ਨਹੀਂ। ਇਹ ਝੂਠ ਬੋਲ ਰਹੇ ਹਨ।" ਸਤਿਗੁਰੂ ਜੀ ਨੇ ਪਿੰਡ ਵਾਲੇ ਪ੍ਰੇਮੀ ਨੂੰ ਪੁੱਛਿਆ। ਉਹ ਰੁੱਧਾ ਕੰਠ ਹੋ ਕੇ ਚਰਨਾਂ ਵਿੱਚ ਢਹਿ ਪਿਆ ਅਤੇ ਬੋਲਿਆ, 'ਸੱਚੇ ਪਾਤਸ਼ਾਹ! ਮੇਰੇ ਘਰ ਵਿੱਚ ਛਕਾਉਣ ਵਾਸਤੇ ਕੁਝ ਵੀ ਨਹੀਂ ਹੈ। ਇਨ੍ਹਾਂ ਸੰਤੋਖੀ ਸਿੱਖਾਂ ਅੱਗੇ ਪਾਣੀ ਵਿੱਚ ਭਿਉਂ ਕੇ ਜੰਡ ਫਲੀਆਂ ਅਤੇ ਸੁੱਕੀਆਂ ਪੀਲਾਂ ਰੱਖ ਦਿੱਤੀਆਂ ਸਨ। ਇਹੀ ਕੁਝ ਪ੍ਰੇਮ ਨਾਲ ਛਕ ਕੇ ਅਰਦਾਸ ਕਰਕੇ ਆ ਗਏ ਹਨ।"

ਸਤਿਗੁਰੂ ਜੀ ਅਤਿ ਪ੍ਰਸੰਨ ਹੋਏ, ਸ੍ਰੀ ਮੁਖਵਾਕ ਤੋਂ ਤਿੰਨ ਵਾਰ ਧੰਨ ਸਿੱਖੀ ! ਧੰਨ ਸਿੱਖੀ ! ਧੰਨ ਸਿੱਖੀ! ਕਿਹਾ। ਨਾਲ ਹੀ ਇਹ ਵੀ ਕਿਹਾ ਕਿ ''ਜੋ ਸਭ ਤਰ੍ਹਾਂ ਦੇ ਪਦਾਰਥ ਹੁੰਦੇ ਹੋਏ ਬਿਹੰਗਮਾਂ (ਵਿਰਕਤ) ਸੰਤਾਂ/ਸਿੱਖਾਂ ਨੂੰ ਨਾ ਛਕਾਵੇ ਅਤੇ ਸਿੱਖ/ਸਾਧ ਗਰੀਬ ਸਿੱਖਾਂ ਕੋਲੋਂ ਸਵਾਦਿਸ਼ਟ ਪਦਾਰਥਾਂ ਦੀ ਮੰਗ ਕਰੇ, ਦੋਨਾਂ ਨੂੰ ਧਿਕਾਰ ਹੈ। ਸਖੀ ਸਿੱਖ ਉਹ ਹੈ ਜੋ ਵਿੱਤ ਅਨੁਸਾਰ ਗੁਰਸਿੱਖਾਂ ਦੀ ਸੇਵਾ ਕਰੇ। ਜਿਵੇਂ ਇਸ ਪਿੰਡ ਵਾਲੇ ਪ੍ਰੇਮੀ ਨੇ ਕੀਤੀ ਹੈ। ਸੰਤੋਖੀ ਸਿੱਖ ਉਹ ਹੈ ਜੋ ਰੁਖੇ-ਸੁਕੇ ਭੋਜਨ ਨੂੰ ਅੰਮ੍ਰਿਤ ਦੀ ਤਰ੍ਹਾਂ ਅਨੰਦ ਪੂਰਵਕ ਪਰਵਾਨ ਕਰੇ। ਜਿਵੇਂ ਭਾਈ ਮੈਲਾਗਰ ਸਿੰਘ, ਗੱਜਾ ਸਿੰਘ ਦੀ ਕਰਨੀ ਮਹਾਨ ਹੈ।" ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ :

ਗੁਰੂ ਕਰਯੋ ਸਿੱਖੀ ਧੰਨ ਧੰਨ ! ਦੇਖ ਭਾਉ ਕੋ ਭਏ ਪ੍ਰਸੰਨ। ਐਸ ਸਿੱਖ ਵੀ ਵੀਚ ਪੰਥ ਸੁਹਾਏ ! ਸਤੀ ਦੇ ਸੰਤੋਖੀ ਖਾਏ।

ਨੌਵੀਂ ਬਖ਼ਸ਼ੀਸ਼

ਇੱਕ ਵਾਰ ਗੁਰੂ ਕੀ ਕਾਸ਼ੀ ਤਲਵੰਡੀ ਸਾਬੋ 'ਚ ਦੀਵਾਨ ਵਿੱਚ ਬੈਠਿਆਂ ਸਤਿਗੁਰੂ ਜੀ ਨੇ ਆਪਣੇ ਚੋਜ (ਅਨੰਦ) ਵਿੱਚ ਫੁਰਮਾਇਆ, “ਸੰਗਤ ਵਿੱਚੋਂ ਜਿਸ ਪ੍ਰੇਮੀ ਨੂੰ ਜਿਸ ਇੱਛਾ ਦੀ ਲੋੜ ਹੈ ਮੰਗ ਲਉ।” ਮੰਗਾਂ ਮੰਗਣ ਵਾਲਿਆਂ ਦਾ ਕਲਾਹਲ (ਕਰਲਾਹਟ) ਪੈ ਗਿਆ। ਕੋਈ ਪੁੱਤਰ ਮੰਗ ਰਿਹਾ ਹੈ, ਕੋਈ ਦੁੱਧ ਮੰਗ ਰਿਹਾ ਹੈ, ਕੋਈ ਧਨ ਮੰਗ ਰਿਹਾ ਹੈ। ਕੋਈ ਸੁੰਦਰ ਮੰਦਰ (ਕੋਠੀਆਂ) ਦੀ ਯਾਚਨਾ ਕਰ ਰਿਹਾ ਹੈ। ਮੰਗਾਂ ਮੰਗਣ ਦੀ ਹਰ ਇੱਕ ਵਿੱਚ ਕਾਹਲ ਹੈ। ਇਸ ਸਮੇਂ ਕੁਝ ਸਿੱਖ ਸ਼ਾਂਤ-ਚਿੱਤ ਨਿਸ਼ਚਿੰਤ ਬੈਠੇ ਸਨ। ਇਨ੍ਹਾਂ ਦੇ ਮਨ ਵਿੱਚ ਕਿਸੇ ਕਿਸਮ ਦੀ ਕੋਈ ਕਾਮਨਾ ਨਹੀਂ ਸੀ। ਸਤਿਗੁਰੂ ਜੀ ਨੇ ਸਾਰੀ ਸੰਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਕੇ, ਸ਼ਾਂਤ-ਚਿੱਤ ਸਿੱਖਾਂ ਨੂੰ ਵੀ ਪੁੱਛਿਆ, "ਤੁਸੀਂ ਵੀ ਆਪਣੀ ਇੱਛਾ ਪ੍ਰਗਟ ਕਰੋ। ਸਾਰੀ ਸੰਗਤ ਮੰਗਾਂ ਮੰਗ ਰਹੀ ਹੈ।”

ਇਸ ਮੰਡਲੀ ਨੇ ਹੱਥ ਜੋੜ ਕੇ ਨਿਮਰਤਾ ਪੂਰਬਕ ਆਖਿਆ, ‘ਸੱਚੇ ਪਾਤਸ਼ਾਹ! ਸਾਨੂੰ ਆਪ ਜੀ ਨੇ ਸਭ ਕੁਝ ਬਖ਼ਸ਼ਿਆ ਹੋਇਆ ਹੈ। ਸਾਡੇ ’ਤੇ ਆਪ ਜੀ ਦੀ ਕ੍ਰਿਪਾ ਹੈ। ਨਾਮ-ਬਾਣੀ, ਬ੍ਰਹਮ-ਵਿਦਿਆ ਆਪ ਜੀ ਨੇ ਬਖ਼ਸ਼ੀ ਹੋਈ ਹੈ। ਇਸ ਵਾਸਤੇ ਸੰਸਾਰੀ ਪਦਾਰਥਾਂ ਦੀ ਸਾਨੂੰ ਕੋਈ ਰੁਚੀ ਨਹੀਂ।”

ਸਤਿਗੁਰੂ ਜੀ ਨੇ ਪ੍ਰਸੰਨ ਮੁਖ ਫੁਰਮਾਇਆ, "ਸੰਸਾਰੀ ਪਦਾਰਥਾਂ ਦਾ ਤਿਆਗ ਕੇਵਲ ਸੰਤ ਹੀ ਕਰ ਸਕਦੇ ਹਨ। ਬ੍ਰਹਮ-ਵਿਦਿਆ ਦਾ ਆਨੰਦ ਵੀ ਕੇਵਲ ਨਿਰਮਲੇ ਸੰਤ ਹੀ ਲੈ ਸਕਦੇ ਹਨ।””

ਪੰਡਿਤ ਨਿਹਾਲ ਸਿੰਘ ਜੀ ਨੇ ਕਿੰਨਾ ਸੁੰਦਰ ਲਿਖਿਆ ਹੈ :

"ਸ੍ਰੀ ਗੁਰੂ ਲਗਾਯੋ ਏਕ ਦਿਨ ਮੈਂ ਦੀਵਾਨ ਐਸੋ, ਸਭ ਕੋ ਬੁਲਾਇ ਕਹਯੋ ਮਾਂਗੋ ਜੋ ਰਿਦੇ ਭਲੇ।

ਕਾਹੂੰ ਧਨ, ਕਾਹੂੰ ਧਾਮ, ਕਾਹੂੰ ਅਸਵ, ਅਭਿਰਾਮ ਕਾਹੂ, ਕਹਯੋ ਭੂਖਨ ਜਰਾਊ ਜੋ ਸਜੇ ਗਲੇ।

ਕਾਹੂੰ ਸ਼ਸਤ੍ਰ, ਕਾਹੂ ਬਸਤ੍ਰ, ਸੰਤ ਖੁਸ਼ੀ ਮ੍ਰਿਗਰਾਜ, ਸਭ ਕੋ ਦਵਾਯੋ ਜੋ ਜੋ ਭਾਯੋ ਪ੍ਰੇਮ ਮੈ ਢਲੇ।

ਸੁਪਨ ਜਯੋ ਜਾਨਿ ਕੇ ਪਦਾਰਥ ਨ ਮਾਂਗੇ ਜਿਨੋਂ, ਨਾਮ ਧਨ ਮਾਂਗਯੋ ਤਾਂ ਕੋ ਕਹਯੋ ਯੇ ਨਿਰਮਲੇ।”

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ : "ਸੁਪਨ ਸਮਾਨ ਜਗ ਜਾਨ ਜਿਨੇ ਨਾਮ ਮਾਂਗਿਓ, ਖੁਸ਼ੀ ਹੂਏ ਬੋਲੇ ਗੁਰ ਏਹੀ ਮੇਰੇ ਨਿਰਮਲੇ।"

ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਲਿਖਿਆ ਹੈ, "ਇਸ ਸਮੇਂ ਸਤਿਗੁਰੂ ਜੀ ਨੇ ਸਿੱਖਾਂ ਦੇ ਤਿੰਨ ਭੇਦ ਬਣਾ ਦਿੱਤੇ। ਸਿੰਘ, ਸਿੱਖ ਅਤੇ ਨਿਰਮਲੇ।" ਭਾਈ ਸੰਤੋਖ ਸਿੰਘ ਜੀ ਨੇ ਵੀ 'ਗੁਰ ਪ੍ਰਤਾਪ ਸੂਰਜ' ਵਿੱਚ ਅੰਕਤ ਕੀਤਾ ਹੈ :

"ਗੁਰ ਕਾ ਦਲ ਸ਼ੇਰ ਦਾ ਝੱਲ। ਕੋ ਘਾਲੇ ਕੇ ਪੈਥੇ ਮੱਲ।

ਕੋ ਜੂਝੇ ਕੋ ਸਿਮਰੇ ਨਾਮ। ਕੋ ਸੇਵੇ ਸਤ ਸੰਗ ਮਹਾਨ।੨੨।

ਲੂਟਹ ਜੂਝਹ ਸਿੰਘ ਕਹੀਜੇ। ਸਿਮਰਹਿ ਨਾਮ ਸੁ ਸਿੱਖ ਲਖੀਜੇ।

ਸਤ ਸੰਗਤ ਸੇਵੇ ਚਿਤ ਲਾਇ। ਤਾਂ ਤੇ ਨਿਰਮਲ ਨਾਮ ਸਦਾਇ।੨੩।"

ਦਸਵੀਂ ਬਖ਼ਸ਼ੀਸ਼

ਜਦੋਂ ਦਸਮ ਸਤਿਗੁਰੂ ਜੀ ਨੇ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਵਿਖੇ ਜੋਤੀ ਜੋਤ ਸਮਾਉਣ ਦਾ ਸੰਕਲਪ ਕੀਤਾ। ਰਾਜ ਭਾਗ ਦੀ ਇੱਛਾ ਵਾਲੇ ਸ਼ਸਤ੍ਰਧਾਰੀ ਖ਼ਾਲਸੇ ਨੂੰ ਬਾਬਾ ਬੰਦਾ ਸਿੰਘ ਜੀ ਦੀ ਜਥੇਦਾਰੀ ਹੇਠ ਜ਼ਾਲਮਾਂ ਨੂੰ ਸ਼ੋਧਨ ਵਾਸਤੇ ਪੰਜਾਬ ਨੂੰ ਤੋਰ ਦਿੱਤਾ। ਇਸ ਸਮੇਂ ਭਾਈ ਕਰਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਚੰਦਨ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਦਰਗਾਹਾ ਸਿੰਘ ਜੀ, ਭਾਈ ਮਾਨ ਸਿੰਘ ਜੀ, ਭਾਈ ਗੱਜਾ ਸਿੰਘ ਜੀ, ਭਾਈ ਮੈਲਾਗਰ ਸਿੰਘ ਜੀ, ਭਾਈ ਕੇਸਰਾ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸੈਣਾ ਸਿੰਘ ਜੀ, ਭਾਈ ਸੋਭਾ ਸਿੰਘ ਜੀ ਆਦਿ 25 ਨਾਮ ਅਭਿਆਸੀ ਵਿਦਵਾਨ ਨਿਰਮਲੇ ਸੰਤਾਂ ਨੂੰ ਫ਼ੁਰਮਾਇਆ, "ਸਿੰਘੋ ! ਹੁਣ ਅਸੀਂ ਭਾਣਾ ਵਰਤਾਵਾਂਗੇ, ਤੁਸੀਂ ਸਾਰੇ ਸੰਤ ਦੇਸ਼ ਦੇ ਕੋਨੇ-ਕੋਨੇ ਵਿੱਚ ਚਲੇ ਜਾਉ। ਨਾਮ ਬਾਣੀ, ਕਥਾ-ਕੀਰਤਨ ਦਾ ਪ੍ਰਵਾਹ ਚਲਾਉ। ਗੁਰੂ ਨਾਨਕ ਦੀ ਸਿੱਖੀ ਦਾ ਪਿੰਡ-ਪਿੰਡ, ਘਰ-ਘਰ ਸੰਦੇਸ਼ ਪਹੁੰਚਾਉ। ਸਿੰਘ ਧਰਮ ਦੀ ਰੱਖਿਆ ਕਰਨਗੇ, ਤੁਸੀਂ ਧਰਮ ਦਾ ਪ੍ਰਚਾਰ ਕਰੋ। ਅੰਮ੍ਰਿਤ ਪ੍ਰਚਾਰ, ਵਿਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਅੰਗ-ਸੰਗ ਰਹਿਣਗੇ। ਜਾਉ ! ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।"

ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਕਿੰਨੇ ਸੁੰਦਰ ਸ਼ਬਦਾਂ ਵਿੱਚ ਪੋੜਤਾ ਕਰਦੇ ਹਨ

ਨਿਰਮਲ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਵੇਖ ਕੇ ਕਿਸੇ ਤਰ੍ਹਾਂ ਨੁਕਤਾਚੀਨੀ ਕਰਨੀ ਮੁਨਾਸਿਬ ਨਹੀਂ ਜਾਪਦੀ ਤੇ ਉਨ੍ਹਾਂ ਦਾ ਇਹ ਭੇਖ ਅਸੂਲੀ ਤੌਰ 'ਤੇ ਨਿੰਦਣਯੋਗ ਨਹੀਂ ਮੰਨਿਆ ਜਾ ਸਕਦਾ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਰੱਖਣਾ ਸੀ । ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਸ ਧਾਰਨ ਦੀ ਖੁੱਲ੍ਹ ਦੇ ਕੇ ਉਨ੍ਹਾਂ ਨੇ ਸਿੰਘਾਂ ਦੇ ਬਨਾਰਸੋਂ ਮੁੜਨ ਸਾਰ ਦੇਸ਼ ਦੇ ਹਰੇਕ ਇਲਾਕੇ ਵਿੱਚ ਭੇਜਿਆ ਅਤੇ ਫੇਰ ਅਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਜਾਣ ਸਮੇਂ ਦਮਦਮੇ ਤੋਂ ਨੰਦੇੜ ਤੱਕ ਉਨ੍ਹਾਂ ਨੂੰ ਆਪਣੇ ਸੰਗ ਹੀ ਰਖਿਆ। ਪੰਡਿਤ ਕਰਮ ਸਿੰਘ, ਦਰਗਾਹ ਸਿੰਘ ਆਦਿ ਨਿਰਮਲੇ ਸਾਧੂ ਜਿਨ੍ਹਾਂ ਤੋਂ ਆਪ ਨਿਤਾਪ੍ਰਤਿ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ (ਨੰਦੇੜ) ਤਕ ਆਪਦੇ ਹਮ-ਰਕਾਬ ਰਹਿੰਦੇ ਰਹੇ ।"

ਨਿਰਮਲੇ ਪੰਚਾਇਤੀ ਅਖਾੜੇ ਦੀ ਸਥਾਪਨਾ

ਨਿਰਮਲੇ ਸੰਤ ਵਿਦਵਾਨ, ਨਿਮਰਤਾ ਵਾਲੇ, ਵਿਚਾਰਸ਼ੀਲ, ਵਿਵੇਕ ਬੁੱਧੀ ਵਾਲੇ ਹੁੰਦੇ ਹਨ। ਸਭ ਨੂੰ ਸਮ-ਦ੍ਰਿਸ਼ਟੀ ਵੇਖਦੇ ਹੋਏ ਸਿੱਖ ਪੰਥ ਅਤੇ ਹਿੰਦੂ ਧਰਮ ਦੇ ਗ੍ਰੰਥਾਂ, ਤੀਰਥਾਂ ਅਤੇ ਮਹਾਂਪੁਰਸ਼ਾਂ ਦਾ ਸਮ-ਦ੍ਰਿਸ਼ਟੀ ਨਾਲ ਸਤਿਕਾਰ ਕਰਦੇ ਹਨ। ਇਹ ਸੰਤ ਕਿਸੀ ਤਰ੍ਹਾਂ ਦੇ ਮਾਦਕ ਅਤੇ ਤਾਮਸੀ ਪਦਾਰਥਾਂ ਦਾ ਪ੍ਰਯੋਗ ਨਹੀਂ ਕਰਦੇ । ਪਵਿੱਤਰ ਜੀਵਨ ਵਾਲੇ, ਸਿਮਰਨ ਵਾਲੇ, ਪਰਉਪਕਾਰੀ ਹੁੰਦੇ ਹਨ । ਇਸ ਵਾਸਤੇ ਗੁਰਬਾਣੀ ਨੇ ਨਿਰਮਲੇ ਸੰਤਾਂ ਨੂੰ 'ਅਪਾਰ' ਕਿਹਾ ਹੈ। ਇਹ ਮਹਾਂਪੁਰਖ ਨਿਸ਼ਚੈ ਹੀ 'ਅਪਾਰ' ਹੁੰਦੇ ਹਨ।

ਕੁੰਭ ਪਰਵਾਂ 'ਤੇ ਧਰਮ ਪ੍ਰਚਾਰ, ਸਤਿਸੰਗ, ਵਿਸ੍ਰਾਮ ਅਤੇ ਭੋਜਨ ਦੇ ਵਾਸਤੇ ਨਿਰਮਲੇ ਸੰਤਾਂ ਵੱਲੋਂ 'ਅਖਾੜਾ' ਸਥਾਪਿਤ ਕਰਨ ਦਾ ਵਿਚਾਰ ਤਾਂ ਸੰਨ 1743 ਈ. ਵਿੱਚ ਹੀ ਬਣ ਚੁੱਕਿਆ ਸੀ, ਪਰੰਤੂ ਪਹਿਲੀ ਇਕੱਤ੍ਰਤਾ ਸੰਨ 1759 ਈ. ਵਿੱਚ ਕੀਤੀ ਗਈ ਸੀ । ਇਸ ਤੋਂ ਬਾਅਦ ਅਨੇਕ ਵਾਰ ਵਿਚਾਰ-ਵਿਮਰਸ਼ ਹੁੰਦਾ ਰਿਹਾ। ਅੰਤ ਦੁਆਦਸ਼ੀ ਦਿਨ ਸ਼ੁੱਕਰਵਾਰ ਸੰਨ 1862 ਈ: ਦੇ ਸ਼ੁਭ ਦਿਹਾੜੇ ਪਟਿਆਲਾ ਵਿਖੇ 'ਧਰਮ-ਧਜਾ' ਦੇ ਸਥਾਨ ਵਿੱਚ 'ਪੰਚਾਇਤੀ ਅਖਾੜਾ ਨਿਰਮਲਾ' (ਸ੍ਰੀ ਨਿਰਮਲ ਪੰਚਾਇਤੀ ਅਖਾੜਾ) ਵਿਧੀ-ਵਤ ਸਥਾਪਿਤ ਕੀਤਾ ਗਿਆ ।

ਇਸ ਸਮੇਂ ਜਿਥੇ ਨਿਰਮਲ ਭੇਖ ਦੇ ਵੱਡੇ-ਵੱਡੇ ਵਿਦਵਾਨ, ਮਹੰਤ, ਸੰਤ, ਵਿਰੱਕਤ, ਜਪੀ, ਤਪੀ ਸਮੂੰਹ ਮਹਾਂਪੁਰਸ਼ ਇਕੱਤਰ ਹੋਏ, ਉਥੇ ਪੰਜਾਬ ਦੇ ਰਾਜਿਆਂ-ਮਹਾਂਰਾਜਿਆਂ ਨੇ ਵੀ ਪ੍ਰਸੰਨਤਾ ਪੂਰਬਕ ਧਨ-ਰਾਸ਼ੀ ਅਤੇ ਪਿੰਡ ਦਾਨ ਕੀਤੇ। ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ 82000/- ਰੁਪਏ ਨਕਦ ਅਤੇ ਭੈਣੀ, ਝੰਡੀ ਦੋ ਪਿੰਡ ਦਾਨ ਵਿਚ ਦਿੱਤੇ। ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਨਰੇਸ਼ ਨੇ 16000/- ਰੁਪਏ ਨਕਦ ਅਤੇ 'ਹਰੀਕਾ' ਪਿੰਡ ਦਾਨ ਵਿਚ ਦਿੱਤਾ। ਮਹਾਰਾਜਾ ਸਰੂਪ ਸਿੰਘ ਜੀ ਜੀਂਦਪਤੀ ਨੇ 20000/- ਰੁਪਏ ਨਗਦ, ਪਿੰਡ ਬਲਮਗੜ੍ਹ ਅਤੇ ਮੰਡਲਾਂਵਾਲਾ ਦੇ ਪਿੰਡ ਅਖਾੜੇ ਨੂੰ ਦਾਨ ਵਿਚ ਦਿੱਤੇ। ਇਸ ਤਰ੍ਹਾਂ ਹੀ ਹੋਰ ਰਾਜਿਆਂ, ਰਈਸਾਂ, ਸਰਦਾਰਾਂ ਨੇ ਇਸ ਕਾਰਜ ਲਈ ਦਿਲ ਖੋਲ੍ਹਕੇ ਖੁੱਲ੍ਹਾ ਦਾਨ ਦਿੱਤਾ। ਵਿਰੱਕਤ, ਸ਼੍ਰੋਮਣੀ, ਤਪੋਨਿਧੀ, ਬ੍ਰਹਮਗਿਆਨੀ ਸੰਤ ਬਾਬਾ ਮਹਿਤਾਬ ਸਿੰਘ ਜੀ ਨੂੰ ਪਹਿਲਾ 'ਸ੍ਰੀ ਮਹੰਤ ਨਿਯਤ ਕੀਤਾ ਗਿਆ।

ਪੰਚਾਇਤੀ ਅਖਾੜਾ ਨਿਰਮਲਾ (ਸ੍ਰੀ ਨਿਰਮਲ ਪੰਚਾਇਤੀ ਅਖਾੜੇ) ਦਾ ਕੇਂਦਰੀ ਸਥਾਨ ਕਨਖਲ (ਹਰਿਦਵਾਰ) ਵਿੱਚ ਨਿਯਤ ਕੀਤਾ ਗਿਆ। ਇਸ ਕਾਰਜ ਵਾਸਤੇ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ ਗੰਗਾ ਨਦੀ ਦੇ ਕਿਨਾਰੇ 'ਤੇ ਮਹਾਰਾਜਾ ਕਰਮ ਸਿੰਘ ਵਾਲੀ ਹਵੇਲੀ ਦਾਨ ਵਿੱਚ ਦੇ ਦਿੱਤੀ। ਨਾਲ ਹੀ ਧਰਮ-ਧਜਾ ਪਟਿਆਲਾ ਵਾਲਾ ਸਥਾਨ ਵੀ ਅਖਾੜੇ ਦੀ ਬ੍ਰਾਂਚ ਵਾਸਤੇ ਦੇ ਦਿੱਤਾ। ਇਸ ਲੇਖ ਵਿੱਚ ਅਸੀਂ ਅੱਗੇ ਨੂੰ 'ਪੰਚਾਇਤੀ ਅਖਾੜਾ ਨਿਰਮਲਾ' ਦਾ ਨਾਮ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਕਨਖਲ (ਹਰਿਦਵਾਰ) ਲਿਖਾਂਗੇ।

'ਸ੍ਰੀ ਮਹੰਤ' ਦੀ ਪਦਵੀ ਆਜੀਵਨ ਬਣਾਈ ਗਈ ਅਤੇ ਉਨ੍ਹਾਂ ਦੇ ਅਧੀਨ ਚਾਰ ਮੁਖੀਏ ਮਹੰਤ, ਕੁਠਾਰੀ, ਪੁਜਾਰੀ ਅਤੇ ਕਾਰਬਾਰੀ ਇਤਿਆਦਿਕ ਅਨੇਕ ਪ੍ਰਬੰਧਕ ਨਿਯਤ ਕੀਤੇ ਗਏ।

ਨਿਰਮਲ ਪੰਥ ਦੀ ਰਹਿਤ ਮਰਯਾਦਾ

ਇਤਿਹਾਸ ਵਿੱਚ ਲਿਖਿਆ ਹੈ ਕਿ ਇੱਕ ਦਿਨ ਭਾਈ ਦਰਬਾਰਾ ਸਿੰਘ ਜੀ ਨੇ ਭਾਈ ਰਾਮ ਕੋਇਰ ਜੀ ਨੂੰ ਪ੍ਰਸ਼ਨ ਕੀਤਾ ਕਿ, "ਜੇਕਰ ਗੁਰੂ ਕੇ ਸਿੱਖ ਸੰਸਾਰ ਤੋਂ ਉਪਰਾਮ ਹੋ ਕੇ ਸਾਧੂ ਬਣਨਾ ਚਾਹੁਣ ਤਾਂ ਕਿਸ ਸੰਪ੍ਰਦਾਇ ਦਾ ਭੇਖ ਧਾਰਨ ਕਰਨ, ਜਿਸ ਨਾਲ ਗੁਰੂ ਕੇ ਸਿੱਖਾਂ ਦਾ ਸਿੱਖੀ ਸਿਦਕ ਵੀ ਬਣਿਆ ਰਹੇ।"

ਉੱਤਰ ਵਿੱਚ ਭਾਈ ਸਾਹਿਬ ਜੀ ਨੇ ਫ਼ੁਰਮਾਇਆ ਕਿ, "ਗੁਰੂ ਕੇ ਸਿੱਖਾਂ ਨੂੰ ਨਿਰਮਲ ਸੰਪ੍ਰਦਾਇ ਦੇ ਸਾਧੂ ਬਣਨਾ ਚਾਹੀਦਾ ਹੈ। ਨਿਰਮਲ ਪੰਥ ਦਸਾਂ ਸਤਿਗੁਰੂਆਂ ਨੂੰ ਈਸ਼ਵਰ ਦੀ ਜੋਤਿ ਮੰਨਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦਾ ਹੈ । ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤਪਾਨ ਕਰਨਾ ਜ਼ਰੂਰੀ ਮੰਨਦਾ ਹੈ । ਅੰਮ੍ਰਿਤਪਾਨ ਤੋਂ ਬਿਨਾ ਨਿਰਮਲਾ ਸੰਤ ਬਣ ਹੀ ਨਹੀਂ ਸਕਦਾ । ਗੁਰੂ ਕੇ ਗੁਰਦਵਾਰਿਆਂ, ਤੀਰਥਾਂ, ਬੁੰਗਿਆਂ, ਸ਼ਹੀਦ ਰਜਾਂ, ਅੰਗੀਠਿਆਂ, ਸਮਾਧਾਂ, ਤਖ਼ਤਾਂ, ਗੁਰਮਤਿਆਂ, ਹੁਕਮਨਾਮਿਆਂ ਦਾ ਪੂਰਣ ਸਤਿਕਾਰ ਕਰਦਾ ਹੈ। ਗੁਰਬਾਣੀ, ਕਥਾ-ਕੀਰਤਨ ਦਾ ਪ੍ਰਚਾਰ ਕਰਦਾ ਹੈ । ਜਨ-ਸਾਧਾਰਣ ਨੂੰ ਗੁਰੂ ਸਾਹਿਬਾਨ ਅਤੇ ਗੁਰੂ ਘਰ ਤੋਂ ਜਾਣੂ ਕਰਵਾ ਕੇ ਗੁਰੂ ਕੇ ਲੜ ਲਾਉਂਦਾ ਹੈ।"

ਮਾਸ, ਮਦਰਾ (ਸ਼ਰਾਬ, ਅਫ਼ੀਮ, ਸੁੱਖਾ/ਭੰਗ) ਆਦਿਕ ਮਾਦਕ ਪਦਾਰਥਾਂ ਅਤੇ ਪਰ-ਇਸਤ੍ਰੀ ਦਾ ਨਿਸ਼ੇਧ ਕਰਦਾ ਹੈ। ਹੋਰ ਭੇਖਾਂ ਦੀ ਤਰ੍ਹਾਂ ਨਿਰਮਲ ਪੰਥ ਵਿੱਚ ਅਗਿਆਨ ਅਤੇ ਅੰਧ-ਵਿਸ਼ਵਾਸ ਨਹੀਂ ਹੈ । ਉਦਾਸੀਆਂ, ਸੰਨਿਆਸੀਆਂ, ਬੈਰਾਗੀਆਂ, ਨਾਥਾਂ, ਜੋਗੀਆਂ, ਜੈਨੀਆਂ ਦੀ ਤਰ੍ਹਾਂ ਜਨ ਸਾਧਾਰਨ ਤੋਂ ਵੱਖਰਾ ਬਣ ਕੇ ਨਹੀਂ ਰਹਿੰਦਾ। ਸਿਰ-ਮੂੰਹ ਮੁੰਡਤ ਕਰਨਾ, ਵੱਡੀਆਂ-ਵੱਡੀਆਂ ਜਟਾਂ ਰੱਖਣੀਆਂ, ਸਰੀਰ ਤੇ ਸਵਾਹ ਮਲ ਕੇ ਰੱਖਣੀ, ਲਿੰਗ, ਕੰਨ ਆਦਿਕ ਛੇਦਨੇ ਨਿਰਮਲ ਪੰਥ ਵਿੱਚ ਨਹੀਂ ਹਨ। ਨਿਰਮਲੇ ਸੰਤ ਸੁਭਾਵਿਕ ਰੂਪ ਵਿਚ ਰਹਿੰਦੇ ਹਨ। ਸੁੰਦਰ ਵਸਤਰ ਪਹਿਨਦੇ ਹਨ । ਭਗਵੇਂ ਜਾਂ ਸਫੈਦ ਦਸਤਾਰੇ ਅਤੇ ਬਾਕੀ ਵਸਤਰ ਵੀ ਭਗਵੇਂ ਜਾਂ ਚਿੱਟੇ ਪਹਿਨਦੇ ਹਨ।

ਨਿਰਮਲੇ ਮਹਾਂਪੁਰਖਾਂ ਦੀ ਸਰਵ-ਪੱਖੀ ਸੇਵਾ

ਨਿਰਮਲੇ ਸਤਿਪੁਰਸ਼ਾਂ ਨੇ ਸਤਿਗੁਰੂ ਜੀ ਦੇ ਆਦਰਸ਼ ਅਨੁਸਾਰ ਸੇਵਾ ਨੂੰ ਮੁੱਖ ਰੱਖਿਆ ਹੈ । ਮਨੁੱਖਤਾ ਦੀ ਭਲਾਈ ਵਾਸਤੇ ਪਰਉਪਕਾਰ ਕਰ ਰਹੇ ਹਨ। ਜਨਤਾ ਜਨਾਰਦਨ ਦੀ ਆਤਮਿਕ ਅਤੇ ਸੰਸਾਰਕ ਅਗਵਾਈ ਕਰਕੇ ਸਦਮਾਰਗ ਪਾ ਰਹੇ ਹਨ। ਰੂੜੀਵਾਦੀ ਨਾ ਰਹਿ ਕੇ ਲੋੜ ਅਨੁਸਾਰ ਸਭ ਤਰ੍ਹਾਂ ਦੀ ਸੇਵਾ ਕਰ ਰਹੇ ਹਨ।

ਮੰਡਲੀਆਂ ਦੁਆਰਾ ਪਿੰਡ-ਪਿੰਡ ਧਰਮ ਪ੍ਰਚਾਰ ਕਰਨ ਲੱਗੇ । ਛੋਟੇ-ਛੋਟੇ ਵੱਡੇ-ਵੱਡੇ ਪਿੰਡਾਂ ਵਿੱਚ ਡੇਰੇ ਕਾਇਮ ਕਰਕੇ ਗਿਆਨ ਦਾ ਦੀਪਕ ਜਗਾਉਣ ਲੱਗੇ । ਪੇਂਡੂ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦੇਣ ਲੱਗੇ । ਗੁਰਮੁਖੀ ਵਿਦਿਆ ਪੜ੍ਹਾ ਕੇ ਗੁਰਬਾਣੀ ਦੇ ਪਾਠੀ ਅਤੇ ਗਿਆਨੀ ਬਣਾਉਣ ਲੱਗੇ । ਚਕਿਤਸਾ ਦੁਆਰਾ ਰੋਗਾਂ ਦਾ ਇਲਾਜ ਵੀ ਕਰਨ ਲੱਗੇ ਅਤੇ ਪੜ੍ਹਾਉਣ ਵੀ ਲੱਗੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਨਯ ਗ੍ਰੰਥ ਲਿਖ ਕੇ ਡੇਰਿਆਂ/ਧਰਮਸਾਲਾਵਾਂ ਵਿੱਚ ਸਥਾਪਨ ਕਰਨ ਲੱਗੇ। ਵੱਡੇ-ਵੱਡੇ ਤੀਰਥਾਂ, ਮੇਲਿਆਂ 'ਤੇ ਕਥਾ ਕੀਰਤਨ ਅਤੇ ਸ਼ਾਸਤ੍ਰਾਰਥ ਕਰਕੇ ਗੁਰਮਤਿ-ਗੁਰਬਾਣੀ ਨੂੰ ਸਰਵੋਪਰੀ ਪ੍ਰਸਿੱਧ ਕਰਨ ਲੱਗੇ। ਵਿਦਿਆਲਯ ਖੋਲ੍ਹ ਕੇ ਵਿਦਿਆ ਦਾਨ ਕਰਨ ਲੱਗੇ।

ਵੱਡੇ-ਵੱਡੇ ਗ੍ਰੰਥਾਂ ਦੀ ਰਚਨਾ ਕਰਕੇ ਗੁਰਮਤਿ ਸਿਧਾਂਤ ਦਾ ਨਿਰੂਪਨ ਕਰਨ ਲੱਗੇ। ਗੁਰਬਾਣੀ ਦੇ ਟੀਕੇ, ਕੋਸ਼, ਸਾਹਿਤਯ, ਦਰਸ਼ਨ, ਛੰਦ ਸ਼ਾਸਤ, ਇਤਿਹਾਸ ਦੇ ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ। ਕਈ ਅਸ਼ਰਧਕਾਂ ਵੱਲੋਂ ਗੁਰਮਤਿ ਦੇ ਖੰਡਨ ਵਿੱਚ ਲਿਖੇ ਗ੍ਰੰਥਾਂ ਦਾ ਖੰਡਨ ਕਰਕੇ, ਗੁਰਮਤਿ ਸਿਧਾਂਤਾਂ ਦਾ ਬਾ-ਦਲੀਲ ਮੰਡਨ ਕੀਤਾ। ਗ੍ਰੰਥ ਰਚਨਾ ਤੋਂ ਬਿਨਾਂ ਪੱਤਰਕਾਰੀ ਵਿਚ ਵੀ ਉੱਘਾ ਯੋਗਦਾਨ ਪਾਇਆ ਹੈ। ਅਖ਼ਬਾਰਾਂ ਦੁਆਰਾ ਉਲੇਖਨੀਯ ਪ੍ਰਚਾਰ ਕੀਤਾ ਹੈ।

ਹਰ ਪੰਥਕ ਕਾਰਜ ਵਿੱਚ ਅੱਗੇ ਹੋ ਕੇ ਹਿੱਸਾ ਪਾਉਂਦੇ ਰਹੇ ਹਨ। ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੇ ਨਿਰਮਲੇ ਸੰਤ ਹੀ ਹਨ। ਗੁਰਦੁਆਰਾ ਸੁਧਾਰ ਲਹਿਰ ਅਤੇ ਸੁਤੰਤਰਤਾ ਅੰਦੋਲਨ ਵਿੱਚ ਸਭ ਤੋਂ ਅੱਗੇ ਰਹੇ ਹਨ। ਨਿਰਮਲ ਭੇਖ ਦੀ ਦੇਸ਼ ਸੇਵਾ, ਧਰਮ ਪ੍ਰਚਾਰ, ਵਿਦਿਆ ਪ੍ਰਚਾਰ ਉਲੇਖਨੀਯ ਹੈ।

## ਯੂਨਿਟ 2. ਸੇਵਾਪੰਥੀ  ਅਤੇ ਗਿਆਨੀ ਸੰਪਰਦਾਇ

ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਸੇਵਾ ਕਰਨ ਵਾਲੇ ਘਨੱਈਆ ਜੀ ਸਮਬਿਰਤੀ ਦੇ ਸੁਆਮੀ ਸਨ । ਸਤਿਗੁਰੂ ਦੀ ਉਹਨਾਂ ਤੇ ਅਪਾਰ ਬਖਸ਼ਿਸ਼ ਸੀ । ਉਹਨਾਂ ਨੇ ਲਗਭਗ ਤਿੰਨ ਸਦੀਆਂ ਪਹਿਲਾਂ ਸਮਾਜ ਸੇਵੀ ਸੰਸਥਾ ਸਥਾਪਿਤ ਕਰਨ ਲਈ ਭਾਈ ਜੀ ਨੂੰ ਉਤਸਾਹਿਤ ਤੇ ਪ੍ਰੇਰਿਤ ਕੀਤਾ ਜਿਸ ਦੇ ਫਲਸਰੂਪ ਸੇਵਾ ਪੰਥ ਹੋਂਦ ਵਿਚ ਆਇਆ ਤੇ ਲਗਭਗ ਤਿੰਨ ਸਦੀਆਂ ਤੋਂ ਮਨੁੱਖਤਾ ਤੇ ਸਿੱਖ ਧਰਮ ਦੀ ਸੇਵਾ ਕਰਦਿਆਂ ਇਹਨਾਂ ਸਾਧੂਆਂ ਨੇ ਦੁਨੀਆਂ ਵਿਚ ਸੁੱਖ ਸੁਵਿਧਾ ਪੈਦਾ ਕਰਨ ਤੇ ਦੀਨ ਦੁਖੀਆਂ ਦੀ ਸਹਾਇਤਾ ਕਰਨ ਨੂੰ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ । ਭਾਵੇਂ ਡਾ. ਭੱਟਾਚਾਰੀਆ ਦਾ ਵਿਚਾਰ ਹੈ ਕਿ ਕਈ ਵਾਰੀ ਪਾਖੰਡੀ, ਦੰਭੀ ਤੇ ਝੂਠੇ ਵਿਅਕਤੀ ਵੀ ਸੰਪ੍ਰਦਾਇ ਚਲਾਉਣ ਵਿਚ ਕਾਮਯਾਬ ਹੋ ਜਾਂਦੇ ਹਨ ਪਰ ਸੇਵਾ ਪੰਥ ਦੇ ਬਾਨੀ ਭਾਈ ਕਨੈਈਆ ਜੀ ਆਦਰਸ਼ਕ ਵਿਅਕਤੀ ਸਨ ਜੋ ਬਿਨਾਂ ਕਿਸੇ ਵਿਤਕਰੇ ਦੇ ਸੇਵਾ ਕਰਦੇ ਸਨ । ਉਨ੍ਹਾਂ ਨੇ ਸਾਰਾ ਜੀਵਨ ਪਾਠ ਭਜਨ ਤੇ ਲੋਕ ਸੇਵਾ ਵਿਚ ਬਤੀਤ ਕੀਤਾ।

'ਸੇਵਾ ਪੰਥ' ਨਾਮ ਬਾਰੇ ਵਿਚਾਰ ਕਰਨੀ ਅਣਉਚਿਤ ਨਹੀਂ ਹੋਵੇਗੀ। ਭਾਈ ਲਾਲ ਚੰਦ ਲਿਖਦੇ ਹਨ :

ਸੇਵਾ ਪੰਥੀ ਅਡਣਸ਼ਾਹੀ । ਦੁਇ ਕਿਉਂ ਕਹੈ ਏਕ ਕੇ ਮਾਂਹੀਂ ॥ ਸੋ ਅਬ ਨਿਰਨੇ ਨੀਕੀਭਾਂਤਿ । ਸੁਨੀਐ ਜਾ ਤੋ ਬਿਨਸੇ ਭ੍ਰਾਂਤਿ ॥

ਭੇਹਰਾ ਮਿਆਣੀ ਲਗ ਮੁਲਤਾਨ। ਸੇਵਾ ਰਾਮ ਬਿਚਰ ਸੁਖ ਖਾਨ ॥

ਯਾਤੇ ਤਿਹ ਪੁਰ ਨਗਰਨ ਮਾਂਹੀ । ਸੇਵਾਪੰਥੀ ਪੰਥ ਬਤਾਹੀ ॥ 6॥

॥ ਦੋਹਰਾ ॥

ਪੁਰ ਕਰਤਾਰ ਲਾਹੌਰ ਪੁਰ ਨਗਰ ਸ਼ਹੁਦਰੇ ਮਾਹਿ। ਬਡ ਪ੍ਰਤਾਪ ਯੁਤ ਬਸਤ ਤੇ ਸੰਤ ਅੱਡਣ ਜੀ ਤਾਹਿ ॥

॥ ਚੌਪਈ ॥

ਰਾਜਾ ਪਰਜਾ ਦਰਸ਼ਨ ਆਵੇ । ਸਰਧਾ ਸਹਿਤ ਸੀਸ ਸਭਿ ਨਿਆਵੈ ॥

ਤਿਹਿ ਕਾਰਨ ਸਭ ਐਸ ਬਖਾਨੈ । ਅਡਣਸ਼ਾਹੀ ਸੰਤ ਪਰਮਾਨੈ ॥

ਉਪਰੋਕਤ ਅਨੁਸਾਰ ਭਾਈ ਸੇਵਾ ਰਾਮ ਦੇ ਨਾਮ ਤੋਂ ਸੇਵਾ ਪੰਥ ਨਾਮ ਚਲਿਆ ਤੇ ਤੇਜੱਸਵੀ ਸੇਵਾ ਪੰਥੀ ਮਹਾਤਮਾ ਭਾਈ ਅੱਡਣਸ਼ਾਹ ਦੀ ਮਹਾਨ ਸ਼ਖ਼ਸੀਅਤ ਕਾਰਨ ਉਨ੍ਹਾਂ ਦੇ ਚੇਲੇ ਅੱਡਣ ਸ਼ਾਹੀ ਅਖਵਾਉਣ ਲੱਗੇ। ਇਸ ਸੰਪ੍ਰਦਾਇ ਦਾ ਆਰੰਭ ਸੇਵਾ ਕਰਨ ਦੀ ਵਿਸ਼ੇਸ਼ ਰੁਚੀ ਤੋ ਹੋਇਆ। ਭਾਈ ਘਨੱਈਆ ਤੋਂ ਲੈ ਕੇ ਹੁਣ ਤੱਕ ਇਸ ਸੰਪ੍ਰਦਾਇ ਦੇ ਸਾਧੂ ਸੇਵਾ ਨੂੰ ਅਥਾਹ ਮਹੱਤਵ ਦਿੰਦੇ ਹਨ ਤੇ ਆਪਦੇ ਹੱਥੀਂ ਅਭਿਅਗਤਾਂ ਦੀ ਸੇਵਾ ਕਰਦੇ ਹਨ । ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਸਿੱਖ ਧਰਮ ਵਿਚ ਹੀ ਸੇਵਾ ਸਾਧਨਾ ਵਿਚ ਵਿਸ਼ੇਸ਼ ਰੁਚੀ ਰੱਖਣ ਵਾਲੇ ਸਾਧਕਾ ਦਾ ਇਕ ਅਜਿਹਾ ਆਤਮ ਉਤਸਰਗੀ ਦਲ ਸੀ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਵੰਡ ਛੱਕਣ ਦੇ ਵਿਸ਼ਵਾਸ ਅਧੀਨ ਸਰੀਰਿਕ ਸੇਵਾ ਰਾਹੀਂ ਜੀਵਨ ਮਨੋਰਥ ਸੰਪੰਨ ਕਰਦਾ ਹੋਇਆ ਸੰਸਾਰ ਵਿਚ ਵਿਚਰਿਆ । ਰਵਾਇਤ ਅਨੁਸਾਰ ਭਾਈ ਘਨੱਈਆ ਨੂੰ ਇਸ ਪੰਥ ਦਾ ਸੰਚਾਲਕ ਮੰਨਿਆ ਜਾਂਦਾ ਹੈ । ਇਉਂ ਇਸ ਸੰਪ੍ਰਦਾਇ ਦਾ ਨਾਮ ਸੇਵਾ ਪੰਥ ਪ੍ਰਸਿੱਧ ਹੋਇਆ।

ਭਾਈ ਘਨੱਈਆ ਦਾ ਜਨਮ ਭਾਈ ਨਥੂ ਰਾਮ ਦੇ ਘਰ ਵਜੀਰਬਾਦ ਜ਼ਿਲ੍ਹਾ ਗੁਜਰਾਂਵਾਲ ਦੇ ਨੇੜੇ ਪਿੰਡ ਸੋਧਰੇ ਵਿਖੇ ਹੋਇਆ । ਪ੍ਰੋ. ਪ੍ਰੀਤਮ ਸਿੰਘਾਂ ਨੇ ਆਪ ਦਾ ਜਨਮ 1680-90 ਬਿਕ੍ਰਮੀ ਦੇ ਵਿਚਕਾਰ ਮੰਨਿਆ ਹੈ ਜਿਸ ਦਾ ਆਧਾਰ ਮਹੰਤ ਗਣੇਸ਼ਾ ਸਿੰਘ ਹੈ।

ਆਚਾਰੀਆ ਸੀਤਾ ਰਾਮ ਚੁਤਰਵੇਦੀ' ਨੇ ਜਨਮ ਮਿਤੀ ਪੋਹ ਸ਼ੁਕਲ 5 ਸੰਮਤ 1707 ਦਿੱਤੀ ਹੈ ਪਰ ਉਹ ਇਸ ਸ੍ਰੋਤ ਬਾਰੇ ਚੁੱਪ ਹਨ। ਸੇਵਾਪੰਥੀ ਇਤਿਹਾਸਕ ਗ੍ਰੰਥਾਂ ਵਿਚ ਇਹ ਜਨਮ ਮਿਤੀ 1705 ਬਿਕ੍ਰਮੀ ਦੇ ਲਗਭਗ ਮੰਨੀ ਹੈ ਜੋ ਠੀਕ ਜਾਪਦੀ ਹੈ ਕਿਉਂਕਿ ਇਹ ਗ੍ਰੰਥ ਉਪਰੋਕਤ ਵਿਦਵਾਨਾਂ ਦੀਆਂ ਰਚਨਾਵਾਂ ਤੋਂ ਪਹਿਲਾਂ ਲਿਖੇ ਗਏ ਸਨ। ਆਪ ਦੇ ਪਿਤਾ ਵੱਡੇ ਵਪਾਰੀ ਸਨ ਅਤੇ ਸ਼ਾਹੀ ਫੌਜਾਂ ਨੂੰ ਰਸਦ ਆਦਿ ਪਹੁੰਚਾਉਣ ਦਾ ਕੰਮ ਕਰਦੇ ਸਨ। ਭਾਈ ਲਾਲ ਚੰਦ ਅਨੁਸਾਰ "ਮਾਤਾ ਪਿਤਾ ਇਨ ਕੇ ਬਡੇ ਧਨਾਢ ਸਿਕਦਾਰ ਥੇ ਤਹਾਂ ਕੇ ਅਰ ਬਾਦਸ਼ਾਹ ਦੇ ਸਾਥ ਭੀ ਚੜ੍ਹਤੇ ਜਬ ਬਾਦਸ਼ਾਹ ਕਹੂ ਚੜਤਾ।" ਇਹ ਧੰਮਣ ਜਾਤ ਦੇ ਖੱਤਰੀ ਸਨ ਪਰ ਸਹਿਜ ਰਾਮਾ ਨੇ ਬਧਵਾਨ ਖੱਤਰੀ ਲਿਖਿਆ ਹੈ।

ਐਥਨੇ. ਕੇ. ਮੈਰਿਨਿਕੋ" ਆਪ ਨੂੰ ਝੀਵਰ ਮੰਨਦਾ ਹੈ, ਜੋ ਗਲਤ ਹੈ। ਉਸ ਨੇ ਇਹ ਕਿਆਸ ਇਸ ਤੋਂ ਲਾਇਆ ਜਾਪਦਾ ਹੈ ਕਿ ਆਪ ਜਲ ਦੀ ਸੇਵਾ ਕਰਦੇ ਸਨ।

ਸਮੇਂ ਦੀ ਪ੍ਰਥਾ ਅਨੁਸਾਰ ਆਪ ਦੇ ਮਾਤਾ ਪਿਤਾ ਨੇ ਜੋਤਸ਼ੀਆਂ ਪਾਸੋਂ ਆਪਣੇ ਬਾਲਕ ਦੇ ਭਵਿੱਖ ਬਾਰੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਇਹ ਪੂਰਨ ਸੰਤ ਹਨ, "ਆਪ ਤੌਂ ਮੁਕਤਿ ਰੂਪ ਹੈ। ਇਨ ਕੇ ਸੰਗੀ ਭੀ ਮੁਕਤਿ ਕੇ ਭਾਗੀ ਹੋਵੇਂਗੇ। ਭਾਈ ਸੋਭਾ ਰਾਮ ਅਨੁਸਾਰ ਜੋਤਸ਼ੀਆਂ ਨੇ ਬਚਨ ਕੀਤਾ :

ਉਤਮ ਗੁਣ ਜੇ ਜਗਤ ਮੇ ਸਭ ਇਨ ਮੈਂ ਦ੍ਰਿਸਟਾਇ। ਪੰਥ ਚਲਾਵੇ ਜਗਤ ਮਧੁ ਤੁਮ ਭੀ ਮੁਕਤੀ ਪਾਇ ॥

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸੁਆਮੀ ਸਨ। ਸੰਤ ਸੇਵਾ ਸੰਤ ਸੰਗਤ ਤੇ ਸੰਤਾਂ ਦੇ ਉਪਦੇਸ਼ ਸੁਣਨ ਲਈ ਆਪ ਮਹਾ ਪੁਰਖਾਂ ਦੇ ਚਰਨਾਂ ਵਿਚ ਪੁੱਜ ਜਾਂਦੇ ਅਤੇ ਮੁੱਠੀ ਚਾਪੀ ਦੀ ਸੇਵਾ ਵੀ ਕਰਦੇ। ਆਪ ਬਚਪਨ ਤੋਂ ਹੀ ਦਇਆਵਾਨ ਤੇ ਦਾਨੀ ਸੁਭਾ ਦੇ ਸਨ। ਭਾਈ ਸੋਭਾ ਰਾਮ ਅਨੁਸਾਰ :

ਸਾਧ ਰੰਕ ਜੋ ਦਰ ਪਰ ਆਵੈ। ਲਾਲ ਕਨਯਾ ਪਿਖ ਬਿਗਸਾਵੈ ॥ ਦਮੜਾ ਰੋਟੀ ਪੈਸਾ ਬਸਨਾ। ਦੇ ਕਰ ਮੀਠਾ ਬੋਲੇ ਰਸਨਾ ॥

ਭਾਈ ਸਹਿਜ ਰਾਮ ਅਨੁਸਾਰ 'ਅਰ ਇਉਂ ਭੀ ਕਰਹਿ ਜੋ ਖੀਸਾ ਸਦ ਪੈਸੇ ਅਰ ਕੌਡੀਆ ਦੇ ਸਾਥ ਭਰਿਆ ਰਾਖੈ। ਜਹਾਂ ਕੋਊ ਭੂਖਾ ਦੇਖਹਿ ਤਬ ਉਨ ਕੋ ਤ੍ਰਿਪਤ ਕਰ ਛੋਡਹਿਂ। ਆਪ ਬਾਦਸ਼ਾਹੀ ਰਾਹਾਂ ਤੇ ਜਾ ਖੜੋਂਦੇ। ਜੇਕਰ ਕਿਸੇ ਵੈਰਾਗੀ ਨੂੰ ਦੇਖਦੇ ਤਾਂ ਉਸ ਦੀ

ਪੋਟਲੀ ਆਪਣੇ ਸਿਰ ਰੱਖ ਲੈਂਦੇ। ਉਸ ਨੂੰ ਮੁਕਤ ਕਰਵਾ ਦਿੰਦੇ। ਦੀਵਾਨਾਂ ਦਾ ਲੜਕਾ ਅਜਿਹੀ ਵਗਾਰ ਕਰੇ ਤਾਂ ਉਨ੍ਹਾਂ ਨੂੰ ਨਮੋਸ਼ੀ ਹੋਣੀ ਕੁਦਰਤੀ ਹੀ ਸੀ। ਜਦੋਂ ਪਿਤਾ ਜੀ ਨੇ ਰੋਕਿਆ ਤਾਂ ਆਪ ਨੇ ਜਵਾਬ ਦਿੱਤਾ "ਹੈ ਪਿਤਾ ਜੀ ਕੁਲ ਮੇਂ ਕਈ ਸਿਆਨੇ ਪੂਤ ਹੋਤੇ ਹੈਂ। ਸੋ ਮੈਂ ਤੁਮਾਰਾ ਬਾਵਰਾ ਪੂਤ ਹੈਂ। ਹਮਾਰੇ ਕਰਮੋਂ ਕਾ ਬਿਚਾਰ ਮਤ ਕਰੋ।" ਆਪ ਨੂੰ ਵਸ ਕਰਨ ਲਈ ਮਾਪਿਆਂ ਨੇ ਵਿਆਹ ਵਾਲਾ ਅੰਤਿਮ ਹਥਿਆਰ ਵਰਤਣ ਦੀ ਸੋਚੀ ਤਾਂ ਆਪ ਨੇ ਨਾਂਹ ਕਰ ਦਿੱਤੀ।"

ਆਪ ਦੇ ਮਨ ਵਿਚ ਪਰਮਾਤਮਾ ਨੂੰ ਮਿਲਣ ਦੀ ਬੜੀ ਤੀਬਰ ਇੱਛਾ ਸੀ। ਜਦੋਂ ਆਪ ਦਾ ਮਿਲਾਪ ਪੂਰਨ ਸੰਤ ਨਨੂਆਂ ਜੀ ਨਾਲ ਹੋਇਆ ਤਾਂ ਆਪ ਨੇ ਦਰਸ਼ਨਾਂ ਲਈ ਆਉਣ ਦਾ ਆਪਣਾ ਇਹ ਪ੍ਰਯੋਜਨ ਦਸਿਆ :

ਲਾਲ ਕਨਯੇ ਬਿਨੈ ਉਚਾਰੀ। ਹਰਿ ਮਿਲੈਨੈ ਕੀ ਇਛਾ ਭਾਰੀ॥

ਤਾਂ ਨਨੂਆਂ ਜੀ ਨੇ ਦਿਲਾਸਾ ਦਿੰਦਿਆਂ ਆਖਿਆ "ਭਾਈ ਘਨੱਈਆ ਜੀ ਜੈਸੇ ਪੂਰਬਲੇ ਸੰਤਹੁ ਪੁਰਖਾਰਥ ਕੀਆ ਹੈ। ਜਬ ਤੈਸੇ ਤੁਮ ਭੀ ਕਰੋਗੇ। ਤਬ ਗੋਬਿੰਦ ਨਿਕਟ ਹੈ।"ਆਪ ਕਾਫ਼ੀ ਸਮਾਂ ਸੰਤ ਨਨੂਆਂ ਜੀ ਦੀ ਸੇਵਾ ਵਿਚ ਰਹੇ। ਜਦੋਂ ਉਨ੍ਹਾਂ ਨੇ ਸਰੀਰ ਤਿਆਗ ਦਿੱਤਾ ਤਾਂ ਆਪ ਘਰ ਆ ਗਏ ਅਤੇ ਕੁਝ ਚਿਰ ਮਗਰੋਂ ਪਿਤਾ ਜੀ ਦੇ ਦੇਹਾਂਤ ਕਾਰਨ ਆਪ ਨੂੰ ਉਨ੍ਹਾਂ ਦਾ ਕੰਮ ਵੀ ਸੰਭਾਲਣਾ ਪਿਆ। ਆਪ ਵੀ ਮਜਬੂਰੀ ਵੱਸ ਫੌਜ ਨਾਲ ਆਪਣੇ ਮੁਨਸ਼ੀਆਂ ਆਦਿ ਸਮੇਤ ਚਲੇ ਗਏ। ਟਿਕੀ ਹੋਈ ਰਾਤ ਵਿਚ ਕੋਈ ਗੁਰ ਸਿੱਖ ਗੁਰੂ ਤੇਗ ਬਹਾਦਰ ਜੀ ਦੀ ਵੈਰਾਗਮਈ ਬਾਣੀ ਦਾ ਪਾਠ ਕਰ ਰਿਹਾ ਸੀ। ਭਾਈ ਜੀ ਦੇ ਮਨ ਵਿਚ 'ਪ੍ਰੇਮ ਐਸਾ ਜਾਗਿਆ ਜੋ ਰੁਦਨ ਕਰਨੇ ਲਾਗੈ, ਮਾਇਆ ਕੀ ਸਿਅਨਾਮ ਅਰ ਜਗਤ ਸੁਖੋ ਕੇ ਸਭ ਵਿਚਾਰ ਭੁੱਲ ਗਏ। ਜੈਸੇ ਬੜੇ ਝਖੜ ਕੇ ਬਲ ਸਿਉ ਮਛਰ ਪਤੰਗ ਆਦਿ ਉਠ ਜਾਤੇ ਹੈਂ। ਆਪ ਤੰਬੂ ਤੋਂ ਬਾਹਰ ਨਿਕਲੇ ਤੇ ਰੁਦਨ ਕਰਦੇ ਮੁਖੋਂ ਇਹ ਸ਼ਬਦ ਉਚਾਰਦੇ 'ਕੋਈ ਜਨ ਹਰਿ ਸਿਉ ਦੇਵੈ ਜੋਰਿ' ਜੰਗਲਾਂ ਨੂੰ ਚਲੇ ਗਏ।

ਭਾਈ ਕਨੱਈਆ ਜੰਗਲਾਂ ਬੇਲਿਆਂ ਵਿਚ ਵਿਰਲਾਪ ਕਰਦੇ ਪਰਮਾਤਮਾ ਦੀ ਭਾਲ ਵਿਚ ਘੁੰਮਦੇ ਰਹੇ। ਅਚਾਨਕ ਆਪ ਨੂੰ ਇਕ ਮਹਾਤਮਾ ਦੇ ਦਰਸ਼ਨ ਹੋਏ ਜਿਸ ਤੋਂ ਆਪ ਨੇ ਪ੍ਰਭੂ ਮਿਲਣ ਦੀ ਵਿਧੀ ਪੁੱਛੀ ਤਾਂ ਉਸ ਨੇ ਦੱਸਿਆ ਪਰਮਾਤਮਾ ਗੋਬਿੰਦ ਲੋਕਾਂ ਦੀ

ਸੰਗਤ ਨਾਲ ਮਿਲ ਸਕਦਾ ਹੈ। ਸੰਤ ਮਹਾਤਮਾ ਨਗਰਾਂ ਵਿਚ ਰਹਿੰਦੇ ਹਨ। ਇਸ ਲਈ ਨਗਰ ਵਿਚ ਜਾ ਕੇ ਸਤਿਸੰਗ ਕਰੋ। ਆਪ ਦਾ ਮੇਲ 'ਸੰਤ ਬੰਸ' ਨਾਲ ਹੋਇਆ ਜਿਸ ਬਾਰੇ ਸੀਨਾ ਬਸੀਨਾ ਇਹ ਵਿਚਾਰ ਚਲਿਆ ਆਉਂਦਾ ਹੈ ਕਿ ਪਰਮਾਤਮਾ ਆਪ ਭਾਈ ਘਨੱਈਆ ਨੂੰ ਉਪਦੇਸ਼ ਦੇਣ ਲਈ 'ਸੰਤ ਬੰਸ' ਦੇ ਰੂਪ ਵਿਚ ਆਇਆ। ਜਦੋਂ ਭਾਈ ਘਨੱਈਆ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਤਾਂ ਆਪ ਨੇ ਉਸ ਸਮੇਂ ਆਖਿਆ :

ਸੰਤੁਬੰਸ ਤੁਮੇ ਬਪ ਧਾਰਾ। ਤੇਗ ਬਹਾਦੁਰ ਭਏ ਇਸ ਬਾਰਾ ॥

ਆਪ ਨੇ ਉਨ੍ਹਾਂ ਦੀ ਸੇਵਾ ਤਨ ਮਨ ਨਾਲ ਕੀਤੀ। ਉਸ ਮਹਾਂਪੁਰਖ ਨੇ ਆਪ ਨੂੰ ਇਸ ਪ੍ਰਕਾਰ ਉਪਦੇਸ਼ ਦਿੱਤਾ :

ਅਮਲ ਫਕੀਰੀ ਕਰੀ ਬਖਾਨੁ। ਸਭ ਕੀ ਸੇਵ ਕਰੋ ਤਜ ਮਾਨੁ ॥

ਮਨ ਵੈਰਾਗੁ ਧਰੋ ਨਿਸ ਭੋਰੁ। ਕਾਮ ਕੋਹਿ ਲਬ ਮਾਰੋ ਚੋਰ ॥327॥ ਧਰੋ ਲੰਗੋਟੀ ਸਿਰ ਪਰ ਟੋਪੀ। ਗੁਰੂ ਨਾਨਕ ਦੀ ਧਾਰੋ ਉਟੀ। ਧਰੋ ਫਕੀਰੀ ਮਿਰਤਕ ਹੋਵੇ। ਪੁਨ ਕੁਟੰਬ ਕੀ ਓਰ ਨ ਜੋਵੋ॥32ps ਇਉਂ ਉਪਦੇਸ਼ ਦੇਣ ਮਗਰੋਂ 'ਸੰਤ ਬੰਸ' ਭਾਈ ਘਨੱਈਆ ਪਾਸੋਂ ਸਦਾ ਲਈ ਨਿਖੜ ਗਏ। ਇਕ ਦਿਨ ਆਕਾਸ਼ਬਾਣੀ ਹੋਈ ਕਿ ਭਾਈ ਘਨੱਈਆ ਜੀ ਤੁਸੀਂ ਅਨੰਦਪੁਰ ਜਾਵੇ ਪਰ ਸੋਭਾ ਰਾਮ ਅਨੁਸਾਰ:

ਨਗਰ ਡਰੋਲੀ ਤਤੁ ਛਿਨ ਜਾਵੋ। ਗੁਰ ਪੂਰੇ ਕਾ ਦਰਸ਼ਨ ਪਾਵੇ ॥71Ps ਪਰ ਭਾਈ ਜੀ ਅਜੇ ਦੁਬਿਧਾ ਵਿਚ ਹੀ ਸਨ ਕਿ ਦੂਜੀ ਵਾਰ ਆਕਾਸ਼ਬਾਣੀ ਹੋਈ : ਚਲੋ ਡਰੋਲੀ ਦੇਰੁ ਨ ਕੀਜੈ। ਪਿਖ ਗੁਰ ਪੂਰੇ ਅੰਮ੍ਰਿਤ ਪੀਜੈ ॥

ਸਾਡਾ ਵਿਚਾਰ ਹੈ ਕਿ ਭਾਈ ਜੀ ਨੇ ਸਤਿਗੁਰੂ ਤੇਗ ਬਹਾਦਰ ਦੇ ਦਰਸ਼ਨ ਅਨੰਦਪੁਰ ਹੀ ਕੀਤੇ ਕਿਉਂਕਿ ਸਤਿਗੁਰੂ ਜੀ ਆਪਣੀ ਯਾਤਰਾ ਦੇ ਦੌਰਾਨ ਕੁਝ ਦਿਨ ਹੀ ਡਰੋਲੀ ਠਹਿਰੇ।" ਕਿਉਂਕਿ ਗ੍ਰੰਥਾਂ ਵਿਚ ਹੀ ਜ਼ਿਕਰ ਆਉਂਦਾ ਹੈ ਕਿ ਭਾਈ ਜੀ ਨੂੰ ਦਰਸ਼ਨ ਕਰਕੇ ਸ਼ਾਂਤੀ ਮਿਲੀ ਤੇ ਆਪ ਬਹੁਤ ਸਮਾਂ ਘੋੜਿਆਂ ਦੇ ਤਬੇਲੇ ਵਿਚ ਸੇਵਾ ਕਰਦੇ ਰਹੇ ਜਿਥੇ ਕਦੇ ਕਦੇ ਸਤਿਗੁਰੂ ਜੀ ਦਰਸ਼ਨ ਦੇਣ ਆ ਜਾਇਆ ਕਰਦੇ ਸਨ। ਭਾਈ ਘਨੱਈਆ ਜੀ ਦੀ ਪ੍ਰਸੰਨਤਾ ਬਾਰੇ ਸੋਭਾ ਰਾਮ ਨੇ ਲਿਖਿਆ :

ਲਾਲ ਘਨੱਈਆ ਪਿਖ ਹਰਖਾਯੋ । ਜਨਮ ਰੰਕ ਜਿਮ ਰਾਜੰ ਪਾਯੋ । ਗੁਰੂ ਸੂਰਤਿ ਮੂਰਤਿ ਰਿਧ ਧਾਰੀ । ਜਿਮ ਸੁਆਂਤੀ ਲੈ ਸੀਪ ਸਿਧਾਰੀ ॥9॥ ਇਕ ਦਿਨ ਸਤਿਗੁਰੂ ਜੀ ਨੇ ਭਾਈ ਘਨੱਈਆ ਨੂੰ ਇਕਾਂਤ ਵਿਚ ਆਖਿਆ 'ਤੁਮ ਕੋ ਗੁਰੂ ਕੇ ਗ੍ਰਿਹਿ ਤੇ ਕੁਣਕਾ ਮਿਲਿਆ ਹੈ, ਤਾਤੇ ਤੁਮ ਭੀ ਵੰਡ ਅਚਵਹੁ । ਅਬ ਜਾਵੇਂ ਸਰਬ ਜੀਵਹੁ ਕੋ ਸੁਖ ਦੇਵੋ ।° ਇਸ ਗੱਲ ਨੂੰ ਜਰਾ ਵਿਸਥਾਰ ਨਾਲ ਭਾਈ ਸੋਭਾ ਰਾਮ ਨੇ ਇਉਂ ਲਿਖਿਆ ਹੈ :

ਗੁਰੂ ਨਾਨਕ ਦਯੋ ਪ੍ਰਸਾਦਿ ਤੁਮ ਬਾਟੰ ਖਾਵੋ ਮੀਤ । ਦਯਾ ਸਮਾਨੁ ਨਹਿ ਪੁਨਿ ਹੈ ਹਿਰਦੇ ਧਾਰੋ ਨੀਤ ॥ ਅਸਨੁ ਬਸਨੀਂ ਜਲੁ ਦੀਜੀਐ ਚਾਪੀ ਕਰੋ ਬਨਾਇ । ਚਾਰੁ ਬਰਨ ਖਟੁ ਦਰਸੁ ਕਉ ਜਾਨੋ ਏਕੋ ਭਾਇ ॥7॥

ਸਤਿਗੁਰੂ ਦਾ ਆਦੇਸ਼ ਪ੍ਰਾਪਤ ਕਰਕੇ ਭਾਈ ਜੀ ਉਥੋਂ ਚੱਲ ਪਏ ਅਤੇ 'ਕਹਵਾ' ਪਿੰਡ ਪੁੱਜੇ । ਇਹ ਪਿੰਡ ਜ਼ਿਲ੍ਹਾ ਕੈਬਲਪੁਰ ਵਿਚ, ਕੈਬਲਪੁਰ ਤੋਂ 12 ਕੁ ਮੀਲ ਦੀ ਵਿਥ ਤੇ ਹੈ, ਜੋ ਲਾਹੌਰ ਤੋਂ ਪਿਸ਼ਾਵਰ ਨੂੰ ਜਾਂਦੀ ਜਰਨੈਲੀ ਸੜਕ ਦੇ ਕਿਨਾਰੇ ਤੇ ਸਥਿਤ ਹੈ । ਉਥੇ ਆਪ ਨੇ ਪਾਣੀ ਬਿਨਾ ਜੀਵ ਦੁੱਖੀ ਦੇਖੇ ਤਾਂ ਪਾਣੀ ਦਾ ਪ੍ਰਬੰਧ ਕੀਤਾ ਤੇ ਧਰਮਸਾਲਾ ਵੀ ਬਣਾਈ ਜਿਸ ਵਿਚ ਪਰਦੇਸ਼ੀਆਂ ਲਈ ਬਿਸਤਰਿਆਂ ਆਦਿ ਤੇ ਖਾਣੇ ਦਾ ਪ੍ਰਬੰਧ ਕੀਤਾ ਅਤੇ ਨਾਲ ਹੀ ਡੇਢ ਸੌ ਘੜਾ ਪਾਣੀ ਦਾ ਵੀ ਭਰ ਕੇ ਰੱਖਿਆ, ਜਿਸ ਨਾਲ ਅਤਿਥੀਆਂ ਨੂੰ ਕਾਫ਼ੀ ਆਰਾਮ ਮਿਲਣ ਲੱਗਾ । ਸਭਧਰਮਾਂ ਦੇ ਲੋਕਾਂ ਲਈ ਇਹ ਧਰਮਸਾਲਾ ਖੁੱਲ੍ਹੀ ਸੀ । ਭਾਈ ਜੀ ਇਸ ਗੱਲ ਦਾ ਪ੍ਰਚਾਰ ਕਰਦੇ ਸਨ 'ਜੋ ਹਮਾਰਾ ਪੰਥ ਏਕਤਾ ਕਾ ਹੈ । ਇਉਂ ਸਭ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤ ਜਾਣ ਕੇ ਆਪ ਸੇਵਾ ਕਰਦੇ ਅਤੇ ਥੱਕੇ ਹੋਏ ਮੁਸਾਫਰਾਂ ਦੀ ਮੁੱਠੀ ਚਾਪੀ ਵੀ ਕਰਦੇ ਸਨ ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਭਾਈ ਘਨੱਈਆ ਜੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਪੁੱਜੇ ਅਤੇ ਸੇਵਾ ਕਰਨ ਲੱਗੇ । ਸਤਿਗੁਰੂ ਜੀ ਦੇ ਹੁਕਮ ਨਾਲ ਸਾਰੇ ਸਿੱਖ ਸ਼ਸਤਰ ਬੱਧ ਹੋ ਗਏ । ਆਪ ਭਾਵੇਂ ਜਲ ਦੀ ਸੇਵਾ ਹੀ ਕਰਿਆ ਕਰਦੇ ਸਨ ਤਾਂ ਵੀ ਕਿਸੇ ਸਿੱਖ ਨੇ ਭਾਈ ਜੀ ਨੂੰ ਵੀ ਤੇਗਾ ਪਹਿਨਾ ਦਿੱਤਾ । ਇਕ ਸਿੰਘ ਨੇ ਪੁਛਿਆ ਕਿ ਭਾਈ ਜੀ ਤੁਸੀਂ ਜੰਗ ਵਿਚ ਤੇਗ ਵਾਹੋਗੇ ਤਾਂ ਆਪ ਨੇ ਉੱਤਰ ਦਿੱਤਾ "ਕਿਸੀ ਕੋ ਮਾਰਨੇ ਕਉ ਹਮਨੇ ਤੇਗਾਂ ਨਹੀਂ ਬਾਂਧਿਆ । ਇਸ ਵਾਸਤੇ ਬਾਂਧਾ ਹੈ ਕਿ ਜਬ ਕੋਈ ਮਾਰਨੇ ਕਉ ਆਵੇਗਾ, ਤਬ ਮੈਂ ਆਪਣਾ ਤੇਗਾਂ ਕਾਢ ਕਰ ਉਸ ਕਉ ਪਕੜਾਉਂਗਾ ਅਰ ਮੁੱਖ ਸੇ ਕਹੂੰਗਾ ਜੋ ਤੁਮ

ਕਉ ਅਪਨੀ ਤੇਗ ਕਾਢਨੀ ਨ ਪੜੇ ਇਉਂ ਮੇਰੀ ਹੀ ਮੁਝ ਕਉ ਮਾਰਉ"।" ਇਹ ਗੱਲ ਹੌਲੀ ਹੌਲੀ ਗੁਰੂ ਗੋਬਿੰਦ ਸਿੰਘ ਪਾਸ ਵੀ ਪੁੱਜ ਗਈ ਤਾਂ ਉਨ੍ਹਾਂ ਆਖਿਆ ਕਿ "ਭਾਈ ਕਨ੍ਹਈਆ ਦੀ ਤੇਗ ਉਤਾਰ ਲਓ ਜੋ ਇਹ ਤਾਂ ਰਣ ਕਾ ਭਜਾਓ ਹੈ । ਲੜਨੇ ਕਾ ਅਧਿਕਾਰ ਤੋ ਨਹੀਂ, ਕਾਹੇ ਤੇ ਜੋ ਇਨ ਕੋ ਹਮਾਰੇ ਪਿਤਾ ਨੇ ਘਾਲ ਬਤਾਈ ਹੈ, ਇਹ ਉਸੀ ਘਾਲ ਮੇ ਸਾਵਧਾਨ ਹੈ। ਇਹ ਅਉਰ ਘਾਲ ਕੇ ਅਧਿਕਾਰੀ ਨਹੀਂ ।"4 ਭਾਈ ਘਨੱਈਆ ਨੇ 'ਤਬ ਬੀਸ ਬੀਸਵੇ ਨਾਵਾ ਮਹਲੁ ਘਰ ਦਸਮਾ ਮਹਲੁ ਏਕ ਕਰ ਜਾਨਿਆ ।

ਜਦੋਂ ਅਨੰਦਪੁਰ ਨੂੰ ਮੁਗ਼ਲ ਅਤੇ ਪਹਾੜੀ ਰਾਜਿਆਂ ਦੀ ਫੌਜ ਨੇ ਘੇਰਾ ਪਾ ਲਿਆ ਤਾਂ ਬੜੇ ਘਮਸਾਣ ਦਾ ਯੁੱਧ ਹੋਇਆ। ਭਾਈ ਘਨੱਈਆ ਸਤਲੁਜ ਦਰਿਆ ਤੇ ਪੁੱਜ ਜਾਂਦੇ ਅਤੇ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਂਦੇ । ਬਿਨਾਂ ਕਿਸੇ ਹਿੰਦੂ, ਸਿੱਖ, ਮੁਸਲਮਾਨ ਦੇ ਵਿਤਕਰੇ ਦੇ ਸਭਨੂੰ ਪਾਣੀ ਪਿਆਈ ਜਾਂਦੇ । ਭਾਈ ਲਾਲ ਚੰਦ ਅਨੁਸਾਰ 'ਭਾਈ ਘਨੱਈਆ ਜੀ ਇਸ ਪ੍ਰਕਾਰ ਜੰਗ ਬੀਚ ਮਸ਼ਕ ਭਰ ਕੇ ਜਲ ਕੀ ਪਿਲਾਉਂਦੇ ਰਹੇ ਸਿੰਘਾਂ ਬੀਚ ਭੀ, ਅਰ ਤੁਰਕਾਂ ਬੀਚ ਭੀ। ਕੋਈ ਇਸ ਕੋ ਅਟਕਾਵੇ ਨਹੀਂ ਨਿਸੰਕ ਹੀ ਫਿਰੇ ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ ।" ਤਾਂ ਸਿੱਖਾਂ ਨੇ ਇਸ ਬਾਰੇ ਸਤਿਗੁਰੂ ਪਾਸ ਸ਼ਿਕਾਇਤ ਕੀਤੀ। ਗੁਰੂ ਜੀ ਦੇ ਇਸ ਦਾ ਕਾਰਨ ਪੁੱਛਣ ਤੇ ਭਾਈ ਘਨੱਈਆ ਜੀ ਨੇ ਇਹ ਜਵਾਬ ਦਿੱਤਾ ਕਿ ਮੈਨੂੰ ਤਾਂ ਸਭ ਵਿਚ ਬ੍ਰਹਮ ਰਵ ਰਿਹਾ ਦਿਖਾਈ ਦਿੰਦਾ ਹੈ ਕਿਉਂਕਿ ਆਪ ਦਾ ਇਹ ਉਪਦੇਸ਼ ਹੈ :

ਸਭ ਮੈਂ ਏਕ ਬ੍ਰਹਮ ਹੀ ਪੂਰਨ । ਤਿਸ ਕਾ ਰੂਪ ਪਛਾਨੋ ਤੁਰਨ ॥ ਇਹ ਉਪਦੇਸ਼ ਕਰਯੋ ਜੋ ਆਪ । ਸੋ ਹਮ ਰਾਖਯੋ ਉਰ ਮੈਂ ਥਾਪ ॥7

ਭਾਈ ਜੀ ਦਾ ਇਹ ਉੱਤਰ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਭਾਈ ਸਿਖੋ । ਘਨਯਾ ਰਾਮ ਬ੍ਰਹਮ ਗਿਆਨੀ ਸੱਚਾ ਸੰਤ ਸਮਦਰਸੀ ਹੈ ।" ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਘਨੱਈਆ ਜੀ ਤੇ ਬਖਸ਼ਿਸ਼ ਕਰਦਿਆਂ ਇਉਂ ਬਚਨ ਕੀਤੇ :

ਜੋ ਤੁਮ ਕਰਨਾ ਸੋ ਕਰ ਲੀਨਾ । ਸਭਿ ਮਧਿ ਪੂਰਨ ਬ੍ਰਹਮੰ ਚੀਨਾ ।

ਜੋ ਗੁਰੂ ਤੇਗ ਬਹਾਦਰ ਭਾਖਾ । ਸੋਈ ਕੀਜੈ ਧਰੁ ਅਭਿਲਾਖਾ॥759॥ ਨਿਰਗੁਨ ਅਪੁਨਾ ਪੰਥਿ ਬਨਾਵੈ । ਕੀਜੈ ਕਿਰਤੈ ਵੰਡਿ ਕਰ ਖਾਵੋ ॥ ਸਤਿਨਾਮੁ ਗੁਰ ਮੰਤ੍ਰ ਉਚਾਰੋ । ਗੁਰੂ ਗ੍ਰੰਥ ਪਰ ਨਿਹਚਾ ਧਾਰੋ ॥7॥" ਸਤਿਗੁਰੂ ਜੀ ਨੇ 'ਆਪਣੇ ਹੱਥ ਦਾ ਰੁਮਾਲ ਦੇ ਕੇ

ਰਿਧੀਆਂ ਸਿਧੀਆਂ ਨਾਲ ਭਰਪੂਰ ਕੀਤਾ I ਜਦੋਂ 1704 ਈਸਵੀ ਵਿਚ ਸਤਿਗੁਰੂ ਜੀ ਨੇ ਅਨੰਦਪੁਰ ਛੱਡਿਆ ਤਾਂ ਭਾਈ ਘਨੱਈਆ ਜੀ ਨੂੰ ਆਗਿਆ ਕੀਤੀ, "ਲਹਿੰਦੇ ਵੱਲ ਜਾਹ, ਗੁਰੂ ਕੀ ਸਿੱਖੀ ਵਧਾ, ਤੇਰਾ ਪੰਥ ਚੱਲੇਗਾ।"" ਭਾਈ ਘਨੱਈਆ 'ਕਾਹਵੇ' ਚਲੇ ਗਏ ਤੇ ਸਿੱਖੀ ਦਾ ਪਰਚਾਰ ਕੀਤਾ।

ਕੀ ਭਾਈ ਘਨੱਈਆ ਉਦਾਸੀ ਸਾਧੂ ਸਨ ਭਾਈ ਸੁੱਖਾ ਸਿੰਘ ਨੇ ਲਿਖਿਆ ਹੈ : ਏਕ ਉਦਾਸੀ ਸਾਧ ਕਨੈਯਾ I ਸਾਧੂ ਭਏ ਸਾਥ ਗੁਨ ਗੈਯਾ ॥

ਇਸ ਮੱਤ ਦੇ ਦੂਸਰੇ ਸਮਰਥਕ ਆਚਾਰੀਆ ਸੀਤਾ ਰਾਮ ਚਤੁਰਵੇਦੀ ਹਨ। ਉਦਾਸੀ ਸ਼ਬਦ ਦਾ ਕੋਸ਼ਗਤ ਅਰਥ ਹੈ "ਉਦਾਸੀਨਤਾ" ਉਪਰਾਮ, ਵਿਰਕਤ I ਘਰ ਬਾਰ ਦਾ ਮੋਹ ਤਿਆਗ ਕੇ ਪਰਮਾਤਮਾ ਦੀ ਖੋਜ ਵਿਚ ਨਿਕਲੇ ਵਿਅਕਤੀ ਨੂੰ ਉਦਾਸੀ ਆਖਿਆ ਜਾਂਦਾ ਹੈ I

ਆਚਾਰੀਆ ਸੀਤਾ ਰਾਮ ਚਤੁਰਵੇਦੀ ਨੇ ਉਦਾਸੀ ਦੀ ਪਰਿਭਾਸ਼ਾ ਇਉਂ ਕੀਤੀ ਹੈ I 'ਉਹ ਵਿਅਕਤੀ ਜੋ ਸੁੱਖ, ਦੁੱਖ, ਰਾਗ, ਦੈਖ, ਲੋਭ, ਮੋਹ, ਆਪਣਾ ਪਰਾਇਆ, ਆਦਿ ਸਭ ਪਰਕਾਰ ਦੇ ਦਵੈਤਾਂ ਤੋਂ ਪਰ੍ਹੇ ਹੋ ਕੇ ਸਭ ਨੂੰ ਆਪਣਾ ਸਮਝਦਾ ਹੋਵੇ I" ਜੇਕਰ ਇਸ ਅਨੁਸਾਰ ਦੇਖਿਆ ਜਾਵੇ ਤਾਂ ਭਾਈ ਘਨੱਈਆ ਜੀ ਉਦਾਸੀ ਸਨ ਕਿਉਂਕਿ ਉਹ ਵੀ ਘਰ ਬਾਰ ਤਿਆਗ ਕੇ ਸਭ ਕਾਸੇ ਤੋਂ ਮੋਹ ਮੁਕਤ ਹੋ ਕੇ ਪਰਮਾਤਮਾ ਦੀ ਖੋਜ ਵਿਚ ਨਿਕਲੇ ਸਨ ਅਤੇ ਬਿਨਾਂ ਕਿਸੇ ਵਿਤਕਰੇ ਦੇ ਸਭ ਦੀ ਸੇਵਾ ਕਰਦੇ ਸਨ I ਪਰ ਉਨ੍ਹਾਂ ਦਾ ਉਦਾਸੀ ਸੰਪ੍ਰਦਾਇ, ਜਿਸ ਦੇ ਬਾਨੀ ਬਾਬਾ ਸ੍ਰੀ ਚੰਦ ਨੂੰ ਮੰਨਿਆ ਜਾਂਦਾ ਹੈ, ਨਾਲ ਕੋਈ ਸੰਬੰਧ ਨਹੀਂ ਸਥਾਪਿਤ ਕੀਤਾ ਜਾ ਸਕਦਾ। ਗੁਰਬਿਲਾਸ ਵਿਚ ਭਾਈ ਸੁੱਖਾ ਸਿੰਘ ਨੇ 'ਉਦਾਸੀ' ਸ਼ਬਦ ਨੂੰ ਵਿਆਪਕ ਅਰਥਾਂ ਵਿਚ ਲਿਆ I ਆਚਾਰੀਆ ਸੀਤਾ ਰਾਮ ਚਤੁਰਵੇਦੀ ਨੇ ਉਦਾਸੀ ਸੰਪ੍ਰਦਾਇ ਦੇ ਅੰਤਰਗਤ ਭਾਈ ਘਨੱਈਆ ਜੀ ਨੂੰ ਲਿਆ ਹੈ ਪਰ ਉਨ੍ਹਾਂ ਨੇ ਆਪਣਾ ਸ੍ਰੋਤ ਨਹੀਂ ਦੱਸਿਆ ਜਿਸ ਤੋਂ ਭਾਈ ਜੀ ਨੂੰ ਉਦਾਸੀ ਸਿੱਧ ਕੀਤਾ ਜਾ ਸਕੇ I

ਸਾਡਾ ਵਿਚਾਰ ਹੈ ਕਿ ਭਾਈ ਘਨੱਈਆ ਜੀ ਦਾ ਉਦਾਸੀ ਸੰਪ੍ਰਦਾਇ ਨਾਲ ਕੋਈ ਸੰਬੰਧ ਨਹੀਂ ਸੀ ਜਿਸ ਦੇ ਕਾਰਨ ਹਨ :

(ੳ) ਕਿਸੇ ਵੀ ਸੇਵਾ ਪੰਥੀ ਇਤਿਹਾਸ ਗ੍ਰੰਥ, ਭਾਈ ਘਨੱਈਆ ਜੀ ਦੀ ਜੀਵਨੀ ਤੇ ਭਾਈ ਜੀ ਨਾਲ ਸੰਬੰਧਿਤ ਲਿਖਤਾਂ ਵਿਚ ਉਨ੍ਹਾਂ ਦੇ ਉਦਾਸੀ ਹੋਣ ਦਾ ਜ਼ਿਕਰ ਨਹੀਂ ਹੈ।

(ਅ) ਭਾਈ ਘਨੱਈਆ ਜੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਭਾਈ ਨਨੂਆ ਜੀ ਕੇ ਸੇਵਕ ਸਨ ਜੋ ਉਦਾਸੀ ਨਹੀਂ ਸਨ ਸਗੋਂ ਵੈਸ਼ਨੋ" ਭਗਤ ਸਨ ।

ਭਾਈ ਨਨੂਆ ਜੀ ਮਗਰੋਂ ਭਾਈ ਘਨੱਈਆ ਗੁਰੂ ਤੇਗ਼ ਬਹਾਦਰ ਅਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦੇ ਰਹੇ ਅਤੇ ਫਿਰ ਗੁਰੂ ਸਾਹਿਬ ਦਾ ਹੁਕਮ ਪ੍ਰਾਪਤ ਕਰਕੇ ਸਿੱਖੀ ਦਾ ਪ੍ਰਚਾਰ ਤੇ ਲੋਕ ਸੇਵਾ ਕਰਦਿਆਂ ਜੀਵਨ ਬਤੀਤ ਕਰ ਦਿੱਤਾ ।

(ਸ) ਉਦਾਸੀ ਸੰਪ੍ਰਦਾਇ ਦੇ ਇਤਿਹਾਸ ਵਿਚ ਭਾਈ ਘਨੱਈਆ ਜੀ ਦਾ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ ।

(ਹ) ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ ਕਈ ਲੇਖਕਾਂ ਨੇ ਭਾਈ ਮੀਹਾਂ ਜੋ ਉਦਾਸੀ ਸਾਧੂ ਸੀ ਤੇ ਦਸਮ ਗੁਰੂ ਦੇ ਦਰਬਾਰ ਵਿਚ ਜਲ ਤੇ ਲੰਗਰ ਦੀ ਸੇਵਾ ਕਰਦਾ ਹੁੰਦਾ ਸੀ, ਉਸ ਨੂੰ ਭਾਈ ਘਨੱਈਆ ਲਿਖ ਦਿੱਤਾ, ਜੋ ਭੁੱਲ ਹੈ।

ਭਾਈ ਜੀ ਦੇ ਪ੍ਰਸਿੱਧ ਸੇਵਕ ਭਾਈ ਸੇਵਾ ਰਾਮ ਜੀ ਹੋਏ ਹਨ ਜਿਨ੍ਹਾਂ ਦਾ ਜਨਮ ਸੰਮਤ 1815 ਵਿਚ ਦੱਖਣ ਦੇਸ ਵਿਚ ਹੋਇਆ। ਆਪ ਦੇ ਪਿਤਾ" ਵੀ ਮਹਾਤਮਾ ਸਨ ਜਿਨ੍ਹਾਂ ਨੇ ਬਾਲਪਣ ਵਿਚ ਹੀ ਇਨ੍ਹਾਂ ਨੂੰ ਅਧਿਆਤਮਿਕ ਸਿਖਿਆ ਦੇਣੀ ਆਰੰਭ ਕਰ ਦਿੱਤੀ । ਭਾਈ ਸਾਹਿਜ ਰਾਮ ਨੇ ਆਪਦੇ ਪਿਤਾ ਬਾਰੇ ਇਉਂ ਲਿਖਿਆ ਹੈ :

ਸੁਘੜ ਪਿਤਾ ਸੁਜਨ ਸੁਜਾਨ ਮਹਾ ਪੁਰਖ ਪ੍ਰਤਪਾਲ । ਬਚਨ ਸੁਨਾਵੈ ਗੁਰਮਤੀ ਜਿਉਂ ਸਮਝਤ ਦੇਖੇ ਬਾਲ ॥

ਬਚਪਨ ਵਿਚ ਜਦੋਂ ਬਾਲ ਸੇਵਾ ਰਾਮ ਨੇ ਬੋਲਣਾ ਸਿੱਖਿਆ ਤਾਂ ਉਸ ਨੂੰ 'ਵਾਹਿਗੁਰੂ' ਸ਼ਬਦ ਰਟਨ ਦੀ ਆਦਤ ਪਾ ਦਿੱਤੀ ।

ਜਬਹਿ ਜੀਭ ਉਚਾਰਨ ਮਹਿੰ ਆਈ । ਤਬ ਵਾਹਿਗੁਰੂ ਕੀ ਟੇਵ ਸਿਖਾਈ ॥

ਬਾਰਾਂ ਵਰ੍ਹਿਆਂ ਦੀ ਉਮਰ ਵਿਚ ਹੀ ਘਰ ਤਿਆਗਣ ਲਈ ਤਿਆਰ ਕੀਤਾ ਅਤੇ ਆਪ ਸੱਚੇ ਗੁਰੂ ਦੀ ਭਾਲ ਵਿਚ ਚੱਲ ਪਏ। ਰਾਹ ਵਿਚ ਇਕ ਮਹਾਂ ਪਾਖੰਡੀ ਉਦਾਸੀ ਸਾਧੂ ਨਾਲ ਮੇਲ ਹੋਇਆ ਜਿਸ ਪਾਸੋਂ ਆਪ ਨੇ ਬੜੀ ਮੁਸ਼ਕਲ ਨਾਲ ਜਾਨ ਛੁਡਾਈ ਅਤੇ ਅਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਪੁੱਜੇ ਅਤੇ ਸਤਿਗੁਰੂ ਜੀ ਨੇ ਆਪ ਨੂੰ ਭਾਈ ਘਨੱਈਆ ਪਾਸ ਜਾਣ ਦਾ ਹੁਕਮ ਦਿੱਤਾ।

ਆਪ ਸੋਧਰੇ ਪੁੱਜ ਕੇ ਤਪਦੀ ਦੁਪਹਿਰੇ ਇਕ ਬਾਗ ਵਿਚ ਆਰਾਮ ਕਰਨ ਲਈ ਬੈਠ ਗਏ ਜਿਥੇ ਇਕ ਠੱਗ ਸਾਧੂ (ਜਿਸ ਨੇ ਲੋਕਾਂ ਤੋਂ ਬਹੁਤ ਸਾਰੀ ਚਾਂਦੀ ਇਹ ਆਖ ਕੇ ਲੈ ਲਈ ਸੀ ਮੈਂ ਜਾਦੂ ਨਾਲ ਸੋਨਾ ਬਣਾ ਦਿਆਂਗਾ) ਬੈਠਾ ਸੀ ਅਤੇ ਲੋਕ ਉਸ ਨੂੰ ਘੇਰੀ ਬੈਠੇ ਸਨ ਕਿ ਇਹ ਕਿਧਰੇ ਭੱਜ ਨਾ ਜਾਵੇ। ਉਸ ਨੇ ਭਾਈ ਸੇਵਾ ਰਾਮ ਵੱਲ ਇਸ਼ਾਰਾ ਕਰਕੇ ਆਖਿਆ ਕਿ ਮੇਰਾ ਸੇਵਕ ਵੀ ਪੁੱਜ ਗਿਆ ਹੈ। ਲੋਕਾਂ ਨੇ ਸੋਚਿਆ ਕਿ ਇਹ ਦੋ ਜਣੇ ਹਨ। ਜੇਕਰ ਇਕ ਭੱਜ ਜਾਵੇ ਤਾਂ ਦੂਸਰਾ ਤਾਂ ਬੈਠਾ ਹੀ ਰਹੇਗਾ। ਠੱਗ ਮੌਕਾ ਪਾ ਕੇ ਭੱਜ ਗਿਆ। ਲੋਕਾਂ ਨੇ ਭਾਈ ਸੇਵਾ ਰਾਮ ਨੂੰ ਫੜ ਲਿਆ ਤੇ ਆਪਣੇ ਜਾਗੀਰਦਾਰ ਪਾਸ ਪੇਸ਼ ਕੀਤਾ ਜਿਸ ਨੇ ਆਪ ਨੂੰ ਹੱਥਕੜੀਆਂ ਲਗਾ ਕੇ ਡਿਉਢੀ ਵਿਚ ਬਿਠਾ ਦਿਤਾ। ਦੇਵ ਨੇਤ ਭਾਈ ਘਨੱਈਆ ਜੀ ਨੂੰ ਜਾਗੀਰਦਾਰ ਨੇ ਪ੍ਰਸਾਦ ਛਕਣ ਲਈ ਆਪਣੇ ਗ੍ਰਿਹ ਵਿਖੇ ਬੁਲਾਇਆ ਹੋਇਆ ਸੀ। ਆਪ ਆਪਣੇ ਸੇਵਕਾਂ ਸਹਿਤ ਉਥੇ ਪੁੱਜੇ ਤੇ ਭਾਈ ਸੇਵਾ ਰਾਮ ਦੇ ਹੱਥਕੜੀਆਂ ਲੱਗੀਆਂ ਦੇਖੀਆਂ। ਚੇਹਰੇ ਤੇ ਨਿਰਦੋਸ਼ ਹੋਣ ਦੀ ਝਲਕ ਦਿਖਾਈ ਦਿੱਤੀ। ਜਾਗੀਰਦਾਰ ਪਾਸੋਂ ਸਾਰੀ ਗੱਲ ਪੁੱਛੀ ਤੇ ਸੇਵਾ ਰਾਮ ਪਾਸ ਪੁੱਜ ਗਏ। ਭਾਈ ਸੇਵਾ ਰਾਮ ਨੇ ਦੱਸਿਆ ਕਿ ਮੈਂ ਢੂੰਡਦਾ ਢੂੰਡਦਾ ਇੱਥੇ ਪੁਜਿਆ ਪਰ ਇਥੇ ਬੇੜੀਆਂ ਪੈ ਗਈਆਂ। ਭਾਈ ਘਨੱਈਆ ਜੀ ਨੇ ਪੁੱਛਿਆ ਕਿ ਕਿਸ ਨੂੰ ਢੂੰਡਦਾ ਸੈਂ ਤਾਂ ਆਪ ਨੇ ਆਖਿਆ ਕਿ ਢੂੰਡਦਾ ਤਾਂ ਮੈਂ ਆਪ ਨੂੰ ਹੀ ਸਾਂ, ਤੇ ਹੁਣ ਸਿਆਣ ਵੀ ਲਿਆ ਹੈ ਕਿ ਆਪ ਨੂੰ ਲੱਭਦਾ ਸਾਂ, ਆਪ ਵਿਚ ਤੇ ਸਾਂਈਂ ਵਿਚ ਕੁਝ ਭੇਦ ਨਹੀਂ। ਭਾਈ ਨੇ ਬਚਨ ਕੀਤਾ "ਭਾਈ ਪਸ਼ੂ ਦੇ ਗਲ ਵਿਚ ਰੱਸਾ ਗਲਾਵਾ ਓਨਾ ਚਿਰ ਰਖੀਦਾ ਹੈ ਜਿੰਨਾ ਚਿਰ ਉਹ ਵੱਗ ਨਾਲ ਨਹੀਂ ਰਲਦਾ, ਜਦ ਵੱਗ ਨਾਲ ਰਲ ਜਾਵੇ ਤਾਂ ਗਲੋਂ ਰੱਸਾ ਕੱਢ ਛਡੀਦਾ ਹੈ। ਤਿਵੇਂ ਹੀ ਤੁਹਾਨੂੰ ਭਗਵੰਤ ਨੇ ਬੇੜੀਆਂ ਪਾ ਕੇ ਆਣ ਗੁਰੂ ਸੰਗਤ ਨਾਲ ਮੇਲਿਆ ਹੈ ਕਿ ਮਤਾ ਲਾਭ ਚਾਂਭ ਜਾਂਦਾ ਹੋਵੇ' ਅਤੇ ਇਉਂ ਭਾਈ ਜੀ ਜ਼ਾਮਨੀ ਦੇ ਕੇ ਭਾਈ ਸੇਵਾ ਰਾਮ ਨੂੰ ਮੁਕਤ ਕਰਵਾ ਕੇ ਆਪਣੇ ਨਾਲ ਲੈ ਗਏ।"

ਸੇਵਾ ਰਾਮ ਨੇ ਭਾਈ ਘਨੱਈਆ ਜੀ ਦੀ ਅਤੇ ਸਾਧ ਸੰਗਤ ਦੀ ਤਨ, ਮਨ ਨਾਲ ਸੇਵਾ ਕੀਤੀ ਅਤੇ ਨਾਮ ਜਪਿਆ। ਆਪ ਭਾਈ ਘਨੱਈਆ ਜੀ ਦੇ ਪਿਆਰ ਵਿਚ ਇੰਨੇ ਗੁਆਚ ਗਏ ਕਿ ਦਵੈਤ ਖ਼ਤਮ ਹੋ ਗਈ। ਭਾਈ ਸਹਿਜ ਰਾਮ ਅਨੁਸਾਰ ਭਾਈ ਘਨੱਈਆ ਤੇ ਭਾਈ ਸੇਵਾ ਰਾਮ ਇਕ ਹੋ ਗਏ। ਫਿਰ ਭਾਈ ਘਨੱਈਆ ਦੇ ਹੁਕਮ ਅਨੁਸਾਰ ਆਪ ਗੁਰਮਤਿ ਪਰਚਾਰ ਤੇ ਜੀਵਾਂ ਦੀ ਸੇਵਾ ਕਰਨ ਲਈ ਚਲੇ ਗਏ ਤੇ ਨੂਰਪੁਰ ਥਲ ਪੁੱਜ ਗਏ। ਰਾਤ ਉੱਥੇ ਟਿਕਾਣਾ ਕੀਤਾ ਅਤੇ ਆਪ ਨੂੰ ਪਤਾ ਲੱਗਾ ਕਿ ਇਥੇ ਜਲ ਬਿਨਾਂ ਜੀਵ ਬਹੁਤ ਤੰਗ ਹਨ। ਆਪਨੇ ਖੂਹ ਪੁੱਟਣਾ ਸ਼ੁਰੂ ਕੀਤਾ ਅਤੇ ਨਾਲ ਹੀ ਆਏ ਗਏ ਮੁਸਾਫਰਾਂ ਦੀ ਸੇਵਾ ਲਈ ਧਰਮਸਾਲਾ ਦੀ ਨੀਂਹ ਰੱਖੀ। ਜਦੋਂ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਵੀ ਆਪ ਦੀ ਸੇਵਾ ਵਿਚ ਹਾਜ਼ਰ ਹੋ ਗਏ ਤੇ ਇਉਂ ਖੂਹ ਤੇ ਧਰਮਸਾਲਾ ਦੋਨੋਂ ਤਿਆਰ ਕਰ ਲਏ ਗਏ, ਜਿਸ ਨਾਲ ਜਲ ਦੀ ਤੰਗੀ ਦੂਰ ਹੋ ਗਈ ਅਤੇ ਮੁਸਾਫਰਾਂ ਦੇ ਆਰਾਮ ਲਈ ਸਾਧਨ ਬਣ ਗਿਆ।" ਇਉਂ ਆਪ ਨੇ ਗੁਰਮਤਿ ਦਾ ਪਰਚਾਰ ਤੇ ਜੀਵਾਂ ਦੀ ਸੇਵਾ ਜਾਰੀ ਰੱਖੀ।

ਭਾਈ ਘਨੱਈਆ ਜੀ ਬਿਰਧ ਹੋ ਗਏ ਸਨ। ਆਪ ਨੇ ਆਪਦਾ ਅੰਤਿਮ ਸਮਾਂ ਨਿਕਟ ਜਾਣ ਕੇ ਆਪਣੇ ਸੇਵਕਾਂ ਨੂੰ ਇਸ ਪ੍ਰਕਾਰ ਉਪਦੇਸ਼ ਦਿੱਤਾ, "ਜਬ ਕਿਸੀ ਕਾ ਸ਼ਰੀਰ ਛੁਟੇ। ਤਬ ਜਲ ਪ੍ਰਵਾਹੁ ਕਰਿ ਡਾਰੀਐ ਤਉ ਭਲਾ ਹੈ। ਕਾਹੇ ਤੇ। ਜੋ ਹਮ ਜੈਸੇ ਨਿਰਧਨੇ ਕੋ ਪਾਸ ਮਾਇਆ ਕਾ ਸਿੰਚਾ ਤੋਂ ਕਛੁ ਨਹੀਂ। ਲੱਕੜੀਆਂ ਤੇ ਕੱਪੜੇ ਸਿਉਂ ਭੀ ਛੁਟੀਐ। ਅਰ ਯਗ ਮਹੋਛਾ ਭੀ ਇਹੀ ਹੂਆ ਜੋ ਜੀਵੰਹੁੰ ਨੇ ਸਰੀਰ ਹੂੰ ਕਾ ਭੋਜਨ ਕੀਆ। ਮਾਨੋ ਮਹੋਛਾ ਹੂਆ।" 36 ਸ਼ਾਮ ਨੂੰ ਭਾਈ ਘਨੱਈਆ ਜੀ ਨਿਤਨੇਮ ਅਨੁਸਾਰ ਕੀਰਤਨ ਸੁਣਨ ਲਈ ਬੈਠ ਗਏ। ਪਹਿਲਾਂ ਕਦੇ ਕੰਧ ਨਾਲ ਢਾਸਣਾ ਨਹੀਂ ਸਨ ਲਾਉਂਦੇ ਪਰ ਉਸ ਦਿਨ ਢਾਸਣਾ ਲਗਾ ਲਿਆ ਤੇ ਕੀਰਤਨ ਸੁਣਨ ਲੱਗੇ। ਰਬਾਬੀ ਜਦੋਂ ਥੱਕ ਗਏ ਤਾਂ ਉਨ੍ਹਾਂ ਨੇ ਜਾਤਾ ਕਿ ਭਾਈ ਜੀ ਸੌਂ ਗਏ ਹਨ। ਜਦੋਂ

ਸੇਵਕ ਭਾਈ ਜੀ ਨੂੰ ਜਗਾਉਣ ਲਗੇ ਤਾਂ ਦੇਖਿਆ ਉਨ੍ਹਾਂ ਨੇ ਸਰੀਰ ਤਿਆਗ ਦਿੱਤਾ ਹੈ। ਸਾਰੇ ਪਾਸੇ ਸੋਗ ਦੀ ਲਹਿਰ ਫੈਲ ਗਈ। ਸੇਵਕਾਂ ਨੇ ਆਪ ਦੇ ਹੁਕਮ ਅਨੁਸਾਰ ਆਪ ਦਾ ਸਰੀਰ ਜਲ ਪ੍ਰਵਾਹ ਕਰ ਦਿੱਤਾ। ਬਾਅਦ ਵਿਚ ਸਾਧਾਂ ਨੇ ਭਾਈ ਸੇਵਾ ਰਾਮ ਨੂੰ ਕਹਵੇ ਖਬਰ ਭੇਜੀ ! ਆਪ ਨੇ ਪਹਿਲਾਂ ਚੁੱਪ ਧਾਰ ਰਖੀ। ਫਿਰ 'ਏਕ ਰੈਨ ਉੱਤੇ ਸਾਸ ਲੇਤੇ ਰਹੇ। ਫਿਰ ਦੁਇੰ ਰਾਤੀਂ ਅਰ ਦੋਇੰ ਦਿਨ ਤੰਬੂਰਾ ਲੈ ਕਰ ਗਾਵਤੈ ਰਹੇ। ਬਹੁਤ ਤੋਂ ਏਹੀ ਸ਼ਬਦ ਗਾਵਹਿਂ। ਜੋ ਸੇਵਕ ਕੀ ਓੜਕ ਨਿਬਹੀ ਪ੍ਰੀਤਿ ਭਾਈ ਘਨੱਈਆ ਜੀ ਦੇ ਸ਼ਰਧਾਲੂ ਤੇ ਕਰਨੀ ਵਾਲੇ ਇਸ ਸਿੱਖ ਭਾਈ ਸੇਵਾ ਰਾਮ ਨੇ ਭਾਈ ਜੀ ਦੇ ਕੰਮ ਨੂੰ ਆਪਣੇ ਹੱਥ ਵਿਚ ਲੈ

ਲਿਆ ਤੇ ਗੁਰਮਤਿ ਦਾ ਪਰਚਾਰ ਤੇ ਜੀਵਾਂ ਦੀ ਸੇਵਾ ਨੂੰ ਆਪਣਾ ਜੀਵਨ ਮਨੋਰਥ ਬਣਾ ਲਿਆ। ਆਪ ਜੀ ਨੂਰਪੁਰ ਥਲ ਵਿਖੇ ਨਾਮ ਬਾਣੀ ਦਾ ਪਰਚਾਰ ਕਰ ਰਹੇ ਸਨ ਤਾਂ ਇਕ ਬਾਲਕ ਸਹਿਜ ਰਾਮ ਬਹੁਤ ਪਿਆਰ ਨਾਲ ਆਪ ਦੀ ਸੇਵਾ ਕਰਦਾ । ਭਾਈ ਜੀ ਪ੍ਰਸੰਨ ਹੋਏ । ਆਪਨੇ ਉਸ ਬਾਲ ਨੂੰ ਕੋਲ ਬੁਲਾ ਕੇ ਪਿਆਰ ਕੀਤਾ ਅਤੇ ਉਸ ਨੂੰ ਨਾਮ ਸਿਮਰਨ ਵਿਚ ਲੱਗਣਾ ਤੇ ਸਾਧ ਸੰਗਤ ਵਿਚ ਆਉਣ ਲਈ ਆਖਿਆ। ਬਾਲ ਨੇ ਬਹੁਤ

ਉਦਾਸ ਹੋ ਕੇ ਆਖਿਆ ਮਿਹਰਬਾਨ, ਮੇਰੀ ਬਾਲਕ ਅਵਸਥਾ ਹੈ ਤੇ ਮੈਨੂੰ ਕਾਮ ਬੱਡਾ ਦੁੱਖ ਦੇਤਾ ਹੈ, ਮੈਂ ਕਿਸ ਪ੍ਰਕਾਰ ਸਾਧ ਸੰਗਤ ਮੇਂ ਆਵਾਂ । ਮੇਰੇ ਚਿਤ ਮੇਂ ਇਹ ਚਿੰਤਾ ਬਹੁਤ ਰਹਤੀ ਹੈ ਜੋ ਬਾਲਕ ਅਵਸਥਾ ਮੇਂ ਮੇਰੇ ਤਾਈਂ ਕਾਮ ਏਡਾ ਦੁੱਖ ਦੇਤਾ ਹੈ । ਤਬ ਜੁਬਾ ਅਵਸਥਾ ਮਹਿ ਮੇਰਾ ਕੀ ਹਾਲ ਕਰੇਗਾ"। ਤਾਂ ਭਾਈ ਜੀ ਨੇ ਆਪ ਦੇ ਸੱਚ ਬੋਲਣ ਦੀ ਦਾਦ ਦਿੱਤੀ ਤੇ ਅੰਮ੍ਰਿਤ ਦ੍ਰਿਸ਼ਟ ਨਾਲ ਕਾਮ ਦੀ ਭਟਕਣਾ ਸਦਾ ਲਈ ਮੁਕਾ ਦਿੱਤੀ । ਇਹ ਭਾਈ ਸਹਿਜ ਰਾਮ ਸੀ ਜਿਸ ਨੇ ਸੇਵਾ ਪੰਥੀਆਂ ਬਾਰੇ ਕਈ ਗ੍ਰੰਥ ਲਿਖੇ, ਜਿਸ ਕਾਰਨ ਇਸ ਨੂੰ ਸੇਵਾ ਪੰਥੀਆਂ ਦਾ ਵੇਦ ਵਿਆਸ ਆਖਿਆ ਜਾਂਦਾ ਹੈ ।

ਭਾਈ ਸੇਵਾ ਰਾਮ ਨੇ ਜਦੋਂ ਭਾਈ ਅੱਡਣ ਸ਼ਾਹ ਦੇ ਜਤੀ ਸਤੀ ਤੇ ਕਰਨੀ ਵਾਲੇ ਹੋਣ ਬਾਰੇ ਮਹਿਮਾ ਸੁਣੀ ਤਾਂ ਆਪ ਭਾਈ ਅੱਡਣ ਜੀ ਨੂੰ ਮਿਲਣ ਲਈ ਉਨ੍ਹਾਂ ਦੇ ਪਿੰਡ ਗਏ । ਭਾਈ ਜੀ ਅੱਗੇ ਪਿੰਡ ਸ਼ਾਹ ਜੁਸਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੁਧਾਈ ਕਰਨ ਲਈ ਗਏ ਹੋਏ ਸਨ । ਆਪ ਵੀ ਉੱਥੇ ਪੁੱਜ ਗਏ ਤੇ ਦੋਵੇਂ ਸੰਤ ਇਕ ਦੂਸਰੇ ਨੂੰ ਬੜੇ ਹਿੱਤ ਨਾਲ ਮਿਲੇ ।" ਭਾਈ ਅੱਡਣ ਸ਼ਾਹ ਜੀ ਭਾਈ ਸੇਵਾ ਰਾਮ ਦੀ ਸ਼ਖ਼ਸੀਅਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪ ਦੇ ਚੇਲੇ ਬਣ ਗਏ ।

ਇਸ ਉਪਰੰਤ ਆਪ ਧਰਮ ਦਾ ਪਰਚਾਰ ਕਰਨ ਲਈ ਜੰਮੂ ਚਲੇ ਗਏ ਤੇ ਬਾਅਦ ਵਿਚ ਮੁਜਫਰਗੜ੍ਹ ਪਹੁੰਚੇ । ਸ਼ਹਿਰੋਂ ਬਾਹਰ ਮੀਲ ਦੀ ਵਿੱਥ ਤੇ ਧਰਮਸਾਲਾ ਬਣਾਈ । ਧਰਮ ਦਾ ਪ੍ਰਚਾਰ ਤੇ ਲੰਗਰ ਦੀ ਸੇਵਾ ਆਰੰਭ ਕੀਤੀ। ਰੋਟੀਆਂ ਦਾ ਟੋਕਰਾ ਲੈ ਕੇ ਸੜਕ ਕਿਨਾਰੇ ਬੈਠ ਜਾਂਦੇ ਤੇ ਲੈ ਲੈ ਟੁਕੜਾ, ਲੈ ਲੈ ਟੁਕੜਾ ਕਹਿ ਕੇ ਆਵਾਜ਼ਾਂ ਦਿੰਦੇ ਜਿਸ ਕਾਰਨ ਇਹ ਪਿੰਡ ਹੁਣ ਤਾਈ 'ਲੱਟਕੁੜਾ' ਕਰਕੇ ਪ੍ਰਸਿੱਧ ਹੈ । ਇਥੇ ਆਪਣੀ ਪ੍ਰਭੁਤਾ ਵਧਦੀ ਦੇਖ ਕੇ ਆਪ ਨੇ ਆਪਣੇ ਸੇਵਕ ਕ੍ਰਿਸ਼ਨ ਚੰਦ ਨੂੰ ਗੁਰਦੁਆਰਾ ਸੌਂਪ ਦਿੱਤਾ ਤੇ ਆਪ ਕੁੱਲੀ ਬਣਾ ਕੇ ਭਜਨ ਵਿਚ ਲੀਨ ਹੋ ਗਏ। ਇਉਂ ਆਪ ਨੇ ਚੌਦਾਂ ਸਾਲ ਤਪ ਕੀਤਾ ਅਤੇ ਅਖੀਰ ਇਥੇ ਸੰਮਤ 1785° ਬਿਕਰਮੀ/1728 ਈਸਵੀ ਵਿਚ ਸਰੀਰ ਤਿਆਗਿਆ।

ਆਪ ਜੀ ਦੇ ਅੱਠ ਚੇਲੇ ਹੋਏ 1. ਭਾਈ ਲਛਮਨ ਜੀ 2. ਭਾਈ ਬੁਧਰ ਜੀ 3. ਭਾਈ

ਰਾਣਾ ਜੀ 4. ਭਾਈ ਸੰਤੋਖਾ ਜੀ 5. ਭਾਈ ਅੱਡਣ ਜੀ 6. ਭਾਈ ਨਾਰਾਇਣ ਜੀ 7. ਭਾਈ ਸਾਹਿਬ ਰਾਮ ਜੀ 8. ਭਾਈ ਸਹਿਜ ਰਾਮ ਜੀ ॥

ਆਪ ਦੇ ਮੁਖੀ ਚੇਲੇ ਭਾਈ ਅੱਡਣ ਸ਼ਾਹ ਜੀ ਹੋਏ ਹਨ ਜਿਨ੍ਹਾਂ ਨੇ ਬਾਅਦ ਵਿਚ ਭਾਈ ਸੇਵਾ ਰਾਮ ਦੀ ਥਾਂ ਸੰਭਾਲੀ ਤੇ ਗੁਰਮਤਿ ਦਾ ਪ੍ਰਚਾਰ ਤੇ ਜੀਵਾਂ ਦੀ ਸੇਵਾ ਆਰੰਭ ਕੀਤੀ । ਭਾਈ ਅੱਡਣ ਸ਼ਾਹ ਦਾ ਜਨਮ ਪਿੰਡ ਲਊ ਜੋ ਸ਼ਾਹ ਜੀਵਨ ਦੇ ਨੇੜੇ ਹੈ, ਵਿਖੇ 1680 ਈ. ਦੇ ਕਰੀਬ ਹੋਇਆ। ਆਪ ਬਚਪਨ ਤੋਂ ਹੀ ਬਹੁਤ ਹੋਣਹਾਰ ਸਨ । ਆਪ ਨੇ ਗੁਰਮੁਖੀ ਵਿੱਦਿਆ ਸਾਧੂ ਭਾਈ ਗੁਰਦਾਸ ਜੀ ਪਾਸੋਂ ਪ੍ਰਾਪਤ ਕੀਤੀ, ਜੋ ਗੁਰੂ ਤੇਗ ਬਹਾਦਰ ਜੀ ਦੇ ਸਿੱਖ ਸਨ, ਜਿਨ੍ਹਾਂ ਨੇ ਪਿੰਡ ਲਊ ਵਿਖੇ ਧਰਮਸਾਲਾ ਪਾ ਲਈ । ਇਥੇ ਆਪ ਨੇ ਅਨੇਕ ਬਾਲਾਂ ਨੂੰ ਗੁਰਮੁਖੀ ਪੜ੍ਹਾਈ ਤੇ ਨਾਮ ਬਾਣੀ ਦਾ ਘਰ ਘਰ ਪ੍ਰਚਾਰ ਕਰਕੇ ਜੀਵਨ ਸਫਲਾ ਕੀਤਾ।" ਇਉਂ ਭਾਈ ਅੱਡਣ ਜੀ ਨੇ ਗੁਰਬਾਣੀ ਦਾ ਗੂੜ੍ਹ ਗਿਆਨ ਆਪ ਪਾਸੋਂ ਹਾਸਲ ਕੀਤਾ ।

ਭਾਈ ਅੱਡਣ ਜੀ ਨੇ ਪਹਿਲਾ ਲਊ, ਮੁਦਾ ਸਰੀਰ ਤੇ ਸ਼ਾਹ ਜੀਵਣੇ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਆਪ ਨੇ ਇੱਥੇ ਧਰਮਸਾਲਾਵਾਂ ਬਣਵਾਈਆਂ ਤੇ ਆਏ ਗਏ ਮੁਸਾਫਰਾਂ ਦੀ ਸੇਵਾ ਸੰਭਾਲ ਦਾ ਕੰਮ ਅਰੰਭ ਕੀਤਾ। ਇਥੇ ਡੇਰੇ ਵਿਚ ਸਾਧ ਸੰਗਤ ਦੀ ਸੇਵਾ ਲਈ ਕੋਈ ਦਾਨੀ ਆਪ ਜੀ ਨੂੰ ਗਊਆਂ ਦੇ ਗਏ ਤਾਂ ਕਿ ਦੁੱਧ ਦਹੀਂ ਦਾ ਆਰਾਮ ਰਹੇ । ਚੋਰ ਇਕ ਰਾਤ ਗਊਆਂ ਲੈ ਗਏ ਪਰ ਬਛੜੇ ਛੱਡ ਗਏ। ਜਦੋਂ ਸਵੇਰੇ ਭਾਈ ਜੀ ਨੇ ਮਾਵਾਂ ਬਿਨਾਂ ਵਿਲਕਦੇ ਬਛੜੇ ਦੇਖੇ ਤਾਂ ਆਪਣੇ ਸੇਵਕਾਂ ਨੂੰ ਹੁਕਮ ਕੀਤਾ ਕਿ ਇਨ੍ਹਾਂ ਬਛੜਿਆਂ ਨੂੰ ਉਨ੍ਹਾਂ ਚੋਰਾਂ ਦੇ ਹਵਾਲੇ ਕਰ ਆਓ ਤਾਂ ਕਿ ਇਹ ਬੱਚੇ ਸੁੱਖੀ ਹੋ ਜਾਣ। ਸਾਧਾਂ ਨੇ ਇਉਂ ਹੀ ਕੀਤਾ ਤਾਂ ਚੋਰਾਂ ਦੇ ਮਨ ਤੇ ਬਹੁਤ ਪ੍ਰਭਾਵ ਪਿਆ। ਉਹ ਗਊਆਂ ਵਾਪਸ ਕਰ ਗਏ ਤੇ ਚੋਰੀ ਛੱਡ ਕੇ ਸਾਧੂ ਬਣ ਗਏ ।" ਇਕ ਅਜਿਹੀ ਹੀ ਘਟਨਾ ਹੋਰ ਵਾਪਰੀ ਕਿ ਭਾਈ ਜੀ ਨੇ ਸਾਧਾਂ ਲਈ ਡੇਰੇ ਵਿਚ ਬਿਸਤਰ ਬਣਾਉਣ ਲਈ ਤਾਣੀ ਲਗਾਈ, ਰਾਤ ਨੂੰ ਚੋਰ ਆ ਪਏ, ਹੋਰ ਕੋਈ ਚੀਜ਼ ਹੱਥ ਨਾ ਲੱਗੀ । ਉਹ ਜਾਂਦੇ ਹੋਏ ਪੇਟਾ ਹੀ ਲੈ ਗਏ ਤਾਂ ਭਾਈ ਜੀ ਨੇ ਸਵੇਰੇ ਤਾਣੀ ਵੀ ਉਨ੍ਹਾਂ ਨੂੰ ਭਿਜਵਾ ਦਿੱਤੀ । ਇਹ ਚੋਰ ਵੀ ਪਹਿਲੇ ਚੋਰਾਂ ਵਾਂਗ ਤਾਣਾ ਪੇਟਾ ਵਾਪਸ ਕਰ ਗਏ ਤੇ ਚੋਰੀ ਨੂੰ ਸਦਾ ਲਈ ਤਿਆਗਣ ਦਾ ਪ੍ਰਣ ਕੀਤਾ ।

ਸ਼ਾਹ ਜੀਵਣੇ ਇਕ ਹਿਰਦੇ ਵੇਧਕ ਘਟਨਾਵਾਂ ਵਾਪਰੀ । "ਕੋਈ ਸਿੱਖ ਗੁਰੂ ਗ੍ਰੰਥ ਸਾਹਿਬ ਪੜ੍ਹਦਾ ਬੈਠਾ ਥਾ ਅਰ ਸਯਦ ਰੋ ਸਿਕਦਾਰ ਥਾ, ਤਿਸ ਕਾ ਚਾਕਰ ਕੋਈ ਨਰ ਥਾ ਮਹਾਂ ਮੂਢ ਤਿਸ ਕੋ ਬੁਲਵਾਤਾ ਭਇਆ ਵਿਗਾਰ ਪਕੜਨੇ ਨਮਿਤ । ਤਬ ਦੇਖ ਕੇ ਭਾਈ ਜੀ ਹੋਰਾਂ ਅਥਵਾ ਕਿਸੀ ਅਵਰ ਸਾਧ ਤਿਸ ਸਿਪਾਹੀ ਕੋ ਕਹਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹ ਲੇਵੈ ਏਤਾ ਕਾਲ ਧੀਰਜ ਕਰ ਪਰ ਵਹ ਕਠੋਰ ਸਿਪਾਹੀ ਥਾਂ, ਸੰਤਾਂ ਕਾ ਬਚਨ ਨਾ ਮਾਨਤਾ ਭਇਆ ਅਰ ਸਿੱਖ ਕੇ ਉਠਾਇ ਲੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਸੋ। ਐਸੀ ਅਨੀਤ ਜੁਲਮੀ ਦੇਖ ਕੇ ਭਾਈ ਅੱਡਣ ਜੀ ਉਦਾਸ ਭਏ । ਕਾਹੇ ਤੇ ਜੋ ਯਹਿ ਸਿਪਾਹੀ ਕਾ ਕਰਮ ਨਹੀਂ ਯਹਿ ਸਿਕਦਾਰ ਦਾ ਕਰਮ ਹੈ ਅਰ ਜਹਾਂ ਸਿਕਦਾਰ ਕੀ ਅਨੀਤ ਹੋਵੇ ਤਹਾਂ ਰਹਿਨੇ ਪਰ ਸੁਖ ਕਬੀ ਨਹੀਂ ਨਿਕਸਤਾ ।" ਅਤੇ ਭਾਈ ਜੀ ਨੇ ਤੂੰਬੀ ਹੱਥ ਵਿਚ ਫੜੀ ਤੇ ਪਿੰਡ ਤਿਆਗ ਕੇ ਚੱਲ ਪਏ ਅਤੇ ਜੰਮੂ ਦੇ ਚੌਧਰੀਆਂ ਦੀ ਬੇਨਤੀ ਮੰਨ ਕੇ ਉੱਥੇ ਧਰਮਸਾਲਾ ਦੀ ਨੀਂਹ ਰੱਖੀ । ਜਦੋਂ ਬਹੁਤ ਸਾਰੇ ਲੋਕ ਆਪ ਪਾਸ ਦਰਸ਼ਨਾਂ ਲਈ ਆਉਣ ਜਾਣ ਲੱਗੇ ਤਾਂ ਆਪ ਨੇ ਭਗਤੀ ਵਿਚ ਵਿਘਨ ਪੈਂਦਾ ਵੇਖ ਕੇ ਜੰਮੂ ਤਿਆਗ ਦਿੱਤਾ ਤੇ ਲਾਹੌਰ ਵਿਖੇ ਆਪਣੇ ਇਕ ਸੇਵਕ ਦੁਆਰਾ ਤਿਆਰ ਕਰਵਾਈ ਗਈ ਧਰਮਸਾਲਾ ਵਿਚ ਆ ਡੇਰਾ ਕੀਤਾ ਅਤੇ ਬਹੁਤ ਦੇਰ ਇਸ ਧਰਮਸਾਲਾ ਵਿਚ ਰਹੇ।

ਆਪ ਜਟਾ ਜੂਟ ਪੂਰਨ ਗੁਰਸਿੱਖ ਸਨ । ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਪੰਜ ਪੰਜ ਰੁਪਏ ਪੈ ਰਿਹਾ ਸੀ ਤਾਂ ਆਪ ਲਾਹੌਰ ਵਰਗੇ ਸ਼ਹਿਰ ਦੇ ਨੇੜੇ ਨਿਧੜਕ ਘੁੰਮਦੇ ਤੇ ਪੀਰਾਂ ਫਕੀਰਾਂ ਨੂੰ ਮਿਲਦੇ ਰਹਿੰਦੇ ਸਨ । ਆਪ ਜੀ ਨੈਤਿਕ ਦਲੇਰੀ ਦਾ ਗਿਆਨ ਹੇਠ ਲਿਖੀਆਂ ਘਟਨਾਵਾਂ ਤੋਂ ਭਲੀ ਭਾਂਤ ਹੁੰਦਾ ਹੈ। ਇਕ ਵਾਰ ਬਾਦਸ਼ਾਹ ਨੇ ਆਪਣੇ ਪੀਰ ਪਾਸ ਭਾਈ ਅੱਡਣ ਜੀ ਦੇ ਦਰਸ਼ਨ ਦੀ ਇੱਛਾ ਪਰਗਟ ਕੀਤੀ ਕਿਉਂਕਿ ਉਸ ਨੇ ਆਪ ਦੀ ਬੜੀ ਮਹਿਮਾ ਸੁਣੀ ਸੀ । ਉਹ ਜਾਣ ਲਈ ਤਿਆਰ ਹੋ ਗਿਆ ਪਰ ਜਦੋਂ ਭਾਈ ਜੀ ਨੂੰ ਪਤਾ ਲੱਗਾ ਤਾਂ ਆਪ ਬਾਦਸ਼ਾਹ ਦੇ ਪੀਰ ਨੂੰ ਉਹਦੀ ਦਰਗਾਹ ਵਿਖੇ ਕੁਝ ਸਾਧੂ ਮਹਾਤਮਾ ਨਾਲ ਲੈ ਕੇ ਮਿਲਣ ਲਈ ਚਲੇ ਗਏ । ਪੀਰ ਬਹੁਤ ਪ੍ਰਸੰਨ ਹੋਇਆ । ਭਾਈ ਲਾਲ ਚੰਦ ਦੇ ਸ਼ਬਦਾਂ ਵਿਚ "ਅਰ ਦਸਤਪੋਸ਼ੀ ਲੀਤੀ ਬੜੇ ਅਦਬ ਸੇ ਆਪਨੇ ਆਸਨ ਪਰ ਭਾਈ ਜੀ ਕੋ ਬੈਠਾਇਆ। ਅਰ ਕਹਿਆ ਜੋ ਬੜੀ ਮਿਹਰਬਾਨੀ ਕੀਨੀ ਜੋ ਦੀਦਾਰ ਦੀਆ।."

"ਪਾਦਸ਼ਾਹ ਆਇਆ ਪੀਰ ਕੋ ਦੀਦਾਰ ਕੋ । ਭਾਈ ਭਾਈ ਜੀ ਕੀ ਓਰ ਦੇਖਿਆ। ਜੋ ਕੇਸ ਸਿਰ ਪਰ ਨਜ਼ਰ ਪੜੇ । ਤਬ ਪਾਦਸ਼ਾਹ ਪੁੱਛਿਆ ਜੋ ਯਹਿ ਮਰੇਲੇ ਕੋ ਸੀਖ ਹੈ ਤਬ ਪੀਰ ਕਹਿਆ ਨਹੀਂ, ਯਹਿ ਸ੍ਰੀ ਬਾਬੇ ਨਾਨਕ ਜੀ ਫਕੀਰ ਕੇ ਸੀਖ ਹੈ। ਤਬ ਭਾਈ ਜੀ ਗਰਜ ਕੇ ਬੋਲੇ ਅਰ ਕਹਾ, ਨਹੀਂ ਹਮ ਮਰੇਲੇ ਸ੍ਰੀ ਗੁਰੂ ਗੋਬਿੰਦ ਜੀ ਕੇ ਸਿੱਖ ਹੈ ਤਬ ਪਾਦਸ਼ਾਹ ਕੁਝ ਬੋਲ ਨਾ

ਸਕਿਆ । ਸੱਚ ਕਾ ਐਸਾ ਪਰਤਾਪ ਹੈ ਜੋ ਛਾਇ ਗਇਆ ਪਾਦਸ਼ਾਹ ਫੇਰ ਨਾ ਬੋਲਿਆ। ਹੀਂ ਤਾਂ ਉਹ ਪਾਦਸ਼ਾਹ ਸਿੱਖਾਂ ਸਾਥ ਬੜਾ ਵੈਰ ਰੱਖਦਾ ਥਾ । ਜੇ ਕੋਈ ਕੇਸਾਧਾਰੀ ਸਿੱਖ ਦਾ ਸਿਰ ਲਿਆਇ ਦੇਵੇ ਤਬ ਪਾਚ ਰੁਪਏ ਦੇਤਾ ਥਾ ।" ਜਦੋਂ ਬਾਦਸ਼ਾਹ ਵਾਪਸ ਚਲੇ ਗਏ ਤਾਂ ਪੀਰ ਜੀ ਨੇ ਭਾਈ ਜੀ ਨੂੰ ਆਖਿਆ ਕਿ ਇਹ ਮੂੜ ਬਹੁਤ ਅਭਿਮਾਨੀ ਲੋਕ ਹਨ ਅਤੇ ਦਸਮ ਗੁਰੂ ਦੇ ਸਿੱਖਾਂ ਦੇ ਵੈਰੀ ਹਨ । ਇਸ ਲਈ ਮੈਂ ਆਪ ਨੂੰ ਬਾਬੇ ਨਾਨਕ ਦਾ ਸਿੱਖ ਆਖਿਆ ਸੀ ਕਿ ਇਹ ਆਪ ਨੂੰ ਕੋਈ ਕਸ਼ਟ ਨਾ ਦੇਵੇ ਤੇ ਗੁਰੂ ਨਾਨਕ ਗੋਬਿੰਦ ਸਿੰਘ ਇਕ ਰੂਪ ਹਨ ਪਰ ਆਪਨੇ ਇਹ ਭੇਦ ਕਿਉਂ ਕੀਤਾ । ਭਾਈ ਜੀ ਨੇ ਉੱਤਰ ਦਿੱਤਾ 'ਬਾਬਾ ਨਾਨਕ ਜੀ ਅਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੇਂ ਭੇਦ ਤੋਂ ਹਮ ਭੀ ਨਹੀਂ ਜਾਨਤ ਪਰੰਤੂ ਇਹ ਜੋ ਕਹਿਨਾ ਸ੍ਰੀ ਗੁਰੂ ਨਾਨਕ ਜੀ ਕੇ ਸਿੱਖ ਹੈ ਅਰ ਮਰੇਲੇ ਕੇ ਨਹੀਂ। ਸੋ ਸਰੀਰ ਬਚਾਵਨ ਨਮਿਤ ਬਚਨ ਕਬ ਯੋਗ ਹੈ । ਖਿੰਨ ਭੰਗਰ ਤੁਛ ਸਰੀਰ ਖਿੰਨ ਭੰਗਰ ਤੁਛ ਸਰੀਰ ਕੇ ਨਮਿਤ ਐਸਾ ਗੁਰੂ ਸਮਰਥ ਕੋ ਲੋਪ ਕਰਨਾ ਮਹਾਂ ਨੀਚਤਾਈ ਹੈ।" ਇਸੇ ਤਰ੍ਹਾਂ ਆਪ ਦੀ ਦ੍ਰਿੜ੍ਹਤਾ ਤੇ ਸਿੱਖੀ ਸਿਦਕ ਬਾਰੇ ਇਕ ਘਟਨਾ ਹੋਰ ਵਰਣਨਯੋਗ ਹੈ । ਜਦੋਂ ਸਿੱਖਾਂ ਤੇ ਅਕਹਿ ਤੇ ਅਸਿਹ ਜ਼ੁਲਮ ਹੋ ਰਿਹਾ ਸੀ ਤਾਂ ਆਪਣੀ ਗਲੀ ਦੀ ਬਾਰੀ ਖੋਲ੍ਹ ਕੇ ਅਤੇ ਸਾਹਮਣੇ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਨ ਲੱਗ ਪਏ। ਕਿਸੇ ਨੇ ਆਪ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਇਕ ਹਿੰਦੂ ਦੀਵਾਨ ਨੇ ਇਹ ਪ੍ਰਣ ਕੀਤਾ ਹੈ ਕਿ ਮੈਂ ਗੁਰੂ ਦਾ ਪੰਥ ਖ਼ਤਮ ਕਰ ਦੇਵਾਂਗਾ ਤਾਂ ਆਪ ਨੇ ਬਚਨ ਕੀਤਾ ਨੀਚ ਝਖ ਮਾਰਤਾ ਹੈ, ਇਹ ਸਚੇ ਪੁਰਖ ਕਾ ਪੰਥ ਸਾਜਿਆ ਹੈ। ਕਉਨ ਹੈ ਇਹ ਕੰਗਾਲ ਜੋ ਦੂਰ ਕਰ ਸਕੇ।" ਇਨ੍ਹਾਂ ਘਟਨਾਵਾਂ ਤੋਂ ਆਪ ਦੇ ਦ੍ਰਿੜ ਵਿਸ਼ਵਾਸ, ਨੈਤਿਕ ਦਲੇਰੀ ਤੇ ਆਤਮ ਸਨਮਾਨ ਦੀ ਭਾਵਨਾ ਦਾ ਪਤਾ ਲੱਗਦਾ ਹੈ।

ਆਪ ਅਠੇ ਪਹਿਰ ਕਥਾ ਕੀਰਤਨ ਵਿਚ ਮਗਨ ਰਹਿੰਦੇ । ਆਪ ਦੇ ਡੇਰੇ ਵਿਚ ਢਾਈ ਸੌ ਸਾਧੂ ਹਰ ਵੇਲੇ ਰਹਿੰਦੇ ਸਨ । ਭਾਈ ਲਾਲ ਚੰਦ ਦੇ ਸ਼ਬਦਾਂ ਵਿਚ 'ਅਢਾਈ ਸੋ ਸਾਧ ਭਾਈ ਅੱਡਣ ਜੀ ਪਾਸ ਰਹਿਤੇ ਪਰ ਮਾਨੋ ਮਾਨਸਰੋਵਰ ਮੈਂ ਹੰਸ ਇਕੱਤਰ ਭਏ ਹੈਂ, ਕੇਤੇ ਤਤਵੇਤੇ ਹੈ।

ਕੇਤੇ ਮਹਾ ਹਠੀ ਤਪੀ ਜਪੀ ਜਗਿਆਸੀ ਹੈਂ । ਸੋ ਸਭ ਕੀਰਤਨ ਸੁਨਤੇ ਹੈਂ ਸਮਾਧਿ ਪਰਾਇਣ ਜੈਸੇ ਜੋਗੀ ਬੈਠਤੇ ਹੈ । ਪਰ ਮੁਗਲ ਸਿਪਾਹੀ ਜਿਸ ਹਿੰਦੂ ਨੂੰ ਵੀ ਦੇਖਦੇ ਸਨ, ਵਗਾਰ ਲਈ ਫੜ ਲੈਂਦੇ ਸਨ । ਸੇਵਾ ਪੰਥੀ ਸਾਧਾਂ ਨੂੰ ਵੀ ਕਈ ਵਾਰ ਵਗਾਰ ਲਈ ਫੜ ਲਿਆ ਜਾਂਦਾ ਸੀ, ਪਰ ਇਹ ਕਦੇ ਨਾ ਆਖਦੇ ਕਿ ਅਸੀਂ ਸਾਧੂ ਹਾਂ ਸਗੋਂ ਵਗਾਰ ਕਰ ਦਿੰਦੇ ਸਨ । ਭਾਈ ਅੱਡਣ

ਜੀ ਦੀ ਸੰਗਤ ਕਰਨ ਲਈ ਕਈ ਅਮੀਰ ਵਜ਼ੀਰ ਤੇ ਦੀਵਾਨ ਵੀ ਆਉਂਦੇ ਸਨ। ਇਕ ਦਿਨ ਉਨ੍ਹਾਂ ਸਾਰਿਆਂ ਨੇ ਰਲ ਕੇ ਬੇਨਤੀ ਕੀਤੀ ਕਿ ਆਪ ਆਪਣੇ ਸਾਧਾਂ ਨੂੰ ਕੋਈ ਭੇਖ ਦਿਉ ਤਾਂ ਕਿ ਉਨ੍ਹਾਂ ਨੂੰ ਵਗਾਰ ਲਈ ਕੋਈ ਨਾ ਫੜੇ। ਆਪ ਭੇਖ ਦੇ ਵਿਰੁੱਧ ਸਨ ਕਿਉਂਕਿ ਦਿਖਾਵਾ ਕਰਨਾ ਕਪਟ ਹੈ ਪਰ ਸ਼ਰਧਾਲੂਆਂ ਦੇ ਵਾਰ ਵਾਰ ਬੇਨਤੀ ਕਰਨ ਤੇ 'ਸਾਧਾਂ ਕੇ ਸੀਸ ਪਰ ਟੋਪੀਆਂ ਪਹਿਰਾਈਆਂ ਪਰ ਸੁਧੀਆ ਅਰ ਲੱਕ ਸਾਫਾ ਇਕਬਰਾ ਵਾ ਡੇਢਾ ਦੀਆ।" ਤੇ ਇਉ ਸੇਵਾ ਪੰਥੀ ਸਾਧੂਆਂ ਨੂੰ ਭੇਖ ਦਿੱਤਾ।

ਆਪ ਬਹੁਤ ਬੇਪਰਵਾਹ ਤਬੀਅਤ ਦੇ ਮਾਲਕ ਸਨ। ਵਿਖਾਵੇ ਤੇ ਪਾਖੰਡ ਦੇ ਬਿਲਕੁਲ ਵਿਰੁੱਧ ਸਨ। ਇਕ ਦਿਨ ਆਪ ਨੇ ਆਪਣੀ ਸਭਾ ਵਿਚ ਬਚਨ ਕੀਤਾ 'ਜੋ ਹਮ ਏਤੇ ਰਾਖੇ ਡੇਢੀ ਮੇਂ ਬੈਠਾਏ ਹੂਏਂ ਹੈ। ਪੰਡਤਾਂ ਵਾਸਤੇ ਪਾਰਸ ਭਾਗ ਅਰ ਮਸਨਵੀ ਕਿਤਾਬ ਦੀ ਕਥਾ ਕਰਾਵਤੇ ਹੈਂ ਜੋ ਕਹਿਨਗੇ ਇਹ ਮਲੇਛ ਭਾਖਿਆ ਪੜ੍ਹਤੇ ਹੈਂ। ਇਸ ਤੇ ਇਹ ਭੀ ਨਹੀਂ ਆਵਤੇ। ਅਰ ਵੈਸਨੋ ਕਰਮ ਕਾਂਡੀਆ ਵਾਸਤੇ ਹੈ ਇਹ ਕਿ ਬੋਕੀ ਕੂਏ ਪਰ ਰਖੀ ਹੋਈ ਹੈ। ਇਤਨੀਆਂ ਬਾਤਾਂ ਕੋ ਦੇਖ ਕੇ ਜਿਸ ਕੋ ਗਿਲਾਨ ਨਾ ਆਵੇਗੀ। ਸੋ ਸੱਚੀ ਪ੍ਰੀਤ ਵਾਲਾ ਅੰਦਰ ਆਵੇਗਾ। '2

ਆਪ ਦੀ ਸਰਪ੍ਰਸਤੀ ਹੇਠ ਬਹੁਤ ਸਾਰੇ ਵਿਦਵਾਨ ਸਾਧੂਆਂ ਨੇ ਕਾਫ਼ੀ ਮਾਤਰਾ ਵਿਚ ਸਾਹਿਤ ਰਚਨਾ ਕੀਤੀ। ਅਬਦਾਲੀ ਦੇ ਹਮਲੇ ਤੋਂ ਪਹਿਲਾਂ ਆਪ ਕਰਤਾਰਪੁਰ ਤੋਂ ਫਗਵਾੜੇ ਭਾਈ ਦਰਬਾਰੀ ਜੀ ਪਾਸ ਕੁਝ ਸਮਾਂ ਅਟਕੇ ਤੇ ਫਿਰ ਪਹਾੜਾਂ ਵੱਲ ਚਲੇ ਗਏ ਜਿਥੋਂ ਜੰਮੂ ਦੇ ਪ੍ਰੇਮੀ ਆਪ ਨੂੰ ਲੱਭ ਕੇ ਸ਼ਹਿਰ ਵਿਚ ਲੈ ਆਏ। ਆਪ ਨੇ ਇਥੇ ਧਰਮ ਦਾ ਪ੍ਰਚਾਰ ਕਰਦਿਆਂ ਸੰਮਤ 1814 ਵਿਸਾਖ 17 ਸੁਦੀ 8 ਨੂੰ ਸਰੀਰ ਤਿਆਗਾ ਦਿੱਤਾ।

ਆਪ ਜੀ ਦੇ 36 ਚੇਲੇ ਸਨ 1. ਭਾਈ ਧਨੂ ਜੀ 2. ਭਾਈ ਮੇਹਰਾ ਜੀ 3. ਭਾਈ ਪਰਮ ਰਾਮ ਜੀ 4. ਭਾਈ ਵਜੀਰਾ ਜੀ 5. ਭਾਈ ਕਿਰਪਾ ਰਾਮ ਜੀ 6. ਭਾਈ ਵਰੂ ਜੀ 7. ਭਾਈ ਸਵਾਈ ਰਾਮ 8. ਭਾਈ ਬਾਲਕ ਰਾਮ ਜੀ 9. ਭਾਈ ਭਾਰੂ ਜੀ 10. ਭਾਈ ਰੁੱਚੀ ਰਾਮ ਜੀ 11. ਭਾਈ ਆਇਆ ਰਾਮ ਜੀ 12. ਭਾਈ ਭਲਾ ਰਾਮ ਜੀ 13. ਭਾਈ ਰੰਗ ਜੀ 14. ਭਾਈ ਮਨੀ ਜੀ 15. ਭਾਈ ਰਾਮ ਦਿਆਲ ਜੀ 16. ਭਾਈ ਦੁੱਖ ਭੰਜਨ ਜੀ 17. ਭਾਈ ਮੇਹਰ ਸਿੰਘ ਜੀ 18. ਭਾਈ ਰਾਜਾ ਰਾਮ ਜੀ 19. ਭਾਈ ਜਤ ਜੀ 20. ਭਾਈ ਸਹਿਜ ਰਾਮ ਜੀ 21. ਭਾਈ ਜੈ ਸਿੰਘ ਜੀ 22. ਭਾਈ ਸਿੰਘਾ ਜੀ 23. ਭਾਈ ਹਰੀ ਸਿੰਘ ਜੀ 24. ਭਾਈ

ਨਿਮਾਣਾ ਜੀ 25. ਭਾਈ ਰਾਇ ਜੀ 26. ਭਾਈ ਦਿਆ ਰਾਮ ਜੀ 27. ਭਾਈ ਸੁੰਦਰ ਜੀ 28. ਭਾਈ ਪਰਮਾ ਜੀ 29. ਭਾਈ ਦਰਗਾਹੀ ਜੀ 30. ਭਾਈ ਬਾਲਕ ਰਾਮ ਜੀ (ਦੂਸਰਾ) 31. ਭਾਈ ਮੰਗੂ ਜੀ 32. ਭਾਈ ਗਾੜ੍ਹ ਜੀ 33. ਭਾਈ ਹਾੜੀ ਜੀ 34. ਭਾਈ ਮੰਗੂ ਜੀ (ਦੂਸਰਾ) 35. ਭਾਈ ਕਿਸ਼ਨ ਦਾਸ ਜੀ 36. ਭਾਈ ਨਿਰਗੁਨ ਜੀ

ਸੇਵਾਪੰਥੀਆਂ ਨੇ ਵਿੱਦਿਆ ਦੇ ਖੇਤਰ ਵਿਚ ਮੁਢ ਤੋਂ ਹੀ ਬੜੀ ਸੇਵਾ ਕੀਤੀ ਹੈ। ਲੱਖਾਂ ਲੋਕਾਂ ਨੂੰ ਗੁਰਮੁਖੀ ਤੇ ਬ੍ਰਹਮ ਵਿੱਦਿਆ ਪ੍ਰਦਾਨ ਕਰਕੇ ਸਿੱਖ ਬਣਾਇਆ ਤੇ ਹੁਣ ਕਈ ਕਾਲਜ, ਸਕੂਲ ਤੇ ਸਿੱਖਿਆ ਸੰਸਥਾਵਾਂ ਚਲਾ ਰਹੇ ਹਨ।

ਪ੍ਰੋ. ਪ੍ਰੀਤਮ ਸਿੰਘ ਦਾ ਕਹਿਣਾ ਹੈ 'ਇਹ ਲੋਕ ਸੇਵਕ ਸਭਾ ਹੈ, 'ਸਰਵੈਂਟਸ ਔਫ ਦੀ ਪੀਪਲ ਸੁਸਾਇਟੀ, ਇਕ ਤਰ੍ਹਾਂ ਦੀ ਰੈਡ ਕਰੋਸ ਸੁਸਾਇਟੀ ਜਿਸ ਦਾ ਆਦਰਸ਼ ਇਕ ਸ਼ਾਂਤਮਈ, ਨਿਰਚਾਹ, ਨਿਰਹੰਕਾਰ, ਨਿਰਕਾਮਨ ਉਪਰਾਮ ਤੇ ਸਾਧ ਬਿਰਤੀ ਵਾਲੇ ਸਾਰਗ੍ਰਾਹੀ ਵਿਅਕਤੀ ਦੀ ਉਸਾਰੀ ਸੀ। ਇਸ ਉਸਾਰੀ ਦਾ ਮੂਲ ਅਭਿਆਸ ਹੈ ਸੇਵਾ ਪਰਗਟ ਤੇ ਗੁਪਤ ਤਨ, ਮਨ ਤੇ ਧਨ ਕਰਕੇ। ਇਸ ਸੇਵਾ ਦਾ ਖਿਆਲ ਜਦੋਂ ਆਵੇਸ਼ ਤੇ ਸੁਭਾਵਕ ਉਮਾਹ ਬਣ ਕੇ ਪਰਗਟ ਹੋਣ ਲਗ ਪਏ ਤਾਂ ਸੇਵਾਪੰਥੀ ਸਮਝਦੇ ਹਨ ਕਿ ਜਗਿਆਸੂ ਠੀਕ ਰਸਤੇ ਚੱਲ ਪਿਆ ਹੈ ਪਰ ਜਦੋਂ ਕਿਸੇ ਨੂੰ ਸੇਵਾ ਲਈ ਹਰ ਵੇਲੇ ਤੁਖਣੀ ਦੇਣੀ ਪਵੇ ਤਾਂ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਅਜੇ ਇਸ ਨੂੰ ਆਪਣਾ ਆਪ ਦੂਜਿਆਂ ਨਾਲੋਂ ਪਿਆਰਾ ਲਗਦਾ ਹੈ। ਇਸ ਲਈ ਉਸ ਨੂੰ ਫੇਰ ਆਪਣਾ ਵੱਡੇ ਤੋਂ ਵੱਡਾ ਸੁੱਖ ਭੁਲਾ ਕੇ ਦੂਜਿਆ ਦੇ ਛੋਟੇ ਤੋਂ ਛੋਟੇ ਸੁੱਖ ਦਾ ਖਿਆਲ ਰੱਖਣ ਦਾ ਸੁਭਾਅ ਦ੍ਰਿੜ ਕਰਵਾਇਆ ਜਾਂਦਾ ਹੈ।

ਸੇਵਾ ਪੰਥੀ ਸਾਧੂ ਸੇਵਾ ਦਾ ਮਹੱਤਵ ਇੰਜ ਮੰਨਦੇ ਹਨ :

ਫਲ ਅਸਮੇਧੁ ਕਹਿਤੁ ਹੈ ਭਾਰੀ। ਜੀ ਰਾਜੀ ਤੁਲ ਮਹਿ ਹਜ਼ਾਰੀ। ਗੁਰੂ ਨਾਨਕ ਜੀ ਆਪ ਬਖਾਨਾ। ਦਯਾ ਤੁਲ ਸਮ ਪੁਨ ਨਹਿ ਆਨ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨੱਈਆ ਜੀ ਨੂੰ ਦਸਾਂ ਨੌਹਾਂ ਦੀ ਕਿਰਤ ਕ ਕੇ

ਵੰਡ ਖਾਣ ਲਈ ਉਪਦੇਸ਼ ਦਿੱਤਾ ਸੀ। ਇਹ ਸਾਧੂ ਵਾਣ ਵਟਦੇ ਸਨ। ਸੀਣ ਪ੍ਰੋਣ ਦਾ ਕੰਮ ਕਰਦੇ ਸਨ। ਘਾਹ ਆਦਿ ਖੋਤ ਕੇ (ਵੇਚ ਕੇ) ਰੋਟੀ ਜੋਗੇ ਪੈਸੇ ਕਮਾ ਲਿਆਉਂਦੇ ਸਨ। ਡਾ. ਬਲਬੀਰ ਸਿੰਘ ਲਿਖਦੇ ਹਨ 'ਹਰ ਅੱਡਣਸ਼ਾਹੀ ਸਾਧੂ ਲਈ ਜ਼ਰੂਰੀ ਸੀ ਕਿ ਉਹ ਕਿਸੇ ਨਾ ਕਿਸੇ ਸ਼ਕਲ ਵਿਚ ਕਿਰਤ ਦੇ ਹੱਥ ਪੈਰ ਚਲਦੇ ਰਖੇ। ਜੋ ਪੁਰਸ਼ ਕਠਿਨ ਸੇਵਾ ਨਹੀਂ ਕਰ ਸਕਦੇ ਸਨ

ਉਨ੍ਹਾਂ ਲਈ ਸੋਖੀਆਂ ਕਿਰਤਾਂ ਦੀ ਆਗਯਾ ਸੀ । ਜੈਸੇ ਲਿਖਾਰੀਆਂ ਲਈ ਸਿਆਹੀ ਬਣਾਉਣੀ ਜੋ ਦੇਰ ਤੱਕ ਅੱਡਣਸ਼ਾਹੀ ਸਿਆਹੀ ਦੇ ਨਾਮ ਨਾਲ ਪ੍ਰਸਿੱਧ ਰਹੀ ਹੈ।... ਸਾਧੂ ਹੋਣਾ, ਵਿਰਕਤ ਹੋਣਾ, ਕਿਰਤ ਕਰਨੀ, ਆਪਣੀ ਕਮਾਈ ਵੰਡ ਕੇ ਛੱਕਣੀ ਇਹ ਅੱਡਣਸ਼ਾਹ ਦਾ ਪ੍ਰਤਾਪ ਸੀ । ਅੱਡਣਸ਼ਾਹੀ ਆਗੂਆਂ ਨੇ ਸਾਧੂਆਂ ਨੂੰ ਮੰਗਤਿਆਂ ਦੀ ਸ੍ਰੇਣੀ ਤੋਂ ਚੁੱਕ ਕੇ ਦਾਤਾ ਪਦ ਤੇ ਬਿਠਾ ਦਿੱਤਾ ਸੀ । ਅੱਡਣਸ਼ਾਹੀ ਕਰਾਮਾਤ ਸੀ ਜੋ ਅੱਜ ਤਕ ਦੁਨੀਆਂ ਦੇ ਕਿਸੇ ਫਿਰਕੇ ਨੇ ਕਰਕੇ ਨਹੀਂ ਵਿਖਾਈ । ™ ਸਮਾਂ ਪਾ ਕੇ ਇਹ ਸਾਧੂ ਕਿਰਤ ਕਰਨਾ ਛੱਡ ਗਏ ਤੇ ਪ੍ਰਭੂ ਆਸਰੇ ਤੇ ਰਹਿਣ ਲੱਗੇ । ਇਹਨਾਂ ਦੇ ਡੇਰਿਆਂ ਨਾਲ ਅੱਜ ਕੱਲ੍ਹ ਕਾਫ਼ੀ ਜਾਇਦਾਦਾਂ ਹਨ ਜਿਹਨਾਂ ਦੇ ਕਿਰਾਏ ਆਦਿ ਨਾਲ ਇਹ ਚੰਗੀ ਜ਼ਿੰਦਗੀ ਬਸਰ ਕਰਦੇ ਹਨ।

ਇਹ ਸਾਧੂ ਅਹਿੰਸਾਵਾਦੀ ਸਨ । ਕਿਸੇ ਪ੍ਰਕਾਰ ਦੀ ਹਿਸਾ ਹੋਵੇ, ਇਹ ਉਸ ਤੋਂ ਦੂਰ ਰਹਿੰਦੇ ਸਨ । ਸ਼ਾਕਾਹਾਰ ਦਾ ਪਰਚਾਰ ਕਰਦੇ ਤੇ ਮਾਸ ਖਾਣ ਨੂੰ ਪਰਮ ਅਗਿਆਨਤਾ ਮੰਨਦੇ ਹਨ । ਭਾਈ ਸੋਭਾ ਰਾਮ ਅਨੁਸਾਰ :

ਮਾਸ ਅਹਾਰੀ ਸ਼ੇਰ ਕਹਿਲਾਏ । ਬਾਜ ਚੀਲ ਕਊਆ ਹੋਇ ਜਾਇ ।

ਬਹੁ ਜੋਨਨਿ ਮਧ ਚੋਟਾ ਖਾਈ । ਬਾਰ ਬਾਰ ਅਤਸੈ ਬਿਲਲਾਈ ।

ਜਿਨੋ ਮਾਸ ਤੁਮ ਖਾਵਤੇ ਪੁਨ ਤੁਮ ਭੁੰਚੇ ਮਾਸ ।

ਬਦਲਾ ਦੇਵਣ ਆਇਗੋ ਪਾਵੈ ਤੁਮ ਗਲ ਫਾਸ ॥

ਇਹ ਮੇਠਵਾਸੀ ਸਾਧੂ ਸਨ ਜਿਸ ਕਾਰਨ ਨਾਰੀ ਤੇ ਗ੍ਰਹਿਸਤ ਤੋਂ ਦੂਰ ਰਹਿਣਾ ਪਰਮ ਲਕਸ਼ ਮੰਨਦੇ ਸਨ ।

ਇਉਂ ਕੁਝ ਪੱਖਾਂ ਤੋਂ ਇਹਨਾਂ ਦੇ ਵਿਚਾਰ ਤੇ ਵਿਹਾਰ ਗੁਰਮਤਿ ਨਾਲ ਮੇਲ ਨਹੀਂ

ਸੇਵਾਪੰਥੀ ਸੰਪ੍ਰਦਾਇ ਸਿੱਖਾਂ ਦੀ ਇਕ ਅਤਿ ਮਹੱਤਵਪੂਰਨ ਸ਼ਾਖਾ ਹੈ ਜਿਸ ਦੇ ਸਾਧੂਆਂ ਨੇ ਆਪਣੇ ਆਦਿ ਤੋਂ ਹੀ ਗੁਰਮਤਿ, ਗੁਰ ਸਿੱਖਾਂ ਤੇ ਗੁਰੂ ਸਾਹਿਤ ਦੀ ਬੜੀ ਮੁੱਲਵਾਨ ਸੇਵਾ ਕੀਤੀ । ਉਦੋਂ ਗੁਰਦੁਆਰਿਆਂ ਦੀ ਸੰਭਾਲ ਕੀਤੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ । ਘਰ ਘਰ ਗੁਰਬਾਣੀ ਦੀਆਂ ਪੋਥੀਆਂ ਪਹੁੰਚਾਈਆਂ । ਗ੍ਰੰਥ ਲਿਖ ਕੇ ਜਿਥੇ ਧਾਰਮਿਕ ਸਿਧਾਂਤਾਂ ਦੀ ਵਿਆਖਿਆ ਕੀਤੀ ਉਥੇ ਪੰਜਾਬੀ ਸਾਹਿਤ ਨੂੰ ਵੀ ਅਮੀਰ ਬਣਾਇਆ।

ਗਿਆਨੀ ਸੰਪਰਦਾਇ

ਗਿਆਨੀ ਸੰਪ੍ਰਦਾਇ ਦੇ ਵਿਦਵਾਨ ਇਸ ਪੰਪ੍ਰਦਾਇ ਦਾ ਮੁੱਢ ਭਾਈ ਮਨੀ ਸਿੰਘ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਦੇ ਹਨ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਲਵੇ ਵਿਚ ਗਏ ਤਾਂ ਇਕ ਸਾਲ ਤੋਂ ਵੱਧ ਸਮਾਂ ਆਪ ਸਾਬੋ ਕੀ ਤਲਵੰਡੀ (ਦਮਦਮੇ) ਰਹੇ । ਇਸ ਸਮੇਂ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੁਬਾਰਾ ਉਚਾਰਨ ਕਰਕੇ ਬੀੜ ਤਿਆਰ ਕੀਤੀ ਹੈ। ਉਸ ਸਮੇਂ ਸਿੱਖਾਂ ਦੀ ਬੇਨਤੀ ਸੁਣ ਕੇ ਆਪ ਜੀ ਨੇ ਸੰਗਤ ਨੂੰ ਆਦਿ ਗ੍ਰੰਥ ਸਾਹਿਬ ਦੇ ਅਰਥ ਸੁਣਾਉਣੇ ਆਰੰਭ ਕੀਤੇ ਸਨ ਅਤੇ ਉਸੇ ਸਮੇਂ ਭਾਈ ਮਨੀ ਸਿੰਘ ਜੀ ਨੇ ਉਨ੍ਹਾਂ ਤੋਂ ਅਰਥ ਸੁਣੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ ਅਕਾਦਮਿਕ ਖੇਤਰ ਵਿਚ ਗੁਰਬਾਣੀ ਦੀ ਵਿਆਖਿਆ ਹਿੱਤ ਦੋ ਲਹਿਰਾਂ ਆਰੰਭ ਹੋਈਆਂ ਮੰਨੀਆਂ ਜਾਂਦੀਆਂ ਹਨ। ਇਕ ਪਾਸੇ ਨਿਰਮਲੇ ਵਿਦਵਾਨ ਜਿਨ੍ਹਾਂ ਨੇ ਬਨਾਰਸ ਤੋਂ ਸੰਸਕ੍ਰਿਤ ਅਤੇ ਹਿੰਦੂ ਧਰਮ ਗ੍ਰੰਥਾਂ ਦਾ ਅਧਿਐਨ ਕਰਕੇ ਗੁਰਬਾਣੀ ਦੀ ਦਾਰਸ਼ਨਿਕ ਪੱਧਰ ਤੇ ਵਿਆਖਿਆ ਕੀਤੀ ਹੈ ਅਤੇ ਦੂਸਰੇ ਪਾਸੇ ਗਿਆਨੀ ਵਿਦਵਾਨ ਹਨ ਜਿਨ੍ਹਾਂ ਦਾ ਆਧਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਪਣੇ ਮੁਖੋਂ ਕੀਤੇ ਅਰਥ ਹਨ। ਨਿਰਮਲੇ ਵਿਦਵਾਨ ਭਾਰਤੀ ਸੰਸਕ੍ਰਿਤੀ ਵਲ ਇਤਨੇ ਉਲਾਰ ਹੋ ਗਏ ਕਿ ਉਹ ਨਿਰੋਲ ਸਿੱਖ ਵਿਚਾਰਧਾਰਾ (ਗੁਰੂ ਵਿਚਾਰਧਾਰਾ) ਤੋਂ ਵਿਚਲਿਤ ਹੋ ਗਏ ਜਦੋਂ ਕਿ ਗਿਆਨੀ ਸ਼ੁੱਧ ਸਿੱਖ ਵਿਚਾਰਧਾਰਾ ਨਾਲ ਜੁੜੇ ਰਹੇ । ਇਹੀ ਕਾਰਨ ਹੈ ਕਿ ਗੈਰ ਸਿੱਖ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਧੇਰੇ ਕਰਕੇ ਪਹਿਲਾਂ ਉਦਾਸੀਆਂ ਨਾਲ ਅਤੇ ਫਿਰ ਨਿਰਮਲਿਆਂ ਨਾਲ ਜੁੜੀਆਂ ਰਹੀਆਂ ਜਦੋਂ ਕਿ ਸਿੱਖਾਂ ਦੀ ਵਧੇਰੇ ਸ਼ਰਧਾ ਗਿਆਨੀ ਸੰਪ੍ਰਦਾਇ ਪ੍ਰਤੀ ਹੀ ਰਹੀ। ਉਦਾਸੀ ਸੰਪ੍ਰਦਾਇ ਤਾਂ ਹੁਣ ਤਕ ਹਿੰਦੂ ਸਾਧੂ ਸਮਾਜ ਵਿਚ ਲਗਭਗ ਸਮਾ ਚੁੱਕੀ ਹੈ ਜਦੋਂ ਕਿ ਨਿਰਮਲੇ ਹਰ ਦਿਨ ਸਿੱਖ ਸੰਗਤਾਂ ਤੋਂ ਦੂਰ ਹੁੰਦੇ ਜਾ ਰਹੇ ਹਨ।

ਗੁਰ-ਪ੍ਰਣਾਲੀਆਂ

ਭਾਈ ਮਨੀ ਸਿੰਘ ਤੋਂ ਇਲਾਵਾ ਗਿਆਨੀ ਸੰਪ੍ਰਦਾਇ ਦੇ ਪੁਰਾਤਨ ਵਿਦਵਾਨਾਂ ਬਾਰੇ ਕੋਈ ਬਹੁਤੀ ਜਾਣਕਾਰੀ ਲਿਖਿਤ ਰੂਪ ਵਿਚ ਪ੍ਰਾਪਤ ਨਹੀਂ ਹੈ । ਹਾਂ ਕੁਝ ਗੁਰ-ਪ੍ਰਣਾਲੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਕੁਝ ਪੁਰਾਤਨ ਵਿਦਵਾਨਾਂ ਦੇ ਨਾਵਾਂ ਦਾ ਪਤਾ ਲਗਦਾ ਹੈ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਣ ਗੁਰ ਪ੍ਰਣਾਲੀਆਂ ਨਿਮਨ ਅਨੁਸਾਰ ਹਨ।

ਗਿਆਨੀ ਸੰਪ੍ਰਦਾਇ ਦੀ ਇਕ ਗੁਰ-ਪ੍ਰਣਾਲੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ * ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੁਸਤਕਾਲੇ ਵਿਚ ਸੁਰੱਖਿਅਤ ਇਕ ਹੱਥ ਲਿਖਿਤ ਖਰੜੇ ਵਿਚ ਮਿਲਦੀ ਹੈ ਜੋ ਸਭ ਤੋਂ ਵੱਧ ਪੁਰਾਤਨ ਮਾਲੂਮ ਹੁੰਦੀ ਹੈ। ਇਸ ਦਾ ਉਤਾਰਾ ਇਉਂ ਹੈ:

"ਦਸਵੀਂ ਪਾਤਸਾਹੀ ਤੇ ਭਾਈ ਮਨੀ ਸਿੰਘ ਜੀ ਪੜ੍ਹੇ ਤਿਨਾ ਤੇ ਭਾਈ ਦਿਵਾਨ ਸਿੰਘ ਜੀ ॥ ਤਿਨਾ ਤੇ ਭਾਈ ਗੁਰਦਿਆਲ ਸਿੰਘ ਤੇ ਭਾਈ ਖਜਾਨ ਸਿੰਘ ਜੀ ਤੇ ਭਾਈ ਗੁਰਬਖਸ ਸਿੰਘ ਜੀ ਤੇ ਭਾਈ ਅਮਰ ਸਿੰਘ ਜੀ ਤੇ ਭਾਈ ਸੂਰਤ ਸਿੰਘ ਜੀ ਤੇ ਭਾਈ ਕੌਲ ਸਿੰਘ ਜੀ ਤਿਨੇ ਪੜੇ ੩ ਭਾਈ ਅਮਰ ਸਿੰਘ ਜੀ ਤੇ ਭਾਈ ਰਾਮ ਸਿੰਘ ਜੀ ਪੜੇ ॥ ਤਿਨਾ ਤੇ ਭਾਈ ਚੰਦਾ ਸਿੰਘ ਜੀ ਪੜੇ ॥੨ ਦੂਜੀ ਸੂਰਤ ਸਿੰਘ ਤੇ ਭਾਈ ਗੁਰਦਾਸ ਸਿੰਘ ਜੀ ਪੜੇ ਤਿਨਾ ਤੇ ਭਾਈ ਸੰਤਾ ਸਿੰਘ ਜੀ ਤਿਨ ਤੇ ਭਾਈ ਪ੍ਰਦੁਮਨ ਸਿੰਘ ਜੀ 3 ਤੀਜੀ ਭਾਈ ਕੌਲ ਸਿੰਘ ਜੀ ਤੇ ਭਾਈ ਜਸਾ ਸਿੰਘ ਜੀ ਪੜੇ"

ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਇਕ ਹੱਥ ਲਿਖਿਤ ਵਿਚ ਇਸ ਸੰਪ੍ਰਦਾਇ ਦੀ ਗੁਰ-ਪ੍ਰਣਾਲੀ ਇਸ ਤਰ੍ਹਾਂ ਦਿੱਤੀ ਗਈ ਹੈ।

"ਦਸਵੀਂ ਪਾਤਸਾਹੀ ਤੇ ਭਾਈ ਮਨੀ ਸਿੰਘ ਨੇ ਪੜੇ ॥੧॥ ਤਿਨਾ ਤੇ ਭਾਈ ਦਿਵਾਨ ਸਿੰਘ ਜੀ ਨੇ ॥੨॥ ਤਿਨਾ ਤੇ ਭਾਈ ਗੁਰਦਿਆਲ ਸਿੰਘ ਨੇ ॥੩॥ ਤਿਨਾ ਤੇ ਭਾਈ ਖਜਾਨ ਸਿੰਘ ਨੇ ॥੪॥ ਤਿਨਾ ਤੇ ਭਾਈ ਗੁਰਬਖਸ ਸਿੰਘ ਨੇ ॥ਗ ਤਿਨਾ ਤੇ ਭਾਈ ਅੰਮ੍ਰ ਸਿੰਘ ਨੇ ॥੬॥ ਤਿਨਾ ਤੇ ਭਾਈ ਸੂਰਤ ਸਿੰਘ ਨੇ 191 ਤਿਨਾ ਤੇ ਭਾਈ ਕੋਲ ਸਿੰਘ ਨੇ॥ ਤਿਨਾ ਦੇ ਭਾਈ ਰਾਮ ਸਿੰਘ ਨੇ ॥ ਤਿਨਾ ਤੇ ਭਾਈ ਚੰਦਾ ਸਿੰਘ ਨੇ ॥੧੦॥ ਤਿਨਾ ਤੇ ਭਾਈ ਦਇਆ ਸਿੰਘ ਨੇ ਗਿਆਨੀ ਸੰਪ੍ਰਦਾਇ ਦੇ ਇਕ ਪ੍ਰਸਿੱਧ ਵਿਦਵਾਨ ਭਾਈ ਭਗਵਾਨ ਸਿੰਘ ਨੇ ਗੁਰ-ਪ੍ਰਣਾਲੀ ਇਸ ਤਰ੍ਹਾਂ ਦਸੀ ਹੈ।

"ਭਾਈ ਮਨੀ ਸਿੰਘ ਜੀ ਸੇ ਸਤਵੀਂ ਜਗਾ ਭਾਈ ਰਾਮ ਸਿੰਘ ਜੀ ਹੂਏ ਫੇਰ ਉਨਕੇ ਪੀਛੇ ਭਾਈ ਚੰਦਾ ਸਿੰਘ ਜੀ ਹੂਏ ਗਿਆਨੀ ਉਨਸੇ ਪੀਛੇ ਭਾਈ ਦਇਆ ਸਿੰਘ ਜੀ ਹੂਏ ਪੜਾਵਨ ਵਾਲੇ ਅਬ ਵਰਤਮਾਨ ਮੈਂ ਕਿੰਕਰ ਛੋਟਾ ਦਾਸ ਟਹਲੂਆਂ ਸਾਰਿਆਂ ਕਾ ਸ੍ਰੀ ਗੁਰੂ ਜੀ ਕੇ ਚਾਕਾਂ ਕਾ ਚਾਕ੍ਰ ਦਾਸਾਂ ਕਾ ਦਾਸ ਸ੍ਰੀ ਗੁਰੂ ਜੀ ਕੀ ਬਾਣੀ ਕੇ ਜਹਾਜ਼ ਪਰ ਚੜਨੇ ਵਾਲਾ ਭਗਵਾਨ ਸਿੰਘ ਨਾਮੇ ਹੈ ।"

ਗਿਆਨੀ ਨਰੈਣ ਸਿੰਘ ਜੀ ਜਿਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦਾ ਟੀਕਾ ਕੀਤਾ ਹੈ, ਨੇ ਗੁਰ-ਪ੍ਰਣਾਲੀ ਨਿਮਨ ਅਨੁਸਾਰ ਦਿੱਤੀ ਹੈ

:

ਖਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ ਦੇ ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਭੂਮਿਕਾ ਪ੍ਰੋ: ਪੂਰਨ ਸਿੰਘ ਜੀ ਨੇ ਲਿਖੀ ਹੈ ਜਿਸ ਵਿਚ ਉਨ੍ਹਾਂ ਨੇ ਸੰਪ੍ਰਦਾਇ ਪ੍ਰਣਾਲੀ ਇਸ ਪ੍ਰਕਾਰ ਦਿੱਤੀ ਹੈ :

ਆਦਿ ਵਕਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

↓

ਭਾਈ ਮਨੀ ਸਿੰਘ ਜੀ ਗਿਆਨੀ, ਸ਼ਹੀਦ

↓

ਭਾਈ ਦੀਵਾਨ ਸਿੰਘ ਜੀ, ਗਿਆਨੀ

↓

ਭਾਈ ਗੁਰਦਿਆਲ ਸਿੰਘ ਜੀ, ਗਿਆਨੀ

↓

ਭਾਈ ਖਜ਼ਾਨ ਸਿੰਘ ਜੀ, ਗਿਆਨੀ

↓

ਭਾਈ ਅਮੀਰ ਸਿੰਘ ਜੀ, ਗਿਆਨੀ

↓

ਭਾਈ ਰਾਮ ਸਿੰਘ ਜੀ, ਗਿਆਨੀ

↓

ਭਾਈ ਚੰਦਾ ਸਿੰਘ ਜੀ, ਗਿਆਨੀ

↓

ਭਾਈ ਦਯਾ ਸਿੰਘ ਜੀ, ਗਿਆਨੀ

↓

ਭਾਈ ਭਗਵਾਨ ਸਿੰਘ ਜੀ, ਗਿਆਨੀ ਵਿਸ਼ਾਰਦ

↓

ਭਾਈ ਧਿਆਨ ਸਿੰਘ ਜੀ ਗਿਆਨੀ

↓

ਭਾਈ ਹਮੀਰ ਸਿੰਘ ਜੀ ਗਿਆਨੀ

↓

ਭਾਈ ਬਬੇਕਾ ਸਿੰਘ ਜੀ ਗਿਆਨੀ

↓

ਸੰਤ ਤੇਜਾ ਸਿੰਘ ਜੀ, ਗਿਆਨੀ

↓

ਨਰੈਣ ਸਿੰਘ ਗਿਆਨੀ

ਇਸ ਤੋਂ ਇਲਾਵਾ ਹੋਰ ਵੀ ਕਈ ਥਾਵਾਂ ਉਤੇ ਇਸ ਸੰਪ੍ਰਦਾਇ ਦੀਆਂ ਗੁਰ-ਪ੍ਰਣਾਲੀਆਂ ਦਾ ਜ਼ਿਕਰ ਮਿਲਦਾ ਹੈ। ਇਹ ਗੁਰ-ਪ੍ਰਣਾਲੀਆਂ ਇਸ ਕਰਕੇ ਦਿੱਤੀਆਂ ਗਈਆਂ ਹਨ ਤਾਂ ਜੋ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ

↓

ਭਾਈ ਮਨੀ ਸਿੰਘ

↓

ਭਾਈ ਦੀਵਾਨ ਸਿੰਘ

↓

ਭਾਈ ਕੱਲ ਸਿੰਘ

↓

ਭਾਈ ਜੱਸਾ ਸਿੰਘ

↓

ਭਾਈ ਚੰਦਾ ਸਿੰਘ

↓

ਭਾਈ ਹਜ਼ਾਰਾ ਸਿੰਘ ਜੀ

↓

ਪੰਡਤ ਤੇ ਗਿਆਨੀ

↓

ਭਾਈ ਵੀਰ ਸਿੰਘ ਜੀ

↓

ਭਾਈ ਦਇਆ ਸਿੰਘ ਜੀ ਸੰਤ ਵਿਰਕਤ

↓

ਭਾਈ ਭਗਵਾਨ ਸਿੰਘ ਜੀ

↓

ਭਾਈ ਅਮੀਰ ਸਿੰਘ ਜੀ

↓

ਭਾਈ ਫਤੇ ਚੰਦ ਜੀ (ਸੰਤ)

↓

ਭਾਈ ਸੰਗਤ ਸਿੰਘ ਜੀ

ਸਪਸ਼ਟ ਹੋ ਸਕੇ ਕਿ ਵੱਖ ਵੱਖ ਵਿਅਕਤੀਆਂ ਵੱਲੋਂ ਦਿੱਤੀਆਂ ਗਈਆਂ ਗੁਰ-ਪ੍ਰਣਾਲੀਆਂ ਵਿਚ ਅੰਤਰ ਹੈ। ਇਹ ਅੰਤਰ ਕਿਸੇ ਅਗਿਆਨ ਕਾਰਣ ਨਹੀਂ ਸਗੋਂ ਇਸ ਕਰਕੇ ਹੈ ਕਿ ਇਕ ਵਿਅਕਤੀ ਤੋਂ ਅੱਗੇ ਪੜ੍ਹਨ ਵਾਲਿਆਂ ਦੀ ਗਿਣਤੀ ਇਕ ਤੋਂ ਵਧੇਰੇ ਹੋਣ ਕਾਰਣ ਕਈ ਸ਼ਾਖਾਵਾਂ ਅਤੇ ਉਪ-ਸ਼ਾਖਾਵਾਂ ਬਣ ਗਈਆਂ । ਪਰ ਮੁੱਢਲੇ ਕੁਝ ਵਿਅਕਤੀਆਂ ਦੇ ਨਾਵਾਂ ਵਿਚ ਅੰਤਰ ਹੋਣ ਕਾਰਣ ਕੁਝ ਅਸਪਸ਼ਟਤਾ ਫਿਰ ਵੀ ਬਣੀ ਰਹਿ ਜਾਂਦੀ ਹੈ ਜਿਵੇਂ ਪੰਡਿਤ ਨਰੈਣ ਸਿੰਘ ਹੋਰਾਂ ਨੇ ਭਾਈ ਚੰਦਾ ਸਿੰਘ ਨੂੰ ਭਾਈ ਰਾਮ ਸਿੰਘ ਦੇ ਸ਼ਿਸ਼ ਦਸਿਆ ਹੈ ਪਰ ਪ੍ਰੋ: ਪੂਰਨ ਸਿੰਘ ਨੇ ਭਾਈ ਚੰਦਾ ਸਿੰਘ ਨੂੰ ਭਾਈ ਜੱਸਾ ਸਿੰਘ ਦਾ ਸ਼ਿਸ਼ ਦਸਿਆ ਹੈ। ਇਨਾਂ ਗੁਰ-ਪ੍ਰਣਾਲੀਆਂ ਦੇ ਅਧਿਐਨ ਕਰਦਿਆਂ ਇਹ ਵੀ ਪਤਾ ਲਗਦਾ ਹੈ ਕਿ ਹਰ ਉਪ ਸ਼ਾਖਾ ਨਾਲ ਸੰਬੰਧਿਤ ਵਿਦਵਾਨ ਆਪਣੀ ਸ਼ਾਖਾ ਨੂੰ ਵਡੀ ਸ਼ਾਖਾ ਮੰਨਦੇ ਹਨ ।

ਅਰਥਾਂ ਵਿਚ ਰਲਾ

ਸੰਪ੍ਰਦਾਇ ਦੇ ਵਿਦਵਾਨ ਇਹ ਮੰਨਦੇ ਹਨ ਕਿ ਹੁਣ ਤਕ ਅਰਥਾਂ ਵਿਚ ਕਾਫ਼ੀ ਰਲਾ ਪੈ ਚੁੱਕਾ ਹੈ । ਪ੍ਰਸਿੱਧ ਵਿਦਵਾਨ ਗਿਆਨੀ ਬਦਨ ਸਿੰਘ ਸੇਖਵਾਂ ਨੇ ਫਰੀਦਕੋਟੀ ਟੀਕੇ ਦੀ ਭੂਮਿਕਾ ਵਿਚ ਇਹ ਗੱਲ ਇਉਂ ਸਪਸ਼ਟ ਕੀਤੀ ਹੈ :

"ਜੋ ਸਨਾਤਨ ਸੰਪ੍ਰਦਾਯ ਅਰਥਾਂ ਦੀ ਸੀਨੇ ਬ ਸੀਨੇ ਚਲੀ ਆਉਂਦੀ ਸੀ ਕਲਮਬੰਦ ਨਾ ਹੋਣ ਕਰਕੇ ਸਿੱਖਾ ਦੇ ਰਾਜ ਵੇਲੇ ਰੌਲੇ ਵਿਚ ਪੈ ਗਈ।

ਇਤਰ ਮਤਾਂ ਦੇ ਔਹਦੇਦਾਰਾਂ ਵਲੋਂ ਸਿਖ ਸੰਪ੍ਰਦਾਈ ਮਹਾਤਮਾਂ ਦੀ 'ਨਕਦਰੀ' ਅਤੇ ਮਿਸਰਤ ਆਸ਼ੇ ਦੇ ਅਰਥ ਕਰਨ ਵਾਲਿਆਂ ਦੇ ਸਤਕਾਰ ਨੇ ਸਨਾਤਨ ਸੰਪ੍ਰਦਾਇ ਨਵੀਨ ਰੂਪਾਂ ਵਿਚ ਪ੍ਰਗਟ ਕਰ ਦਿੱਤੀ ।...

ਇਸ ਨਾ ਨਤ੍ਰ ਵਿਚ ਜੋ ਸੁਧ ਸੰਪ੍ਰਦਾ ਸੀ ਉਹ ਵਖਰਾ ਰੂਪ ਰਖਦੀ ਹੋਈ ਭੀ ਸਮੇਂ ਦੇ ਹੇਰ ਫੇਰ ਵਿਚ ਆ ਕੇ ਚੁਣ ਲੈਣੀ ਕਠਨ ਹੋ ਗਈ ।"

ਪੰਡਿਤ ਨਰੈਣ ਸਿੰਘ ਜੀ (ਗਿਆਨੀ) ਵੀ ਇਸ ਗੱਲ ਨੂੰ ਮੰਨਦੇ ਹਨ ਕਿ ਅਰਥਾਂ ਦਾ ਕਲਮਬੰਦ ਨਾ ਹੋਣਾ ਇਸ ਸੰਪ੍ਰਦਾਇ ਵਲੋਂ ਕੀਤੇ ਜਾਂਦੇ ਅਰਥਾਂ ਦੇ ਰਲੇ ਦਾ ਇਕ ਕਾਰਣ ਹੈ । ਇਸ ਤੋਂ ਇਲਾਵਾ ਇਸ ਰਲੇ ਦੇ ਕੁਝ ਸਿਆਸੀ ਕਾਰਣਾਂ ਵਲ ਵੀ ਉਨ੍ਹਾਂ ਨੇ ਇਸ਼ਾਰਾ ਕੀਤਾ "ਪਰ ਬਹੁਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਡੋਗਰਾ ਗਰਦੀ ਨੇ ਸੰਪ੍ਰਦਾਇ ਨੂੰ ਘੱਟੇ ਕੰਡੀਆਂ ਰਲਾ ਦਿਤਾ ਹੈ ਕਿਉਂਕਿ ਡੋਗਰਾ ਗਰਦੀ ਵੇਲੇ ਉਨ੍ਹਾਂ ਗਿਆਨੀ ਸਿੰਘਾਂ ਨੂੰ ਦਰਬਾਰ ਵਲੋਂ ਮਦਦ ਮਿਲਿਆ ਕਰਦੀ ਸੀ, ਜਿਨ੍ਹਾਂ ਦੀ ਕਥਾ ਪੋਰਾਣਕ ਢੰਗ ਦੀ ਹੋਯਾ ਕਰਦੀ । ਏਹੋ ਕਾਰਣ ਹੈ, ਜੋ ਨਿਰੋਲ ਗੁਰਮਤ ਦੇ ਅਰਥ ਲੁਕ ਗਏ, ਅਤੇ "ਖਿਚੜੀ ਮਿਲਵੇਂ ਅਰਥ ਸ਼ੁਰੂ ਹੋ ਗਏ" ਜੋ ਅਜ ਤੱਕ ਸੁਧਰਨ ਵਿਚ ਨਹੀਂ ਆਉਂਦੇ।

ਭਾਈ ਮਨੀ ਸਿੰਘ ਜੀ-ਮਹਾਨ ਵਿਦਵਾਨ

ਇਸ ਸੰਪ੍ਰਦਾਇ ਦੀ ਮਹਾਨ ਹਸਤੀ ਭਾਈ ਮਨੀ ਸਿੰਘ ਜੀ ਸ਼ਹੀਦ ਤੋਂ ਦਮਦਮਾ ਸਾਹਿਬ ਵਿਖੇ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਲਿਖਵਾਈ ਸੀ । ਭਾਈ ਸਾਹਿਬ ਨਾ ਕੇਵਲ ਇਕ ਮਹਾਨ ਸ਼ਹੀਦ ਦੇ ਤੌਰ ਤੇ ਸਿੱਖ ਸੰਗਤਾਂ ਵਿਚ ਜਾਣੇ ਜਾਂਦੇ ਹਨ ਸਗੋਂ ਆਪ ਨੂੰ ਇਕ ਮਹਾਨ ਵਿਦਵਾਨ ਵੀ ਮੰਨਿਆ ਜਾਂਦਾ ਹੈ। ਆਪ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਜਨਮ ਸਾਖੀ ਵੀ ਰਚੀ ਦਸੀ ਜਾਂਦੀ ਹੈ । ਭਾਵੇਂ ਨਵੀਨ ਖੋਜ ਇਸ ਜਨਮ ਸਾਖੀ ਦਾ ਕਰਤਾ ਭਾਈ ਸੂਰਤ ਸਿੰਘ ਚਨਿਓਟ ਨਿਵਾਸੀ ਨੂੰ ਮੰਨਦੀ ਹੈ$ ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਨ੍ਹਾਂ ਸਾਖੀਆਂ ਦਾ ਮੂਲ ਸੋਮਾ ਭਾਈ ਮਨੀ ਸਿੰਘ ਜੀ ਹੀ ਸਨ, ਭਾਈ ਸੂਰਤ ਸਿੰਘ ਨੇ ਪਿਛੋਂ ਇਨ੍ਹਾਂ ਨੂੰ ਕਲਮਬੱਧ ਕੀਤਾ। ਭਾਈ ਮਨੀ ਸਿੰਘ ਦੁਆਰਾ ਸਾਖੀਆਂ ਰਚੇ ਜਾਣ ਦੀ ਇਕ ਗਵਾਹੀ ਕਵੀ ਸੇਵਾ ਸਿੰਘ (ਰਣਜੀਤ ਸਿੰਘ ਕਾਲ) ਕ੍ਰਿਤ ਸ਼ਹੀਦ ਬਿਲਾਸ

(ਭਾਈ ਮਨੀ ਸਿੰਘ) ਵਿਚ ਇਸ ਤਰ੍ਹਾਂ ਮਿਲਦੀ ਹੈ

ਹੱਠੀ ਤਪੀ ਪੂਰਾ, ਸਿੱਖੀ ਸਿਦਕ ਦਾ ਪੁਤਲਾ ਸੀ, ਸਾਖੀਆ ਸਿਦਕ ਦੀਆਂ ਕਰਦਾ ਉਚਾਰ ਇਹ ।

ਗਿਆਨੀ ਸੰਪ੍ਰਦਾਇ ਦੇ ਇਸ ਮਹਾਨ ਵਿਦਵਾਨ ਬਾਰੇ ਡਾ. ਮੋਹਨ ਸਿੰਘ ਜੀ ਨੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਹਨ:

"Bhai Mani Singh is one of our greatest prose writers and scholiasts as much for the quality as the quantity of his work, His was a typically mediaeval encyclopeadic mind and culture. "

ਚਲਦਾ-ਫਿਰਦਾ ਵਿਸ਼ਵ-ਵਿਦਿਆਲਾ

ਗਿਆਨੀ ਸੰਪ੍ਰਦਾਇ ਦੇ ਵਿਦਵਾਨ ਭਾਵੇਂ ਵੱਖ ਵੱਖ ਥਾਵਾ ਉਤੇ ਰਹਿ ਰਹੇ ਹਨ ਅਤੇ ਸਿੱਖ ਧਰਮ ਬਾਰੇ ਗਿਆਨ ਦੇਣ ਲਈ ਵੱਖ ਵੱਖ ਟੋਲੀਆਂ ਵਿਚ ਫਿਰਦੇ ਰਹਿੰਦੇ ਹਨ ਪਰ ਇਨ੍ਹਾਂ ਸਾਰਿਆਂ ਦੇ ਹੈਡ-ਕੁਆਟਰ ਦੋ ਹੀ ਹਨ-ਇਕ ਦਮਦਮਾ ਸਾਹਿਬ ਵਿਖੇ ਅਤੇ ਦੂਸਰਾ ਸ੍ਰੀ ਅੰਮ੍ਰਿਤਸਰ ਸਾਹਿਬ । ਦਮਦਮਾ ਸਾਹਿਬ ਤੋਂ ਗਿਆਨੀਆਂ ਦੀ ਸੰਪ੍ਰਦਾਇ ਦਾ ਆਰੰਭ ਕਰਨ ਸਮੇਂ ਦਸਵੇਂ ਪਾਤਸ਼ਾਹ ਜੀ ਨੇ ਜੋ ਅਕਾਦਮਿਕ ਲਹਿਰ ਚਲਾਈ ਸੀ ਉਸੇ ਕਾਰਣ ਹਿੰਦੂ ਧਰਮ ਦੀ ਵਿਦਿਆ ਦੇ ਮਹਾਨ ਤੀਰਥ ਕਾਸ਼ੀ ਦੇ ਮੁਕਾਬਲੇ ਵਿਚ ਇਸ ਸਥਾਨ (ਦਮਦਮੇ) ਦਾ ਨਾਂ ਗੁਰੂ ਦੀ ਕਾਸ਼ੀ ਰਖਿਆ ਗਿਆ ਸੀ । ਗਿਆਨੀ ਸੰਪ੍ਰਦਾਇ ਦੇ ਵਿਦਵਾਨ, ਜੋ ਮੂਲ ਰੂਪ ਵਿਚ ਸੰਤ ਬਿਰਤੀ ਵਾਲੇ ਹੁੰਦੇ ਹਨ, ਆਪਣੇ ਵਿਦਿਆਰਥੀਆਂ ਸਮੇਤ ਥਾਂ ਪਰ ਥਾਂ ਜਾ ਕੇ ਜਿਥੇ ਆਮ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਂਦੇ ਹਨ ਉਥੇ ਸੰਪ੍ਰਦਾਇ ਪਾਰੰਪਰਿਕ ਗਿਆਨ ਦੀ ਪ੍ਰਾਪਤੀ ਦੇ ਇਛੁਕ ਲੋਕਾਂ ਨੂੰ ਉਨ੍ਹਾਂ ਦੇ ਦਰਵਾਜੇ ਤੇ ਪਹੁੰਚ ਕੇ ਇਹ ਗਿਆਨ ਪ੍ਰਦਾਨ ਕਰਦੇ ਹਨ। ਇਨ੍ਹਾਂ ਚਲਦੇ ਫਿਰਦੇ ਵਿਦਵਾਨਾਂ ਨੂੰ ਡਾ. ਸ਼ੇਰ ਸਿੰਘ ਜੀ ਨੇ ਇਕ ਚਲਦਾ ਫਿਰਦਾ ਵਿਸ਼ਵ-ਵਿਦਿਆਲਾ ਮੰਨਿਆ ਹੈ । ਇਸ ਸੰਪ੍ਰਦਾਇ ਦੇ ਵਿਦਵਾਨਾਂ ਦੀ ਇਹ ਇਕ ਮਹਾਨ ਅਤੇ ਨਵੇਕਲੀ ਪ੍ਰਾਪਤੀ ਹੈ । ਡਾ. ਸ਼ੇਰ ਸਿੰਘ ਜੀ ਲਿਖਦੇ ਹਨ :

"There are still some scholars who carry on this traditional wandering Unversity in spite of so many institutions running on western lines.

## ਯੂਨਿਟ 3. ਨਾਮਧਾਰੀ ਸੰਪਰਦਾਇ ਅਤੇ ਨਿਹੰਗ ਸੰਪਰਦਾਇ

### ਨਾਮਧਾਰੀ ਸੰਪਰਦਾ

ਕਿਸੇ ਵੀ ਧਰਮ ਦੀ ਸੰਪ੍ਰਦਾ ਉਸਦੀ ਰੂਹਾਨੀਅਤ (Spirit) ਤੋਂ ਅਲਹਿਦਾ ਨਹੀਂ ਹੁੰਦੀ, ਸਿਰਫ਼ ਰੂਪ (Form) ਪੱਖੋਂ ਨਿਆਰੇ ਹੋਣ ਦਾ ਭਰਮ ਬਣਾਈ ਰੱਖਦੀ ਹੈ। ਇਹ ਵੀ ਸੱਚ ਹੈ ਕਿ ਹਰ ਧਰਮ ਸਮਾਂ ਪਾ ਕੇ ਆਪਣੇ ਸੰਪ੍ਰਦਾਈ ਰੂਪਾਂ ਰਾਹੀਂ ਹੀ ਵਿਕਾਸ ਕਰਦਾ ਹੈ । ਗੁਰੂ ਸਾਹਿਬਾਨ ਤੋਂ ਪਿੱਛੋਂ ਸਿੱਖ ਧਰਮ ਦੀਆਂ ਵੀ ਕਈ ਸੰਪ੍ਰਦਾਵਾਂ (ਜਿਵੇਂ ਨਿਰਮਲੇ, ਉਦਾਸੀ, ਨਿਹੰਗ ਸਿੰਘ, ਅਕਾਲੀ, ਅਖੰਡ ਕੀਰਤਨੀ ਆਦਿ) ਵੇਖਣ ਨੂੰ ਮਿਲਦੀਆਂ ਹਨ। ਇਹ ਸਾਰੀਆਂ ਸੰਪ੍ਰਦਾਵਾਂ ਆਪਣੀ ਜੀਵਨ-ਜਾਚ (Way of Life) ਕਰਕੇ ਨਿਆਰੇ ਨਿਆਰੇ ਭੇਸ ਰਖਦੀਆਂ ਹਨ ਪਰ ਇਨ੍ਹਾਂ ਨੂੰ ਗ਼ੈਰ ਸਿੱਖ ਨਹੀਂ ਚਿਤਵਿਆ ਜਾ ਸਕਦਾ । ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਉੱਭਰ ਕੇ ਸਾਹਮਣੇ ਆਈ ਨਾਮਧਾਰੀ ਸੰਪ੍ਰਦਾ ਮੂਲ ਰੂਪ ਵਿੱਚ ਸਿੱਖ ਰੂਹਾਨੀਅਤ ਨਾਲ ਸ਼ਰਸ਼ਾਰ ਹੀ ਨਹੀਂ, ਸਗੋਂ ਸੁੱਚ, ਸੰਜਮ ਅਤੇ ਨੈਤਿਕ ਆਚਾਰ-ਵਿਹਾਰ ਦੇ ਪੱਖੋਂ ਬਿਹਤਰ ਸਿੱਖ ਜਮਾਤ ਵੀ ਹੈ। ਆਪਣੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸਰੋਕਾਰਾਂ ਕਰਕੇ ਇਹ ਸੰਪ੍ਰਦਾ ਇੱਕ ਲੋਕ-ਲਹਿਰ ਦੇ ਰੂਪ ਵਿਚ ਵਿਕਸਤ ਹੋਈ, ਇਸੇ ਕਰਕੇ ਇਸ ਨੂੰ 'ਨਾਮਧਾਰੀ ਲਹਿਰ' ਵੀ ਕਹਿ ਦਿੱਤਾ ਜਾਂਦਾ ਹੈ ।

ਨਾਮਕਰਨ

ਨਾਮਧਾਰੀ ਦਾ ਸ਼ਬਦੀ ਅਰਥ ਹੈ - ਜਿਸਨੇ ਪਰਮਾਤਮਾ ਦਾ ਨਾਮ ਧਾਰਨ ਕੀਤਾ ਹੋਵੇ, ਭਾਵ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹੋਣ । ਪਰਿਭਾਸ਼ਕ ਰੂਪ ਵਿੱਚ ਕਹਿਣਾ ਹੋਵੇ ਤਾਂ ਨਾਮਧਾਰੀ ਸਿੱਖ ਧਰਮ ਵਿੱਚ ਜਗਿਆਸੂਆਂ ਅਭਿਆਸੀਆਂ ਦੀ ਜਥੇਬੰਦੀ ਦਾ ਨਾਮ ਹੈ । 'ਕੂਕਾ' ਇਨ੍ਹਾਂ ਦਾ ਰਾਜਨੀਤਿਕ ਨਾਮ ਹੈ। ਇਨ੍ਹਾਂ ਨੂੰ 'ਕੂਕੇ" ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਵਾਹਿਗੁਰੂ ਦੇ ਨਾਮ ਦਾ ਅਭਿਆਸ ਜਾਂ ਸਿਮਰਨ ਕਰਦੇ ਆਪਣੇ ਦੀਵਾਨਾਂ ਜਾਂ ਜਥਿਆਂ ਵਿਚ ਮਸਤ ਹੋ ਕੇ 'ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ' ਕੂਕਦੇ ਸਨ । ਗਿਆਨੀ ਗਿਆਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ :

“ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ, ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ। ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇ, ਸਿਰ ਤੇ ਉਤਾਰ ਜਾਤ ਦਸਤਾਰ ਤਾਨ ਹੈਂ। ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ, ਨਯਾ ਨੰਗਲ, ਰੋਪੜ। ਨਾਮਧਾਰੀ ਸੰਪ੍ਰਦਾ ਕੂਕ ਮਾਰਨੇ ਤੈ ਕੂਕੈ ਜਗਤ ਬਖਾਨ ਹੈਂ। ਏਕ ਦਸਤਾਰ ਕੇ ਉਤਾਰ ਬਿਨੁ ਔਰ ਰੀਤਿ, ਚਾਹੀਯਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈਂ।"

(ਪੰਥ ਪ੍ਰਕਾਸ਼ ਪੰਨਾ 518)

ਗੁਰਬਾਣੀ ਵਿੱਚ ਪੂਰੀ ਤਰ੍ਹਾਂ ਯਕੀਨ ਕਰਨਾ, ਅਕਾਲ ਪੁਰਖ ਤੋਂ ਭਿੰਨ ਕਿਸੇ ਸੱਤਾ ਵਿੱਚ ਵਿਸ਼ਵਾਸ ਨਾ ਕਰਨਾ, ਸੱਚਾ ਸੁੱਚਾ ਜੀਵਨ ਬਤੀਤ ਕਰਨਾ, ਧਰਮ ਦੀ ਕਿਰਤ ਕਰਨਾ ਇਸ ਸੰਪਦਾ ਦੇ ਅਕੀਦੇ ਹਨ। ਸਫੈਦ ਹੰਸ ਬਾਣਾ, ਕਾਤਰਾਂ ਵਾਲਾ ਕੁੜਤਾ, ਚੂੜੀਦਾਰ ਪਜਾਮਾ, ਸਿਰ ਤੇ ਗੋਲ ਸਿੱਧੀ ਦਸਤਾਰ, ਗਲ ਉੱਨ ਦੀ ਸਫੈਦ ਮਾਲਾ, ਪ੍ਰਕਾਸ਼ ਦਾਹੜਾ, ਸਤਿਜੁਗੀ ਸਰੂਪ ਇਨ੍ਹਾਂ ਦੇ ਪਛਾਣ ਚਿੰਨ੍ਹ ਹਨ।

ਪੈਦਾ ਹੋਣ ਦੇ ਕਾਰਨ ਤੇ ਪਿਛੋਕੜ

ਨਾਮਧਾਰੀ ਸੰਪ੍ਰਦਾ ਉੱਨੀਵੀਂ ਸਦੀ ਦੇ ਦੂਜੇ ਅੱਧ (1857 ਈ.) ਵਿੱਚ ਉਸ ਵੇਲੇ ਪੈਦਾ ਹੋਈ, ਜਦ ਮਹਾਰਾਜਾ ਰਣਜੀਤ ਸਿੰਘ ਦਾ ਸਥਾਪਤ ਕੀਤਾ ਸਿੱਖ ਰਾਜ ਢਹਿ ਢੇਰੀ ਹੋ ਰਿਹਾ ਸੀ। ਇਸ ਦੇ ਪੈਦਾ ਹੋਣ ਦੇ ਦੋ ਕਾਰਨ ਸਨ : ਇੱਕ ਅੰਦਰੂਨੀ ਅਤੇ ਦੂਜਾ ਬਹਿਰੂਨੀ। ਅੰਦਰੂਨੀ ਕਾਰਨ ਅਧਿਆਤਮਕ ਅਤੇ ਆਚਾਰ-ਵਿਹਾਰ ਦੇ ਪੱਖੋਂ ਸਿੱਖਾਂ ਵਿੱਚ ਆਈ ਗਿਰਾਵਟ ਹੈ। ਜਦ ਪੰਜਾਬ ਵਿੱਚ ਖ਼ਾਲਸਾ ਰਾਜ ਸਥਾਪਤ ਹੋ ਗਿਆ ਤਾਂ ਸਿੱਖ ਵਿਲਾਸੀ ਹੋ ਆਪਣੇ ਗੁਰੂਆਂ ਦੇ ਉਪਦੇਸ਼ਾਂ ਅਤੇ ਨਾਮ ਬਾਣੀ ਤੋਂ ਦੂਰ ਹੁੰਦੇ ਗਏ। ਰਾਈਸੀ ਰੁਚੀਆਂ ਅਤੇ ਨਸ਼ਿਆਂ ਦਾ ਸ਼ਿਕਾਰ ਹੋ ਕੇ ਇਹ ਸਿੱਖੀ ਆਦਰਸ਼ਾਂ ਤੋਂ ਦੂਰ ਹੋ ਗਏ। ਰਾਜਸੀ ਅਤੇ ਜਗੀਰਦਾਰੀ ਕਮਜ਼ੋਰੀਆਂ ਕਰਕੇ ਧਰਮ ਵਿਚੋਂ ਰੂਹਾਨੀਅਤ ਗੁਆਚ ਗਈ ਅਤੇ ਇਹ ਰਸਮੀ ਆਚਾਰ ਤੇ ਰਹੁ-ਰੀਤਾਂ ਬਣ ਕੇ ਰਹਿ ਗਈਆਂ। ਖਾਲਸਾ ਰਾਜ ਦੀ ਚਮਕ-ਦਮਕ ਜਿੰਨੀ ਛੇਤੀ ਪੈਦਾ ਹੋਈ ਸੀ, ਉਨੀ ਛੇਤੀ ਹੀ ਖ਼ਤਮ ਹੋ ਗਈ। ਇਹ ਸਮੇਂ ਦੀ ਲੋੜ ਸੀ ਕਿ ਸਿੱਖ ਆਚਰਨ ਨੂੰ ਸਿੱਖ ਸਿਧਾਂਤਾਂ ਦੇ ਅਨੁਸਾਰ ਪੁਨਰ-ਰੂਪ ਵਿੱਚ ਸਥਾਪਿਤ ਕੀਤਾ ਜਾਵੇ।

ਬਹਿਰੂਨੀ ਪੱਖ ਤੋਂ ਅੰਗਰੇਜ਼ਾਂ ਦਾ ਜਦ ਪੰਜਾਬ ਉੱਪਰ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਨੇ ਆਪਣੀ ਕੂਟ ਨੀਤੀ ਰਾਹੀਂ ਸਿੱਖੀ ਨੂੰ ਢਾਹ ਲਾਈ ਅਤੇ ਈਸਾਈ ਧਰਮ ਦਾ ਪ੍ਰਚਾਰ ਅਤੇ ਪਾਸਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਕਰਕੇ ਵੀ ਲੋੜ ਪੈਦਾ ਹੋ ਗਈ ਸੀ ਕਿ ਕੋਈ ਅਜਿਹੀ ਸੱਚੇ-ਸੁੱਚੇ ਆਚਾਰ ਵਾਲੀ ਲਹਿਰ ਉਤਪੰਨ ਕੀਤੀ ਜਾਵੇ ਜਿਸ ਨਾਲ ਸਿੱਖ ਧਰਮ ਦਾ ਬੋਲਬਾਲਾ ਵੀ ਹੋਵੇ, ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਵੀ ਰਾਹਤ ਮਿਲੇ ਅਤੇ ਅੰਗਰੇਜ਼ ਹਕੂਮਤ ਦੇ ਜੂਲੇ ਨੂੰ ਵੀ ਮੋਢਿਆਂ ਤੋਂ ਉਤਾਰਿਆ ਜਾ ਸਕੇ। ਇਸ ਕੰਮ ਲਈ ਕਿਸੇ ਯੁਗ ਪੁਰਸ਼ ਦੀ ਲੋੜ ਸੀ ਅਤੇ ਬਾਬਾ ਰਾਮ ਸਿੰਘ ਇਸ ਵਿਅਕਤਿਤਵ ਨੂੰ ਲੈ ਕੇ ਸਾਹਮਣੇ ਆਏ।

ਬਾਬਾ ਰਾਮ ਸਿੰਘ ਜੀ 1837 ਈ. ਨੂੰ ਖਾਲਸਾ ਰਾਜ ਦੀ ਸੈਨਾ ਵਿੱਚ ਭਰਤੀ ਹੋਏ ਸਨ। ਨਾਮ ਅਭਿਆਸੀ ਸਨ ਤੇ ਸੈਨਾ ਦੀ ਨੌਕਰੀ ਦੌਰਾਨ ਉਨ੍ਹਾਂ ਏਸ ਬਿਰਤੀ ਨੂੰ ਹੋਰ ਵਿਕਸਤ ਕੀਤਾ। ਨਾਮ ਅਭਿਆਸ ਦਾ ਐਸਾ ਰੰਗ ਚੜ੍ਹਿਆ ਕਿ ਜੋ ਉਨ੍ਹਾਂ ਦੇ ਸੰਪਰਕ ਵਿੱਚ ਆਇਆ, ਉਹ ਵੀ ਰੰਗਿਆ ਗਿਆ। ਸਬੱਬ ਇਹ ਬਣਿਆ ਕਿ ਆਪ ਦੀ ਫੌਜ ਜਦ ਸਰਹੱਦੀ ਸੂਬੇ ਵਿਚ ਤਾਇਨਾਤ ਸੀ ਤਾਂ ਆਪ ਤੇ 25 ਕੁ ਹੋਰ ਫੌਜੀ ਜਵਾਨ ਇੱਕ ਦਿਨ ਬਾਬਾ ਬਾਲਕ ਸਿੰਘ ਦੀ ਮਹਿਮਾ ਸੁਣ ਕੇ ਉਨ੍ਹਾਂ ਦੇ ਦਰਸ਼ਨਾਂ ਨੂੰ ਹਜ਼ਰੋਂ ਚਲੇ ਗਏ। ਬਾਬਾ ਬਾਲਕ ਸਿੰਘ ਜੀ ਨੇ ਜਦ ਨੇਤਰ ਭਰ ਕੇ ਰਾਮ ਸਿੰਘ ਵਲ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਨਦਰੋ ਨਦਰਿ ਨਿਹਾਲ ਕਰ ਦਿੱਤਾ। ਬਾਬਾ ਬਾਲਕ ਸਿੰਘ ਕਰਨੀ ਕਮਾਈ ਵਾਲੇ ਸੰਤ ਪੁਰਸ਼ ਸਨ। ਉਨ੍ਹਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

"ਸੰਮਤ ਅਠਾਰਾਂ ਸੌ ਛਿਪੰਜਾ ਮੈਂ ਬਾਲਕ ਸਿੰਘ, ਭਯੋ ਅਵਤਾਰ ਤਹਿੰ ਈਸ਼ ਅੰਸ਼ ਭਾਵਤੈ। ਜਾਤਿ ਕਾ ਅਰੋੜਾ ਭਯੋ ਭਗਤ ਅਮੋੜਾ, ਨਾਮ ਜਪਯੋ ਨਾ ਥੋੜਾ ਛੋੜਾ ਵਿਸ਼ੇ ਰਸ ਯਾਵਤੇ।"

ਇਸ ਪਹਿਲੀ ਮੁਲਾਕਾਤ ਵਿੱਚ ਹੀ ਬਾਬਾ ਬਾਲਕ ਸਿੰਘ ਜੀ ਨੇ ਬਾਬਾ ਰਾਮ ਸਿੰਘ ਨੂੰ ਹੁਕਮ ਕੀਤਾ ਸੀ - 'ਠਾਕਰ ਜੀ ਆਪਣੀ ਅਮਾਨਤ ਸੰਭਾਲੋ, ਪੰਥ ਦੀ ਦਸ਼ਾ ਸੁਧਾਰੋ ਅਤੇ ਨਾਮ ਬਾਣੀ ਦਾ ਛੱਟਾ ਦਿਓ।' ਬਾਬਾ ਬਾਲਕ ਸਿੰਘ ਜੀ ਦਾ ਸਰਬ ਸਾਂਝਾ ਉਪਦੇਸ਼ ਸੀ:

"ਬਹਿੰਦੇ ਉਠਦੇ, ਸੌਂਦੇ ਜਾਗਦੇ ਵਾਹਿਗੁਰੂ ਦਾ ਭਜਨ ਕਰਿਆ ਕਰੋ। ਅੱਠਾਂ ਪਹਿਰਾਂ ਵਿੱਚ ਤਿੰਨ ਵਾਰੀ ਇਸ਼ਨਾਨ ਕਰੋ।

ਚਮੜੇ ਦੇ ਡੋਲ ਤੋਂ ਪਾਣੀ ਨਾ ਪੀਓ। ਆਪਣੇ ਗੁਰ-ਭਾਈਆਂ ਤੋਂ ਬਿਨਾਂ ਕਿਸੇ ਹੋਰ ਦੇ ਹੱਥਾਂ ਦਾ ਬਣਿਆ ਪ੍ਰਸ਼ਾਦ ਨਾ ਛਕੋ। ਲੜਕੀ ਨੂੰ ਦਾਜ ਵਿੱਚ ਕੁਝ ਨਾ ਦੇਵੋ। ਲੜਕੀ ਦੇ ਸਹੁਰਿਆਂ ਪਾਸੋਂ ਕੁਝ ਨਾ ਲਵੋ। ਮਾਸ ਨਾ ਖਾਓ, ਸ਼ਰਾਬ ਨਾ ਪੀਓ, ਤਮਾਕੂ ਨਾ ਵਰਤੋ, ਭਿਖ ਨਾ ਮੰਗੋ, ਕਿਰਤ ਕਮਾਈ ਕਰਕੇ ਗੁਜਾਰਨ ਕਰੋ। ਝੂਠ ਨਾ ਬੋਲੋ, ਵਿਭਚਾਰ ਨਾ ਕਰੋ।" ਬਾਅਦ ਵਿਚ ਇਹੀ ਉਪਦੇਸ਼ ਨਾਮਧਾਰੀ ਸੰਪ੍ਰਦਾ ਦਾ ਸਿਧਾਂਤਕ ਆਧਾਰ ਅਤੇ ਪਿਛੋਕੜ ਬਣੇ।

ਇਤਿਹਾਸਕ ਵਿਕਾਸ

ਨਾਮਧਾਰੀ ਸੰਪ੍ਰਦਾ ਦਾ ਪ੍ਰਾਰੰਭ ਤਾਂ ਬਾਬਾ ਬਾਲਕ ਸਿੰਘ ਜੀ ਦੇ ਤੇਜਸਵੀ ਪ੍ਰਭਾਵ ਅਤੇ ਰੂਹਾਨੀ ਉਪਦੇਸ਼ਾਂ ਨਾਲ ਹੋ ਗਿਆ ਸੀ, ਪਰ ਇਸ ਨੂੰ ਇੱਕ ਲਹਿਰ ਦੇ ਰੂਪ ਵਿੱਚ ਬਾਬਾ ਰਾਮ ਸਿੰਘ ਜੀ ਨੇ ਵਿਕਸਿਤ ਕੀਤਾ। ਜਦ ਬਾਬਾ ਰਾਮ ਸਿੰਘ ਦੀ ਫੌਜ ਸਰਹੱਦੀ ਸੂਬੇ ਤੋਂ ਲਾਹੌਰ ਵਾਪਸ ਆਈ, ਤਾਂ ਸਿੱਖ ਰਾਜ ਦੀ ਬੁਰਛਾਗਰਦੀ ਅਤੇ ਭਰਾ ਮਾਰੂ ਨੀਤੀ ਨੇ ਆਪ ਨੂੰ ਬੇਚੈਨ ਕਰ ਦਿੱਤਾ। ਆਪ ਫੌਜ ਦੀ ਨੌਕਰੀ ਤਿਆਗ ਕੇ ਭੈਣੀ ਆ ਗਏ ਅਤੇ ਨਾਮ ਅਭਿਆਸ ਵਿੱਚ ਲੀਨ ਹੋ ਗਏ। ਇਥੇ ਹੀ 1857 ਈ. ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਅੰਮ੍ਰਿਤ ਦੀ ਦਾਤ ਨੂੰ ਪੁਨਰ-ਸੰਚਾਰਿਤ ਕੀਤਾ। ਉਨ੍ਹਾਂ ਨੇ ਇਹ ਦ੍ਰਿੜ੍ਹ ਕਰ ਲਿਆ ਸੀ ਕਿ ਕੌਮ ਨੂੰ ਅਮਲੀ ਰੂਪ ਵਿਚ ਸਵੱਛ ਕਰਕੇ ਹੀ ਬਲਵਾਨ ਬਣਾਇਆ ਜਾ ਸਕਦਾ ਹੈ। ਇਹ ਸਵੱਛਤਾ ਆਤਮਿਕ ਰੂਪ ਵਿੱਚ ਨਾਮ ਬਾਣੀ ਦੇ ਅਭਿਆਸ ਰਾਹੀਂ ਅਤੇ ਸਰੀਰਕ ਰੂਪ ਵਿੱਚ ਰਹਿਤ ਮਰਯਾਦਾ ਰਾਹੀਂ ਆ ਸਕਦੀ ਹੈ। ਇਸ ਲਈ ਬਾਬਾ ਜੀ ਨੇ ਇਹਨਾਂ ਦੋਹਾਂ ਗੱਲਾਂ ਵਲ ਬਰਾਬਰ ਧਿਆਨ ਦੇ ਕੇ ਕੌਮ ਅੰਦਰ ਚੇਤਨਾ ਪੈਦਾ ਕੀਤੀ।

ਨਾਮਧਾਰੀ ਸੰਪ੍ਰਦਾ ਦੇ ਵਿਕਾਸ ਲਈ ਜੋ ਨਿਸ਼ਾਨਾ ਬਾਬਾ ਰਾਮ ਸਿੰਘ ਜੀ ਨੇ ਰਖਿਆ, ਉਹ ਏਨਾ ਉੱਚਾ ਤੇ ਮਹਾਨ ਸੀ ਕਿ ਕੋਈ ਵੱਡਾ ਮਰਦ ਕਾ ਚੇਲਾ ਹੀ ਏਨਾ ਹੌਸਲਾ ਕਰ ਸਕਦਾ ਹੈ। ਉਨ੍ਹਾਂ ਦੇ ਉੱਚੇ ਸੁੱਚੇ ਜੀਵਨ ਦੀ ਮਹਿਕ ਕਸਤੂਰੀ ਦੀ ਸੁਗੰਧੀ ਵਾਂਗ ਚਾਰ-ਚੁਫੇਰੇ ਫੈਲ ਗਈ। ਲੋਕ ਉਨ੍ਹਾਂ ਨੂੰ ਸਤਿਕਾਰ ਨਾਲ 'ਬਾਬਾ ਜੀ' ਕਹਿ ਕੇ ਬੁਲਾਉਣ ਲੱਗੇ ਅਤੇ ਉਨ੍ਹਾਂ ਦੇ ਨਿਕਟਵਰਤੀ ਸ਼ਰਧਾਲੂ 'ਸਤਿਗੁਰੂ ਰਾਮ ਸਿੰਘ ਜੀ' ਕਹਿਣ ਲੱਗੇ। ਭਾਵੇਂ ਉਹ ਇਉਂ ਕਹਿਣ ਤੋਂ ਸਦਾ ਰੋਕਦੇ ਰਹੇ। ਉਨ੍ਹਾਂ ਦੇ ਰੂਹਾਨੀ ਵਿਅਕਤਿਤਵ ਨੂੰ ਬਿਆਨ ਕਰਦੇ ਸਰਦਾਰ ਕਪੂਰ ਸਿੰਘ ਲਿਖਦੇ ਹਨ, 'ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ

ਹੋਇਆ, ਜਿਸਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ, ਸਮਾਜਿਕ ਤੌਰ ਤੇ, ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉੱਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਇਸ ਲਈ ਸ਼ਰਧਾਲੂਆਂ ਦੇ ਮਨ ਉੱਤੇ ਬਾਬਾ ਰਾਮ ਸਿੰਘ ਜੀ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਨ੍ਹਾਂ ਦਾ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣਾ, ਇੱਕ ਕੁਦਰਤੀ ਜੇਹੀ ਗੱਲ ਸੀ।"

ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਸੰਪ੍ਰਦਾ ਦਾ ਨਿਸ਼ਾਨਾ ਹੇਠ ਲਿਖੇ ਅਨੁਸਾਰ ਮਿਥ ਕੇ ਉਸ ਨੂੰ ਸਾਕਾਰ ਕਰਨ ਲਈ ਇੱਕ ਹੋਰ ਲਹਿਰ ਪੈਦਾ ਕੀਤੀ। ਇਹ ਨਿਸ਼ਾਨਾ ਸੀ:

1. ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ-ਬਹਿਣੀ ਨੂੰ ਸਵੱਛ ਤੇ ਸਾਫ਼ ਰਖਣ।

2. ਲੋਕਾਂ ਦੇ ਮਨਾਂ ਭਰਮਾਂ-ਭੁਲੇਖਿਆਂ ਤੇ ਵਹਿਮਾਂ ਵਿਚੋਂ ਨਿਕਲ ਕੇ ਨਰੋਏ ਹੋਣ।

3. ਸਮਾਜਿਕ ਤੌਰ ਉੱਤੇ ਇਸਤਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿੱਦਿਆ ਦੇ ਪ੍ਰਚਾਰ ਰਾਹੀਂ ਉੱਨਤੀ ਕਰਨ।

4. ਲੋਕਾਂ ਦੀ ਆਤਮਾ ਧਾਰਮਿਕ ਤੌਰ ਤੇ ਸੁਰਜੀਤ ਤੇ ਤਕੜੀ ਹੋਵੇ।

5. ਦੇਸ਼ ਦੀ ਜਨਤਾ ਬਦੇਸ਼ੀਆਂ ਤੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸਵਤੰਤਰ ਹੋ ਕੇ ਆਪਣਾ ਰਾਜ ਆਪ ਕਰੇ।

ਇਸ ਨਿਸ਼ਾਨੇ ਨੂੰ ਸਾਕਾਰ ਕਰਨ ਲਈ ਆਪ ਇਹ ਉਪਦੇਸ਼ ਦਿੰਦੇ ਹੁੰਦੇ ਸਨ ਕਿ ਬਸਤਰ ਸਦਾ ਸਾਫ਼ ਤੇ ਨਿਰਮਲ ਪਹਿਨੋ, ਪਹਿਰ ਰਾਤ ਰਹਿੰਦੀ ਉੱਠ ਕੇ ਸਣੇ ਕੇਸੀ ਇਸ਼ਨਾਨ ਕਰੋ। ਦਾਤਨ ਹਰ ਰੋਜ਼ ਕਰੋ। ਖਾਣ ਪਕਾਣ ਵਿੱਚ ਸਫ਼ਾਈ ਵਰਤੋ, ਗੰਦ ਤੇ ਮੈਲ ਨੂੰ ਤਿਆਗਣ ਵਿੱਚ ਕਦੇ ਆਲਸ ਨਾ ਕਰੋ। ਸੰਜਮ ਅਤੇ ਸਹਿਜ ਦਾ ਜੀਵਨ ਜੀਓ। ਆਤਮਿਕ ਬਲ ਪੈਦਾ ਕਰਨ ਲਈ ਆਪ ਜਿਥੇ ਭਜਨ 'ਤੇ ਜ਼ੋਰ ਦਿੰਦੇ ਸਨ, ਉੱਥੇ ਗੁਰਮਤਿ ਸੰਗੀਤ ਦੀ ਮਰਯਾਦਾ ਅਨੁਸਾਰ ਤੰਤੀ ਸਾਜ਼ਾਂ ਰਾਹੀਂ ਕੀਰਤਨ ਕਰਨ ਉੱਤੇ ਵੀ ਜ਼ੋਰ ਦਿੰਦੇ ਸਨ। ਇਸ ਨਾਲ ਸਿੱਖਾਂ ਦੀ ਆਤਮਾ ਸਵੱਛ ਹੋਈ। ਸਿੱਖਾਂ ਅੰਦਰ ਪਸਰੀ ਸਿਥਲਤਾ

ਨੂੰ ਦੂਰ ਕਰਨ ਲਈ ਆਪ ਜੀ ਨੇ ਵੀਰ ਰਸੀ ਕੀਰਤਨ ਕਰਵਾਉਣਾ ਸ਼ੁਰੂ ਕੀਤਾ, ਜਿਸ ਨੂੰ 'ਹੱਲੇ ਦਾ ਕੀਰਤਨ' ਕਿਹਾ ਗਿਆ । ਚੰਡੀ ਦੀ ਵਾਰ ਦਾ ਪਾਠ ਕਰਨ ਦੀ ਆਪ ਵਿਸ਼ੇਸ਼ ਹਦਾਇਤ ਕਰਦੇ ਸਨ । ਇਸ ਨਾਲ ਸਿੱਖਾਂ ਅੰਦਰ ਅਧਿਆਤਮਿਕ ਤੇ ਵੀਰ ਰਸੀ ਭਾਵਨਾ ਵਿਕਸਿਤ ਹੋਈ ਅਤੇ ਕੌਮ ਧਰਮ ਦੀ ਰੱਖਿਆ, ਦੇਸ਼ ਦੀ ਆਜ਼ਾਦੀ ਅਤੇ ਮਾਨਵਤਾ ਦੇ ਕਲਿਆਣ ਲਈ ਅੱਗੇ ਆਈ। ਘਰ ਘਰ ਬਾਬਾ ਰਾਮ ਸਿੰਘ ਦੀ ਚਰਚਾ ਹੋਣ ਲੱਗੀ । ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਪਾਨ ਕਰਵਾਇਆ ਜਾਣ ਲੱਗਾ । ਨਾਮਧਾਰੀ ਸਿੰਘ ਬਾਹਰੀ ਸਰੂਪ ਵਜੋਂ ਹੰਸ ਅਤੇ ਅੰਦਰਲੀ ਤਾਕਤ ਵਜੋਂ ਸ਼ੇਰ ਦਿਲ ਹੋ ਕੇ ਹਰ ਸੰਕਟ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਏ । ਇਹ ਸਾਰੀਆਂ ਗਤੀਵਿਧੀਆਂ ਵੇਖ ਕੇ ਅੰਗਰੇਜ਼ ਸਰਕਾਰ ਭੈ ਭੀਤ ਹੋ ਗਈ। ਉਨ੍ਹਾਂ ਨੇ 1863-67 ਤਕ ਚਾਰ ਸਾਲ ਲਈ ਬਾਬਾ ਰਾਮ ਸਿੰਘ ਜੀ ਨੂੰ ਭੈਣੀ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ । ਫਿਰ ਉਨ੍ਹਾਂ ਦੇ ਧਾਰਮਿਕ ਅਕੀਦੇ ਨੂੰ ਵੇਖ ਕੇ ਪ੍ਰਚਾਰ ਦੀ ਛੋਟ ਦੇ ਦਿੱਤੀ । ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਨੇ ਨਾਮਧਾਰੀ ਆਦਰਸ਼ ਨੂੰ ਅਪਣਾ ਲਿਆ।

ਭੈਣੀ ਸਾਹਿਬ ਦੀ ਨਜ਼ਰਬੰਦੀ ਦੇ ਦੌਰਾਨ ਹੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦੇ ਪ੍ਰਚਾਰ ਲਈ 22 ਸੂਬਿਆਂ ਦੀ ਨਿਯੁਕਤੀ ਕਰ ਦਿੱਤੀ, ਜਿਨ੍ਹਾਂ ਦੇ ਨਾਮ ਜਵਾਹਰ ਸਿੰਘ, ਕਾਹਨ ਸਿੰਘ, ਸਾਹਿਬ ਸਿੰਘ, ਲੱਖਾ ਸਿੰਘ, ਦਰਬਾਰਾ ਸਿੰਘ, ਸੁਧ ਸਿੰਘ, ਅਰੂੜ ਸਿੰਘ, ਮਾਨ ਸਿੰਘ, ਭਗਵਾਨ ਸਿੰਘ, ਸੁਰਮੁਖ ਸਿੰਘ, ਰਤਨ ਸਿੰਘ, ਰਾਜਾ ਸਿੰਘ, ਜਮੀਅਤ ਸਿੰਘ, ਬ੍ਰਹਮਾ ਸਿੰਘ, ਹੁਕਮਾ ਸਿੰਘ, ਮਲੂਕ ਸਿੰਘ, ਨਾਰਾਇਣ ਸਿੰਘ, ਪਹਾੜਾ ਸਿੰਘ, ਜੈਤਾ ਸਿੰਘ, ਖੁਸ਼ਹਾਲ ਸਿੰਘ, ਸਮੁੰਦ ਸਿੰਘ, ਖਜ਼ਾਨ ਸਿੰਘ, ਗੁਪਾਲ ਸਿੰਘ । ਇਨ੍ਹਾਂ ਦੇ ਇਲਾਕਿਆਂ ਅਤੇ ਕਾਰਜ ਖੇਤਰ ਬਾਰੇ ਇਥੇ ਦਸਣ ਦੀ ਗੰਜਾਇਸ਼ ਨਹੀਂ ਪਰ ਏਨਾ ਚਰਰ ਹੈ ਕਿ ਬਹੁਤੇ ਸਚੇ ਨੌਜਵਾਨ ਸਨ ਜੋ ਜਿਧਰ ਵੀ ਜਾਂਦੇ ਸਿੱਖ ਸੇਵਕਾਂ ਵਿੱਚ ਨਵੀਂ ਰੂਹ ਅਤੇ ਨਵਾਂ ਜੋਸ਼ ਫੂਕਦੇ । ਇਸੇ ਕਰਕੇ ਐਮ. ਐਮ. ਆਹਲੂਵਾਲੀਆ ਆਪਣੀ ਪੁਸਤਕ 'Kukas The Freedom Fighters of the Punjab' ਵਿਚ ਲਿਖਦੇ ਹਨ, "ਇਹ ਸੂਬੇ ਬਾਬਾ ਰਾਮ ਸਿੰਘ ਜੀ ਦੀਆਂ ਅੱਖਾਂ ਤੇ ਕੰਨ ਹੀ ਨਹੀਂ ਸਨ, ਸਗੋਂ ਇਹ ਬੁਲਾਰੇ ਸਨ, ਪ੍ਰਤੀਨਿਧ ਸਨ।"

ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਨਾਮਧਾਰੀ ਸੰਪ੍ਰਦਾ ਨੇ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਇੱਕ ਵਿਸਥਾਰ ਯੋਜਨਾ ਬਣਾਈ, ਜਿਸ ਵਿੱਚ ਵਿਦੇਸ਼ੀ ਕੱਪੜੇ ਅਤੇ ਹੋਰ ਹਰ ਪ੍ਰਕਾਰ ਦੇ ਸਾਮਾਨ ਦੀ ਵਰਤੋਂ ਨਾ ਕਰਨਾ, ਸਰਕਾਰੀ ਡਾਕ

ਸਿਸਟਮ ਦੀ ਥਾਂ ਆਪਣੀ ਡਾਕ-ਵਿਵਸਥਾ ਲਈ ਹਰਕਾਰੇ ਰਖਣੇ, ਸਰਕਾਰੀ ਨੌਕਰੀ ਨਾ ਕਰਨਾ, ਕਚਹਿਰੀਆਂ ਦੀ ਥਾਂ ਪੰਚਾਇਤਾਂ ਵਿੱਚ ਹਰ ਤਰ੍ਹਾਂ ਦੇ ਝਗੜੇ ਨਿਬੇੜਨ ਅਤੇ ਅੰਗਰੇਜ਼ਾਂ ਦੇ ਹਰ ਕੰਮ ਵਿੱਚ ਨਾ-ਮਿਲਵਰਤਨ ਕਰਨ ਦਾ ਪ੍ਰਣ ਕੀਤਾ । ਇਹੀ ਧਾਰਨਾ ਬਾਅਦ ਵਿੱਚ ਕਾਂਗਰਸ ਦੇ ਨਾ-ਮਿਲਵਰਤਨ ਲਹਿਰ ਦੀ ਬੁਨਿਆਦ ਬਣੀ । ਧਾਰਮਿਕ ਜਾਗ੍ਰਿਤੀ ਦੇ ਨਾਲ-ਨਾਲ ਸਮਾਜ ਸੁਧਾਰ ਦੇ ਪੱਖੋਂ ਵੀ ਬਾਬਾ ਰਾਮ ਸਿੰਘ ਜੀ ਨੇ ਕ੍ਰਾਂਤੀਕਾਰੀ ਕਾਰਜ ਕੀਤੇ । ਆਪ ਜੀ ਨੇ ਵਿਆਹ ਪ੍ਰਥਾ ਨੂੰ ਸਰਲ ਤੇ ਗੁਰਮਤਿ ਮਰਯਾਦਾ ਦੇ ਅਨੁਕੂਲ ਬਣਾਇਆ । ਵਿਆਹਾਂ ਦੀਆਂ ਫਜ਼ੂਲ ਖਰਚੀਆਂ ਬੰਦ ਕਰਕੇ ਸਵਾ ਰੁਪਏ ਨਾਲ ਗੁਰਮਤਿ ਮਰਯਾਦਾ ਅਨੁਸਾਰ ਵਿਆਹ ਕਰਨ ਦੀ ਪਿਰਤ ਪਾਈ । ਕੁੜੀਆਂ ਨੂੰ ਜੰਮਦਿਆਂ ਮਾਰਨ, ਬਾਲ ਵਿਆਹ, ਵੱਟੇ ਦੇ ਸਾਕ ਆਦਿ ਭੈੜੀਆਂ ਕੁਰੀਤੀਆਂ ਨੂੰ ਬੰਦ ਕੀਤਾ। ਵਿਧਵਾ ਵਿਆਹ ਕਰਨ ਦੀ ਰੀਤ ਤੋਰੀ । ਔਰਤ ਦੇ ਗੌਰਵ ਨੂੰ ਬਹਾਲ ਕਰਕੇ ਮਰਦ ਦੇ ਬਰਾਬਰ ਅਧਿਕਾਰ ਦੇਣ ਲਈ ਸਿੱਖ ਸਮਾਜ ਨੂੰ ਉਤਸ਼ਾਹਤ ਕੀਤਾ ਅਤੇ ਔਰਤ ਨੂੰ ਅਬਲਾ ਤੋਂ ਸਬਲਾ ਬਣਾਇਆ। ਇਵੇਂ ਬਾਬਾ ਰਾਮ ਸਿੰਘ ਨੇ ਨਿਘਰੀ ਹੋਈ ਅਵਸਥਾ ਵਿਚੋਂ ਸਿੱਖ ਕੌਮ ਨੂੰ ਕੱਢਿਆ। ਗੁਰਬਾਣੀ ਵਿੱਚ ਅਟੱਲ ਵਿਸ਼ਵਾਸ, ਜਾਤ-ਪਾਤ ਦਾ ਖੰਡਨ, ਸੋਢੀ-ਬੇਦੀ ਬਾਬਿਆਂ ਵੱਲੋਂ ਪਸਾਰੇ ਜਾ ਰਹੇ ਪੂਜਾ-ਵਿਧਾਨ ਦਾ ਨਿਖੇਧ ਕਰਕੇ ਕੌਮ ਵਿੱਚ ਨਵੀਂ ਰੂਹ ਪੈਦਾ ਕੀਤੀ।

ਅਜੋਕੇ ਸੰਦਰਭ ਵਿੱਚ ਪ੍ਰਸੰਗਿਕਤਾ

ਵਰਤਮਾਨ ਅਤੇ ਭਵਿੱਖ ਵਿਚ ਨਾਮਧਾਰੀ ਸਿੱਖ ਸਿੱਧਾਂਤਾਂ ਦੀ ਸਾਰਥਿਕਤਾ ਸਦਾ ਕਾਇਮ ਰਹੇਗੀ । ਇਸ ਸੰਪ੍ਰਦਾ ਦਾ ਕੇਂਦਰੀ ਸਰੋਕਾਰ ਨਾਮ ਹੈ। ਇਹ ਨਾਮ ਅਕਾਲ-ਪੁਰਖ ਵਾਹਿਗੁਰੂ ਦਾ ਹੈ ਅਤੇ ਇਸਦਾ ਸਿਮਰਨ ਨਾਮਧਾਰੀ ਸਿੱਖ ਦਾ ਜੀਵਨ ਅਮਲ ਹੈ। ਨਾਮ ਜਪਣ ਨਾਲ ਸੁੱਖ-ਸ਼ਾਂਤੀ ਮਿਲਦੀ ਹੈ, ਭਟਕਣਾ ਖ਼ਤਮ ਹੁੰਦੀ ਅਤੇ ਮਨ ਨੂੰ ਚੈਨ ਆਉਂਦਾ ਹੈ। ਅੱਜ ਹਰ

ਮਨੁੱਖ ਆਪਣੇ ਮਨ ਦਾ ਚੈਨ ਗਵਾ ਚੁੱਕਾ ਹੈ, ਭਟਕਣ ਦਾ ਸ਼ਿਕਾਰ ਹੈ । ਸੁੱਖ ਦੀ ਪ੍ਰਾਪਤੀ ਲੋਕ ਧਨ-ਦੌਲਤ ਰਾਹੀਂ ਪ੍ਰਾਪਤ ਕਰਨ ਲੱਗੇ ਹੋਏ ਹਨ। ਧਨ ਪ੍ਰਾਪਤ ਕਰਨ ਲਈ ਹਰ ਵਿਅਕਤੀ ਜਾਇਜ਼ ਨਜ਼ਾਇਜ ਤਰੀਕੇ ਅਪਣਾ ਰਿਹਾ ਹੈ ਅਤੇ ਇਹੀ ਉਸ ਲਈ ਸੰਤਾਪ ਬਣਦੇ ਜਾ ਰਹੇ ਹਨ।

ਗ਼ਲਤ ਢੰਗਾਂ ਨਾਲ ਕਮਾਇਆ ਧਨ ਭਿਆਨਕ ਬੀਮਾਰੀਆਂ ਦੇ ਇਲਾਜ਼, ਐਸ਼ੋ-ਇਸ਼ਰਤ ਤੇ ਨਸ਼ਿਆਂ ਪਤਿਆਂ ਦੀਆਂ ਅਲਾਮਤਾਂ ਤੇ ਖਰਚ ਹੋ ਰਿਹਾ ਹੈ ਜਿਸ ਨਾਲ ਮਨ ਦਾ ਸਾਕੂਨ ਗਵਾਚਦਾ ਹੈ। ਅੰਦਰ ਦਾ ਸਹਿਜ ਅਤੇ ਖੇੜਾ ਕਦੇ ਵੀ ਪਦਾਰਥਕ ਚੀਜ਼ਾਂ ਦੀ ਬਹੁਲਤਾ ਵਿਚੋਂ ਨਹੀਂ ਮਿਲ ਸਕਦਾ। ਅੱਜ ਲੋਕ ਟੀ.ਵੀ. ਚੈਨਲਾਂ ਰਾਹੀਂ ਪ੍ਰਚਾਰ ਕਰ ਰਹੇ ਸੰਤਾਂ, ਬਾਪੂਆਂ, ਬਾਬਿਆਂ, ਸੁਆਮੀਆਂ ਵਲ ਦੌੜ ਰਹੇ ਹਨ ਪਰ ਉਨ੍ਹਾਂ ਦੇ ਉਪਦੇਸ਼ ਵਕਤੀ ਧਰਵਾਸ ਤਾਂ ਦੇ ਸਕਦੇ ਹਨ ਪਰ ਅੰਦਰ ਦੀ ਸੁੱਖ ਸ਼ਾਂਤੀ, ਸਹਿਜ ਤੇ ਰੂਹਾਨੀ ਖੇੜਾ ਨਾਮ ਸਿਮਰਨ ਰਾਹੀਂ ਹੀ ਪੈਦਾ ਹੋਣਾ ਹੈ। ਨਾਮ ਦਾ ਬੀਜ ਇਸ ਸਰੀਰ ਰੂਪੀ ਧਰਤੀ ਵਿੱਚ ਅਸੀਂ ਬੀਜ ਨਹੀਂ ਰਹੇ ਅਤੇ ਸੁਖ ਸਹਿਜ ਲਈ ਅਸਾਨ ਤੋਂ ਅਸਾਨ ਤਰੀਕੇ ਲਭ ਰਹੇ ਹਾਂ, ਇਹ ਸਭ ਫੋਕਟ-ਕਰਮ ਹਨ। ਨਾਮਧਾਰੀਆਂ ਦਾ ਵਿਸ਼ਵਾਸ ਹੈ ਕਿ ਨਾਮ ਉਹ ਬੀਜ ਹੈ ਜਿਸ ਨੂੰ ਬੀਜਣ ਨਾਲ ਲੋਕ-ਪ੍ਰਲੋਕ ਦੇ ਸੁਖ ਦੀ ਫ਼ਸਲ ਤਿਆਰ ਹੁੰਦੀ ਹੈ।

ਅਧਿਆਤਮਕ ਪ੍ਰਾਪਤੀ ਤਿਆਗ ਵਿਚੋਂ ਹੋਣੀ ਹੈ ਅਤੇ ਤਿਆਗ ਕਰਨ ਲਈ ਅਸੀਂ ਤਿਆਰ ਨਹੀਂ ਕਿਉਂਕਿ ਅਜੋਕਾ ਸਮਾਂ ਬਹੁਲਤਾ ਦਾ ਹੈ। ਤਿਆਗ ਦਾ ਨਾਮ ਹੀ ਰਹਿਤ-ਮਰਯਾਦਾ ਹੈ। ਮਰਯਾਦਾ ਨਾਮਧਾਰੀ ਸਿੱਖ ਦੀ ਸੁੱਖ-ਸੋਧ ਹੈ। ਅੱਜ ਇਹ ਸੁੱਚ ਨਾ ਰਹਿਣ ਕਰਕੇ ਅਸੀਂ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ। ਕੁਦਰਤੀ ਸੋਮਿਆਂ ਨੂੰ ਵੀ ਗੰਦਾ ਕਰ ਰਹੇ ਹਾਂ ਅਤੇ ਆਪ ਵੀ ਗੰਦ-ਮੰਦ ਭਾਖਣ ਅਤੇ ਭੋਗਣ ਲਗੇ ਹੋਏ ਹਾਂ। ਰੋਜ਼ਾਨਾ ਸਣੇ ਕੇਸੀ ਇਸਨਾਨ ਕਰਨਾ ਅਤੇ ਆਪਣਾ ਪਾਣੀ ਦਾ ਗੜਵਾ ਰੱਖਣਾ ਨਾਮਧਾਰੀ ਦੀ ਪਛਾਣ ਹੈ। ਅੱਜ ਹਰ ਕੋਈ ਮਜਬੂਰੀ ਵੱਸ ਆਪਣੀ ਵੱਖਰੀ ਪਾਣੀ ਦੀ ਬੋਤਲ ਰੱਖਣ ਲਗ ਪਿਆ ਹੈ। ਇਹ ਧਾਰਨਾ ਸੁੱਚ, ਸ਼ੁੱਧ ਤੇ ਸਫ਼ਾਈ ਦੇ ਸਰੋਕਾਰ ਹਨ ਪਰ ਇਸ ਸੁੱਚ ਅਤੇ ਪਵਿੱਤਰਤਾ ਨੂੰ ਅਸੀਂ ਆਪਣੀ ਰਹਿਣੀ ਅਤੇ ਵਰਤੋਂ-ਵਿਹਾਰ ਵਿਚ ਅਜੇ ਪੈਦਾ ਨਹੀਂ ਕਰ ਸਕੇ ਅਤੇ ਨਾ ਹੀ ਵਾਤਾਵਰਣ ਨੂੰ ਅਸੀਂ ਪਵਿੱਤਰ ਰੱਖ ਸਕੇ ਹਾਂ।

ਨਾਮਧਾਰੀ ਸਾਕਾਹਾਰ, ਨਸ਼ੇ ਰਹਿਤ ਅਹਾਰ ਕਰਦੇ ਹਨ। ਉਹ ਸਮਝਦੇ ਹਨ ਕਿ ਸਾਤਵਿਕ ਜੀਵਨ ਜਿਉਣ ਲਈ ਤਾਮਸਿਕ ਭੋਜਨ ਠੀਕ ਨਹੀਂ। ਗੱਲ ਵੱਢ ਹੱਤਿਆ ਕਮਾਉਣਾ ਪਾਪ ਹੈ। ਮਨੁੱਖ ਜਿਸ ਪਸ਼ੂ-ਪੰਛੀ ਦਾ ਮਾਸ ਖਾਂਦਾ ਹੈ, ਉਸਦੀਆਂ ਬੀਮਾਰੀਆਂ ਉਸ ਦੇ ਸਰੀਰ ਵਿੱਚ ਆ ਜਾਂਦੀਆਂ ਹਨ। ਜੀਵ ਹੱਤਿਆ ਕੁਦਰਤ ਦਾ ਤਵਾਜਨ ਵਿਗਾੜਦਾ ਹੈ। ਨਸ਼ਿਆਂ ਨੂੰ ਕੋਈ ਵੀ ਧਰਮ ਮਾਨਤਾ ਨਹੀਂ ਦਿੰਦਾ। ਇਹ ਸਰੀਰਕ ਕਮਜ਼ੋਰੀ ਅਤੇ ਆਲਸ ਪੈਦਾ ਕਰਦੇ ਹਨ। ਕਹਿੰਦੇ ਹਨ ਜਿਸ ਕੌਮ ਨੂੰ

ਬਰਬਾਦ ਕਰਨਾ ਹੋਵੇ, ਉਸ ਨੂੰ ਨਸ਼ਿਆਂ ਵਿੱਚ ਪਾ ਦਿਓ। ਅੱਜ ਸਿੱਖ ਧਰਮ ਲਈ ਸਭ ਤੋਂ ਵੱਡੀ ਵੰਗਾਰ ਨਸ਼ਿਆਂ ਤੋਂ ਮੁਕਤ ਹੋਣ ਦੀ ਬਣ ਗਈ ਹੈ। ਇਸ ਪੱਛਮ ਦੀ ਜੂਠ ਨੂੰ ਸਿੱਖੀ ਦੇ ਘਰੋਂ ਬਾਹਰ ਕੱਢਣ ਦੀ ਲੋੜ ਹੈ।

ਸਦਾਚਾਰ ਕਦਰਾਂ-ਕੀਮਤਾਂ ਤੇ ਉੱਚਾ-ਸੁੱਚਾ ਜੀਵਨ ਨਾਮਧਾਰੀ ਲਈ ਜ਼ਰੂਰੀ ਹੈ। ਇਸ ਨਾਲ ਇਕ ਪਾਸੇ ਜੀਵਨ ਸਰਲ, ਸਹਿਜ ਵਾਲਾ, ਛਲ ਕਪਟ ਰਹਿਤ ਬਣਦਾ ਹੈ, ਉਥੇ ਦੂਜੇ ਪਾਸੇ ਏਡਜ਼ ਵਰਗੇ ਭਿਆਨਕ ਰੋਗਾਂ ਤੋਂ ਮੁਕਤ ਰਹਿੰਦਾ ਹੈ। ਪਦਾਰਥਵਾਦੀ ਜੀਵਨ ਵਿਚ ਰਿਸ਼ਤੇ ਤੇ ਸਾਂਝਾਂ ਟੁੱਟ ਰਹੀਆਂ ਹਨ ਪਰ ਨਾਮਧਾਰੀ ਜੀਵਨ ਦੇ ਧਾਰਨੀ ਸਾਂਝ ਦੀਆਂ ਤੰਦਾਂ ਜੋੜਦੇ ਹਨ।

ਅੱਜ ਲੋਕ-ਸੇਵਾ ਦਾ ਵਿਖਾਵਾ ਵੱਧ ਗਿਆ ਪਰ ਆਪਣੇ ਬਜ਼ੁਰਗਾਂ ਨੂੰ ਕੋਈ ਨਹੀਂ ਸਾਂਭ ਰਿਹਾ। ਇਸ ਪੱਖੋਂ ਵੀ ਨਾਮਧਾਰੀ ਸਿੱਖ ਸਿੱਧਾਂਤਾਂ ਦੀ ਪ੍ਰਸੰਗਾ ਹੈ। ਅੱਜ ਲੋਕ ਆਰਥਿਕ ਪੱਖੋਂ ਅਮੀਰ ਹੋ ਰਹੇ ਪਰ ਨੈਤਿਕ ਪੱਖੋਂ ਕੰਗਾਲ ਹੋ ਰਹੇ ਹਨ। ਨਾਮਧਾਰੀ ਸੰਪ੍ਰਦਾ ਮਨੁੱਖ ਨੂੰ ਆਤਮਿਕ, ਸਰੀਰਕ ਤੇ ਸਮਾਜਿਕ ਪੱਖੋਂ ਆਦਰਸ਼ਕ ਜੀਵਨ ਜਿਊਣ ਦਾ ਸੰਦੇਸ਼ ਦਿੰਦੀ ਹੈ ਜਿਸਦੀ ਅਜੋਕੇ ਸੰਦਰਭਵਿੱਚ ਬਹੁਤ ਲੋੜ ਹੈ ਸਮੁੱਚੇ ਰੂਪ ਵਿਚ ਜੇਕਰ ਵੇਖਿਆ ਜਾਵੇ ਤਾਂ ਨਾਮਧਾਰੀ ਸੰਪ੍ਰਦਾ ਸਿੱਖੀ ਆਦਰਸ਼ ਨੂੰ ਅਮਲ ਰੂਪ ਵਿਚ ਜਿਉਂਣ ਅਤੇ ਹੰਢਾਉਣ ਦੀ ਇਕ ਜੀਵਨ-ਜਾਚ ਹੈ। ਰੂਹਾਨੀਅਤ ਕਰਕੇ ਇਹ ਸਿੱਖੀ ਤੋਂ ਨਿਆਰੀ ਨਹੀਂ ਸਗੋਂ ਵੇਸ ਤੇ ਭੇਸ ਕਰਕੇ ਆਪਣੀ ਨਿਆਰੀ ਆਭਾ ਰੱਖਦੀ ਹੈ।

## ਨਿਹੰਗ ਸੰਪਰਦਾਇ

ਅਠਾਰਵੀਂ ਸਦੀ ਵਿਚ ਮੁਗਲ-ਸਿੰਘ ਸੰਘਰਸ਼ ਵਿਚ ਨਿਹੰਗ ਸਿੰਘ ਦਾ ਰੋਲ ਬਹੁਤ ਅਹਿਮ ਸੀ, ਕਿਉਂਕਿ ਇਹਨਾਂ ਮਰਜੀਵੜਿਆਂ ਨੇ ਸੀਸ ਤਲੀ ਤੇ ਧਰ ਕੇ ਧਰਮ ਦੀ ਖਾਤਰ ਕੁਰਬਾਨੀਆਂ ਕਰਦਿਆਂ ਮੁਗਲ ਰਾਜ ਨੂੰ ਭਾਰੀ ਸੱਟਾਂ ਮਾਰੀਆਂ। ਪੰਜਾਬ ਵਿਚੋਂ ਉਹਨਾਂ ਦਾ ਰਾਜ ਭਾਗ ਖ਼ਤਮ ਕਰ ਦਿੱਤਾ, ਖ਼ਾਲਸਾ ਰਾਜ ਦੀ ਸਥਾਪਤੀ ਤੇ ਉਸਨੂੰ ਕਾਇਮ ਰੱਖਣ ਵਿੱਚ ਨਿਹੰਗ ਸਿੰਘਾਂ ਦੀ ਦੇਣ ਅਤਿਅੰਤ ਆਦਰਯੋਗ ਤੇ ਮਹੱਤਵਪੂਰਨ ਹੈ।

ਨਿਹੰਗਾ ਸ਼ਬਦ ਦੇ ਅਰਥ ਕੀ ਹਨ ? ਇਸ ਬਾਰੇ ਦੋ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਪਹਿਲਾ ਕਿ ਇਹ ਫ਼ਾਰਸੀ ਸ਼ਬਦ ਹੈ, ਜਿਸ ਦਾ ਅਰਥ ਮਗਰਮੱਛ ਹੈ। ਨਿਹੰਗ ਸਿੰਘ ਸੰਪ੍ਰਦਾਇ ਦਾ ਇਸ ਨਾਲ ਸੰਬੰਧ ਇਉਂ ਉਚਿਤ ਦਰਸਾਇਆ ਜਾਂਦਾ ਹੈ ਕਿ

ਜਿਵੇਂ ਮਗਰਮੱਛ ਪਾਣੀ ਵਿਚ ਕਿਸੇ ਦੇ ਕਾਬੂ ਨਹੀਂ ਆਉਂਦਾ। ਅਜਿੱਤ ਤੇ ਅਦਿਖ ਰਹਿੰਦਾ ਹੈ ਤੇ ਬੜਾ ਦਹਿਲ ਹੈ, ਇਵੇਂ ਹੀ ਨਿਹੰਗ ਸਿੰਘ ਦੁਸ਼ਮਣ ਦੇ ਕਾਬੂ ਨਹੀਂ ਆਉਂਦੇ ਤੇ ਉਹਨਾਂ ਦਾ ਦਹਿਲ ਹਮੇਸ਼ਾਂ ਦੁਸ਼ਮਣ ਨੂੰ ਕੰਬਣ ਲਈ ਮਜ਼ਬੂਰ ਕਰਦਾ ਹੈ। ਕੁਝ ਵਿਦਵਾਨ ਨਿਹੰਗ ਸ਼ਬਦ ਦੀ ਵਿਆਖਿਆ ਇਉਂ ਵੀ ਕਰਦੇ ਹਨ - ਮਗਰਮੱਛ ਕਿਰਲੀ ਜਾਂ ਛਿਪਕਲੀ ਦੇ ਰੂਪ ਵਿੱਚ ਹੈ। ਛਿਪਕਲੀ ਦਾ ਸੁਭਾਅ ਹੈ ਕਿ ਉਹ ਅੱਖਾਂ ਬੰਦ ਰੱਖਦੀ ਹੋਈ ਵੀ ਸੁਚੇਤ ਰਹਿੰਦੀ ਹੈ। ਆਪ ਕਿਸੇ ਤੇ ਹਮਲਾ ਨਹੀਂ ਕਰਦੀ, ਪਰ ਜੇਕਰ ਕੋਈ ਹਮਲਾ ਕਰੇ ਤਾਂ ਉਸਨੂੰ ਕੱਟ ਲੈਂਦੀ ਹੈ ਤੇ ਉਸ ਦੇ ਕੱਟੇ ਦਾ ਕੋਈ ਇਲਾਜ ਨਹੀਂ ਹੈ। ਇਹੀ ਸੁਭਾਅ ਨਿਹੰਗ ਦਾ ਹੈ ਕਿ ਉਹ ਆਪ ਕਿਸੇ ਨੂੰ ਕੁਝ ਨਹੀਂ ਆਖਦਾ, ਪਰ ਅਗਲਾ ਛੇੜ ਕਰੇ ਤਾਂ ਸੋਧਣੋਂ ਗੁਰੇਜ਼ ਨਹੀਂ ਕਰਦਾ।

ਇਹ ਦੋਨੋਂ ਅਰਥ ਵੀ ਠੀਕ ਹੋ ਸਕਦੇ ਹਨ, ਪਰ ਨਿਹੰਗ ਤੇ ਮਗਰਮੱਛ ਅਤੇ ਛਿਪਕਲੀ ਵਿਚ ਕਿਸੇ ਪ੍ਰਕਾਰ ਦੀ ਸਾਂਝ ਨਹੀਂ ਜਾਪਦੀ। ਮਗਰਮੱਛ ਤੇ ਛਿਪਕਲੀ ਦੋਨੋਂ ਹੀ ਗਲੀਜ਼ ਤੇ ਕਰੂਪ ਜਿਹੇ ਜਾਨਵਰ ਹਨ, ਜਦੋਂ ਕਿ ਨਿਹੰਗ ਸਿੰਘ, ਖਾਸ ਕਰਕੇ ਪੁਰਾਤਨ ਸਮਿਆਂ ਦੇ ਦਰਸ਼ਨੀ ਜੁਆਨ ਸਨ, ਜਿਹਨਾਂ ਦੀ ਸ਼ਖ਼ਸੀਅਤ ਸਭ ਨੂੰ ਆਕਰਸ਼ਿਤ ਕਰਦੀ ਸੀ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਨਿਹੰਗ ਸ਼ਬਦ ਸੰਸਕ੍ਰਿਤ ਸ਼ਬਦ ਨਿਹਸੰਕ ਦਾ ਵਿਕਰਿਤ ਰੂਪ ਹੈ, ਜਿਸ ਦਾ ਅਰਥ ਹੈ - ਨਿਰਲੇਪ, ਬੇਪ੍ਰਵਾਹ, ਆਤਮ-ਗਿਆਨੀ, ਦੰਦ ਦਾ ਤਿਆਗੀ, ਜੋ ਆਪਣੇ ਪਾਸ ਕੁਝ ਨਾ ਰਖੇ, ਰੋਗ ਸੋਗ ਤੋਂ ਬੇ-ਪ੍ਰਵਾਹ, ਵੰਡ ਕੇ ਛਕਣ ਵਾਲਾ, ਸੱਚਾ, ਸੁੱਚਾ, ਸ਼ੁੱਧ ਆਦਿ।

ਪੰਜਾਬੀ ਕੋਸ਼ਾਂ ਵਿੱਚ ਨਿਹੰਗ ਦੇ ਅਰਥ ਦਿੱਤੇ ਹਨ : ਉੱਚ ਦੁਮਾਲੇ ਤੇ ਨੀਲੇ ਬਾਣੇ ਵਾਲਾ, ਇੱਕ ਕਿਸਮ ਦੇ ਸਿੱਖ ਜੋ ਨੀਲਾ ਬਾਣਾ ਧਾਰਨ ਕਰਦੇ ਹਨ ਅਤੇ ਸ਼ਸਤਰ-ਧਾਰੀ ਰਹਿੰਦੇ ਹਨ : ਨਿਧੜਕ, ਨਿਰਭੈ ਯੋਧਾ ਵਰਿਆਮ।

ਨਿਹੰਗ ਸ਼ਬਦ ਦੀ ਸਿਰਜਣਾ ਸੰਸਕ੍ਰਿਤ ਸ਼ਬਦ ਨਿਹਸੰਕ ਤੋਂ ਹੋਈ ਮੰਨਣੀ ਜ਼ਿਆਦਾ ਠੀਕ ਹੈ ਤੇ ਢੁਕਵੀਂ ਹੈ ਕਿਉਂਕਿ ਅਠਾਰਵੀਂ ਸਦੀ ਵਿੱਚ ਨਿਹੰਗ ਦਾ ਰੂਪ, ਸੁਭਾਅ ਤੇ ਕਰਤੱਵ ਪਾਲਣ ਦੀ ਬਿਰਤੀ ਇਹਨਾਂ ਅਰਥਾਂ ਨੂੰ ਸਿੱਧ ਕਰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਇਸ ਸ਼ਬਦ ਦਾ ਪ੍ਰਯੋਗ ਕੀਤਾ ਹੈ :

ਨਿਰਭਉ ਹੋਇਓ ਭਇਆ ਨਿਹੰਗਾ।

ਭਾਈ ਰਤਨ ਸਿੰਘ ਭੰਗੂ ਨੇ ਵੀ ਨਿਹੰਗ ਦੀ ਪਰਿਭਾਸ਼ਾ ਦਿੰਦਿਆਂ ਉਸ ਨੂੰ ਨਿਰਲੇਪ ਹੀ ਮੰਨਿਆ ਹੈ :

ਨਿਹੰਗ ਕਹਾਵੈ ਸੋ ਪੁਰਸ਼ ਦੁਖੁ ਸੁਖ ਮੰਨੇ ਨਾ ਅੰਗ ।

ਭਾਈ ਕਾਨ੍ਹ ਸਿੰਘ ਨਾਭਾ ਨੇ ਨਿਹੰਗਾਂ ਬਾਰੇ ਲਿਖਿਆ ਹੈ, "ਸਿੰਘਾਂ ਦਾ ਇੱਕ ਫਿਰਕਾ ਜੋ ਸੀਸ ਪਰ ਫਰਹਰੇ ਵਾਲਾ ਉੱਚ ਦੁਮਾਲਾ, ਚਕ੍ਰ, ਤੋੜਾ, ਖੰਡਾ, ਕ੍ਰਿਪਾਨ, ਗਜਗਾਹ ਆਦਿ। ਸ਼ਸਤ੍ਰ ਅਰ ਨੀਲਾ ਬਾਣਾ ਪਹਿਨਦਾ ਹੈ । ਨਿਹੰਗ ਸਿੰਘ ਮਰਨ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਨੂੰ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਸ ਲਈ ਇਹ ਨਾਮ ਹੈ।" ਨਿਹੰਗ ਸਿੰਘ ਬਾਰੇ ਡਾ. ਰਤਨ ਸਿੰਘ ਲਿਖਦੇ ਹਨ, 'ਗੁਰੂ ਗੋਬਿੰਦ ਸਿੰਘ ਜੀ ਦੀ ਲਾਡਲੀ ਫੌਜ ਵਜੋਂ ਪ੍ਰਸਿੱਧ ਨਿਹੰਗ ਸਿੰਘ ਸਿੱਖ ਧਰਮ ਦੇ ਪੁਰਾਤਨ ਜੰਗੀ ਸਰੂਪ ਅਤੇ ਆਚਾਰ ਨੂੰ ਅਪਣਾ ਕੇ ਚੱਲਣ ਵਾਲਾ ਇੱਕ ਅਜਿਹਾ ਸਾਧਕ ਹੈ, ਜੋ ਸੀਸ ਉਪਰ ਫਰਹਰੇ ਵਾਲਾ ਉੱਚ ਦੁਮਾਲਾ ਸਜਾਉਂਦਾ ਹੈ ਅਤੇ ਕਈ ਪ੍ਰਕਾਰ ਦੇ ਸ਼ਸਤ੍ਰਾਂ (ਚੱਕਰ, ਖੰਡਾ, ਕ੍ਰਿਪਾਨ, ਭਾਲਾ, ਬੰਦੂਕ, ਤੋੜਾ ਗਜਗਾਹ ਆਦਿ) ਨਾਲ ਸੁਸਜਿਤ ਹਰ ਵਕਤ ਤਿਆਰ ਬਰ ਤਿਆਰ ਰਹਿੰਦਾ ਹੈ । ਇਸ ਪਾਸ ਲੋਹੇ ਦਾ ਗੜਵਾ, ਮਾਲਾ ਅਤੇ ਹੋਰ ਲੋੜੀਂਦਾ ਸਾਮਾਨ ਹਰ ਵਕਤ ਮੌਜੂਦ ਰਹਿੰਦਾ ਹੈ ।"5 ਇਉਂ ਇਹ ਸਪਸ਼ਟ ਹੋ ਗਿਆ ਹੈ ਕਿ ਨਿਹੰਗ ਸਿੰਘ ਸਿੱਖ ਧਰਮ ਦਾ ਇੱਕ ਅੰਗ ਹਨ, ਜੋ ਦੇਸ਼-ਧਰਮ ਦੀ ਖਾਤਰ ਹਰ ਵੇਲੇ ਸ਼ਹੀਦੀਆਂ ਪਾਉਣ ਲਈ ਤਿਆਰ ਰਹਿੰਦੇ ਹਨ।

ਨਿਹੰਗ ਸਿੰਘ ਦਾ ਦਲ ਹੋਂਦ ਵਿੱਚ ਕਿਵੇਂ ਆਇਆ ? ਇਸ ਬਾਰੇ ਕਈ ਮੌਖਿਕ ਤੇ ਲਿਖਤੀ ਕਥਾਵਾਂ ਪ੍ਰਚਲਿਤ ਹਨ । ਇੱਕ ਪਰੰਪਰਾ ਅਨੁਸਾਰ ਕਲਗੀਧਰ ਪਾਤਸ਼ਾਹ ਆਨੰਦਪੁਰ ਸਾਹਿਬ ਵਿਖੇ ਦਰਬਾਰ ਲਗਾਈ ਸਿੰਘਾਂ ਨਾਲ ਬਚਨ ਬਿਲਾਸ ਕਰ ਰਹੇ ਸਨ ਕਿ ਸਾਹਿਬਜ਼ਾਦੇ 'ਬਾਬਾ ਅਜੀਤ ਸਿੰਘ ਜੀ ਉੱਚ ਦੁਮਾਲਾ ਤੇ ਨੀਲਾ ਥਾਣਾ ਸਜਾ ਕੇ ਉਹਨਾਂ ਪਾਸ ਆਏ । ਮਹਾਰਾਜ ਉਹਨਾਂ ਦਾ ਅਨੋਖਾ ਬਾਣਾ ਦੇਖ ਕੇ ਕਹਿਣ ਲੱਗੇ, "ਨਿਹੰਗ ਸਿੰਘ ਤੇਰਾ ਪੰਥ ਚਲੇਗਾ' ਤੇ ਦੂਸਰੀ ਕਥਾ ਨਿਹੰਗ ਸਿੰਘਾਂ ਵਿੱਚ ਇਉਂ ਪ੍ਰਚਲਿਤ ਹੈ ਕਿ ਇੱਕ ਵਾਰ ਸੰਗਤਾਂ ਨੇ ਦਸਮ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਸਾਨੂੰ ਅਕਾਲ ਪੁਰਖ ਦੇ ਦਰਸ਼ਨ ਕਰਵਾਓ ਤਾਂ ਉਹ ਸਤਿਗੁਰੂ ਦੀ ਗੋਦੀ ਵਿਚੋਂ ਉਠ ਕੇ ਤੋਸ਼ੇਖਾਨੇ ਚਲੇ ਗਏ । ਉਹ ਨੀਲਾ ਬਾਣਾ ਫਰਹਰੇ ਵਾਲਾ ਉੱਚ ਦੁਮਾਲਾ ਸਜਾ ਕੇ ਤਿਆਰ ਬਰ ਤਿਆਰ ਹੋ ਕੇ ਸੰਗਤ ਵਿੱਚ ਆ ਖੜੋਤੇ ਤਾਂ ਸਾਹਿਬ-ਏ-ਕਮਾਲ ਨੇ ਆਖਿਆ, "ਸੰਗਤ ਜੀ ਖੜ੍ਹੇ ਹੋ ਕੇ ਅਕਾਲ ਪੁਰਖ ਦੇ ਦਰਸ਼ਨ ਕਰੋ ।" ਇਸ ਤੋਂ ਨਿਹੰਗ ਸਿੰਘ ਦੀ ਸੰਪ੍ਰਦਾਇ ਚੱਲੀ । ਇਹ ਪਰੰਪਰਾ ਵੀ ਹੈ ਕਿ ਜਦੋਂ ਗੁਰੂ ਸਾਹਿਬ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਪੰਜ ਪਿਆਰੇ ਸਾਜ ਕੇ ਸੰਗਤਾਂ ਦੇ ਸਨਮੁਖ ਕੀਤੇ ਤਾਂ ਉਹਨਾਂ ਦੇ ਬਾਣੇ ਨੀਲੇ ਸਨ, ਜਿਸ ਬਾਰੇ ਭਾਈ ਗੁਰਦਾਸ ਸਿੰਘ ਨੇ ਲਿਖਿਆ ਹੈ :

ਉਹ ਗੁਰ ਗੋਬਿੰਦ ਹੋਇ ਪ੍ਰਗਟਿਓ ਦਸਮਾ ਅਵਤਾਰਾ ॥

ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ ॥ ਨਿਜ ਪੰਥ ਚਲਾਇਓ ਖਾਲਸਾ ਸਹਿ ਤੇਜ ਕਰਾਰਾ ॥ ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਲਟ ਪਛਾਰਾ ॥

ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ ॥ ਤੁਰਕ ਦੁਸ਼ਟ ਸਭਿ ਛੈ ਕੀਏ ਹਰਿਨਾਮ ਉਚਾਰਾ ॥

ਇਹ ਪਰੰਪਰਾ ਵੀ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਉੱਚ ਦੇ ਪੀਰ ਬਣ ਕੇ ਨੀਲ ਬਸਤਰ ਪਹਿਨ ਕੇ ਉਹਨਾਂ ਨੇ ਆਪਣਾ ਭੇਖ ਬਦਲਿਆ ਹੋਇਆ ਸੀ । ਮਾਲਵੇ ਵਿੱਚ ਆਪ ਜਦੋਂ ਢਿੱਲਵਾਂ ਪੁੱਜੇ ਤਾਂ ਆਪ ਵੀ ਇਸ ਨੀਲੀ ਪੌਸ਼ਾਕ ਨੂੰ ਦੇਖ ਕੇ ਬਾਬਾ ਕੋਲ ਜੀ ਨੇ ਆਪ ਨੂੰ ਬੇਨਤੀ ਕੀਤੀ ਕਿ ਨੀਲਾ ਰੰਗ ਤਾਂ ਤੁਰਕਾਂ ਦਾ ਹੈ, ਇਸ ਨੂੰ ਤਿਆਗਣ ਦੀ ਕਿਰਪਾਲਤਾ ਕਰੋ ਤਾਂ ਸਤਿਗੁਰੂ ਨੇ ਆਖਿਆ, "ਅੰਗੀਠਾ ਜਲਾਉ" ਤਾਂ ਅੰਗੀਠਾ ਜਲਾਇਆ ਗਿਆ । ਆਪਨੇ ਨੀਲਾ ਬਾਣਾ ਲੀਰਾਂ ਕਰ ਦਿੱਤਾ ਤੇ ਇੱਕ ਇੱਕ ਲੀਰ ਅੰਗੀਠੇ ਵਿੱਚ ਸਾੜਨ ਲਗੇ ਤਾਂ ਨਾਲ ਹੀ ਬਚਨ ਕੀਤਾ :

ਨੀਲ ਬਸਤ੍ਰ ਲੈ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਯਾ ॥

ਇੱਕ ਸਿੰਘ ਨੇ ਆਖਿਆ, "ਤੁਸਾਂ ਗੁਰੂ ਨਾਨਕ ਮਹਾਰਾਜ ਦੀ ਤੁਕ ਵਿਚਲੇ ਸ਼ਬਦ ਕਿਉਂ ਬਦਲੇ ਹਨ ?'" ਤਾਂ ਸਤਿਗੁਰੂ ਨੇ ਆਖਿਆ ਇਹ ਸਾਡੀ ਬਾਣੀ। ਇਉਂ ਨੀਲੇ ਬਸਤਰ ਸਾੜਦਿਆਂ ਇਕ ਲੀਰ ਪਾਸ ਖੜੇ ਭਾਈ ਮਾਨ ਸਿੰਘ ਨੂੰ ਬਖਸ਼ ਦਿੱਤੀ । ਉਸਨੇ ਉਸ ਨੂੰ ਆਪਣੀ ਦਸਤਾਰ ਦੁਆਲੇ ਲਪੇਟ ਲਿਆ । ਇਸ ਤੋਂ ਨਿਹੰਗ ਸਿੰਘ ਸੰਪ੍ਰਦਾਇ ਚੱਲੀ।

ਇਹਨਾਂ ਕਥਾਵਾਂ ਵਿੱਚੋਂ ਕਿਹੜੀ ਠੀਕ ਹੈ ? ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਆਖਿਆ ਜਾ ਸਕਦਾ ਪਰ ਇੱਕ ਗੱਲ ਬੜੀ ਸਪਸ਼ਟ ਹੈ ਕਿ ਇਹਨਾਂ ਅੰਮ੍ਰਿਤਧਾਰੀ ਸਿਦਕੀ ਸਿੱਖਾਂ ਨੇ ਮੁਗਲਾਂ ਦੇ ਕਹਿਰ ਦਾ ਡੱਟ ਕੇ ਮੁਕਾਬਲਾ ਕਰਦਿਆਂ ਸੀਸ ਤਲੀ ਤੇ ਧਰ ਕੇ ਯੁੱਧ ਕੀਤੇ ਅਤੇ ਅਖੀਰ ਪੰਜਾਬ ਵਿੱਚ ਉਹਨਾਂ ਦੀ ਹਕੂਮਤ ਖ਼ਤਮ ਕਰਨ ਵਿੱਚ ਅਹਿਮ ਰੋਲ ਕੀਤਾ ।

ਕੁਝ ਇਤਿਹਾਸਕਾਰਾਂ' ਦਾ ਕਹਿਣਾ ਹੈ ਕਿ ਮੁਗਲਾਂ ਦੀ ਇੱਕ ਵਿਸ਼ੇਸ਼ ਫੌਜ ਹੁੰਦੀ ਸੀ, ਜਿਸ ਨੂੰ "ਨਿਹੰਗ" ਆਖਿਆ ਜਾਂਦਾ ਸੀ । ਇਹ ਗਾਜ਼ੀ ਹੁੰਦੇ ਸਨ, ਜੋ ਨੀਲੇ ਬਸਤਰ ਪਹਿਨਦੇ ਸਨ । ਜਿਥੇ ਕੋਈ ਮੁਹਿੰਦੇ ਸਰ ਹੋਣ ਵਿਚ ਨਾ ਆਉਂਦੀ ਇਹਨਾਂ ਨੂੰ ਉਥੇ ਭੇਜਿਆ ਜਾਂਦਾ ਸੀ । ਇਹ ਆਤਮਘਾਤੀ ਦਸਤਾ ਹੁੰਦਾ ਸੀ, ਜੋ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਦੁਸ਼ਮਣ ਨੂੰ ਟੁੱਟ ਕੇ ਪੈ ਜਾਂਦਾ ਸੀ । ਨਿਹੰਗ ਸਿੰਘਾਂ ਦੀ ਸੰਪ੍ਰਦਾਇ ਇਹਨਾਂ ਵਰਗੀ ਸੀ । ਇਹਨਾਂ ਨੂੰ ਅਕਾਲੀ ਵੀ ਆਖਦੇ ਸਨ, ਕਿਉਂਕਿ ਇਹ ਹਰ ਵੇਲੇ "ਅਕਾਲ" "ਅਕਾਲ" ਦਾ ਜਾਪ ਕਰਦੇ ਰਹਿੰਦੇ ਸਨ ।

ਪ੍ਰਸਿੱਧ ਨਿਹੰਗ ਸਿੰਘ ਬਾਬਾ ਫੂਲਾ ਸਿੰਘ ਅਕਾਲੀ ਕਰਕੇ ਜਾਣਿਆ ਜਾਂਦਾ ਹੈ ।

ਨਵਾਬ ਕਪੂਰ ਸਿੰਘ ਸਮੇਂ ਦਲ ਖਾਲਸਾ ਮੁਖ ਰੂਪ ਵਿੱਚ ਦੋ ਭਾਗਾਂ ਵਿੱਚ ਵੰਡਿਆ ਗਿਆ । ਚਾਲ੍ਹੀ ਵਰ੍ਹਿਆਂ ਤੋਂ ਘੱਟ ਵਾਲੇ ਇਸ ਦੱਲ ਵਿੱਚ ਸ਼ਾਮਲ ਕੀਤੇ ਗਏ, ਜਿਸ ਦਾ ਨਾਂ. ਤਰੁਣਾ ਦੱਲ ਰਖਿਆ ਤੇ ਚਾਲ੍ਹੀ ਵਰ੍ਹਿਆਂ ਤੋਂ ਵਧ ਵਾਲੇ ਬੁੱਢਾ ਦੱਲ ਵਿੱਚ ਸ਼ਾਮਲ ਕੀਤੇ ਗਏ। ਤਰੁਣਾ ਦਲ ਜੰਗਾਂ ਯੁੱਧਾਂ ਵਿੱਚ ਚੜ੍ਹਾਈ ਕਰਕੇ ਖੰਡਾ ਖੜਕਾਉਂਦਾ ਅਤੇ ਬੁੱਢਾ ਦੱਲ ਬੀਬੀਆਂ, ਬਾਲ ਬੱਚਿਆਂ ਤੇ ਗੁਰਧਾਮਾਂ ਆਦਿ ਦੀ ਸੰਭਾਲ ਕਰਦਾ। ਇਉਂ ਇਹਨਾਂ ਨੇ ਆਪਣੇ-ਆਪਣੇ ਕਾਰਜ ਬਹੁਤ ਵਧੀਆ ਢੰਗ ਨਾਲ ਕਰਦਿਆਂ ਕੌਮ ਦੀ ਸੇਵਾ ਕੀਤੀ। ਨਵਾਬ ਕਪੂਰ ਸਿੰਘ ਨੇ ਤਰੁਣਾ ਦਲ ਨੂੰ ਪੰਜ ਜਥਿਆਂ ਵਿੱਚ ਵੰਡਿਆ :

1. ਜਥਾ ਸ਼ਹੀਦਾਂ : ਇਸ ਦੇ ਜਥੇਦਾਰ ਬਾਬਾ ਦੀਪ ਸਿੰਘ ਸ਼ਹੀਦ ਸਨ । ਉਹਨਾਂ ਦੇ ਨਾਲ ਨੱਥਾ ਸਿੰਘ ਤੇ ਗੁਰਬਖਸ਼ ਸਿੰਘ ਪ੍ਰਸਿੱਧ ਯੋਧੇ ਸਨ।

2. ਬਾਬਾ ਕਾਹਨ ਸਿੰਘ ਦਾ ਜਥਾ : ਇਸ ਦੇ ਜਥੇਦਾਰ ਬਾਬਾ ਕਾਹਨ ਸਿੰਘ ਤੇਹਣ ਸਨ, ਜਿਹਨਾਂ ਨਾਲ ਮੀਰੀ ਸਿੰਘ, ਹਰੀ ਸਿੰਘ ਢਿੱਲੋਂ ਅਤੇ ਬਾਬਾ ਬਾਘ ਸਿੰਘ ਹੱਲੋਵਾਲੀਆ ਸਨ।

3. ਜਥਾ ਅੰਮ੍ਰਿਤਸਰੀਆ : ਇਸ ਦੇ ਜਥੇਦਾਰ ਕਰਮ ਸਿੰਘ ਤੇ ਧਰਮ ਸਿੰਘ ਅੰਮ੍ਰਿਤਸਰੀਏ ਸਨ ।

4. ਜਥਾ ਡੱਲੇਵਾਲੀਆ : ਇਸ ਦੇ ਜਥੇਦਾਰ ਦਸੌਂਧਾ ਸਿੰਘ ਕੱਟ ਬੁੱਢੇ ਦੇ ਸਨ ।

5. ਰੰਘਰੇਟੇ ਸਿੰਘ ਦਾ ਜਥਾ : ਇਸ ਜਥੇ ਵਿਚ ਬਾਬਾ ਬੀਰ ਸਿੰਘ, ਜਿਊਣ ਸਿੰਘ, ਮਦਨ ਸਿੰਘ, ਅਮਰ ਸਿੰਘ ਆਦਿ ਸਰਦਾਰ ਸਨ।

ਸਮਾਂ ਪਾ ਕੇ ਇਹਨਾਂ ਦੀ ਗਿਣਤੀ 30 ਤੋਂ ਵੱਧ ਗਈ ਅਤੇ ਬਾਅਦ ਵਿੱਚ ਛੋਟੇ-ਛੋਟੇ 65 ਜਥੇ ਬਣ ਗਏ । ਇਹਨਾਂ ਸਾਰੇ ਜਥਿਆਂ ਨੇ ਸਰਦਾਰ ਦੱਲਾ ਸਿੰਘ ਆਹਲੂਵਾਲੀਆ ਦੀ ਸਿਰਦਾਰੀ ਸਵੀਕਾਰ ਕਰ ਲਈ ਤੇ ਉਹਨਾਂ ਨੇ 11 ਮਿਸਲਾਂ ਬਣਾ ਦਿੱਤੀਆਂ । ਬਾਰ੍ਹਵੀਂ ਮਿਸਲ ਫੂਲਕੀਆਂ ਬਾਬਾ ਆਲਾ ਸਿੰਘ ਨੇ ਖੜ੍ਹੀ ਕੀਤੀ ।

ਮਿਸਲ ਕਾਲ ਵਿੱਚ ਮਿਸਲ ਸ਼ਹੀਦਾਂ ਜਾਂ ਨਿਹੰਗ ਸਿੰਘਾ ਨੇ ਮੁਗਲਾਂ ਨਾਲ ਪੂਰੇ ਤਾਣ ਲੋਹਾ ਲਿਆ । ਨਿਸ਼ਕਾਮ ਭਾਵ ਨਾਲ ਸਾਰੇ ਸਿੰਘਾਂ ਦੀ ਸੇਵਾ ਕੀਤੀ । ਸ਼ਹੀਦੀਆਂ ਪਾਈਆਂ। ਮਿਸਲਾਂ ਨੇ ਕਈ ਇਲਾਕੇ ਆਪਣੇ ਅਧੀਨ ਕਰ ਲਏ ਪਰ ਇਸ ਮਿਸਲ ਵਾਲਿਆਂ ਜਥੇਦਾਰਾਂ ਨੇ ਕੋਈ ਇਲਾਕਾ ਨਹੀਂ ਮੱਲਿਆ । ਇਹ ਸੁਤੰਤਰ ਵਿਚਰਦੇ ਰਹੇ ਤੇ ਜਿਥੇ ਕਿਤੇ ਮੁਗਲ ਨਾਲ ਟੱਕਰ ਹੁੰਦੀ ਇਹ ਮਦਦ ਲਈ ਪਹੁੰਚ ਜਾਂਦੇ । ਇਹ ਇਹਨਾਂ ਦੀ ਨਿਰਲੇਪਤਾ ਦਾ ਪ੍ਰਮਾਣ ਹੈ ।

ਨਿਹੰਗ ਸਿੰਘ ਆਪਣਾ ਕੁਰਸੀਨਾਮਾ ਇਉਂ ਦੱਸਦੇ ਹਨ : ਬਾਬਾ ਬਿਨੋਦ ਸਿੰਘ - ਬਾਬਾ ਦਰਬਾਰਾ ਸਿੰਘ - ਨਵਾਬ ਕਪੂਰ ਸਿੰਘ - ਸ. ਜੱਸਾ ਸਿੰਘ ਆਹਲੂਵਾਲੀਆ - ਬਾਬਾ ਨੈਣਾ ਸਿੰਘ -ਅਕਾਲੀ ਫੂਲਾ ਸਿੰਘ - ਬਾਬਾ ਹਨੂਮਾਨ ਸਿੰਘ - ਬਾਬਾ ਪ੍ਰਹਿਲਾਦ ਸਿੰਘ - ਬਾਬਾ ਗਿਆਨਾ ਸਿੰਘ - ਬਾਬਾ ਤੇਜਾ ਸਿੰਘ - ਬਾਬਾ ਸਾਹਿਬ ਸਿੰਘ ਕਲਾਧਾਰੀ - ਬਾਬਾ ਚੇਤ ਸਿੰਘ - ਬਾਬਾ ਸੰਤਾ ਸਿੰਘ ।

ਨਿਹੰਗ ਸਿੰਘ ਨੇ ਅਠਾਰਵੀਂ ਸਦੀ ਵਿਚ ਸਿੱਖ ਕੌਮ ਦੀ ਬਹੁਤ ਸੇਵਾ ਕੀਤੀ। ਅਤਿਕਸ਼ਟ ਦੇ ਸਮੇਂ ਵਿਚ ਇਹਨਾਂ ਨੇ ਸਿੱਖ ਵਿਰੋਧੀਆਂ ਤੇ ਮੁਗਲਾਂ ਨਾਲ ਲੋਹਾ ਲਿਆ।

ਕੁਰਬਾਨੀਆਂ ਕੀਤੀਆਂ ਸ਼ਹੀਦੀਆਂ ਪਾਈਆਂ। ਨਾਮ ਸਿਮਰਨ ਕਰਦਿਆਂ ਗੁਰਬਾਣੀ ਦਾ ਪ੍ਰਚਾਰ ਕਰਦਿਆਂ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ । ਸਿੱਖ ਕੌਮ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਮੁਗਲਾਂ ਨੂੰ ਆਪਣੀ ਤੇਗ ਦੇ ਜਹੂਰ ਵਿਖਾਏ । ਉਹ ਮੁਗਲ ਜੋ ਕਹਿੰਦੇ ਸਨ, ਸਿੱਖਾਂ ਨੂੰ ਅਸਹਿ ਤੇ ਅਕਹਿ ਕਸ਼ਟ ਦੇ ਕੇ ਖ਼ਤਮ ਕਰ ਦੇਣਾ ਹੈ, ਉਹਨਾਂ ਦੇ ਰਾਜ ਭਾਗ ਦੀਆਂ ਜੜ੍ਹਾਂ

ਪੁੱਟ ਦਿੱਤੀਆਂ। ਗੁਰੂ ਗੋਬਿੰਦ ਸਿੰਘ ਦੇ ਪਰਲੋਕ ਗਵਨ ਤੋਂ ਲੈ ਕੇ ਸਿੱਖ ਰਾਜ ਦੀ ਸਥਾਪਤੀ ਦੇ ਸਮੇਂ ਦੌਰਾਨ ਸਿੱਖਾਂ ਦੀ ਸਲਾਮਤੀ ਲਈ ਨਿਹੰਗ ਸਿੰਘਾਂ ਦਾ ਯੋਗਦਾਨ ਬਹੁਤ ਮੁੱਲਵਾਨ ਹੈ।

ਹਰਿਮੰਦਰ ਸਾਹਿਬ ਅੰਮ੍ਰਿਤਸਰ ਨਿਹੰਗ ਸਿੰਘਾਂ ਨੂੰ ਹੋਰ ਸਿੰਘਾਂ ਵਾਂਗ ਜਾਨ ਤੋਂ ਵੀ ਵੱਧ ਪਿਆਰਾ ਸੀ। ਅਹਿਮਦਸ਼ਾਹ ਅਬਦਾਲੀ ਸਿੱਖਾਂ ਨਾਲ ਲੜਦਿਆਂ 30 ਨਵੰਬਰ, 1764 ਈ. ਨੂੰ ਅੰਮ੍ਰਿਤਸਰ ਆ ਵੜਿਆ। ਉਹ ਆਪਣੀ ਫੌਜ ਸਮੇਤ ਦਰਬਾਰ ਸਾਹਿਬ ਵਿਚ ਦਾਖਲ ਹੋਇਆ। ਪਰਿਕਰਮਾ ਵਿਚਲੇ ਬੁੰਗਿਆਂ ਵਿੱਚ 30 ਸਿੰਘ ਨਿਕਲੇ ਤੇ ਤੀਹ ਹਜ਼ਾਰ ਅਫ਼ਗਾਨਾਂ ਤੇ ਬਾਰ੍ਹਾਂ ਹਜ਼ਾਰ ਬਲੋਚਾਂ ਦੀ ਫੌਜ ਨੂੰ ਟੁੱਟ ਕੇ ਪੈ ਗਏ। ਇਹਨਾਂ ਨੇ ਪੂਰੀ ਦਲੇਰੀ ਨਾਲ ਲੜਾਈ ਕੀਤੀ ਤੇ ਸ਼ਹੀਦੀ ਪਾਈ। ਇਹ ਭਾਈ ਗੁਰਬਖਸ਼ ਸਿੰਘ ਦਾ ਜਥਾ ਸੀ, ਜੋ ਪਹਿਲੀ ਦਸੰਬਰ, 1764 ਈ. ਨੂੰ ਦਰਬਾਰ ਸਹਿਬ ਦੀ ਰਖਿਆ ਲਈ ਸ਼ਹੀਦ ਹੋਇਆ। ਇਸ ਦਾ ਜ਼ਿਕਰ ਅੱਖੀਂ ਦੇਖਣ ਵਾਲੇ ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਕੀਤਾ ਹੈ।

ਗਿਆਨੀ ਸੋਹਨ ਸਿੰਘ ਸੀਤਲਾ ਨੇ ਇਸ ਘਟਨਾ ਬਾਰੇ ਲਿਖਿਆ ਹੈ ਕਿ ਸਰਦਾਰ ਗੁਰਬਖਸ਼ ਸਿੰਘ ਪਿੰਡ ਲੀਲ ਵਾਲੇ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਹੇ ਸਨ। ਆਪ ਨਾਲ ਬਹੁਤ ਥੋੜ੍ਹੇ ਜਿਹੇ ਸਾਥੀ ਸਨ। ਜਹਾਨ ਖਾਂ, ਜੋ ਅਬਦਾਲੀ ਦਾ ਨਾਇਬ ਤੇ ਸੈਨਾਪਤੀ ਸੀ, ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਦਾਰ ਗੁਰਬਖਸ਼ ਸਿੰਘ ਆਪਣੇ ਸਾਥੀਆਂ ਸਮੇਤ ਰਾਖੀ ਕਰਦਿਆਂ ਸ਼ਹੀਦੀ ਪਾ ਗਏ। ਜ਼ਾਲਮਾਂ ਨੇ ਹਰਿਮੰਦਰ ਦੀ ਇਮਾਰਤ ਢਾਹ ਦਿੱਤੀ, ਸਰੋਵਰ ਗੰਦ ਮੰਦ ਨਾਲ ਪੂਰ ਦਿੱਤਾ। ਜਦੋਂ ਬਾਬਾ ਦੀਪ ਸਿੰਘ ਜੀ ਨੂੰ ਇਸ ਦੀ ਖ਼ਬਰ ਮਿਲੀ ਤਾਂ ਆਪਨੇ ਅੰਮ੍ਰਿਤਸਰ ਤੇ ਚੜ੍ਹਾਈ ਕਰ ਦਿੱਤੀ। ਇਹਨਾਂ ਨਾਲ ਰਾਹ ਵਿਚ ਸਿੰਘ ਸ਼ਾਮਿਲ ਹੁੰਦੇ ਗਏ। ਇਹ ਲੜਾਈ ਗੋਲਵੜ ਤੋਂ ਸ਼ੁਰੂ ਹੋਈ ਅਤੇ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਖ਼ਤਮ ਹੋਈ। ਬਾਬਾ ਜੀ ਸ਼ਹੀਦੀ ਪਾ ਗਏ। ਸਿੱਖਾਂ ਵਿੱਚ ਰਵਾਇਤ ਤੁਰੀ ਆ ਰਹੀ ਹੈ ਕਿ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ ਸੀ, ਪਰ ਆਪਨੇ ਸੀਸ ਤਲੀ ਤੇ ਧਰ ਲਿਆ। ਯੁੱਧ ਕਰਦਿਆਂ ਪ੍ਰਣ ਅਨੁਸਾਰ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਪ੍ਰਾਣ ਤਿਆਗੇ।

ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਖ਼ਤਮ ਕਰਕੇ ਖ਼ਾਲਸਾ ਰਾਜ ਸਥਾਪਤ ਕਰ ਲਿਆ ਪਰ ਨਿਹੰਗਾਂ ਦੀ ਮਿਸਲ ਜਾਂ ਮਿਸਲ ਸ਼ਹੀਦਾਂ ਆਜ਼ਾਦ ਰਹੀ। ਅਕਾਲੀ ਫੂਲਾ ਸਿੰਘ ਨਿਹੰਗ ਬੜੇ ਦਲੇਰ ਤੇ ਆਪਾ ਵਾਰੂ ਯੋਧੇ ਸਨ। ਮਹਾਰਾਜੇ ਨੇ ਉਹਨਾਂ

ਨੂੰ ਪਿਆਰ ਸਤਿਕਾਰ ਦੇ ਕੇ ਆਪਣੀ ਮਦਦ ਲਈ ਮਨਾ ਲਿਆ। ਨਿਹੰਗ ਸਿੰਘਾਂ ਦੀ ਫੌਜ ਨੂੰ ਅਕਾਲ ਰੈਜਮਿੰਟ ਨਾਂ ਦਿੱਤਾ ਗਿਆ। ਇਹ ਗੈਰ-ਆਇਨੀ ਫ਼ੌਜ ਸੀ। ਇਹਨਾਂ ਨੇ ਆਇਨੀ (Regular) ਫੌਜ ਵਾਂਗੂ ਅੰਗਰੇਜ਼ ਅਫ਼ਸਰ ਤੋਂ ਕੋਈ ਟ੍ਰੇਨਿੰਗ ਨਹੀਂ ਲਈ, ਕਿਉਂਕਿ ਇਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਆਖ ਦਿੱਤਾ ਸੀ, "ਅਸੀਂ ਤੀਵੀਆਂ ਵਾਂਗੂ ਨੱਚਣ ਦੀ ਟ੍ਰੇਨਿੰਗ ਅੰਗਰੇਜ਼ਾਂ ਤੋ ਨਹੀਂ ਲੈਣੀ, ਸਾਨੂੰ ਜਦੋਂ ਬੇਨਤੀ ਕਰੇਂਗਾ, ਯੁੱਧ ਦੇ ਮੈਦਾਨ ਵਿਚ ਭੜਥੂ ਪਾ ਦਿਆਂਗੇ।" ਇਹਨਾਂ ਨੇ ਸਿੱਖ ਫੌਜ ਵਾਲੀ ਵਰਦੀ ਧਾਰਨ ਨਹੀਂ ਕੀਤੀ ਤੇ ਨਾ ਹੀ ਅੰਗਰੇਜ਼ਾਂ ਵਾਲੀ ਯੁੱਧ ਵਿਧੀ ਅਪਨਾਈ। ਆਪਨੇ ਨੀਲਾ ਬਾਣਾ, ਸ਼ਸਤਰ ਅਸਤਰ ਪਰੰਪਰਾਵਾਦੀ ਢੰਗ ਵਾਲੇ ਧਾਰਨ ਕੀਤੇ ਅਤੇ ਪੁਰਾਣੀ ਰਵਾਇਤੀ ਯੁੱਧ ਕਲਾ ਨੂੰ ਅਪਨਾ ਕੇ ਹਰ ਮੈਦਾਨ ਵਿਚ ਲੜੇ। ਇਹ ਸਿੱਖ ਫੌਜ ਦਾ ਆਤਮ-ਘਾਤੀ ਦਸਤਾ ਸੀ। ਅਕਾਲੀ ਜੀ ਨੇ ਕਈ ਮੁਹਿੰਮਾਂ ਵਿੱਚ ਹਿੱਸਾ ਲਿਆ। ਇੰਨੀ ਦਲੇਰੀ ਨਾਲ ਜੂਝੇ ਕੇ ਦੁਸ਼ਮਨ ਦੰਗ ਰਹਿ ਗਏ। ਮੁਲਤਾਨ ਦੀ ਲੜਾਈ, ਪਿਸ਼ਾਵਰ ਦੀ ਜੰਗ, ਕਸ਼ਮੀਰ ਦੀ ਜੰਗ, ਸੂਬਾ ਸਰਹੱਦ ਤੇ ਪਠਾਣਾਂ ਨਾਲ ਜੰਗਾਂ ਦੌਰਾਨ ਅਕਾਲ ਰੈਜਮਿੰਟ ਦੀ ਭੂਮਿਕਾ ਅਹਿਮ ਰਹੀ। ਨੌਸ਼ਹਿਰੇ ਦੀ ਭਿਆਨਕ ਜੰਗ ਵਿਚ ਅਕਾਲੀ ਫੂਲਾ ਸਿੰਘ ਸ਼ਹੀਦੀ ਪਾ ਗਏ। ਇਹਨਾਂ ਦਾ ਦੁਸ਼ਮਣ ਦੇ ਮਨਾਂ ਵਿੱਚ ਬੜਾ ਦਹਿਲ ਸੀ।

ਨਿਹੰਗ ਸਿੰਘ ਅੰਗਰੇਜ਼ਾਂ ਨੂੰ ਬਿਲਕੁਲ ਪਸੰਦ ਨਹੀਂ ਸਨ ਕਰਦੇ ਅਤੇ ਨਾ ਹੀ ਚਾਹੁੰਦੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਉਹਨਾਂ ਨਾਲ ਦੋਸਤਾਨਾ ਸੰਬੰਧ ਰਖੇ। ਇਸ ਦੇ ਕਈ ਕਾਰਨ ਸਨ ਜਿਵੇਂ :

1. ਅੰਗਰੇਜ਼ ਗਊ ਦਾ ਮਾਸ ਖਾਂਦੇ ਸਨ, ਜਿਸ ਕਾਰਨ ਕਾਫ਼ਰ ਸਨ।

2. ਉਹਨਾਂ ਦੀ ਨੀਤ ਠੀਕ ਨਹੀਂ ਸੀ, ਕਿਉਂਕਿ ਅੰਦਰ ਖਾਤੇ ਉਹ ਜਿਵੇਂ ਕਿਵੇਂ ਪੰਜਾਬ ਤੇ ਕਬਜ਼ਾ ਕਰਨ ਲਈ ਤਿਆਰੀਆਂ ਕਰ ਰਹੇ ਸਨ।

ਅਕਾਲੀ ਫੂਲਾ ਸਿੰਘ ਤੇ ਉਹਨਾਂ ਦੇ ਸਾਥੀ ਪੰਜਾਬ ਸਰਕਾਰ ਇਸ ਵਿਚਾਰ ਦੇ ਖਿਲਾਫ ਸਨ ਕਿ ਉਹ ਅੰਗਰੇਜ਼ਾਂ ਨਾਲ ਕੋਈ ਸੰਧੀ ਕਰੇ, ਪਰ ਮਹਾਰਾਜਾ ਰਣਜੀਤ ਸਿੰਘ ਉਹਨਾਂ ਨਾਲ ਸੁਖਾਵੇਂ ਸੰਬੰਧ ਕਾਇਮ ਰੱਖਣ ਦੇ ਹੱਕ ਵਿੱਚ ਸੀ। ਨਿਹੰਗ ਅੰਗਰੇਜ਼ ਅਫ਼ਸਰਾਂ ਜਾਂ ਕਰਿੰਦਿਆਂ ਦੇ ਜੀਵਨ ਲਈ ਹਮੇਸ਼ਾਂ ਖਤਰਾ ਸਨ। ਜਦੋਂ ਕਦੇ ਕੋਈ ਵੱਡਾ ਅੰਗਰੇਜ਼ ਅਧਿਕਾਰੀ ਜਾਂ

ਸਿਆਸਤਦਾਨ ਪੰਜਾਬ ਦਾ ਦੌਰਾ ਕਰਦਾ, ਮਹਾਰਾਜੇ ਨੂੰ ਉਸ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰਨੇ ਪੈਂਦੇ ਸਨ। ਅਜਿਹੀਆਂ ਘਟਨਾਵਾਂ ਬਾਰੇ ਸੋਹਨ ਲਾਲ ਸੂਰੀ ਨੇ ਲਿਖਿਆ ਹੈ।" ਇਸ ਬਾਰੇ ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਜਦੋਂ ਮੈਟਕਾਫ ਮਹਾਰਾਜਾ ਰਣਜੀਤ ਸਿੰਘ ਨਾਲ ਖਾਲਸਾ ਰਾਜ ਦੀਆਂ ਸਰਹੱਦਾਂ ਬਾਰੇ ਵਿਚਾਰ ਕਰ ਰਿਹਾ ਸੀ ਤਾਂ ਨਿਹੰਗਾਂ ਤੇ ਮੈਟਕਾਫ ਦੇ ਸੁਰੱਖਿਆ ਕਰਮੀਆਂ ਵਿਚਕਾਰ ਮੁਠਭੇੜ ਹੋਈ ਸੀ। ਸਮਕਾਲੀ ਸ੍ਰੋਤ ਵਿਚ ਉਸ ਨੇ ਵਿਸਤਾਰ ਸਹਿਤ ਉਦਾਹਰਣ ਦਿੱਤੀ ਹੈ।

ਸੋ ਨਿਹੰਗ ਸਿੰਘ ਨੇ ਕਦੇ ਵੀ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸੰਬੰਧਾਂ ਨੂੰ ਸਹਿਮਤੀ ਨਹੀਂ ਦਿੱਤੀ। ਇਥੇ ਤਾਂਈਂ ਕਿ ਇੱਕ ਗੁੱਸੇ ਵਿੱਚ ਆਏ ਨਿਹੰਗ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਵੀ ਕੀਤੀ, ਜਿਸ ਨੂੰ ਮਹਾਰਾਜਾ ਸਾਹਿਬ ਦੇ ਅੰਗਰ ਖਿਅਕਾਂ ਨੇ ਕਾਬੂ ਕਰ ਲਿਆ ਸੀ। ਇਸ ਬਾਰੇ ਸੋਹਨ ਲਾਲ ਸੂਰੀ" ਨੇ ਲਿਖਿਆ ਹੈ

ਕਿ ਇੱਕ ਵਿਗੜੇ ਹੋਏ ਅਕਾਲੀ ਨਿਹੰਗ ਨੇ ਆਪਣੀ ਮਿਆਨ ਵਿਚੋਂ ਤਲਵਾਰ ਕਿਰਪਾਨ ਕੱਢੀ ਅਤੇ ਮਹਾਰਾਜਾ ਸਾਹਿਬ ਵਲ ਨੂੰ ਭੱਜਿਆ। ਮੌਕੇ ਤੇ ਹਾਜ਼ਰ ਅਰਦਲੀਆਂ ਅਤੇ ਸਰਕਾਰੀ ਨੌਕਰਾਂ ਨੇ ਉਸ ਨੂੰ ਕਾਬੂ ਕਰਕੇ ਮਹਾਰਾਜਾ ਸਾਹਿਬ ਦੇ ਪੇਸ਼ ਕੀਤਾ।

ਇਹੀ ਕਾਰਨ ਹੈ ਕਿ ਅੰਗਰੇਜ਼ਾਂ ਅਤੇ ਅੰਗਰੇਜ਼-ਪੱਖੀ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਨੇ ਨਿਹੰਗ ਸਿੰਘ ਦੇ ਖਿਲਾਫ ਲਿਖਿਆ ਹੈ। ਉਹਨਾਂ ਨੂੰ ਹਰ ਖੇਤਰ ਵਿੱਚ ਨਜ਼ਰ-ਅੰਦਾਜ਼ ਕੀਤਾ ਜਾਣ ਲੱਗਾ। ਇਹ ਸਿੱਖਾਂ ਸਰਦਾਰਾਂ ਜਾਂ ਧਾਰਮਿਕ ਬਿਰਤੀ ਵਾਲੇ ਸਿੱਖਾਂ ਦੇ ਦਾਨ ਤੇ ਗੁਜ਼ਾਰਾ ਕਰਨ ਲੱਗੇ। ਇਹ ਨਸ਼ਾ ਕਰਕੇ ਆਪਣੇ ਆਪ ਵਿਚ ਮਸਤ ਰਹਿਣ ਲੱਗੇ।

ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਮਗਰੋਂ ਇਹਨਾਂ ਦਾ ਕੀ ਰੋਲ ਹੈ ? ਇਤਿਹਾਸ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਇਹਨਾਂ ਨੇ ਸਿੱਖਾਂ ਦੇ ਸਮਾਜਿਕ, ਧਾਰਮਿਕ, ਰਾਜਨੀਤੀ ਤੇ ਆਰਥਿਕ ਖੇਤਰ ਵਿੱਚ ਕੋਈ ਰੋਲ ਅਦਾ ਨਹੀਂ ਕੀਤਾ। ਇਹ ਆਪਣੇ ਨਸ਼ੇ ਵਿੱਚ ਗਲਤਾਨ ਰਹੇ। 1849 ਤੋਂ 1947 ਦੇ ਦੌਰਾਨ ਸਿੱਖਾਂ ਨੇ ਪੰਜਾਬ ਦੇ ਇਤਿਹਾਸ ਵਿੱਚ ਅਹਿਮ ਰੋਲ ਅਦਾ ਕੀਤਾ, ਪਰ ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬੱਬਰ ਖਾਲਸਾ ਲਹਿਰ ਗੁਰਦੁਆਰਾ ਸੁਧਾਰ ਲਹਿਰ ਜਾਂ ਆਜ਼ਾਦੀ ਦੀ ਲਹਿਰ ਆਦਿ ਵਿੱਚ ਨਿਹੰਗ ਸਿੰਘਾਂ ਦਾ ਰੱਤੀ ਭਰ ਯੋਗਦਾਨ ਨਹੀਂ ਹੈ।

ਦੇਸ ਦੀ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਇਹ ਸਿੱਖ ਸੰਘਰਸ਼ ਦੇ ਮੂਕ ਦੁਸ਼ਵਾ ਬਣੇ ਰਹੇ। ਪੰਜਾਬੀ ਸੂਬੇ ਦੇ ਮੋਰਚੇ ਵਿੱਚ ਇਹਨਾਂ ਨੇ ਕੋਈ ਹਿੱਸਾ ਨਹੀਂ ਪਾਇਆ। ਜਦੋਂ 1984 ਵਿੱਚ ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ, ਤਾਂ ਸਾਰੀ ਸਿੱਖ ਕੌਮ ਅਥਾਹ ਪੀੜ ਮਹਿਸੂਸ ਕਰ ਰਹੀ ਸੀ ਪਰ ਬਾਬਾ ਬੰਤਾ ਸਿੰਘ ਨਿਹੰਗ ਮੁਖੀ ਨੇ ਇੰਦਰਾ ਗਾਂਧੀ ਤੇ ਉਹਦੀ ਸਰਕਾਰ ਦਾ ਸਾਥ ਦਿੰਦਿਆਂ ਸਿੱਖਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਅਕਾਲ ਤਖਤ ਦੀ ਉਸਾਰੀ ਕਰਵਾਈ। ਅਜਿਹੇ ਕਾਂਗਰਸ ਜਾਂ ਇੰਦਰਾ ਪੱਖੀ ਰੋਲ ਤੋਂ ਸਿੱਖ ਬਹੁਤ ਖਫਾ ਹੋਏ ਅਤੇ ਇਸ ਨੂੰ ਪੰਥ ਵਿਚੋਂ ਕੱਢ ਦਿੱਤਾ।

ਨਿਹੰਗਾਂ ਦਾ ਭਵਿੱਖ ਕੈਸਾ ਹੈ ? ਇਹਨਾਂ ਦਾ ਭਵਿੱਖ ਕੋਈ ਵਧੀਆ ਨਹੀਂ ਹੈ, ਕਿਉਂਕਿ ਇਹ ਸੰਪ੍ਰਦਾਇ ਸਿੱਖਾਂ ਤੇ ਬੋਝ ਬਣੀ ਹੋਈ ਹੈ। ਨਸ਼ਿਆਂ ਵਿੱਚ ਗਲਤਾਨ ਇਹ ਲੋਕ ਕੌਮ ਬਾਰੇ ਕੀ ਸੋਚ ਸਕਦੇ ਹਨ ? ਜਾਂ ਅਠਾਰਵੀਂ ਅਤੇ ਉਨੀਵੀਂ ਸਦੀ ਵਿੱਚ ਇਹ ਆਦਰਸ਼ ਖਾਲਸਾ ਤੇ ਬਹਾਦਰ ਯੋਧੇ ਸਨ।

ਨਿਹੰਗ ਸਿੰਘ ਦੇ ਪ੍ਰਮੁਖ ਦੋ ਦਲ ਹਨ - ਬੁੱਢਾ ਦਲ ਅਤੇ ਤਰੁਣਾ ਦਲ ਪਰ ਹੋਰ ਦਲ ਜਾਂ ਜਥੇ ਹਨ ਜੋ ਭਾਰਤ ਵਿਚ ਵਿਚਰ ਰਹੇ ਹਨ :

1. ਤਰਣਾ ਦਲ (ਬਾਬਾ ਬਕਾਲਾ) : ਇਸ ਦਲ ਨੂੰ ਬਾਬਾ ਗੁਰਬਖਸ਼ ਸਿੰਘ ਨੇ ਸਥਾਪਿਤ ਕੀਤਾ ਅਤੇ ਹੈਡ ਆਫਿਸ ਬਾਬਾ ਬਕਾਲਾ ਹੈ। ਕ੍ਰਮਵਾਰ ਇਸ ਦੇ ਜਥੇਦਾਰ ਹਨ : ਬਾਬਾ ਗੁਰਬਖਸ਼ ਸਿੰਘ ਜੀ - ਬਾਬਾ ਬਿਸ਼ਨ ਸਿੰਘ ਜੀ ਅਤੇ ਵਰਤਮਾਨ ਜਥੇਦਾਰ ਹਨ ਬਾਬਾ ਕੀਰਤਨ ਸਿੰਘ ਜੀ।

2. ਤਰੁਣਾ ਦਲ ਹਰੀਆ ਵੇਲਾ : ਜਥੇਦਾਰ ਹਰਿਭਜਨ ਸਿੰਘ ਤੇ ਬਾਬਾ ਨਿਹਾਲ ਸਿੰਘ ਜੀ।

3. ਤਰਣਾ ਦਲ (ਭਿਖੀ ਵਿੰਡ) : ਪਹਿਲੇ ਜਥੇਦਾਰ ਸੋਹਨ ਸਿੰਘ ਜੀ ਸਨ ਅਤੇ ਵਰਤਮਾਨ ਜਥੇਦਾਰ ਬਾਬਾ ਕੁੰਦਨ ਸਿੰਘ ਜੀ ਹਨ।

4. ਨਾਨਕ ਦਲ ਮੜੀਆਂ ਵਾਲਾ : ਜਥੇਦਾਰ ਕੇਹਰ ਸਿੰਘ

5. ਖਾਲਸਾ ਦਲ ਪਿੰਡ ਘਿਆਲਾ : ਜਥੇਦਾਰ ਤ੍ਰਿਲੋਕ ਸਿੰਘ ਜੀ।

ਨਿਹੰਗ ਸਿੰਘਾਂ ਦੇ ਸਰੂਪ ਅਤੇ ਵਿਸ਼ਵਾਸਾਂ ਬਾਰੇ ਪੁਰਾਣੇ ਗ੍ਰੰਥਾਂ ਵਿਚ ਬਹੁਤ ਸੁੰਦਰ ਬਚਨ ਉਪਲੱਬਧ ਹਨ। ਸੰਤ ਨਿਹਾਲ ਸਿੰਘ ਜੀ ਦਾ ਕਹਿਣਾ ਹੈ :

"ਧਰਮ ਕੇ ਧੁਰੰਤਰ ਉਦਾਰਮਾ ਧਰਾਧਾਰ,

ਭੋਲੇ ਭਾਲੇ ਭਾਜਤੇ ਜਕੋਲ ਪ੍ਰੇਮ ਰੰਗ ਮੈਂ।

ਸਰਬ ਲੋਹ ਪਿਆਰੇ ਅਰਬ ਖਰਬ ਲੌ ਨ ਦਰਬ ਬੰਧ,

ਨੈਕ ਹੂੰ ਨ ਗਰਬ ਪੁਨ ਪਰਬ ਯਾ ਕੇ ਸੰਗ ਮੈਂ

ਨਿਹੰਗ ਸਿੰਘਾਂ ਦੀ ਜੀਵਨ ਸ਼ੈਲੀ ਬਾਰੇ ਗਿਆਨੀ ਗਿਆਨ ਸਿੰਘ ਨੇ ਬਹੁਤ ਸੁੰਦਰ ਲਿਖਿਆ ਹੈ ਕਿ ਜਿਵੇਂ ਗਰੀਬ ਹੁੰਦਿਆਂ ਇਹ ਸ਼ਸਤਰਾਂ ਨੂੰ ਪਿਆਰ ਨਾਲ ਸੰਭਾਲ ਕੇ ਰੱਖਦੇ ਸਨ ਤੇ ਜ਼ਾਲਮਾਂ ਨੂੰ ਲੁੱਟ ਕੇ ਰੋਟੀ ਦਾ ਪ੍ਰਬੰਧ ਕਰਦੇ ਸਨ :

ਫਿਡਾ ਜੈਸਾ ਟਟੂਆ ਜੁਲੜੂ ਕਾ ਕਾਠੀ ਪਾਇ

ਰਸਲ ਲਗਾਮ ਤੇ ਰਸੜੂ ਰਕਾਬ ਜੂ ॥

ਪਟਿਆ ਸਾ ਕਛੜੂ ਤੇ ਨੀਲ ਸਾ ਚਾਦਰੂ

ਤੁਰੋ ਜੈਸਾ ਪਾਗੜੂ ਬਣਾਇਆ ਸਿਰਤਾਜ ਜੂ ॥

ਟੁਟਿਆ ਜੈਸਾ ਤੇ ਮੜੂ ਤੇ ਲੀਹੜੂ ਗਿਆਨ ਜਾਕੋ

ਗੁਰ ਸਰ ਮਾਤਰਾ ਬਣਾਇਆ ਸਭੇ ਸਾਜ ਜੂ ॥ ਨਾਮ ਕੇ ਅਕਾਲੜੂ ਜੋ ਫਿਰੈ ਬੁਰੇ ਹਾਲੜੂ ਜੋ

ਲੂਟ ਲੂਟ ਖਾਵਨੇ ਕੋ ਡਾਢੇ ਉਸਤਾਦ ਜੂ।"

ਨਿਹੰਗ ਸਿੰਘ ਹਰ ਸ਼ਬਦ ਨੂੰ ਪੁਲਿੰਗ ਵਾਚੀ ਬਣਾਉਣ ਦੇ ਆਦੀ ਹਨ। ਇਹ ਸ਼ਾਇਦ ਉਹਨਾਂ ਦੀ ਦਲੇਰੀ ਦਾ ਪ੍ਰਮਾਣ ਹੋਵੇ। ਨਿਹਾਲ ਸਿੰਘ ਨਿਰਮਲੇ ਨੇ ਇਕ ਕਬਿੱਤ ਲਿਖਿਆ ਹੈ :

ਔਰਨ ਕੀ ਆਰਤੀ ਸੁ ਆਰਤਾ ਅਕਾਲੁ ਜੂ ਕੋ

ਲੋਕਨ ਕੀ ਬੋਲੀ ਦੀਨ ਬੰਧੂ ਕੋ ਸੁ ਬੋਲਾ ਹੈ ॥

ਅੰਬਿਕਾ ਕੜਾਹੀ ਮਹਾਰਾਜ ਕੋ ਕੜਾਹ ਸੁਧਾ, ਚੋਲੀ ਤੋ ਬਖਾਨੇ ਬਾਲ ਸੂਰਮੀ ਕੋ ਸੁ ਚੇਲਾ ਹੈ ॥

ਝੰਡੀ ਔ ਸਵਾਰੀ ਆਗ ਝੰਡਾ ਜੂ ਸਵਾਰਾ ਨਾਥ ਝੋਲੀ ਤੇ ਤਮਾਰਾ ਕੀ ਸੁ ਖਾਲਸਾ ਕਾ ਝੋਲਾ ਹੈ ॥

ਦੇਵੀ ਦੇਵ ਸਿਧਨ ਕੀ ਲੋਕ ਮੈਂ ਪ੍ਰਸਿਧ ਹੋਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਸੋ ਹੋਲਾ ਹੈ ॥23

ਨਿਹੰਗ ਸਿੰਘ ਹਮੇਸ਼ਾਂ ਚੜ੍ਹਦੀਕਲਾ ਵਿਚ ਰਹਿੰਦੇ ਹਨ। ਜਿੰਨਾ ਕਸ਼ਟ ਆਵੇ, ਹਾਲਾਤ ਖਰਾਬ ਹੋਣ, ਨੁਕਸਾਨ ਹੋ ਜਾਵੇ, ਇਹ ਹਮੇਸ਼ਾਂ ਚੜ੍ਹਦੀਕਲਾ ਹੀ ਆਖਣਗੇ। ਅਹਿਮਦਸ਼ਾਹ ਅਬਦਾਲੀ ਨੇ ਘਲੂਘਾਰੇ ਵਿਚ ਤਕਰੀਬਨ 30,000 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਇੱਕ ਸਿੰਘ ਨੇ ਨਿਹੰਗ ਸਿੰਘ ਪਾਸ ਜਦੋਂ ਇਸ ਬਾਰੇ ਅਫਸੋਸ ਕਰਨਾ ਚਾਹਿਆ ਤਾਂ ਉਹ ਕੜਕ ਕੇ ਬੋਲਿਆ, ‘‘ਕੱਚੇ ਪੀਲੇ ਝੜੇ ਨੇ ਤੱਤ ਖਾਲਸਾ ਚੜ੍ਹਦੀਕਲਾ ਵਿੱਚ ਹੈ।'’'* ਅਜਿਹੀਆਂ ਹੋਰ ਉਦਾਹਰਣਾਂ ਮਿਲ ਜਾਂਦੀਆਂ ਹਨ।

ਨਿਹੰਗ ਸਿੰਘ ਸਿਰਫ਼ ਯੋਧੇ ਹੀ ਨਹੀਂ ਸਨ, ਉਹ ਸਿੱਖ ਧਰਮ ਦੇ ਪ੍ਰਚਾਰਕ ਵੀ ਸਨ। ਆਪਣੇ ਬੁੰਗਿਆਂ ਵਿੱਚ ਗੁਰਮੁਖੀ ਪੜ੍ਹਾਉਂਦੇ ਸਨ, ਬੱਚਿਆਂ ਨੂੰ ਬਾਣੀ ਕੰਠ ਕਰਵਾਉਂਦੇ ਸਨ ਤੇ ਅਰਥ ਬੋਧ ਵੀ ਕਰਵਾਉਂਦੇ ਸਨ। ਇਹਨਾਂ ਦੇ ਡੇਰਿਆਂ ਵਿੱਚ ਰੋਜ਼ਾਨਾ ਕਥਾ ਕੀਰਤਨ ਹੁੰਦਾ ਹੈ। ਹੁਣ ਇਹਨਾਂ ਨੇ ਕਾਨਵੈਂਟ ਸਕੂਲਾਂ ਵਰਗੇ ਆਧੁਨਿਕ ਸਕੂਲ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ।

ਨਿਹੰਗ ਸਿੰਘ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਪੰਜਾਂ ਬਾਣੀਆਂ ਦੇ ਨਾਲ-ਨਾਲ ਚੰਡੀ ਦੀ ਵਾਰ ਦਾ ਪਾਠ ਵੀ ਕਰਦੇ ਹਨ। ਅੰਮ੍ਰਿਤਪਾਨ ਕਰਨ ਵਾਲੇ ਲਈ ਲਾਜ਼ਮੀ ਹੈ ਕਿ ਉਹ ਜਥੇਦਾਰ ਸਾਹਿਬ ਵੱਲੋਂ ਦੱਸੀ ਰਹਿਤ ਬਹਿਤ ਨੂੰ ਦ੍ਰਿੜਤਾ ਨਾਲ ਪੁਗਾਵੇ। ਇਹਨਾਂ ਦੇ ਨਿਤਨੇਮ ਵਿਚ ਪੰਜ ਬਾਣੀਆਂ ਤੋਂ ਇਲਾਵਾ ਚੰਡੀ ਦੀ ਵਾਰ ਅਤੇ ਅਕਾਲ ਉਸਤਤਿ ਵੀ ਸ਼ਾਮਿਲ ਹੈ।

ਨਿਹੰਗ ਸਿੰਘ ਹਮੇਸ਼ਾਂ ਸ਼ਸਤਰ ਬੱਧ ਰਹਿੰਦੇ ਹਨ ਤੇ ਇਹਨਾਂ ਦਾ ਬਹੁਤ ਸਨਮਾਨ ਕਰਦੇ ਹਨ ਕਿਉਂਕਿ ਇਹ ਇਹਨਾਂ ਸ਼ਸਤਰਾਂ-ਅਸਤਰਾਂ ਨੂੰ ਪ੍ਰਭੂ ਦੇ ਪ੍ਰਤੀਕ ਮੰਨਦੇ ਹਨ। ਦੁਸ਼ਟ ਦਾ ਨਾਸ਼ ਕਰਦੇ ਹਨ, ਗਊ ਗਰੀਬ ਦੀ ਰੱਖਿਆ ਕਰਦੇ ਹਨ।

ਨਿਹੰਗ ਸਿੰਘ ਦਾ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗੂ ਸ੍ਰੀ ਦਸਮ ਗ੍ਰੰਥ ਵੀ ਸ੍ਰੀ ਮੁਖ ਬਾਣੀ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗੂ ਸ੍ਰੀ ਦਸਮ ਗ੍ਰੰਥ ਦੀ ਪਾਠ ਪੂਜਾ ਤੇ ਅਖੰਡ ਪਾਠ ਵੀ ਕਰਦੇ ਹਨ। ਦੀਵਾਨ ਵਿੱਚ ਭੋਗ ਸਮੇਂ ਦੋਨਾਂ ਗ੍ਰੰਥਾਂ ਵਿਚੋਂ ਵਾਕ ਲੈਂਦੇ ਹਨ। ਇਹ ਸੰਪੂਰਨ ਦਸਮ ਲੋਕ ਨਹੀਂ ਸਨ ਸਮਝ ਸਕਦੇ। ਇਸ ਨੂੰ (Code Language) ਆਖਿਆ ਜਾ ਸਕਦਾ ਹੈ। ਅਠਾਰਵੀਂ ਸਦੀ ਵਿਚ ਸਿੱਖਾਂ ਤੇ ਅਕਹਿ ਤੇ ਅਸਹਿ ਜ਼ੁਲਮ ਕੀਤੇ ਗਏ। ਖ਼ਾਲਸੇ ਆਮ ਤੌਰ ਤੇ ਗੁਪਤ ਵਾਰ ਕਰਦੇ ਸਨ ਜਾਂ ਜੰਗਾਂ ਯੁੱਧਾਂ ਵਿੱਚ ਰੁੱਝੇ ਰਹਿੰਦੇ ਸਨ। ਇਹਨਾਂ ਨੇ ਅਜਿਹੀ ਸੰਕੇਤਕ ਭਾਸ਼ਾ ਦੀ ਸਿਰਜਣਾ ਕੀਤੀ, ਜਿਸ ਵਿੱਚ ਹਰ ਗੱਲ ਨੂੰ ਗੁਹਜ ਢੰਗ ਨਾਲ ਜਾਣਕਾਰ ਤੱਕ ਪਹੁੰਚਾਇਆ ਜਾ ਸਕਦਾ ਸੀ। ਭਾਈ ਕਾਨ੍ਹ ਸਿੰਘ ਅਨੁਸਾਰ, "ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ, ਜਿਨ੍ਹਾਂ ਨੂੰ ਗੜਗੱਜ ਬੋਲੇ ਭੀ ਆਖਦੇ ਹਨ।

'ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ, ਜਿਨ੍ਹਾਂ ਨੂੰ ਗੜਗੱਜ ਬੋਲੇ ਭੀ ਆਖਦੇ ਹਨ।" ਪ੍ਰੋ. ਪਿਆਰਾ ਸਿੰਘ ਪਦਮਾ ਇਹਨਾਂ ਬੋਲਿਆਂ ਵਿਚੋਂ ਚੜ੍ਹਦੀਕਲਾ, ਬੌਧਿਕਤਾ, ਸੁਹਜਾਤਮਿਕਤਾ ਤੇ ਨਿਰਭੈਤਾ ਦੇ ਦਰਸ਼ਨ ਕਰਦੇ ਹਨ। ਕੁਝ ਉਦਾਹਰਣਾਂ ਦੇਖੋ : ਉਗਰਾਹੀ = ਭਿਖਿਆ, ਉਜਾਗਰ = ਦੀਵਾ, ਉਜਾਗਰੀ = ਲਾਲਟੈਨ, ਅਕਲਦਾਨ = ਸੋਟਾ, ਅਕਾਸਪੁਰੀ = ਬੱਕਰੀ, ਅਥੱਕ ਸਵਾਰੀ = ਜੁੱਤੀ, ਅਨਹਦ ਸ਼ਬਦ = ਘੁਰਾੜੇ ਮਾਰਨੇ, ਅਫਲਾਤੂਨ = ਰਜਾਈ, ਅੜੰਗ ਬੜੰਗ ਹੋਣਾ = ਸੌਣਾ, ਆਕੜਭੰਨ = ਬੁਖਾਰ, ਐਰਾਪਤ = ਝੋਟਾ, ਇੱਕ ਟੰਗੀ ਬਟੇਰਾ = ਬਤਾਊਂ, ਸਦਾ ਗੁਲਾਬ = ਨਿਦਰ, ਮੁਖ ਮਾਜਣਾ = ਦਾਤਨ, ਸਬਜ਼ ਪਲਾਓ = ਸਾਗ, ਸਮੁੰਦਰ = ਦੁਧ, ਸਵਾ ਲੱਖ = ਇਕ, ਸਉਗੀ = ਹਰਾ ਛੋਲੀਆ, ਸ਼ਾਰਜਹਾਂ = ਪੋਸਤ ਦਾ ਬੂਟਾ, ਸਿਰਖੰਡ = ਸ਼ਕਰ, ਸਿਰ ਜੋੜ = ਗੁੜ, ਸ਼ੀਸ਼ ਮਹਿਲ = ਟੁੱਟੀ ਹੋਈ ਝੌਂਪੜੀ ਜਿਸ ਵਿਚੋਂ ਆਕਾਸ਼ ਨਜ਼ਰ ਆਵੇ, ਸੁਖਦੇਈ= ਤੁਲਾਈ, ਸੁਚਾਲਾ = ਲੰਗੜਾ, ਸੁੰਦਰੀ = ਬਹੁਕਰ, ਸੂਬੇਦਾਰ = ਝਾੜੂ ਦੇਣ ਵਾਲਾ, ਸੂਰਮਾ = ਅੰਨ੍ਹਾ, ਸ਼ੇਰ ਦਾ ਕੰਨ = ਭੰਗ ਛਾਨਣ ਵਾਲੇ ਰੁਮਾਲ ਦਾ ਲੜ, ਹਰਨੀ = ਜੂੰ, ਕਸਤੂਰਾ = ਸੂਰ, ਕੱਟਾ = ਹਾਥੀ, ਕਰਾੜੀ = ਮੂਲੀ, ਕਲਗਾ = ਗੰਜਾ, ਕਾਜੀ = ਮੁਰਗਾ, ਕਾਨੂੰਗੋ = ਖੂੰਡਾ, ਕੁਤਬਦੀਨ = ਕੁੱਤਾ, ਕੋਤਵਾਲ = ਚਾਕੂ, ਖੁਰਮਾ = ਬੇਰ, ਧੋਤੀ = ਚਿਲਮ, ਗਧੀ ਚੁੰਘਣੀ = ਹੁੱਕਾ ਪੀਣਾ, ਗੁਪਤਾ

= ਗੂੰਗਾ, ਗੁਬਿੰਦੀਆ = ਰਾਜਮਾਂ, ਗੰਗਾਜਲ = ਸ਼ਰਾਬ, ਚਟਣ ਪਲਾਓ = ਚਟਣੀ, ਚਿਮਨੀ ਬੇਗਮ = ਅਫੀਮ, ਚੀਤਾ = ਪੋਸ਼ਾਬ, ਚੁਬਾਰੇ ਚੜ੍ਹਿਆ = ਬੋਲਾ, ਛਤ੍ਰਧਰ = ਅਫੀਮ, ਜਹਾਜ਼ = ਗੱਡਾ, ਜਗਤਜੂਠ = ਹੁੱਕਾ, ਤਮਾਕੂ, ਜਲਤੋਰੀ = ਮੱਛੀ, ਜੜਪੁੱਟ = ਮੋਚਣਾ, ਜੂਆਂ ਦੀ ਪੀਂਘ = ਜਨੇਊ, ਤਿਮਰਲੰਗੀਆ = ਲੰਗੜਾ, ਡੁੱਡਾ, ਥਾਨੇਦਾਰ = ਗਧਾ, ਦੁਸਾਹਾਂ = ਪਜਾਮਾ, ਧਨੰਤਰ = ਨਿੰਮ, ਧਰਮਰਾਜ ਦੀ ਧੀ = ਨੀਂਦ, ਧਰਮ ਰਾਜ ਦਾ ਪੁੱਤਰ = ਬੁਖਾਰ, ਧੂੜ ਕੋਟ = ਲਹਿੰਗਾ, ਨੀਲਵਰਣੀ = ਗਧੀ, ਪਰਸਰਾਮ = ਕੁਹਾੜਾ, ਪਰੀ = ਭੇਡਾਂ, ਪੰਮਾ = ਬ੍ਰਾਹਮਣ, ਫਿਰਨੀ = ਚੱਕੀ, ਬਸੰਤ ਕੌਰ = ਮੱਕੀ, ਬਦਾਮ = ਛੋਲੇ, ਬ੍ਰਹਮਰਸ = ਗੰਨਾ, ਕਮਾਦ, ਭੂਤਨੀ = ਰੇਲ ਗੱਡੀ, ਮਲਿਕਾ = ਬਿੱਲੀ, ਰੱਜੀ = ਕੜਛੀ, ਰਣਸਿੰਘਾ = ਪੱਦ, ਰੂਪ ਕੌਰ = ਕਾੜ੍ਹਨੀ, ਲੱਖ ਨੇਤ੍ਰ = ਕਾਣਾ, ਲੜਾਕੀ = ਮਿਰਚ, ਲਾਚੀਦਾਣਾ = ਬਾਜਰਾ, ਵਰਤਾਣਾ = ਵੱਛਾ ਕੜਛਾ, ਵੇਹਲੇ ਸਿਰ ਵਾਲਾ = ਰਜਿ ਆਦਿ, ਅਜਿਹੇ ਤਕਰੀਬਨ ਹਜ਼ਾਰ ਕੁ ਸ਼ਬਦ ਮਿਲਦੇ ਹਨ ।

ਨਿਹੰਗ ਸਿੰਘ ਸੰਪ੍ਰਦਾਇ ਦਾ ਅਤੀਤ ਸੁਨਹਿਰੀ ਸੀ, ਵਰਤਮਾਨ ਤੇ ਭਵਿੱਖ ਚੰਗਾ ਨਹੀਂ ਹੈ। ਹੁਣ ਇੱਕ ਦਿਖ ਪੱਖੋਂ ਪੁਰਾਤਨ ਸਿੰਘਾਂ ਦਾ ਨਮੂਨਾ ਹਨ, ਪਰ ਇਹਨਾਂ ਦੇ ਕਰਮ ਉਹਨਾਂ ਵਰਗੇ ਨਹੀਂ ਹਨ। ਹੁਣ ਇਹਨਾਂ ਵਿਚੋਂ ਬਹੁਤੇ ਨਸ਼ਈ ਹਨ। ਕੌਮ ਦੇ ਕਿਰਦਾਰ ਨੂੰ ਨੀਵੇਂ ਕਰਨ ਵਾਲੇ ਕਰਮ ਕਰਦੇ ਹਨ। ਮੌਕਾ ਪ੍ਰਸਤ ਹਨ ਜੋ ਸਵੈਹਿਤ ਲਈ ਸਿੱਖ ਵਿਰੋਧੀ ਸ਼ਕਤੀਆਂ ਦਾ ਸਾਥ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦੇ । ਇਹਨਾਂ ਵਿੱਚ ਸੁਧਾਰ ਹੋਣ ਦੀ ਕੋਈ ਬਹੁਤੀ ਗੁੰਜਾਇਸ਼ ਨਹੀਂ ਹੈ।

## ਯੂਨਿਟ 4. ਹਿੰਦੂ ਧਰਮ : ਸ਼ੈਵ ਤੇ ਵੈਸ਼ਨਵ ਮੱਤ

ਹਿੰਦੂ ਧਰਮ ਸੰਸਾਰ ਦਾ ਸਭ ਤੋਂ ਪੁਰਾਣਾ ਧਰਮ ਮੰਨਿਆ ਜਾਂਦਾ ਹੈ । ਹਿੰਦੂਆਂ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ : ਚਾਰ ਵੇਦ, ਜਿਨ੍ਹਾਂ ਦੇ ਨਾਂ ਹਨ - ਸਾਮਵੇਦ, ਯਜੁਰਵੇਦ, ਅਥਰਵੇਦ ਅਤੇ ਰਿਗਵੇਦ । ਹਿੰਦੂ ਧਰਮ ਵਿਚ ਆਦਿ ਸੰਪ੍ਰਦਾਇ ਹਨ : (1) ਆਸਤਿਕ ਅਤੇ (2) ਨਾਸਤਿਕ। 'ਆਸਤਿਕ' ਵਿਚਾਰਧਾਰਾ ਵਾਲੇ ਲੋਕੀ ਵੇਦਾਂ ਵਿਚ ਵਿਸ਼ਵਾਸ ਵੀ ਕਰਦੇ ਹਨ ਅਤੇ ਈਸ਼ਵਰ

ਦੀ ਹੋਂਦ (Entity) ਨੂੰ ਵੀ ਮੰਨਦੇ ਹਨ। 'ਨਾਸਤਿਕ' ਵਿਚਾਰਧਾਰਾ ਵਾਲੇ ਲੋਕੀ ਵੇਦਾਂ ਦੀ ਪ੍ਰਮਾਣਿਕਤਾ (Authenticity) ਦੇ ਖਿਲਾਫ ਹਨ ਅਤੇ ਉਹ ਈਸ਼ਵਰ ਦੀ ਹਸਤੀ (Entity) ਵਿਚ ਵੀ ਵਿਸ਼ਵਾਸ ਨਹੀਂ ਕਰਦੇ।

"ਆਸਤਿਕ ਸੰਪ੍ਰਦਾਇ" ਵਿਚ ਦੋ ਪ੍ਰਕਾਰ ਦੀਆਂ ਵਿਚਾਰਧਾਰਾਵਾਂ ਨਜ਼ਰ ਆਉਂਦੀਆਂ ਹਨ। ਇਕ ਹੈ 'ਸਗੁਨ ਜਾਂ 'ਸਾਕਾਰ' ਮਾਰਗੀ ਅਤੇ ਦੂਜੀ ਹੈ 'ਨਿਰਗੁਣ' ਜਾਂ 'ਨਿਰਾਕਾਰ' ਮਾਰਗੀ। ਆਪਣੇ ਦੇਵੀ ਦੇਵਤਾ ਦੀ ਮੂਰਤੀ ਦਾ ਧਿਆਨ ਕਰਕੇ ਪੂਜਾ-ਪਾਠ ਕਰਨਾ 'ਸਗੁਨ' (ਸਾਕਾਰ) ਭਗਤੀ ਦਾ ਆਧਾਰ-ਤੱਤ (Basic feature) ਹੈ। 'ਨਿਰਗੁਣ' ਜਾਂ 'ਨਿਰਾਕਾਰ' ਭਗਤੀ ਵਿਚ ਪਰਮਾਤਮਾ ਦੇ ਮਨੋਂ ਮਨੀ ਧਿਆਨ ਅਤੇ ਨਾਮ-ਜਪ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਭਗਤੀ ਦੀ ਇਸ 'ਨਿਰਗੁਣ (ਨਿਰਾਕਾਰ) ਸ਼ਾਖਾ ਦੇ ਵੀ ਦੋ ਰੂਪ ਮਿਲਦੇ ਹਨ : (1) ਗਿਆਨ ਮਾਰਗੀ (2) ਪ੍ਰੇਮ ਮਾਰਗੀ।

ਹਿੰਦੂ ਧਰਮ ਦੀ ਸਗੁਨ (ਸਾਕਾਰ) ਭਗਤੀ ਆਰਾਧ ਦੇਵ ਦੀ ਮੂਰਤੀ ਦੀ ਪੂਜਾ ਕਾਰਨ ਕਈ ਰੂਪਾਂ ਵਿਚ ਮਿਲਦੀ ਹੈ। ਹਿੰਦੂਆਂ ਦੇ ਤੇਤੀ ਕਰੋੜ ਦੇਵਤਿਆਂ ਵਿਚੋਂ ਕੁਝ ਇਕ ਦੇ ਨਾਵਾਂ ਉੱਤੇ ਸੰਪ੍ਰਦਾਇ (seats) ਚਲ ਪਏ ਹਨ। ਇਨ੍ਹਾਂ ਵਿਚੋਂ ਕੁਝ ਪ੍ਰਸਿੱਧ ਨਾਂ ਹਨ :

(1) ਸ਼ੈਵ ਮਤ - ਜਿਸ ਵਿਚ ਸ਼ਿਵ ਜੀ ਦੀ ਪਿੰਡ (ਮੂਰਤੀ) ਦੀ ਪੂਜਾ ਕੀਤੀ ਜਾਂਦੀ ਹੈ। ਇਸ ਪਿੰਡੀ (ਲਿੰਗ) ਵਾਲੇ ਮੰਦਿਰ ਨੂੰ "ਸ਼ਿਵਾਲਾ" [ਸ਼ਿਵ+ਆਲਯ, ਅਰਥਾਤ "ਸ਼ਿਵ ਜੀ ਦਾ ਘਰ "] ਆਖਿਆ ਜਾਂਦਾ ਹੈ।

(2) ਸ਼ਾਕਤ ਮਤ - ਸ਼ਿਵ ਜੀ ਦੀ ਪਤਨੀ 'ਪਾਰਬਤੀ' ਦੀ "ਸ਼ਕਤੀ" ਦਾ ਰੂਪ ਹੈ। ਇਸ ਨੂੰ ਬਹੁਤ ਕਰਕੇ 'ਦੁਰਗਾ' [ ਦੁਰਗਾ (ਕਿਲਿਆਂ) ਦੀ) ਆਖਿਆ ਜਾਂਦਾ ਹੈ। 'ਦੁਰਗਾ' ਦੇ ਭਗਤਾਂ ਨੂੰ 'ਸ਼ਾਕਤ' (ਸ਼ਕਤੀ ਦੇ ਪੁਜਾਰੀ/ਭਗਤ) ਆਖਿਆ ਜਾਂਦਾ ਹੈ।

(3) ਗਣਪਤਯ ਮਤ - ਸ਼ਿਵ ਅਤੇ ਪਾਰਬਤੀ ਜੀ ਦੇ ਪੁੱਤਰ ਗਣੇਸ਼ ਜੀ, ਉਹੀ ਦੇਵਤਾ ਹਨ, ਜਿਨ੍ਹਾਂ ਦਾ ਮੂੰਹ "ਹਾਥੀ ਦੀ ਸੁੰਡ" ਵਾਲਾ ਹੁੰਦਾ ਹੈ। ਗਣੇਸ਼ ਜੀ ਦੇ ਪੁਜਾਰੀ (ਭਗਤਾਂ) * 1697, ਮੁਹੱਲਾ ਦੀਵਾਨ ਮੂਲ ਚੰਦ, ਆਰੀਆ ਸਮਾਜ, ਪਟਿਆਲਾ।

(4) ਵੈਸ਼ਣਵ ਮਤ - ਕੁਝ ਪੁਰਾਣ ਗ੍ਰੰਥਾਂ ਵਿਚ ਵਿਸ਼ਣੂ ਭਗਵਾਨ ਦੇ 10 ਅਵਤਾਰਾਂ (Ten Incarnations) ਦਾ ਉੱਲੇਖ ਹੋਇਆ ਅਤੇ ਕੁਝ ਵਿਚ 24 (ਚੌਬੀ) ਦਾ। ਪਰ ਇਨ੍ਹਾਂ ਵਿਚ ਦੋ ਦੀ ਪੂਜਾ-ਅਰਚਣਾ ਪ੍ਰਤੀ ਹਿੰਦੂਆਂ ਦਾ ਬਹੁਤਾ ਰੁਝਾਨ ਨਜ਼ਰ ਆਉਂਦਾ ਹੈ। ਇਹ ਹਨ :

(ਕ) ਤ੍ਰੇਤਾ ਯੁਗ ਵਿਚ ਪੈਦਾ ਹੋਏ ਅਜੁੱਧਿਆ (ਅਜੋਕੇ ਉੱਤਰ ਪ੍ਰਦੇਸ਼) ਦੇ ਰਾਜਾ ਦਸ਼ਰਥ ਅਤੇ ਮਹਾਰਾਨੀ ਕੁਸ਼ਲਿਆ ਜੀ ਦੇ ਪੁੱਤਰ 'ਸ੍ਰੀ ਰਾਮ' । ਇਨ੍ਹਾਂ ਦੇ ਨਾਂ ਉੱਤੇ ਹੀ ਹਿੰਦੂ ਧਰਮ ਵਿਚ "ਰਾਮ ਭਗਤੀ ਧਾਰਾ" ਦੇ ਦਰਸ਼ਨ ਹੁੰਦੇ ਹਨ।

(ਖ) ਦੁਆਪਰ ਯੁਗ ਵਿਚ ਪੈਦਾ ਹੋਏ ਵਸੁਦੇਵ ਜੀ ਅਤੇ ਮਾਤਾ ਦੇਵਕੀ ਜੀ ਦੇ ਪੁੱਤਰ ਭਗਵਾਨ ਕ੍ਰਿਸ਼ਣ । ਇਨ੍ਹਾਂ ਦੇ ਨਾਂ ਉੱਤੇ ਹਿੰਦੂ ਧਰਮ ਵਿਚ 'ਕ੍ਰਿਸ਼ਣ ਭਗਤੀ ਧਾਰਾ' ਦੇ ਦਰਸ਼ਨ ਹੁੰਦੇ ਹਨ । ਬਾਲ-ਅਵਸਥਾ ਵਿਚ ਨੰਦ ਜੀ ਅਤੇ ਮਾਤਾ ਜਸੋਦਾ ਦੇ ਘਰ ਪਲਣ ਵਾਲੇ ਗੋਪੀਆਂ ਨਾਲ 'ਰਾਸ ਲੀਲਾ' ਕਰਨ ਵਾਲੇ ਇਹੋ ਸ੍ਰੀ ਕ੍ਰਿਸ਼ਣ "ਸ਼੍ਰੀਮਦ ਭਗਵਤਗੀਤਾ" ਦੇ ਰਚਨਾਕਾਰ-ਉਪਦੇਸ਼ਕ ਸਨ ।

ਵੈਸ਼ਣਵ ਧਰਮ (ਭਗਤੀ) ਦਾ ਉਦਯ ਅਤੇ ਵਿਕਾਸ

"ਵਿਸ਼ਣੂ " ਸ਼ਬਦ ਦਾ ਉੱਲੇਖ 'ਰਿਗਵੇਦ' ਵਿਚ ਹੋਇਆ ਹੈ। ਇਸ ਦਾ ਨਿਕਾਸ "ਵਿਸ਼" ਧਾਤੂ ਤੋਂ ਹੋਇਆ ਹੈ, ਜਿਸ ਦਾ ਅਰਥ ਹੈ : ਵਿਆਪਤ ਹੋਣਾ (ਫੈਲਣਾ) । ਪਰ ਰਿਗਵੇਦ ਵਿਚ "ਵਿਸ਼ਨੂੰ" ਨੂੰ ਪਹਿਲੀ ਸ਼੍ਰੇਣੀ (First Category) ਦੇ ਦੇਵਤਾ ਵਜੋਂ ਮਾਣ ਨਹੀਂ ਦਿੱਤਾ ਗਿਆ, ਉਸਨੂੰ ਸੂਰਜ ਦਾ ਰੂਪ (ਸ਼ੋਰ-ਸ਼ਕਤੀ, solar power) ਹੀ ਮੰਨਿਆ ਗਿਆ ਹੈ। ਰਿਗਵੇਦ ਵਿਚ ਵਿਸ਼ਨੂੰ ਦੀ ਇਸ ਸੌਰ-ਸ਼ਕਤੀ ਦਾ ਪ੍ਰਗਟਾਵਾ ਇਸ ਪ੍ਰਕਾਰ ਹੋਇਆ ਹੈ ਕਿ ਇਹ ਵਿਸ਼ਵ ਦੇ ਸੱਤ ਹਿੱਸਿਆਂ ਨੂੰ ਕੇਵਲ ਤਿੰਨ ਕਦਮ ਪੁੱਟ ਕੇ ਪਾਰ ਕਰ ਲੈਂਦਾ ਹੈ, ਇਸ ਵਿਚ ਪੂਰਨ ਸੁਰੱਖਿਆ (Patronage) ਅਤੇ ਵਿਆਪਤ ਹੋਣ ਦੀ ਭਾਵਨਾ ਵਿਦਮਾਨ ਹੈ। ਪਰ ਹਿੰਦੂਆਂ ਦੇ ਅਠਾਰਾਂ ਪੁਰਾਣਾਂ ਵਿਚੋਂ ਤਿੰਨ ਪੁਰਾਣ ਅਜਿਹੇ ਹਨ, ਜਿਨ੍ਹਾਂ ਵਿਚ ਵਿਸ਼ਨੂੰ ਨੂੰ "ਪਰਬ੍ਰਹਮ" ਆਖ ਕੇ ਸਰਬ ਉੱਤਮ ਸਥਾਨ ਦਿੱਤਾ ਗਿਆ ਹੈ। ਇਨ੍ਹਾਂ ਪੁਰਾਣਾਂ ਦੇ ਨਾਂ ਹਨ : "ਵਿਸ਼ਣੂ-ਪੁਰਾਣ", "ਬ੍ਰਹਮ ਵੈਵਰਤ-ਪੁਰਾਣ" ਅਤੇ "ਭਾਗਵਤ-ਪੁਰਾਣ" । ਇਸ ਵਿਸ਼ਣੁ ਦੀ ਸਵਾਰੀ ਗਰੁੜ ਹੈ, ਇਸ ਦਾ ਨਿਵਾਸ-ਸਥਾਨ "ਬੈਕੁੰਠ" ਹੈ ਅਤੇ "ਲਛਮੀ ਜੀ" ਇਨ੍ਹਾਂ ਦੀ ਪਤਨੀ ਹਨ।

ਇਸ ਪ੍ਰਕਾਰ ਦੇ ਰੂਪ ਵਾਲੇ ਵਿਸ਼ਣੂ ਸੰਬੰਧੀ "ਵੈਸ਼ਣ-ਭਗਤੀ" ਸਚਮੁਚ ਹਿੰਦੂਆਂ ਦੇ ਪੁਰਾਣ-ਕਾਲ ਦੀ ਦੇਣ ਹੈ, ਭਾਵੇਂ ਉਸ ਦਾ ਮੂਲ ਸੋਮਾ (original source) ਰਿਗਵੇਦ ਨੂੰ ਮੰਨਿਆ ਜਾਂਦਾ ਹੈ । ਵੈਸ਼ਣਵ-ਭਗਤੀ (ਸੰਪ੍ਰਦਾਇ) ਦੀ ਮੁੱਖ ਪਛਾਣ ਇਹ ਹੈ

ਕਿ ਇਸ ਵਿਚ ਗਿਆਨ, ਕਰਮ ਅਤੇ ਉਪਾਸਨਾ ਨੂੰ ਤਿਆਗ ਕੇ ਸ੍ਰਵਣ, ਕੀਰਤਨ, ਦੀਨਤਾ (ਆਜੁਜੀ) ਅਤੇ ਆਤਮ-ਨਿਵੇਦਨ ਰਾਹੀਂ ਪ੍ਰਭੂ ਭਗਤੀ ਕਰਨ ਦਾ ਸਹੀ ਅਤੇ ਸਰਲ ਢੰਗ ਮੰਨਿਆ ਗਿਆ ਹੈ।

ਵੈਦਿਕ ਕਾਲ ਵਿਖੇ ਵੇਦਾਂ ਪ੍ਰਤੀ "ਸ਼ਰਧਾ" ਨੂੰ ਹੀ ਉਪਾਸਨਾ (worship) ਦਾ ਰੂਪ ਮੰਨਿਆ ਜਾਂਦਾ ਸੀ। ਪਰ ਅਗਾਂਹ ਚਲ ਕੇ ਇਹੋ ਸ਼ਰਧਾ ਏਕਾਂਤਿਕ, ਸਾਤਵਤ, ਭਾਗਵਤ ਅਤੇ ਪੰਚਰਾਤ੍ਰ ਉਪਾਸਨਾ ਪ੍ਰਣਾਲੀਆਂ ਵਿਚ ਤਬਦੀਲ ਹੋ ਕੇ ਵੈਸ਼ਣਵਾਂ (ਵਿਸ਼ਣੂ ਦੇ ਭਗਤਾਂ) ਦੀ ਅਤਿਅੰਤ ਸ਼ੁੱਧ "ਸਗੁਣ (ਸਾਕਾਰ) ਉਪਾਸਨਾ" ਦੇ ਰੂਪ ਵਿਚ ਪ੍ਰਗਟ ਹੋਈ। ਉੱਤਰ ਵੈਦਿਕ-ਕਾਲ ਵਿਚ 'ਵਿਸ਼ਣੂ' ਦੇ ਪਰਿਆਇਵਾਚੀ (Synonyms) ਨਾਵਾਂ "ਨਾਰਾਇਣ" ਅਤੇ "ਵਾਸੁਦੇਵ" ਨੂੰ ਅਪਣਾ ਲਿਆ ਗਿਆ। ਸੂਰਸੇਨ ਪ੍ਰਦੇਸ਼ ਦੇ ਸਾਤਵੱਤ ਕਸ਼ਤ੍ਰੀ ਦੀ ਔਲਾਦ ਜਦੋਂ ਦੱਖਣ ਭਾਰਤ ਵਿਚ ਜਾ ਵਸੀ ਤਾਂ ਉਹ 'ਨਾਰਾਇਣ' ਅਤੇ 'ਵਾਸੁਦੇਵ ਦੀ ਪਰੰਪਰਾਗਤ ਉਪਾਸਨਾ - ਵਿਧੀ ਨੂੰ ਵੀ ਅਪਣਾਉਂਦੀ ਰਹੀ। ਪੰਜਵੀਂ ਤੋਂ ਨੌਵੀਂ ਸਦੀ ਦੇ ਵਿਚਕਾਰ ਦੱਖਣ ਦੇ ਵਾਸੀ "ਆਲਵਾਰ ਸੰਤਾਂ" ਨੇ ਇਸ ਉਪਾਸਨਾ - ਵਿਧੀ ਵਿਚ ਕੁਝ ਸੁਧਾਰ ਕਰਕੇ ਇਸ ਦਾ ਚਹੁੰਮੁਖੀ ਵਿਕਾਸ ਕੀਤਾ। ਦਸਵੀਂ ਤੋਂ ਚੌਦ੍ਹਵੀਂ-ਪੰਦਰਵੀਂ ਸਦੀ ਈਸਵੀ ਵਿਚ ਵਿਦਵਾਨ ਆਚਾਰੀਆ ਨੇ ਆਪਣੀਆਂ ਆਪਣੀਆਂ ਭਾਵਨਾਵਾਂ ਅਨੁਸਾਰ ਭਗਵਾਨ ਵਿਸ਼ਣੂ ਦੇ ਅਵਤਾਰ "ਸ੍ਰੀ ਰਾਮ" ਅਤੇ "ਸ੍ਰੀ ਕ੍ਰਿਸ਼ਣ" ਦੀਆਂ ਕਾਰਗੁਜ਼ਾਰੀਆਂ ਨੂੰ ਤੱਕਿਆ ਅਤੇ ਇਕ ਨਿਸ਼ਚਿਤ ਸੋਚ ਅਨੁਸਾਰ ਆਪਣਾ ਨਵਾਂ ਸੰਪ੍ਰਦਾਇ (Seat) ਖੜਾ ਕਰ ਲਿਆ। ਇਸ ਪ੍ਰਕਾਰ ਵੈਸ਼ਣਵ ਮਤ ਦੇ ਪੰਜ ਸੰਪ੍ਰਦਾਇ ਹੋਂਦ ਵਿਚ ਆਏ ਜਿਨ੍ਹਾਂ ਦੇ ਨਾਂ ਹਨ: (1) ਸ੍ਰੀ ਸੰਪ੍ਰਦਾਇ (2) ਬ੍ਰਹਮ ਸੰਪ੍ਰਦਾਇ (3) ਸਨਕ ਸੰਪ੍ਰਦਾਇ (4) ਰੁਦ੍ਰ ਸੰਪ੍ਰਦਾਇ ਅਤੇ (5) ਗੌਡੀਯ ਸੰਪ੍ਰਦਾਇ। ਆਲਵਾਰ ਸੰਤਾਂ ਦੀ ਸੋਚ ਭਾਵੇਂ ਵੈਸ਼ਣਵੀ ਸੀ, ਫੇਰ ਵੀ ਉਪਰੋਕਤ ਪੰਜ ਸੰਪ੍ਰਦਾਇਆਂ ਦੇ ਮੋਢੀਆਂ ਦੀ ਸੋਚ ਵਿਚ ਕੁਝ ਅੰਤਰ ਨਜ਼ਰ ਆਉਂਦਾ ਹੈ। ਇਸ ਸੰਬੰਧ ਵਿਚ ਡਾ. ਬਲਦੇਵ ਉਪਧਾਯ ਦਾ ਮਤ ਪੇਸ਼ ਹੈ :

"ਆਲਵਾਰਾਂ ਦੇ ਜੀਵਨ ਦਾ ਇਕ ਮਾਤਰ ਆਧਾਰ ਸੀ "ਪ੍ਰਪੱਤਿ" ਅਰਥਾਤ "ਨਿਰੋਲ" (ਵਿਸ਼ੁੱਧ) ਭਗਤੀ"। ਪਰ ਆਚਾਰਿਆਂ (ਉਪਰੋਕਤ ਸੰਪ੍ਰਦਾਇਆਂ ਦੇ ਮੋਢੀਆਂ) ਦੀ ਜੀਵਨ ਪ੍ਰਣਾਲੀ ਵਿਚ ਭਗਤੀ ਅਤੇ ਕਰਮ ਦਾ ਸੁੰਦਰ ਸਮਨਵੈ (ਸੁਮੇਲ) ਸੀ। ਆਲਵਾਰ ਭਗਤ (ਦਰਸ਼ਨ) ਸ਼ਾਸਤਰ ਦੇ ਵਿਦਵਾਨ ਨਹੀਂ ਸਨ। ਉਹ ਕੇਵਲ ਭਗਤੀ ਰਸ ਵਿਚ ਡੁੱਬੇ ਹੋਏ ਸਨ। ਇਸ ਦੇ ਵਿਪਰੀਤ ਆਚਾਰੀਆਗਣ ਵੇਦਾਂਤ ਦੇ ਪਰੰਪਰਾਗਤ ਵਿਦਵਾਨ ਤਾਂ ਹੈ ਸਨ, ਤਰਕ ਅਤੇ ਯੁਕਤੀ ਦੇ ਸਹਾਰੇ ਵਿਰੋਧੀਆਂ ਦਾ

ਮੂੰਹ ਬੰਦ ਕਰਨ ਵਾਲੇ 'ਪੰਡਤ' (ਵਿਦਵਾਨ) ਵੀ ਸਨ। ਆਲਵਾਰਾਂ ਵਿਚ ਜੇ ਹਿਰਦੇ ਪੱਖ ਦੀ ਪ੍ਰਬਲਤਾ ਸੀ ਤਾਂ ਆਚਾਰੀਆਂ ਵਿਚ ਬੁੱਧੀ ਪੱਖ ਦੀ ਦ੍ਰਿੜਤਾ ਸੀ।"

ਇਕ ਵਿਦਵਾਨ ਦਾ ਮੱਤ ਹੈ ਕਿ ਉਪਰੋਕਤ ਪਹਿਲੇ ਚਾਰ ਸੰਪ੍ਰਦਾਇ ਆਦਿ ਸ਼ੰਕਾਚਾਰਯ ਦੇ "ਮਾਇਆਵਾਦ" ਦੇ ਪ੍ਰਤਿਕ੍ਰਿਆ ਸਰੂਪ ਹੋਂਦ ਵਿਚ ਆਏ ਅਤੇ ਅਵਤਾਰਵਾਦ ਨੂੰ ਸਵੀਕਾਰ ਕਰਕੇ ਭਗਤੀ ਭਾਵਨਾ ਨੂੰ ਦਾਰਸ਼ਨਿਕ ਆਧਾਰ ਪ੍ਰਦਾਨ ਕੀਤਾ।

ਰਾਮ ਭਗਤੀ-ਪਰਕ ਵੈਸ਼ਣਵ ਸੰਪ੍ਰਦਾਇ ਸ੍ਰੀ ਸੰਪ੍ਰਦਾਇ ਅਤੇ ਰਾਮ-ਭਗਤੀ

ਇਸ ਸੰਪ੍ਰਦਾਇ ਦੇ ਪਹਿਲੇ ਆਚਾਰੀਆ ਨਾਥ ਮੁਨੀ (ਸੰਨ 824-924) ਸਨ। ਉਨ੍ਹਾਂ ਨੇ ਸ਼ਠਕੋਪ ਨਾਂ ਦੇ ਆਲਵਾਰ ਸੰਪ੍ਰਦਾਇ ਦੇ ਸੰਤ ਦੀਆਂ ਲੀਹਾਂ ਉਤੇ ਟੁਰ ਕੇ ਆਪਣੀ ਸਾਧਨਾ ਵਿਚ "ਰਾਮ-ਨਿਸ਼ਠਾ" (ਭਗਵਾਨ ਰਾਮ ਉੱਤੇ ਦ੍ਰਿੜ ਵਿਸ਼ਵਾਸ) ਨੂੰ ਪ੍ਰਮੁੱਖਤਾ ਦਿੱਤੀ। ਹਿੰਦੂ ਦੇਵੀ-ਦੇਵਤਿਆਂ (ਦਿਵਯ) ਨਾਲ ਸੰਬੰਧਤ ਤੀਰਥ ਸਥਾਨਾਂ ਦੀ ਤੋਰਾ ਫੇਰੀ ਦੌਰਾਨ ਨਾਥ ਮੁਨੀ ਅਜੁੱਧਿਆ ਅਤੇ ਚਿਤ੍ਰਕੂਟ ਵਿਖੇ ਵੀ ਪਧਾਰੇ ਸਨ। ਉਹ ਧਨੁਖਧਾਰੀ (ਕੋਦੰਡ ਪਾਣਿ) ਰੂਪ ਵਾਲੇ ਜਿਸ ਭਗਵਾਨ ਰਾਮ ਦੀ ਮੂਰਤੀ ਦੀ ਪੂਜਾ-ਆਰਾਧਨਾ ਕਰਦੇ ਸਨ ਉਹ ਅਜੇ ਤਕ ਬਾਲਾ ਜੀ ਪਰਬਤ ਉੱਤੇ ਸਥਿਤ "ਵੱਡੇ ਜਿਯਰਸਠ" ਵਿਚ ਮੌਜੂਦ ਹੈ।

ਆਚਾਰੀਆ ਨਾਥ ਮੁਨੀ ਦੀ ਸ਼ਿੱਸ਼ ਪਰੰਪਰਾ ਵਿਚ ਕ੍ਰਮ ਅਨੁਸਾਰ ਪੁੰਡਰੀਕਾਕਸ਼ ਅਤੇ ਰਾਮ ਮਿਸ਼ਰ ਹੋਏ। ਰਾਮ ਮਿਸ਼ਰ ਦੇ ਪ੍ਰਮੁਖ ਚੇਲੇ ਦਾ ਨਾਂ ਸੀ ਯਾਮੁਨ ਆਚਾਰੀਆ (ਸੰਨ 916-1040) ਸੀ। ਯਾਮੁਨ ਆਚਾਰੀਆ ਨੇ ਹੀ ਵਿਧੀ-ਵਿਧਾਨ ਅਨੁਸਾਰ 'ਸ੍ਰੀ ਸੰਪ੍ਰਦਾਇ' ਨੂੰ ਸਿਧਾਂਤਕ ਰੂਪ ਪ੍ਰਦਾਨ ਕੀਤਾ। ਇਸੇ ਕਾਰਨ ਹਿੰਦੀ ਸਾਹਿੱਤ ਵਿਚ ਬਹੁਤਾ ਕਰਕੇ ਯਾਮੁਨ ਆਚਾਰੀਆਂ ਨੂੰ ਹੀ "ਸ੍ਰੀ ਸੰਪ੍ਰਦਾਇ" ਦਾ ਮੋਢੀ ਦੱਸਿਆ ਜਾਂਦਾ ਹੈ। ਪਰ ਯਾਮੁਨ ਆਚਾਰੀਆ ਨੇ ਆਪਣੀ ਪ੍ਰਸਿੱਧ ਰਚਨਾ "ਆਲਵੰਦਾਰ ਸਤੋਤ੍ਰ" (ਸਤੋਤ੍ਰ ਰਤਨਮ) ਵਿਖੇ ਭਗਵਾਨ ਰਾਮ ਦੇ ਸਾਮ੍ਹਣੇ ਰਾਵਨ ਦੇ ਭਰਾ ਭਵੀਖਣ ਵਲੋਂ ਕੀਤੀ ਗਈ ਪ੍ਰਤਿਗਿਆ "ਸਕ੍ਰਿਦੇਵ ਪ੍ਰਪੰਨਾਯ" ਦਾ ਹਵਾਲਾ ਦੇ ਕੇ ਆਪਣੇ ਨਕੜਦਾਦਾ ਦਾ ਗੁਰੂ ਨਾਥ ਮੁਨੀ ਦੀ ਡੂੰਘੀ ਰਾਮ-ਭਗਤੀ ਨੂੰ 67-68 ਸ਼ਲੋਕਾਂ ਵਿਚ ਪੇਸ਼ ਕੀਤਾ ਹੈ।

ਇਸ ਸੰਪ੍ਰਦਾਇ ਦੇ ਆਧੁਨਿਕ ਵਿਦਵਾਨ ਸੁਆਮੀ ਰਘੁਵਰ ਆਚਾਰੀਆ ਅਤੇ ਭਗਵਦ ਆਚਾਰੀਆ ਦਾ ਕਥਨ ਹੈ ਕਿ ਆਦਿ ਕਾਲ ਵਿਚ "ਸ੍ਰੀ ਸੰਪ੍ਰਦਾਇ" ਹੀ ਵੈਸ਼ਣਵ ਭਗਤੀ-ਮੂਲਕ ਇਕੋ ਇਕ ਸੰਪ੍ਰਦਾਇ ਸੀ । ਪਰ ਸਮੇਂ ਦੀ ਚਾਲ ਨਾਲ ਉਪਾਸਨਾ ਕੀਤੇ ਜਾਣ ਵਾਲੇ ਦੇਵਤਾ ਦੇ ਨਾਂ, ਜਪ ਸੰਬੰਧੀ ਮੰਤਰ ਅਤੇ ਪੂਜਾ ਕਰਨ ਦੇ ਢੰਗ (=ਆਚਾਰ) ਵਿਚ ਭਿੰਨਤਾਵਾਂ ਹੋਣ ਕਾਰਨ, ਇਸ ਦੀਆਂ ਦੋ ਸ਼ਾਖਾਵਾਂ (Branches) ਹੋ ਗਈਆਂ । ਇਕ ਵਿਚ 'ਸ੍ਰੀ ਰਾਮ' ਨੂੰ ਪ੍ਰਧਾਨਤਾ ਦਿੱਤੀ ਗਈ ਅਤੇ ਦੂਜੀ ਵਿਚ "ਭਗਵਾਨ ਨਾਰਾਇਣ" ਨੂੰ । ਇਸ ਪ੍ਰਕਾਰ ਮੁੱਖ ਸੰਪ੍ਰਦਾਇ (primary seats) ਤੋਂ ਬਹੁਤ ਸਾਰੇ ਉਪ-ਸੰਪ੍ਰਦਾਇ ਬਣਦੇ ਗਏ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਰਾਮਾਨੁਜ ਆਚਾਰੀਆ ਦਾ ਸੰਪ੍ਰਦਾਇ

ਬਹੁਤਾ ਕਰਕੇ ਇਸ ਨੂੰ ਰਾਮਾਨੁਜ ਆਚਾਰੀਆ (ਸੰਨ 1037-1137) ਦਾ "ਸ੍ਰੀ ਸੰਪ੍ਰਦਾਇ" ਹੀ ਸੱਦਿਆ ਜਾਂਦਾ ਹੈ । ਰਾਮਾਨੁਜ ਦੇ ਗੁਰੂ ਯਾਮੁਨ ਆਚਾਰੀਆ ਸਨ । ਰਾਮਾਨੁਜ ਨੇ ਬ੍ਰਹਮ-ਸੂਤ੍ਰ ਉਤੇ ਇਕ ਟੀਕਾ ਲਿਖੀ, ਜਿਸ ਦਾ ਨਾਂ 'ਸ੍ਰੀ ਭਾਸ਼ਯ' ਧਰਿਆ। ਸ਼ਾਇਦ ਇਸੇ ਕਾਰਨ ਹਿੰਦੀ ਸਾਹਿੱਤ ਜਗਤ ਵਿਚ ਰਾਮਾਨੰਦ ਨੂੰ ਹੀ "ਸ੍ਰੀ ਸੰਪ੍ਰਦਾਇ" ਦਾ ਮੋਢੀ ਗਰਦਾਨਿਆ ਜਾਣ ਲਗ ਪਿਆ । ਪਰ ਰਾਮਾਨੁਜ ਦੇ 'ਸ੍ਰੀ ਭਾਸ਼ਯ' ਅਤੇ ਹੋਰ ਗ੍ਰੰਥਾਂ ਵਿਚ "ਵਿਸ਼ਣੂ" ਦਾ ਨਾਂ 'ਨਾਰਾਇਣ' ਹੀ ਵਰਤਿਆ ਗਿਆ ਹੈ । ਰਾਮਾਨੁਜ ਆਚਾਰੀਆ ਦਾ ਮਤ ਹੈ ਕਿ ਇਸ 'ਨਰਾਇਣ ਵਿਸ਼ਣੂ" ਦੀ ਪੂਜਾ-ਭਗਤੀ "ਦਾਸ" ਦੇ ਰੂਪ ਵਿਚ ਕਰਨ ਨਾਲ ਮੁਕਤੀ (salvation) ਦੀ ਪ੍ਰਾਪਤੀ ਹੁੰਦੀ ਹੈ । ਰਾਮਾਨੁਜ ਆਚਾਰੀਆ ਦੇ ਦਾਰਸ਼ਨਿਕ ਸਿਧਾਂਤ ਨੂੰ "ਵਿਸ਼ਿਸ਼ਟ-ਅਦੈਤਵਾਦ" ਸੱਦਿਆ ਜਾਂਦਾ ਹੈ । ਸ੍ਰੀ ਨਗੇਂਦ੍ਰ ਨਾਥ ਵਸੂ ਨੇ ਇਕ ਹੋਰ ਵਿਦਵਾਨ ਦਾ ਹਵਾਲਾ ਦੇ ਕੇ ਲਿਖਿਆ ਹੈ :

"ਅਧਿਆਪਕ ਰਾਮ ਕ੍ਰਿਸ਼ਣ ਗੋਪਾਲ ਭੰਡਾਰਕਰ ਦੇ ਅਨੁਸਾਰ 'ਪੰਚ ਰਾਤ੍ਰ' ਅਤੇ 'ਸਾਤਵਤ ਪਰਮ' ਕਸਤ੍ਰਿਯਮੂਲਕ ਸਨ । ਰਾਮਾਨੁਜ ਨੇ ਉਸੇ 'ਸਾਤਵਤ ਮਤ' ਦੇ ਆਧਾਰ ਤੇ ਵੈਦਾਂਤਿਕ (ਵੇਦਾਂਤ ਤੇ ਆਧਾਰਿਤ) "ਵਿਸ਼ਿਸ਼ਟ-ਅਦੈਤਵਾਦ" ਦੀ ਸਥਾਪਨਾ ਕੀਤੀ। ਜੀਵ, ਈਸ਼ਵਰ, ਉਪਾਯ । ਈਸ਼ਵਰ ਪ੍ਰਾਪਤੀ ਦਾ ਮਾਰਗ । ਫਲ ਅਤੇ ਪੁਰਸ਼ਾਰਥ ਅਤੇ ਵਿਰੋਧੀ (ਈਸ਼ਵਰ ਪ੍ਰਾਪਤੀ ਦੇ ਔੜਿਕੇ) ਇਨ੍ਹਾਂ ਸਭਨਾਂ ਦੇ ਸਿਲਸਿਲੇ ਵਾਰ ਪੰਜ-ਪੰਜ ਰੂਪਾਂ (-ਪੰਚਕ) ਉੱਤੇ "ਰਾਮਾਨੁਜ ਮਤ" ਟਿਕਿਆ ਹੋਇਆ ਹੈ ।"s

"ਨਾਰਾਇਣ" ਨੂੰ ਹੀ ਪੂਜਾ ਵਜੋਂ ਮਾਨਤਾ ਦਿੱਤੇ ਜਾਣ ਵਾਲਾ "ਸ੍ਰੀਮਤਨਾਰਾਯਣ" (ਸ੍ਰੀਮਤ+ਨਾਰਾਯਣ) ਸੰਪ੍ਰਦਾਇ ਹੀ ਇਸ ਦਾ ਆਧੁਨਿਕ ਰੂਪ ਜਾਪਦਾ ਹੈ । ਇਸ ਦੇ ਬਹੁਤੇ ਪੈਰੋਕਾਰ ਤਮਿਲਨਾਡੂ, ਮਾਰਵਾੜ (ਪੱਛਮੀ ਰਾਜਸਥਾਨ), ਤੈਲੰਗ ਅਤੇ ਗੁਜਰਾਤ ਵਿਚ ਮਿਲਦੇ ਹਨ।

ਰਾਮਾਨੰਦ ਸੰਪ੍ਰਦਾਇ (2)

ਇਸ ਦਾ ਦੂਜਾ ਨਾਂ "ਰਾਮਾਵਤ ਸੰਪ੍ਰਦਾਇ" ਵੀ ਹੈ। ਰਾਮਾਨੰਦ ਦਾ ਸਮਾਂ 15ਵੀਂ ਸ਼ਤਾਬਦੀ ਮਿੱਥਿਆ ਗਿਆ ਹੈ ਅਤੇ ਇਹ ਰਾਮਾਨੁਜ ਦੀ ਸ਼ਿਸ਼ ਪਰੰਪਰਾ (Disciple order) ਵਿਚੋਂ ਸਨ । ਕੁਝ ਵਿਦਵਾਨਾਂ ਅਨੁਸਾਰ ਸੁਆਮੀ ਰਾਮਾਨੰਦ ਦੇ ਗੁਰੂ ਦਾ ਨਾਂ ਰਾਘਵਾਨੰਦ ਸੀ । ਕਹਿੰਦੇ ਹਨ ਕਿ ਜਦੋਂ ਰਾਮਾਨੰਦ ਭਾਰਤ ਦੇ ਕੁਝ ਖੇਤਰਾਂ ਵਿਚ ਭੋਰਾਫੇਰੀ ਮਗਰੋਂ ਆਪਣੇ ਗੁਰੂ ਦੇ ਆਸ਼ਰਮ ਵਿਚ ਪੁੱਜੇ ਤਾਂ ਉਨ੍ਹਾਂ ਦੇ ਗੁਰੂ-ਭਾਈਆਂ ਨੇ ਇਹ ਇਤਰਾਜ਼ ਕੀਤਾ ਕਿ "ਤੁਸੀਂ ਇਸ ਭ੍ਰਮਣ-ਕਾਲ (tour) ਦੌਰਾਨ ਖਾਣ-ਪੀਣ ਲਈ ਉੱਚੀਆਂ ਅਤੇ ਨੀਵੀਆਂ ਜਾਤੀਆਂ ਦੀ ਮਹਿਮਾਨ-ਨਵਾਜ਼ੀ ਜ਼ਰੂਰ ਸਵੀਕਾਰ ਕੀਤੀ ਹੋਵੇਗੀ? ਉਦਾਰ ਹਿਰਦੇ ਵਾਲੇ ਸੁਆਮੀ ਰਾਮਾਨੰਦ ਦੇ ਹਾਮੀ ਭਰਨ ਤੇ ਉਨ੍ਹਾਂ ਨੂੰ ਰਾਮਾਨੁਜ ਸੰਪ੍ਰਦਾਇ ਵਿਚੋਂ ਛੇਕ ਦਿੱਤਾ ਗਿਆ । ਇਸ ਦਸ਼ਾ ਵਿਚ ਆਪਣੇ ਗੁਰੂ ਰਾਘਵਾਨੰਦ ਜੀ ਤੋਂ ਆਗਿਆ ਲੈ ਕੇ ਰਾਮਾਨੰਦ ਜੀ ਨੇ ਆਪਣੇ ਸੁਤੰਤਰ ਸੰਪ੍ਰਦਾਇ (Independent sub-seat)

ਸੁਆਮੀ ਰਾਮਾਨੰਦ ਨੇ ਭਗਵਾਨ ਰਾਮ ਨੂੰ ਆਪਣਾ ਇਸ਼ਟ ਦੇਵ ਮੰਨ ਕੇ 'ਰਾਮ ਨਾਮ' ਨੂੰ ਆਪਣਾ 'ਮੂਲ-ਮੰਤਰ' ਬਣਾਇਆ ਅਤੇ ਹਿੰਦੂਆਂ ਦੀ ਜਾਤ-ਪਾਤ ਦਾ ਵਿਰੋਧ ਕਰਦਿਆਂ ਨੀਵੀਆਂ ਜਾਤਾਂ ਦੇ ਸ਼ਰਧਾਲੂਆਂ ਨੂੰ ਵੀ ਆਪਣੇ ਸੰਪ੍ਰਦਾਇ ਵਿਚ ਸ਼ਾਮਿਲ ਕਰ ਲਿਆ । ਇਨ੍ਹਾਂ ਭਗਤਾਂ ਵਿਚੋਂ ਪ੍ਰਸਿੱਧ ਸਨ : ਕਬੀਰ ਜੀ ਅਤੇ ਰਵੀਦਾਸ ਜੀ। ਪਰ ਬਹੁਤ ਸਾਰੇ ਸੰਤਾਂ ਲਈ "ਵੈਰਾਗੀ" ਸ਼ਬਦ ਦੀ ਵਰਤੋਂ ਹੋਈ । ਅਗਾਂਹ ਚਲ ਕੇ ਇਨ੍ਹਾਂ ਵੈਰਾਗੀਆਂ ਦਾ ਇਕ ਦਲ (unit) "ਅਵਧੂਤ" ਜਾਂ "ਤਪਸੀ" ਵੀ ਅਖਵਾਉਣ ਲਗ ਪਿਆ । ਇਸ ਸੰਪ੍ਰਦਾਇ ਦਾ ਮੁੱਖ ਕੇਂਦਰ "ਅਜੁੱਧਿਆ" (ਉੱਤਰ ਪ੍ਰਦੇਸ਼) ਹੈ । ਵੈਰਾਗੀ, ਅਵਧੂਤ ਜਾਂ ਤਪਸੀ ਤਾਂ ਧਰਮ-ਪ੍ਰਚਾਰਕ ਦੀ ਭੂਮਿਕਾ ਨਿਭਾਉਂਦੇ ਹਨ। ਗ੍ਰਿਹਸਥੀ ਵੀ ਇਸ ਸੰਪ੍ਰਦਾਇ ਨੂੰ ਮੰਨਦੇ ਹਨ ।

ਰਾਮਾਨੰਦ ਜੀ ਦੀਆਂ ਪ੍ਰਮਾਣਿਕ ਰਚਨਾਵਾਂ ਹਨ : "ਸ੍ਰੀ ਵੈਸ਼ਣਵਮਤਾਬੁਜ ਭਾਸਕਰ", "ਸ੍ਰੀ ਰਾਮਾਚਰਨ ਪੱਧਤਿ" ਅਤੇ 'ਆਨੰਦ ਭਾਸ਼ਯ' । ਇਸ ਸੰਪ੍ਰਦਾਇ ਵਿਚ ਵੀ ਰਾਮਾਨੁਜ ਆਚਾਰੀਆ ਦੇ ਦਾਰਸ਼ਨਿਕ ਸਿਧਾਂਤ "ਵਿਸ਼ਿਸ਼ਟ ਅਦੈਤ" ਨੂੰ ਮਾਣਤਾ ਦਿੱਤੀ ਜਾਂਦੀ ਹੈ । ਇਕ ਵਿਦਵਾਨ ਦਾ ਮਤ ਹੈ ਕਿ ਰਾਮਨੰਦੀ ਸੰਪ੍ਰਦਾਇ ਦੇ ਇਕ 'ਮਹਾਤਮਾ ਕੀਲਹ' ਯੋਗ ਵਿਚ ਬਹੁਤ ਰੁਚੀ ਰੱਖਦੇ ਸਨ। ਉਨ੍ਹਾਂ ਨੇ ਅਤੇ ਮਹਾਤਮਾ ਦੁਆਰਕਾ ਦਾਸ ਨੇ ਯੋਗ ਸਾਧਨਾ ਨੂੰ ਰਾਮ-ਨਾਮ-ਜਪ ਦੇ ਨਾਲੋ ਨਾਲ ਪ੍ਰਫੁਲਤ ਕੀਤਾ । ਇਸੇ ਕਾਰਨ ਇਸ ਸੰਪ੍ਰਦਾਇ ਦੇ ਸਾਧੂਆਂ ਨੂੰ 'ਅਵਧੂਤ' ਜਾਂ "ਤਪਸੀ" ਆਖਿਆ ਜਾਣ ਲਗ ਪਿਆ । ਰਾਮਾਨੰਦੀ ਅਵਧੂਤਾਂ ਦੇ ਉੱਘੇ ਗ੍ਰੰਥ ਹਨ: "ਯੋਗ ਹਿੰਦੂ ਧਰਮ ਦੇ ਵੈਸ਼ਣਵ ਸੰਪ੍ਰਦਾਇ ਚਿੰਤਾਮਣਿ", "ਰਾਮਰਕਸ਼ਾ ਸਤੋਤ੍ਰ" ਅਤੇ "ਸਿਧਾਂਤ ਪਟਲ"।

ਰਾਮਾਨੰਦ ਸੰਪ੍ਰਦਾਇ ਦੀ ਹੁਣ ਇਕ ਹੋਰ ਸ਼ਾਖ ਫੁੱਟ ਪਈ ਹੈ । ਇਸ ਨੂੰ "ਰਸਿਕ ਸੰਪ੍ਰਦਾਇ" ਸੱਦਿਆ ਜਾਂਦਾ ਹੈ । ਇਸ ਉਪ-ਸੰਪ੍ਰਦਾਇ ਵਿਚ ਸਖਾ-ਭਾਵ (ਭਗਵਾਨ ਰਾਮ ਨਾਲ ਪੁਰਸ਼ ਵਾਲੀ ਮਿੱਤਰਤਾ), ਸਖਾ-ਸਖੀ (ਦੋਸਤ ਅਤੇ ਸਹੇਲੀ ਭਾਵਨਾ ਦਾ ਸੁਮੇਲ), ਦਾਸਯ ਭਾਵ (ਸੇਵਕ ਰੂਪ ਭਗਤੀ) ਅਤੇ ਵਾਤਸਲਯ ਭਾਵ (ਮਾਂ-ਪੁੱਤ ਵਾਲਾ ਸਨੇਹ) ਨੂੰ ਸਮੋ ਲਿਆ ਗਿਆ ਹੈ। "ਰਸਿਕ ਸੰਪ੍ਰਦਾਇ" ਦਾ ਬਹੁਤ ਸਾਹਿੱਤ ਹੱਥ-ਲਿਖਤਾਂ ਦੇ ਰੂਪ ਵਿਚ ਇਨ੍ਹਾਂ ਦੇ ਮਿਥਿਲਾ (ਬਿਹਾਰ), ਅਜੁੱਧਿਆ (ਉੱਤਰ ਪ੍ਰਦੇਸ਼), ਅਹਿਮਦਾਬਾਦ (ਗੁਜਰਾਤ) ਅਤੇ ਰਾਜਸਥਾਨ ਦੇ ਕੁਝ ਸ਼ਹਿਰਾਂ ਵਿਚ ਬਣੇ ਆਸ਼ਰਮਾਂ ਵਿਚ ਸੁਰੱਖਿਅਤ ਹੈ। ਇਸ ਦੀ ਇਕ ਹੋਰ ਉਪ-ਸ਼ਾਖਾ "ਸ੍ਰੀ ਰਾਮ ਸ਼ਰਣਮ" ਵੀ ਹੈ, ਜਿਸ ਦੇ ਸ਼ਰਧਾਲੂ ਬਹੁਤਾ ਕਰਕੇ ਟੱਬਰਦਾਰ ਇਸਤਰੀ-ਪੁਰਸ਼ ਹੁੰਦੇ ਹਨ, ਜੋ ਕਿ ਰਲ ਕੇ ਇਕ ਆਸ਼ਰਮ ਵਿਚ ਰਾਮ-ਨਾਮ ਦਾ ਕੀਰਤਨ ਕਰਦੇ ਹਨ। ਬਹੁਤੀਆਂ ਥਾਵਾਂ ਤੇ ਭਗਤ ਤੁਲਸੀਦਾਸ ਦੇ "ਰਾਮ ਚਰਿਤ ਮਾਨਸ" ਦੇ "ਸੁੰਦਰਕਾਂਡ" ਦੇ ਸਮੂਹਕ ਪਾਠ ਦਾ ਆਯੋਜਨ ਵੀ ਕੀਤਾ ਜਾਂਦਾ ਹੈ । ਲੋਕ ਵਿਸ਼ਵਾਸ ਹੈ ਕਿ "ਸੁੰਦਰਕਾਂਡ" ਦੇ ਪਾਠ ਨਾਲ ਮਨੁੱਖ ਨੂੰ ਔਕੜਾਂ ਉੱਤੇ ਜਿੱਤ ਪ੍ਰਾਪਤ ਕਰਨ ਦਾ ਹੌਸਲਾ ਮਿਲਦਾ ਹੈ।

(3) ਸਮਰਥ ਸੰਪ੍ਰਦਾਇ

ਇਸ ਦੇ ਮੋਢੀ ਮਹਾਰਾਸ਼ਟਰ ਦੇ ਵੀਰ ਸ਼ਿਵਾਜੀ ਦੇ ਗੁਰੂ ਸੁਆਮੀ ਸਮਰਥ ਰਾਮ ਦਾਸ ਸਨ । ਇਸ ਸੰਪ੍ਰਦਾਇ ਵਿਚ ਭਗਵਾਨ ਰਾਮ ਦੀ ਹੀ ਆਰਾਧਨਾ ਕੀਤੀ ਜਾਂਦੀ ਹੈ । ਇਸ ਸੰਪ੍ਰਦਾਇ ਦਾ ਮੂਲ ਮੰਤਰ ਹੈ "ਜਲ-ਜਲ ਰਘੁਵੀਰ ਸਮਰਥ"। ਸੁਆਮੀ ਜੀ ਦੀਆਂ ਪ੍ਰਸਿੱਧ ਰਚਨਾਵਾਂ ਹਨ : (1) ਦਾਸਬੋਧ (2) ਕਰੁਣਾਸ਼ਟਕ, (3) ਮਨੋਬੋਧ ਅਤੇ (4) ਲਘੂ-ਬ੍ਰਹਤ ਰਾਮਾਯਣ (ਛੋਟੀ-

ਵੱਡੀ ਰਾਮਾਇਣ) । ਇਨ੍ਹਾਂ ਗ੍ਰੰਥਾਂ ਵਿਚ ਪ੍ਰਯਤਨਵਾਦ ਅਤੇ ਕਰਮ ਯੋਗ ਦਾ ਮਹੱਤਵ ਦੱਸਦੇ ਹੋਏ ਸੁਆਮੀ ਜੀ ਨੇ ਪ੍ਰਪੰਚ (ਦੁਨੀਆਵੀ ਝੰਝਟਾਂ) ਅਤੇ ਪਰਮਾਰਥ ਦਾ ਵਿਵੇਚਨ ਕੀਤਾ ਹੈ। ਭਗਵਾਨ ਰਾਮ ਦੀ ਭਗਤੀ, ਉਨ੍ਹਾਂ ਦੇ ਆਦਰਸ਼ਾਂ ਅਤੇ ਸ੍ਰੀ ਰਾਮ-ਨਾਮ ਮਹਿਮਾ ਦਾ ਬਖਾਨ ਕਰਦੇ ਹੋਏ ਸੁਆਮੀ ਜੀ ਨੇ ਵੇਲੇ ਸਿਰ ਬਹਾਦੁਰੀ (ਵੀਰ-ਰਸ ਦਰਸਾਉਣ ਲਈ ਵੀ ਆਪਣੇ ਸ਼ਰਧਾਲੂਆਂ ਨੂੰ ਪ੍ਰੇਰਿਆ, ਜਿਸ ਦੀ ਮਹਿਕ ਮਹਾਰਾਸ਼ਟਰ ਕੇਸਰੀ ਛਤ੍ਰਪਤੀ ਵੀਰ ਸ਼ਿਵਾ ਜੀ ਦੇ ਜੀਵਨ ਵਿਚੋਂ ਮਿਲਦੀ ਹੈ। ਇਸ ਪ੍ਰਕਾਰ ਇਸ ਸੰਪ੍ਰਦਾਇ ਵਿਚ ਭਗਵਾਨ ਰਾਮ ਦੀ ਸਾਕਾਰ ਭਗਤੀ ਦੇ ਨਾਲੋਂ ਨਾਲ ਸ਼ਕਤੀ-ਤੱਤ ਦਾ ਸੁਮੇਲ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

(4) ਸ੍ਵਾਮੀ ਨਾਰਾਯਣ ਸੰਪ੍ਰਦਾਇ

ਇਸ ਸੰਪ੍ਰਦਾਇ ਦੇ ਮੋਢੀ ਸ੍ਰੀ ਸ੍ਵਾਮੀ ਨਾਰਾਯਣ ਦਾ ਜਨਮ ਭਗਵਾਨ ਰਾਮ ਵਾਂਗ ਅਜੁਧਿਆ ਦੇ ਨੇੜੇ ਪਿਛਲੀ ਸਦੀ ਵਿਚ "ਛਪੈਯਾ" ਨਾਂ ਦੇ ਪਿੰਡ ਵਿਖੇ ਹੋਇਆ ਸੀ । ਉਸ ਦਿਨ ਚੇਤ ਦੇ ਚਾਣਨੇ ਪੱਖ ਦੀ ਨੌਮੀ ਸੀ, ਜਿਸ ਨੂੰ ਭਗਵਾਨ ਰਾਮ ਦੀ ਜਨਮ-ਤਿਥੀ ਕਾਰਨ "ਰਾਮ ਨੋਮੀ" ਸੱਦਿਆ ਜਾਂਦਾ ਹੈ । ਸ੍ਵਾਮੀ ਨਾਰਾਇਣ ਦੇ ਪਰਿਵਾਰ ਦੇ ਕੁਲ ਦੇਵਤਾ ਹਨੂਮਾਨ ਜੀ ਸਨ । ਜਿਹੜੇ ਕਿ ਸੁਪਨਿਆਂ ਵਿਚ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਉਨ੍ਹਾਂ ਦੇ ਮਾਪਿਆਂ ਦਾ ਮਾਰਗ-ਦਰਸ਼ਨ ਕਰਦੇ ਸਨ । ਇਸ ਲਈ ਇਸ ਸੰਪ੍ਰਦਾਇ ਵਿਚ ਹਨੂਮਾਨ ਜੀ ਅਤੇ ਭਗਵਾਨ ਰਾਮ ਦੀ ਇਕੋ ਜਿਹੀ ਮਹਿਮਾ ਸਮਝੀ ਜਾਂਦੀ ਹੈ । ਸ੍ਵਾਮੀ ਨਾਰਾਯਣ ਸੰਪ੍ਰਦਾਇ ਦੇ ਮਹਾਤਮਾਵਾਂ ਦਾ ਮਤ ਹੈ ਕਿ ਜਿਵੇਂ ਉਧੋ ਜੀ ਅਤੇ ਸ੍ਰੀ ਕ੍ਰਿਸ਼ਣ ਵਿਚ ਕੋਈ ਫਰਕ ਨਹੀਂ ਹੈ, ਉਵੇਂ ਹੀ ਹਨੂਮਾਨ ਜੀ ਅਤੇ ਸ੍ਰੀ ਰਾਮ ਵਿਚ ਕੋਈ ਅੰਤਰ ਨਹੀਂ ਹੈ । ਇਸ ਸੰਪ੍ਰਦਾਇ ਦੇ ਮੁਖ ਗ੍ਰੰਥ "ਸ਼ਿਕਸ਼ਾ ਪਤੀ" ਵਿਚ 'ਨਾਰਾਯਣ ਵਰਮ' ਅਤੇ 'ਹਨੂਮਾਨ ਜੀ' ਦੇ ਮੰਤਰ ਪੜ੍ਹਨ ਲਈ ਆਖਿਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਇਨ੍ਹਾਂ ਦੋਹਾਂ ਦੇ ਪੜ੍ਹਨ ਨਾਲ ਮਨੁੱਖ ਦੀਆਂ ਔਕੜਾਂ ਤੇ ਤਕਲੀਫਾਂ ਛੂ ਮੰਤਰ ਹੋ ਜਾਂਦੀਆਂ ਹਨ। ਸੇਵਕ ਦੀ ਪੂਜਾ ਹੀ ਰਾਮ ਦੀ ਪੂਜਾ ਹੈ । ਭਗਤ ਦਾ ਸਨਮਾਨ ਹੀ ਰਾਮ ਦਾ ਸਨਮਾਨ ਹੈ । ਇਸ ਪ੍ਰਕਾਰ ਰਾਮ-ਭਗਤੀ ਦਾ ਮਾਧਿਅਮ ਸ੍ਰੀ ਹਨੂਮਾਨ ਜੀ ਹੀ ਹਨ। ਅਜਿਹੀ ਸੋਚ ਸ੍ਵਾਮੀ ਨਾਰਾਯਣ ਦੇ ਬਚਪਨ ਦੇ ਸੰਸਕਾਰਾਂ ਕਾਰਨ ਨਜ਼ਰ ਆਉਂਦੀ ਹੈ, ਕਿਉਂਕਿ ਉਨ੍ਹਾਂ ਦੇ ਕੁਲ ਦੇਵਤਾ "ਰਾਮ-ਸੇਵਕ ਹਨੂਮਾਨ ਜੀ" ਸਨ।

(5) ਰਾਮ-ਸਨੇਹੀ ਸੰਪ੍ਰਦਾਇ

ਇਸ ਸੰਪ੍ਰਦਾਇ ਦਾ ਬਹੁਤਾ ਪ੍ਰਚਾਰ ਰਾਜਸਥਾਨ ਅਤੇ ਗੁਜਰਾਤ ਪ੍ਰਦੇਸ਼ ਵਿਚ ਹੈ। ਇਸ ਸੰਪ੍ਰਦਾਇ ਵਿਚ ਨਵਧਾ-ਭਗਤੀ (ਨੌ ਪ੍ਰਕਾਰ ਦੀ ਭਗਤੀ) ਵਿਚੋਂ ਸਿਮਰਨ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ । ਇਹ ਮਹਾਤਮਾ ਸਿਮਰਨ ਨੂੰ 'ਸੁਰਤ-ਸ਼ਬਦ-ਯੋਗ' ਆਖਦੇ ਹਨ। ਉਨ੍ਹਾਂ ਦਾ ਮਤ ਹੈ ਕਿ ਰਾਮ ਮਹਾਰਾਜ ਨਿਰਗੁਣ-ਬ੍ਰਹਮ ਹਨ । ਪਰ ਜੇ ਕੋਈ ਭਗਤ ਆਪਣੇ ਆਪ ਨੂੰ ਬੇਸਹਾਰਾ ਸਮਝ ਕੇ ਭਗਵਾਨ ਰਾਮ ਨੂੰ ਪੁਕਾਰਦਾ ਹੈ ਤਾਂ ਉਹ ਸਾਕਾਰ ਰੂਪ ਵਿਚ ਪ੍ਰਗਟ ਹੋ ਕੇ ਉਸ ਦੀ ਸਹਾਇਤਾ ਕਰਨ ਲਈ ਪਹੁੰਚ ਜਾਂਦੇ ਹਨ। ਇਸ ਚਿੰਤਨ ਧਾਰਾ ਅਨੁਸਾਰ "ਰਾਮ ਸਨੇਹੀ ਸ਼ਰਧਾਲੂਆਂ ਦੀ ਰਾਮ-ਭਗਤੀ ਵਿਖੇ ਨਿਰਗੁਣ ਦੇ ਸਮਾਨ 'ਰ ਕਾਰ ("ਰ" ਅੱਖਰ) ਪਿਤਾ ਹੈ ਅਤੇ ਸਗੁਣ ਵਾਂਗ 'ਮ' ਮਾਤਾ ਹੈ, ਜਾਂ ਨਿਰਗੁਣ ਬ੍ਰਹਮ ਪਿਤਾ ਹੈ ਤਾਂ ਸਗੁਣ ਬ੍ਰਹਮ ਪੁੱਤਰ ਹੈ ।... ਇਸ ਪ੍ਰਕਾਰ ਰਾਮ-ਭਗਤੀ ਵਿਚ ਨਾ ਤਾਂ ਨਿਰਗੁਣ ਸ੍ਰੇਸ਼ਠ ਹੈ ਅਤੇ ਨਾ ਹੀ ਸਗੁਣ। ਸ੍ਰੇਸ਼ਠ (ਸਰਬ ਉੱਤਮ) ਹੈ ਤਾਂ ਪਰਮਾਤਮਾ ਦਾ ਨਾਂ ਕੇਵਲ "ਰਾਮ" । ਅਜਿਹੇ ਸੁਮੇਲਵਾਦ ਸੋਚ ਕਾਰਨ ਰਾਮ ਸਨੇਹੀ ਸੰਪ੍ਰਦਾਇ ਦੇ ਇਕ ਮਹਾਤਮਾ ਨੇ ਆਪਣੀ ਬਾਣੀ ਵਿਚ "ਅੱਲ੍ਹਾ" ਸ਼ਬਦ ਵੀ "ਰਾਮ" ਨਾਲ ਜੋੜ ਦਿੱਤਾ ਹੈ, ਜਿਵੇਂ :

ਜਨ ਹਰਿ ਰਾਮ ਰਹੇਗਾ ਅੰਮਰ ਏਕੋ ਨਾਮ ਅਲਾ ਕਾ ਪਹਲੀ ਦਾਤਾ ਹਰਿ ਭਯਾ, ਜਿਨ ਤੇ ਪਾਈ ਜਿੰਦ ਪੀਛੇ ਦਾਤਾ ਗੁਰੁ ਭਯਾ, ਤਿਨ ਦਾਖੇ ਗੋਵਿੰਦ ।

ਰਾਮ-ਨਾਮ ਸਿਮਰਨ ਦਾ ਮਾਰਗ ਦਰਸਾਉਣ ਵਾਲੇ ਗੁਰੂ ਨੂੰ ਵੀ ਇਸ ਸੰਪ੍ਰਦਾਇ ਵਿਖੇ ਪੂਰੀ ਤਰ੍ਹਾਂ ਸਤਿਕਾਰਿਆ ਜਾਂਦਾ ਹੈ।

ਭਗਵਾਨ ਰਾਮ ਨਾਲੋਂ ਭਗਵਾਨ ਕ੍ਰਿਸ਼ਣ ਦੀ ਬਹੁਪੱਖੀ ਸ਼ਖ਼ਸੀਅਤ

ਭਗਵਾਨ ਰਾਮ ਇਕ ਤਿਆਗੀ ਮਹਾਪੁਰਖ ਸਨ । ਮਤ੍ਰੇਈ ਮਾਂ ਕੈਕਈ ਕਾਰਨ ਉਨ੍ਹਾਂ ਨੇ ਚੌਦਾਂ ਵਰ੍ਹਿਆਂ ਤਕ ਬਨਵਾਸ ਭੋਗਿਆ । ਇਕ ਧੋਬੀ ਦੇ ਮਿਹਣੇ ਨੂੰ ਸੁਣ ਕੇ ਉਨ੍ਹਾਂ ਨੇ ਆਪਣੀ ਧਰਮ ਪਤਨੀ ਸੀਤਾ ਜੀ ਨੂੰ ਵੀ ਰਿਸ਼ੀ ਬਾਲਮੀਕਿ ਜੀ ਦੇ ਆਸ਼ਰਮ ਵਿਚ ਘੱਲ ਦਿੱਤਾ ਸੀ । ਅਜਿਹੇ ਤਿਆਗਮਈ ਗੁਣਾਂ ਕਾਰਨ ਉਨ੍ਹਾਂ ਨੂੰ "ਮਰਿਆਦਾ ਪੁਰਸ਼ੋਤਮ" ਦੀ ਉਪਮਾ ਪ੍ਰਾਪਤ ਹੋਈ।

ਹਿੰਦੂ ਧਰਮ ਦੇ ਵੈਸ਼ਣਵ ਸੰਪ੍ਰਦਾਇ

ਸ੍ਰੀ ਕ੍ਰਿਸ਼ਣ ਦਾ ਜਨਮ ਆਪਣੇ ਮਾਮੇ ਦੇ ਕੈਦ ਖਾਨੇ ਵਿਖੇ 'ਮਥੁਰਾ' ਸ਼ਹਿਰ ਵਿਚ ਹੋਇਆ ਸੀ । ਪਰ ਜੰਮਦਿਆਂ ਸਾਰ ਉਨ੍ਹਾਂ ਨੂੰ ਮਾਤਾ ਦੇਵਕੀ ਅਤੇ ਪਿਤਾ ਵਾਸੁਦੇਵਾ ਦਾ ਬਿਛੋੜਾ ਸਹਿਣਾ ਪਿਆ। ਮਾਤਾ ਦੇਵਕੀ ਦੀ ਸਹੇਲੀ ਜਸੋਧਾ ਜੀ ਅਤੇ ਉਨ੍ਹਾਂ ਦੇ ਪਤੀ ਨੰਦ ਜੀ ਦੀ ਦੇਖ ਰੇਖ ਵਿਚ ਪਲਦੇ ਕ੍ਰਿਸ਼ਣ ਨੂੰ ਇਸ ਜੁਗਲ ਜੋੜੀ ਨੇ ਸਗੇ ਮਾਪਿਆਂ ਤੋਂ ਵੀ ਵੱਧ ਪਿਆਰ ਦਿੱਤਾ ਅਤੇ ਉਹ "ਜਸੋਧਾ ਨੰਦਨ" ਅਤੇ "ਨੰਦ ਗੋਪਾਲ" ਦੇ ਨਾਂ ਨਾਲ ਗੋਕੁਲ ਅਤੇ ਬ੍ਰਿਦਾਬਨ ਜਿਹੀ ਮਹਿਮਾ ਸਮਝੀ ਜਾਂਦੀ ਹੈ । ਸ੍ਵਾਮੀ ਨਾਰਾਯਣ ਸੰਪ੍ਰਦਾਇ ਦੇ ਮਹਾਤਮਾਵਾਂ ਦਾ ਮਤ ਹੈ ਕਿ ਜਿਵੇਂ ਉਧੋ ਜੀ ਅਤੇ ਸ੍ਰੀ ਕ੍ਰਿਸ਼ਣ ਵਿਚ ਕੋਈ ਫਰਕ ਨਹੀਂ ਹੈ, ਉਵੇਂ ਹੀ ਹਨੂਮਾਨ ਜੀ ਅਤੇ ਸ੍ਰੀ ਰਾਮ ਵਿਚ ਕੋਈ ਅੰਤਰ ਨਹੀਂ ਹੈ । ਇਸ ਸੰਪ੍ਰਦਾਇ ਦੇ ਮੁਖ ਗ੍ਰੰਥ "ਸ਼ਿਕਸ਼ਾ ਪਤੀ" ਵਿਚ 'ਨਾਰਾਯਣ ਵਰਮ' ਅਤੇ 'ਹਨੂਮਾਨ ਜੀ' ਦੇ ਮੰਤਰ ਪੜ੍ਹਨ ਲਈ ਆਖਿਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਇਨ੍ਹਾਂ ਦੋਹਾਂ ਦੇ ਪੜ੍ਹਨ ਨਾਲ ਮਨੁੱਖ ਦੀਆਂ ਔਕੜਾਂ ਤੇ ਤਕਲੀਫਾਂ ਛੂ ਮੰਤਰ ਹੋ ਜਾਂਦੀਆਂ ਹਨ। ਸੇਵਕ ਦੀ ਪੂਜਾ ਹੀ ਰਾਮ ਦੀ ਪੂਜਾ ਹੈ । ਭਗਤ ਦਾ ਸਨਮਾਨ ਹੀ ਰਾਮ ਦਾ ਸਨਮਾਨ ਹੈ । ਇਸ ਪ੍ਰਕਾਰ ਰਾਮ-ਭਗਤੀ ਦਾ ਮਾਧਿਅਮ ਸ੍ਰੀ ਹਨੂਮਾਨ ਜੀ ਹੀ ਹਨ। ਅਜਿਹੀ ਸੋਚ ਸ੍ਵਾਮੀ ਨਾਰਾਯਣ ਦੇ ਬਚਪਨ ਦੇ ਸੰਸਕਾਰਾਂ ਕਾਰਨ ਨਜ਼ਰ ਆਉਂਦੀ ਹੈ, ਕਿਉਂਕਿ ਉਨ੍ਹਾਂ ਦੇ ਕੁਲ ਦੇਵਤਾ "ਰਾਮ-ਸੇਵਕ ਹਨੂਮਾਨ ਜੀ" ਸਨ।

(5) ਰਾਮ-ਸਨੇਹੀ ਸੰਪ੍ਰਦਾਇ

ਇਸ ਸੰਪ੍ਰਦਾਇ ਦਾ ਬਹੁਤਾ ਪ੍ਰਚਾਰ ਰਾਜਸਥਾਨ ਅਤੇ ਗੁਜਰਾਤ ਪ੍ਰਦੇਸ਼ ਵਿਚ ਹੈ। ਇਸ ਸੰਪ੍ਰਦਾਇ ਵਿਚ ਨਵਧਾ-ਭਗਤੀ (ਨੌ ਪ੍ਰਕਾਰ ਦੀ ਭਗਤੀ) ਵਿਚੋਂ ਸਿਮਰਨ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ । ਇਹ ਮਹਾਤਮਾ ਸਿਮਰਨ ਨੂੰ 'ਸੁਰਤ-ਸ਼ਬਦ-ਯੋਗ' ਆਖਦੇ ਹਨ। ਉਨ੍ਹਾਂ ਦਾ ਮਤ ਹੈ ਕਿ ਰਾਮ ਮਹਾਰਾਜ ਨਿਰਗੁਣ-ਬ੍ਰਹਮ ਹਨ । ਪਰ ਜੇ ਕੋਈ ਭਗਤ ਆਪਣੇ ਆਪ ਨੂੰ ਬੇਸਹਾਰਾ ਸਮਝ ਕੇ ਭਗਵਾਨ ਰਾਮ ਨੂੰ ਪੁਕਾਰਦਾ ਹੈ ਤਾਂ ਉਹ ਸਾਕਾਰ ਰੂਪ ਵਿਚ ਪ੍ਰਗਟ ਹੋ ਕੇ ਉਸ ਦੀ ਸਹਾਇਤਾ ਕਰਨ ਲਈ ਪਹੁੰਚ ਜਾਂਦੇ ਹਨ। ਇਸ ਚਿੰਤਨ ਧਾਰਾ ਅਨੁਸਾਰ "ਰਾਮ ਸਨੇਹੀ ਸ਼ਰਧਾਲੂਆਂ ਦੀ ਰਾਮ-ਭਗਤੀ ਵਿਖੇ ਨਿਰਗੁਣ ਦੇ ਸਮਾਨ 'ਰ ਕਾਰ ("ਰ" ਅੱਖਰ) ਪਿਤਾ ਹੈ ਅਤੇ ਸਗੁਣ ਵਾਂਗ 'ਮ' ਮਾਤਾ ਹੈ, ਜਾਂ ਨਿਰਗੁਣ ਬ੍ਰਹਮ ਪਿਤਾ ਹੈ ਤਾਂ ਸਗੁਣ ਬ੍ਰਹਮ ਪੁੱਤਰ ਹੈ ।... ਇਸ ਪ੍ਰਕਾਰ ਰਾਮ-ਭਗਤੀ ਵਿਚ ਨਾ ਤਾਂ ਨਿਰਗੁਣ ਸ੍ਰੇਸ਼ਠ ਹੈ ਅਤੇ ਨਾ ਹੀ ਸਗੁਣ। ਸ੍ਰੇਸ਼ਠ (ਸਰਬ ਉੱਤਮ)

ਹੈ ਤਾਂ ਪਰਮਾਤਮਾ ਦਾ ਨਾਂ ਕੇਵਲ "ਰਾਮ" । ਅਜਿਹੇ ਸੁਮੇਲਵਾਦ ਸੋਚ ਕਾਰਨ ਰਾਮ ਸਨੇਹੀ ਸੰਪ੍ਰਦਾਇ ਦੇ ਇਕ ਮਹਾਤਮਾ ਨੇ ਆਪਣੀ ਬਾਣੀ ਵਿਚ "ਅੱਲ੍ਹਾ" ਸ਼ਬਦ ਵੀ "ਰਾਮ" ਨਾਲ ਜੋੜ ਦਿੱਤਾ ਹੈ, ਜਿਵੇਂ :

ਜਨ ਹਰਿ ਰਾਮ ਰਹੇਗਾ ਅੰਮਰ ਏਕੋ ਨਾਮ ਅਲਾ ਕਾ ਪਹਲੀ ਦਾਤਾ ਹਰਿ ਭਯਾ, ਜਿਨ ਤੇ ਪਾਈ ਜਿੰਦ ਪੀਛੇ ਦਾਤਾ ਗੁਰੁ ਭਯਾ, ਤਿਨ ਦਾਖੇ ਗੋਵਿੰਦ ।

ਰਾਮ-ਨਾਮ ਸਿਮਰਨ ਦਾ ਮਾਰਗ ਦਰਸਾਉਣ ਵਾਲੇ ਗੁਰੂ ਨੂੰ ਵੀ ਇਸ ਸੰਪ੍ਰਦਾਇ ਵਿਖੇ ਪੂਰੀ ਤਰ੍ਹਾਂ ਸਤਿਕਾਰਿਆ ਜਾਂਦਾ ਹੈ।

ਭਗਵਾਨ ਰਾਮ ਨਾਲੋਂ ਭਗਵਾਨ ਕ੍ਰਿਸ਼ਣ ਦੀ ਬਹੁਪੱਖੀ ਸ਼ਖ਼ਸੀਅਤ

ਭਗਵਾਨ ਰਾਮ ਇਕ ਤਿਆਗੀ ਮਹਾਪੁਰਖ ਸਨ । ਮਤ੍ਰੇਈ ਮਾਂ ਕੈਕਈ ਕਾਰਨ ਉਨ੍ਹਾਂ ਨੇ ਚੌਦਾਂ ਵਰ੍ਹਿਆਂ ਤਕ ਬਨਵਾਸ ਭੋਗਿਆ । ਇਕ ਧੋਬੀ ਦੇ ਮਿਹਨੇ ਨੂੰ ਸੁਣ ਕੇ ਉਨ੍ਹਾਂ ਨੇ ਆਪਣੀ ਧਰਮ ਪਤਨੀ ਸੀਤਾ ਜੀ ਨੂੰ ਵੀ ਰਿਸ਼ੀ ਬਾਲਮੀਕਿ ਜੀ ਦੇ ਆਸ਼ਰਮ ਵਿਚ ਘੱਲ ਦਿੱਤਾ ਸੀ । ਅਜਿਹੇ ਤਿਆਗਮਈ ਗੁਣਾਂ ਕਾਰਨ ਉਨ੍ਹਾਂ ਨੂੰ "ਮਰਿਆਦਾ ਪੁਰਸ਼ੋਤਮ" ਦੀ ਉਪਮਾ ਪ੍ਰਾਪਤ ਹੋਈ।

ਹਿੰਦੂ ਧਰਮ ਦੇ ਵੈਸ਼ਣਵ ਸੰਪ੍ਰਦਾਇ

ਸ੍ਰੀ ਕ੍ਰਿਸ਼ਣ ਦਾ ਜਨਮ ਆਪਣੇ ਮਾਮੇ ਦੇ ਕੈਦ ਖਾਨੇ ਵਿਖੇ 'ਮਥੁਰਾ' ਸ਼ਹਿਰ ਵਿਚ ਹੋਇਆ ਸੀ । ਪਰ ਜੰਮਦਿਆਂ ਸਾਰ ਉਨ੍ਹਾਂ ਨੂੰ ਮਾਤਾ ਦੇਵਕੀ ਅਤੇ ਪਿਤਾ ਵਾਸੁਦੇਵਾ ਦਾ ਬਿਛੋੜਾ ਸਹਿਣਾ ਪਿਆ। ਮਾਤਾ ਦੇਵਕੀ ਦੀ ਸਹੇਲੀ ਜਸੋਧਾ ਜੀ ਅਤੇ ਉਨ੍ਹਾਂ ਦੇ ਪਤੀ ਨੰਦ ਜੀ ਦੀ ਦੇਖ ਰੇਖ ਵਿਚ ਪਲਦੇ ਕ੍ਰਿਸ਼ਣ ਨੂੰ ਇਸ ਜੁਗਲ ਜੋੜੀ ਨੇ ਸਗੇ ਮਾਪਿਆਂ ਤੋਂ ਵੀ ਵੱਧ ਪਿਆਰ ਦਿੱਤਾ ਅਤੇ ਉਹ "ਜਸੋਧਾ ਨੰਦਨ" ਅਤੇ "ਨੰਦ ਗੋਪਾਲ" ਦੇ ਨਾਂ ਨਾਲ ਗੋਕੁਲ ਅਤੇ ਬ੍ਰਿਦਾਬਨ ਵਿਚ ਪ੍ਰਸਿੱਧ ਹੋ ਗਏ । ਜਸੋਧਾ ਜੀ ਅਤੇ ਨੰਦ ਜੀ ਦਾ ਸਗਾ ਪੁੱਤਰ ਬਲਰਾਮ (ਬਲਭੱਦਰ) ਵੀ ਸ੍ਰੀ ਕ੍ਰਿਸ਼ਣ ਦੇ ਵੱਡੇ ਭਰਾ ਦੇ ਰੂਪ ਵਿਚ ਜਾਣਿਆ ਜਾਣ ਲਗ ਪਿਆ।

ਸ੍ਰੀ ਕ੍ਰਿਸ਼ਣ ਦੀ ਬਾਲ-ਲੀਲਾ ਵਿਚ ਗੁਆਲਿਆਂ ਦੇ ਪੁੱਤਰਾਂ ਅਤੇ ਧੀਆਂ ਦੀ ਵਿਸ਼ੇਸ਼ ਭੂਮਿਕਾ ਰਹੀ। ਉਨ੍ਹਾਂ ਦੀਆਂ ਉਹੀ ਬਾਲ-ਖੇਡਾਂ ਅਗਾਂਹ ਚਲ ਕੇ 'ਰਾਸ-ਲੀਲਾ ਅਖਵਾਈ, ਜਿਸ ਨੂੰ ਅੱਜ ਵੀ ਗੁਜਰਾਤ ਅਤੇ ਰਾਜਸਥਾਨ ਵਿਚ "ਡਾਂਡੀਆਂ ਰਾਸ" ਆਖਿਆ ਜਾਂਦਾ ਹੈ । ਸ੍ਰੀ ਕ੍ਰਿਸ਼ਣ ਦੀਆਂ 108 ਰਾਣੀਆਂ ਮੰਨੀਆਂ ਜਾਂਦੀਆਂ ਹਨ। ਰੁਕਮਿਣੀ ਜੀ ਉਨ੍ਹਾਂ ਦੀ ਪਟਰਾਣੀ ਸੀ ।

ਸ੍ਰੀ ਕ੍ਰਿਸ਼ਣ ਦੁਆਰਕਾ ਧੀਮ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ, ਕਿਉਂਕਿ ਉਹ 'ਦੁਆਰਕਾ' (ਅਜੋਕੇ ਗੁਜਰਾਤ ਪ੍ਰਦੇਸ਼) ਸ਼ਹਿਰ ਨਾਂ ਦੀ ਆਪਣੀ ਰਾਜਧਾਨੀ ਤੋਂ ਆਪਣੀ ਹਕੂਮਤ ਚਲਾਉਂਦੇ ਰਹੇ।

ਸ੍ਰੀ ਕ੍ਰਿਸ਼ਣ ਨੇ ਜੇ "ਕਰਮ ਕਰੋ ਅਤੇ ਫਲ ਦੀ ਆਸ ਨਾ ਰੱਖੋ" ਦਾ ਉਪਦੇਸ਼ 'ਸ੍ਰੀਮਦ ਭਗਵਦ ਗੀਤਾ' ਰਾਹੀਂ ਸ੍ਰੀ ਅਰਜੁਨ ਨੂੰ ਦਿੱਤਾ ਤਾਂ ਉਨ੍ਹਾਂ ਨੇ ਆਪਣੇ ਹੱਕਾਂ (Rights) ਦੀ ਲੜਾਈ ਲਈ ਕੁਰੂਕਸ਼ੇਤਰ (ਹਰਿਆਣਾ) ਦੇ ਮੈਦਾਨ ਵਿਚ ਆਪਣੇ ਤਾਏ ਦੇ ਪੁੱਤਰ ਰਾਜਾ ਦੁਰਜੋਧਨ ਨਾਲ ਦੋ-ਦੋ ਹੱਥ ਕਰਨ ਲਈ ਉਤਰੇ ਪੰਜ ਪਾਂਡਵਾਂ (ਜੁਧਿਸਠਰ, ਭੀਮ, ਅਰਜੁਨ, ਨਕੁਲ ਅਤੇ ਸਹਿਦੇਵ) ਨੂੰ ਵੀ ਥਾਪੜਾ ਦਿੱਤਾ। ਇਨ੍ਹਾਂ ਸੰਦੇਸ਼ਾਂ ਨੂੰ ਜਨ-ਮਨ ਤਕ ਪਹੁੰਚਾਉਣ ਲਈ ਸ੍ਰੀ ਕ੍ਰਿਸ਼ਣ ਨੇ ਪਾਂਡਵ ਪੁੱਤਰ ਅਰਜੁਨ ਦਾ ਰਥਵਾਨ ਬਣਨ ਤੋਂ ਵੀ ਸੰਕੋਚ ਨਹੀਂ ਕੀਤਾ।

ਸ੍ਰੀ ਕ੍ਰਿਸ਼ਣ ਦੀ ਇਸੇ ਲਾਮਿਸਾਲ ਬਹੁਪੱਖੀ ਸ਼ਖ਼ਸੀਅਤ ਦਾ ਬੋਲਬਾਲਾ ਸਮੁੱਚੇ ਭਾਰਤ ਵਿਚ ਹੈ ਅਤੇ ਸਾਡੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਉਨ੍ਹਾਂ ਦੇ ਸਰੂਪ ਦੀ ਮਾਨਤਾ ਕਾਰਨ ਉਨ੍ਹਾਂ ਦੇ ਨਾਂਵਾਂ ਵਿਚ ਵੀ ਵਿਵਿਧਤਾ ਨਜ਼ਰ ਆਉਂਦੀ ਹੈ। ਰਾਧਾ ਸ੍ਰੀ ਕ੍ਰਿਸ਼ਣ ਦੀ ਸਭ ਤੋਂ ਪਿਆਰੀ ਬਾਲੜੇਪਣ ਦੀ ਸਹੇਲੀ ਸੀ। ਇਸੇ ਕਾਰਨ ਉੱਤਰ ਭਾਰਤ ਦੇ ਬਹੁਤ ਸਾਰੇ ਮੰਦਿਰਾਂ ਵਿਚ ਰਾਧਾ ਅਤੇ ਕ੍ਰਿਸ਼ਣ ਦੀ ਮੂਰਤੀ ਦੇ ਦਰਸ਼ਨ ਹੁੰਦੇ ਹਨ। ਤਮਿਲਨਾਡੂ ਵਿਚ ਭਗਵਾਨ ਵਿਸ਼ਣੂ ਨੂੰ "ਤਿਰੁਮਾਲ" ਜਾਂ "ਮਾਯੋਨ" ਸੱਦਿਆ ਗਿਆ ਹੈ। ਤਮਿਲ ਭਗਤੀ ਸਾਹਿੱਤ ਵਿਖੇ ਸ੍ਰੀ ਕ੍ਰਿਸ਼ਣ ਨੂੰ ਵਿਸ਼ਣੂ ਦਾ ਅਵਤਾਰ ਮੰਨਦੇ ਹੋਏ ਵੀ ਉਨ੍ਹਾਂ ਨੂੰ "ਕੰਨਨ" ਅਤੇ ਉਨ੍ਹਾਂ ਦੀ ਬਚਪਨ ਦੀ ਪ੍ਰੇਮਿਕਾ ਰਾਧਾ ਨੂੰ "ਨੱਪਿੱਨੈ" ਨਾਂ ਨਾਲ ਚੇਤੇ ਕੀਤਾ ਜਾਂਦਾ ਹੈ। ਤਮਿਲ ਭਾਸ਼ੀ ਖੇਤਰ ਦੇ "ਆਯਰ" ਅਖਵਾਉਣ ਵਾਲੇ ਗੁਆਲਿਆਂ (ਗਊਆਂ ਚਾਰਨ ਵਾਲੇ ਪਾਲੀਆਂ) ਦਾ ਪੂਜਨੀਕ ਦੇਵਤਾ "ਮਾਯੋਨ" ਸਚਮੁਚ ਬਾਲ ਦੇਵਤਾ ਮੰਨੇ ਜਾਣ ਕਾਰਨ ਸ੍ਰੀ ਕ੍ਰਿਸ਼ਣ ਜੀ ਹੀ ਹਨ।" ਚੰਨੇਈ (ਮਦਰਾਸ) ਸ਼ਹਿਰ ਵਿਚ ਇਕ ਮੰਦਿਰ ਦਾ ਨਾਂ ਹੀ "ਪਾਰਥ ਸਾਰਥੀ ਮੰਦਿਰ" (ਪਾਰਥ=ਅਰਜੁਨ + ਸਾਰਥੀ = ਰਥਵਾਨ ਦਾ ਮੰਦਿਰ) ਹੈ। ਇਸ ਪ੍ਰਕਾਰ ਇਹ "ਸ੍ਰੀ ਕ੍ਰਿਸ਼ਣ ਮੰਦਿਰ" ਹੀ ਹੈ। ਤੇਲਗੂ (ਆਂਧਰਾ ਪ੍ਰਦੇਸ਼) ਵਿਚ ਵੀ ਸ੍ਰੀ ਕ੍ਰਿਸ਼ਣ ਨੂੰ ਭਗਵਾਨ ਵਿਸ਼ਣੂ ਦਾ ਅਵਤਾਰ ਮੰਨਿਆ ਜਾਂਦਾ ਹੈ।

ਉੜੀਸਾ ਦੇ 'ਪੁਰੀ' ਨਾਂ ਦੇ ਇਕ ਵੱਡੇ ਸ਼ਹਿਰ ਦਾ ਪੂਰਾ ਨਾਂ ਹੈ "ਜਗਨਨਾਥ ਪੁਰੀ"।

ਇਸ ਸ਼ਹਿਰ ਦਾ ਇਹ ਨਾਂ ਉੱਥੇ ਵਿਰਾਜਮਾਨ ਉਸ ਮੰਦਿਰ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਸ੍ਰੀ ਕ੍ਰਿਸ਼ਣ ਆਪਣੇ ਭਰਾ ਬਲਭੱਦਰ (ਬਲਰਾਮ) ਅਤੇ ਭੈਣ ਸੁਭਦਰਾ ਨਾਲ ਵਿਰਾਜਮਾਨ ਹਨ। ਉਸ ਸ਼ਹਿਰ ਦੀ ਜੇਠ-ਹਾੜ ਦੀ 'ਰਥ-ਯਾਤਰਾ" ਦਾ ਮੇਲਾ ਹੁਣ ਭਾਰਤ ਵਿਆਪੀ ਹੋ ਗਿਆ ਹੈ ਅਤੇ ਇਹ ਹਿੰਦੂਆਂ ਦੇ "ਗੁਪਤ-ਨਵਰਾਤ੍ਰ" ਦੇ ਪਿਛੋਕੜ ਨਾਲ ਜੁੜਿਆ ਹੋਇਆ ਹੈ" ਮਹਾਰਾਸ਼ਟਰ ਦੇ ਵਾਰਕੀਰੀ ਸੰਪ੍ਰਦਾਇ ਦੇ "ਵਿਠੱਲ" ਹੋਰ ਕੋਈ ਨਹੀਂ ਭਗਵਾਨ ਕ੍ਰਿਸ਼ਣ ਹੀ ਹਨ। ਮਹਾਰਾਸ਼ਟਰ ਦੇ "ਮਹਾਨੁਭਾਵ ਸੰਪ੍ਰਦਾਇ" ਦਾ ਸੰਬੰਧ ਵੀ ਕ੍ਰਿਸ਼ਣ-ਭਗਤੀ ਨਾਲ ਹੀ ਹੈ। ਇਸ ਪ੍ਰਕਾਰ ਅਨੇਕ ਨਾਵਾਂ ਨਾਲ ਬਣੇ ਕ੍ਰਿਸ਼ਣ-ਭਗਤੀ ਸੰਪ੍ਰਦਾਇ ਆਪਣੇ ਆਰਾਧ-ਦੇਵਤਾ ਦੇ ਬਹੁ-ਆਯਾਮੀ ਵਿਅਕਤੀਤਵ (Multi-dimentional personal) ਦੇ ਬੋਧਕ ਹਨ। ਇਨ੍ਹਾਂ ਸੰਪ੍ਰਦਾਇਆਂ ਦਾ ਲੜੀਵਾਰ ਪਰਿਚੈ ਪੇਸ਼ ਹੈ :

ਸ੍ਰੀ ਕ੍ਰਿਸ਼ਣ - ਭਗਤੀ ਸੰਪ੍ਰਦਾਇ

(1) ਨਿੰਬਾਰਕ ਸੰਪ੍ਰਦਾਇ : "ਸ੍ਰੀ ਸੰਪ੍ਰਦਾਇ" ਦੇ ਮੋਢੀ ਨਾਥ ਮੁਨੀ (ਸੰਨ 824-924) ਨੇ ਆਪਣੇ ਪੂਜਾ-ਪਾਠ ਵਿਚ ਭਗਵਾਨ ਰਾਮ ਦੇ ਨਾਲ ਨਾਲ ਸ੍ਰੀ ਕ੍ਰਿਸ਼ਣ ਨੂੰ ਵੀ ਮਾਣ ਬਖਸ਼ਿਆ ਸੀ। ਪਰ ਉੱਤਰ ਭਾਰਤ ਵਿਚ ਸ੍ਰੀ ਕ੍ਰਿਸ਼ਣ ਭਗਤੀ ਦੇ ਪ੍ਰਚਾਰ-ਪ੍ਰਸਾਰ ਦਾ ਸਿਹਰਾ ਨਿੰਬਾਰਕ ਆਚਾਰੀਆ ਦੇ ਸਿਰ ਤੇ ਬੰਨਿਆ ਜਾਂਦਾ ਹੈ। ਨਿੰਬਾਰਕ ਦਾ ਸਮਾਂ ਗਿਆਰਵੀਂ ਸਦੀ ਈਸਵੀ ਮਿੱਥਿਆ ਗਿਆ ਅਤੇ ਉਸ ਦੇ ਸੰਪ੍ਰਦਾਇ ਨੂੰ "ਸਨਕ ਸੰਪ੍ਰਦਾਇ" ਸੱਦਿਆ ਜਾਂਦਾ ਹੈ। ਭਾਵੇਂ ਸਨਕ-ਸਨੰਦਨ ਨੂੰ ਭਾਰਤੀ ਦੇਵਤਿਆਂ ਵਿਚ ਗਿਣਿਆ ਜਾਂਦਾ ਹੈ, ਫੇਰ ਵੀ "ਨਿੰਬਾਰਕ ਸੰਪ੍ਰਦਾਇ" ਦੀ ਪੂਜਾ ਭਗਤੀ ਦਾ ਆਧਾਰ ਕੇਵਲ ਰਾਧਾ ਕ੍ਰਿਸ਼ਣ ਹੀ ਹਨ। ਇਸ ਸੰਬੰਧ ਵਿਚ ਨਿੰਬਾਰਕ ਜੀ ਨੇ ਖੁਦ ਸਪਸ਼ਟ ਕੀਤਾ ਹੈ : "ਜਿਹੜੇ ਸਾਧਕ ਦੀਨਤਾ (ਹਲੀਮੀ) ਦੇ ਗੁਣਾਂ ਨਾਲ ਯੁਕਤ ਹੋ ਕੇ ਸ੍ਰੀ ਰਾਧਾ-ਕ੍ਰਿਸ਼ਣ ਦਾ ਚਿੰਤਨ ਕਰਦੇ ਹਨ, ਉਨ੍ਹਾਂ ਵਿਚ ਉਨ੍ਹਾਂ (ਸ੍ਰੀ ਰਾਧਾ-ਕ੍ਰਿਸ਼ਣ ਦੀ ਕਿਰਪਾ ਨਾਲ "ਪਰਾ-ਭਗਤੀ' (ਉੱਤਮ ਭਗਤੀ) ਉਤਪੰਨ ਹੁੰਦੀ ਹੈ।

"ਬ੍ਰਹਮ ਸੂਤ੍ਰ" ਗ੍ਰੰਥ ਦੀ ਵਿਆਖਿਆ ਕਰਦੇ ਹੋਏ ਨਿੰਬਾਰਕ ਜੀ ਨੇ ਆਪਣੇ ਸੰਪ੍ਰਦਾਇ ਦੀ ਸਥਾਪਨਾ ਕੀਤੀ ਸੀ। ਇਸ ਸੰਪ੍ਰਦਾਇ ਵਿਚ ਰਾਧਾ ਅਤੇ ਕ੍ਰਿਸ਼ਣ ਦੀ ਸਾਂਝੀ ਭਗਤੀ (ਯੁਗਲ ਉਪਾਸਨਾ) ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਰਾਧਾ ਜੀ ਨੂੰ ਸ੍ਰੀ ਕ੍ਰਿਸ਼ਣ ਦੀ "ਆਹਲਾਦ ਸਰੂਪਿਨੀ" (ਖੁਸ਼ ਕਰਨ ਵਾਲੀ) ਸ਼ਕਤੀ" ਆਖਿਆ ਗਿਆ ਹੈ। ਇਸ ਸੰਪ੍ਰਦਾਇ ਵਿਚ

ਰਾਧਾ-ਕ੍ਰਿਸ਼ਣ ਦੀ ਜੋੜੀ ਦੀ ਮੂਰਤੀ (statuc) ਦੇ ਪ੍ਰਤੀਕ "ਸ਼ਾਲਿਗ੍ਰਾਮ" ਦੀ ਮੂਰਤੀ ਦੀ ਪੂਜਾ ਖਾਸ ਤੌਰ ਤੇ ਕੀਤੀ ਜਾਂਦੀ ਹੈ। ਇਸ ਸੰਪ੍ਰਦਾਇ ਦਾ ਦਾਰਸ਼ਨਿਕ ਸਿਧਾਂਤ ਹੈ: "ਭੇਦਾਭੇਦਭਾਵ" ।

ਬ੍ਰਜ ਪ੍ਰਦੇਸ਼ ਵਿਚ ਉਪਜੇ ਕ੍ਰਿਸ਼ਣ-ਭਗਤੀ ਸੰਪ੍ਰਦਾਇ

(2) ਮਹਾਪ੍ਰਭੁ ਆਚਾਰੀਆ ਵੱਲਭ ਦਾ ਪੁਸ਼ਟੀ ਸੰਪ੍ਰਦਾਇ : ਇਸ ਸੰਪ੍ਰਦਾਇ ਦੇ ਮੋਢੀ ਗੁਸਾਈਂ ਵੱਲਭ ਆਚਾਰੀਆ ਦਾ ਦਾਰਸ਼ਨਿਕ ਸਿਧਾਂਤ ਹੈ "ਸ਼ੁੱਧ-ਅਦੈਤਵਾਦ" ਅਤੇ ਉਨ੍ਹਾਂ ਦੀ ਉਪਾਸਨਾ ਵਿਧੀ ਨੂੰ "ਪੁਸ਼ਟੀ ਮਾਰਗ" ਜਾਂ "ਪੁਸ਼ਟੀ ਸੰਪ੍ਰਦਾਇ" ਆਖਿਆ ਜਾਂਦਾ ਹੈ । "ਪੁਸ਼ਟੀ ਮਾਰਗ" ਵਿਚ ਭਗਵਾਨ ਦੇ ਅਨੁਗ੍ਰਹ (= ਕਿਰਪਾ) ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਗਿਆ ਹੈ। ਇਸ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਸਿਹਰਾ ਗੁਸਾਈਂ ਵਲੱਭ ਆਚਾਰੀਆ ਜੀ ਦੇ ਪੁੱਤਰ ਵਿਠੱਲ ਨਾਥ ਅਤੇ ਗੁਸਾਈਂ ਜੀ ਦੇ ਚਾਰ ਚੇਲਿਆਂ ਦੇ ਸਿਰ ਉੱਤੇ ਬੰਨ੍ਹਿਆ ਜਾਂਦਾ ਹੈ । ਵਿਠੱਲ ਨਾਥ ਜੀ ਨੇ ਆਪਣੇ ਪਿਤਾ ਦੇ ਇਨ੍ਹਾਂ ਚਾਰ ਚੇਲਿਆਂ ਅਤੇ ਆਪਣੇ ਚਾਰ ਚੇਲਿਆਂ ਨੂੰ ਜੋੜ ਕੇ ਸੰਨ 1545 ਦੇ ਲਗਭਗ "ਅਛਾਪ" ਸੰਪ੍ਰਦਾਇ ਦੀ ਸਥਾਪਨਾ ਕੀਤੀ । ਇਨ੍ਹਾਂ ਅੱਠ ਭਗਤਾਂ ਨੂੰ "ਕ੍ਰਿਸ਼ਣ ਦੇ ਅਸ਼ਸਖਾ" (ਅੱਠ ਮਿੱਤਰ) ਵੀ ਆਖਿਆ ਜਾਂਦਾ ਹੈ ਅਤੇ ਇਨ੍ਹਾਂ ਦੇ ਨਾਂ ਹਨ :

( ਕ) ਮਹਾਪ੍ਰਭੂ ਵੱਲਭ ਦੇ ਚੇਲੇ: (1) ਸੂਰ ਦਾਸ (2) ਕ੍ਰਿਸ਼ਣ ਦਾਸ

(3) ਪਰਮਾਨੰਦ ਦਾਸ

(4) ਕੁੰਭਨ ਦਾਸ ।

(ਖ) ਗੁਸਾਈਂ ਵਿਠੱਲ ਨਾਥ ਦੇ ਸ਼ਿਸ਼ : (1) ਨੰਦ ਦਾਸ (2) ਚਤੁਰਭੁਜ ਦਾਸ (3) ਛੀਤ ਸੁਆਮੀ (4) ਗੋਵਿੰਦ ਸੁਆਮੀ

ਵੱਲਭ ਆਚਾਰੀਆ ਜੀ ਦਾ ਕਥਨ ਹੈ ਕਿ "ਸ੍ਰੀਮਦ ਭਾਗਵਤ ਪੁਰਾਣ" ਹੀ ਇਕੋ ਇਕ ਸ਼ਾਸਤਰ ਹੈ, ਸ੍ਰੀ ਕ੍ਰਿਸ਼ਣ ਕੇਵਲ ਆਰਾਧਯ (ਪੂਜਣ ਯੋਗ) ਹਨ । ਸ੍ਰੀ ਕ੍ਰਿਸ਼ਣ ਦਾ ਨਾਮ-ਜਪ ਹੀ ਇਕੋ ਇਕ ਮੰਤਰ ਹੈ ਅਤੇ ਸ੍ਰੀ ਕ੍ਰਿਸ਼ਣ ਦੀ ਸੇਵਾ ਹੀ ਸਾਡਾ ਸਭਨਾਂ ਤੋਂ ਵੱਧ ਫਰਜ਼ (Duty) ਹੈ।

(3) ਹਰਿਦਾਸੀ ਸੰਪ੍ਰਦਾਇ : ਇਸ ਦੇ ਸੰਸਥਾਪਕ ਹਰਿਦਾਸ ਜੀ (ਜਨਮ ਭਾਦੋਂ ਸ਼ੁਦੀ ਅਸ਼ਟਮੀ, ਸੰਮਤ 1441) ਪਹਿਲਾਂ ਨਿੰਬਾਰਕ ਆਚਾਰੀਆ ਦੇ ਮਤ ਵਿਚ ਸ਼ਾਮਿਲ ਹਨ। ਪਰ ਕੁਝ ਚਿਰ ਮਗਰੋਂ ਉਨ੍ਹਾਂ ਨੇ ਭਗਵਾਨ ਦੀ ਭਗਤੀ ਵਿਚ ਗੋਪੀਆਂ ਦੀ ਭਾਵਨਾ ਜੋੜ ਕੇ ਆਪਣੇ ਨਵੇਂ ਸੰਪ੍ਰਦਾਇ ਦੀ ਨੀਂਹ ਧਰੀ। ਇਸ ਸੰਪ੍ਰਦਾਇ ਨੂੰ ਇਸੇ ਕਾਰਨ "ਸਖੀ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਇਸ ਸੰਪ੍ਰਦਾਇ ਵਿਚ ਰਾਧਾ ਅਤੇ ਕ੍ਰਿਸ਼ਣ ਦੀ ਉਪਾਸਨਾ ਕਰਨ ਵਾਲਾ ਭਗਤ ਸ੍ਰੀ ਕ੍ਰਿਸ਼ਣ ਦੀਆਂ ਬਾਲ-ਲੀਲਾਵਾਂ ਦਾ ਦਰਸ਼ਨ ਮਨੋਂ ਮਨੀਂ ਇੰਝ ਕਰਦਾ ਹੈ, ਜਿਵੇਂ ਉਹ ਖੁਦ ਸ੍ਰੀ ਕ੍ਰਿਸ਼ਣ ਦੀ "ਸਖੀ" ਹੋਵੇ। ਇਸ ਸੰਪ੍ਰਦਾਇ ਦਾ ਇਕ ਹੋਰ ਨਾਂ 'ਟਾਟੀ ਸੰਪ੍ਰਦਾਇ' ਵੀ ਹੈ। ਇਸ ਦੇ ਆਰਾਧਯ ਦੇਵ ਸ੍ਰੀ ਕ੍ਰਿਸ਼ਣ ਨੂੰ "ਸ਼ਯਾਮ ਕੁੰਜ ਬਿਹਾਰੀ" ਵੀ ਆਖਿਆ ਜਾਂਦਾ ਹੈ। ਕੁੱਝ ਵਿਦਵਾਨ ਇਸ ਸੰਪ੍ਰਦਾਇ ਦੇ ਦਾਰਸ਼ਨਿਕ ਸਿਧਾਂਤ ਨੂੰ "ਇੱਛਾ-ਅਦੈਤ" ਆਖਦੇ ਹਨ। ਪਰ ਕਈਆਂ ਦਾ ਮਤ ਹੈ ਕਿ ਇਸ ਦਾ ਕੋਈ ਦਾਰਸ਼ਨਿਕ ਸਿਧਾਂਤ ਹੈ ਹੀ ਨਹੀਂ ਇਸ ਵਿਚ ਤਾਂ ਸ਼ੁੱਧ-ਪ੍ਰੇਮਾ ਭਗਤੀ ਅਤੇ ਰਸ-ਉਪਾਸਨਾ (ਮਨੋਰੰਜਕ ਪ੍ਰਭੂ ਕਾਰਜਾਂ ਦੀ ਝਾਕੀ ਸਜਾਉਣ) ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਸੰਪ੍ਰਦਾਇ ਵਿਚ ਹਰਿਦਾਸ ਜੀ ਨੂੰ "ਲਲਿਤਾ ਸਖੀ" ਦਾ ਅਵਤਾਰ ਮੰਨਿਆ ਜਾਂਦਾ ਹੈ।

(4) ਰਾਧਾ ਵੱਲਭ ਸੰਪ੍ਰਦਾਇ : ਇਸ ਦੇ ਮੋਢੀ ਸੁਆਮੀ ਹਿਤ ਹਰਿਵੰਸ਼ ਦਾ ਜਨਮ ਸੰਨ 1502 ਵਿਚ ਇਕ ਬ੍ਰਾਹਮਣ ਪਰਿਵਾਰ ਵਿਖੇ ਹੋਇਆ ਸੀ। ਇਨ੍ਹਾਂ ਨੇ ਬ੍ਰਿਦਾਬਨ ਵਿਚ ਰਾਧਾ ਵੱਲਭ ਦੀ ਮੂਰਤੀ ਸਥਾਪਿਤ ਕਰਕੇ ਆਪਣਾ ਅੱਡ ਸੰਪ੍ਰਦਾਇ ਖੜਾ ਕਰ ਲਿਆ। 'ਹਿਤ ਹਰਿਵੰਸ' ਸ਼ਬਦ ਜੋੜ ਵਿਚ 'ਹਿਤ' ਸ਼ਬਦ ਦਾ ਅਰਥ ਹੈ: "ਪਰਮਤੱਤ੍ਰ ਹਿਤ" ਅਰਥਾਤ "ਪ੍ਰੇਮ ਤੱਤ"। ਇਸ ਸੰਪ੍ਰਦਾਇ ਦੇ ਪੈਰੋਕਾਰ ਆਪਣੇ ਗੁਰੂ ਸ੍ਰੀ ਹਿਤ ਹਰਿਵੰਸ਼ ਨੂੰ ਭਗਵਾਨ ਕ੍ਰਿਸ਼ਣ ਦੀ "ਮੁਰਲੀ" (ਵੰਸ਼ੀ, ਬਾਂਸੁਰੀ, flute) ਦਾ ਅਵਤਾਰ ਮੰਨਦੇ ਹਨ। ਸੁਆਮੀ ਜੀ ਨੇ ਹੋਰ ਸੰਪ੍ਰਦਾਇਆ ਦੇ ਵਿਪਰੀਤ ਰਾਧਾ ਜੀ ਨੂੰ ਆਪਣੇ ਸੰਪ੍ਰਦਾਇ ਵਿਖੇ ਪ੍ਰਧਾਨਤਾ ਦਿੱਤੀ, ਜਿਸ ਦੇ ਕਾਰਨ ਸ੍ਰੀ ਕ੍ਰਿਸ਼ਣ ਗੌਣ (Secondary) ਹੋ ਗਏ। ਉਨ੍ਹਾਂ ਦਾ ਮਤ ਸੀ ਕਿ ਸ੍ਰੀ ਕ੍ਰਿਸ਼ਣ ਤਾਂ ਖੁਦ ਰਾਧਾ ਜੀ ਦੀ ਕ੍ਰਿਪਾ ਦੀ ਚਾਹਨਾ (Desire) ਕਰਦੇ ਹਨ, ਇਸ ਲਈ ਰਾਧਾ ਜੀ ਦੀ ਮਹਿਮਾ ਹੋਣੀ ਇਕ ਸੁਭਾਵਿਕ ਤੱਥ (Nature fact) ਹੈ। ਸੁਆਮੀ ਜੀ ਦੀ ਰਚਨਾ "ਹਿਤ ਚੌਰਾਸੀ" ਦੇ 84 ਪਦਾਂ ਵਿਚ ਕ੍ਰਿਸ਼ਣ ਜਨਮ, ਰਾਧਾ ਦੇ ਰੂਪ ਵਰਣਨ, ਨਿੱਤ ਵਿਹਾਰ ਲੀਲਾ ਅਤੇ ਰਾਧਾ ਵੱਲਭ ਸੰਪ੍ਰਦਾਇ ਦੇ ਸਿਧਾਂਤ ਦਰਜ ਹਨ। ਸੁਆਮੀ ਜੀ ਦੇ ਕੁਝ ਫੁਟਕਰ ਪਦ ਵੀ ਪ੍ਰਾਪਤ ਹੋਏ ਹਨ।

(5) ਲਲਿਤ ਸੰਪ੍ਰਦਾਇ : ਇਸ ਸੰਪ੍ਰਦਾਇ ਨੂੰ "ਵਿਸ਼ਣ ਸ਼ਾਮੀ ਸੰਪ੍ਰਦਾਇ" ਜਾਂ "ਰੁਦ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਇਸ ਦੇ ਸੰਸਥਾਪਕ ਦਾ ਮਾਪਿਆਂ ਵਲੋਂ ਬਖਸਿਆ ਨਾਂ "ਵੰਸੀ ਧਰ" ਸੀ। ਪਰ ਇਨ੍ਹਾਂ ਦਾ ਉਪਾਸਕ ਵਜੋਂ ਨਾਂ "ਵੰਸ਼ੀ ਅਲਿ" (ਬੰਸਰੀ ਦੀ ਸਖੀ) ਪ੍ਰਚੱਲਤ ਹੋ ਗਿਆ। ਇਸ ਲਈ ਕ੍ਰਿਸ਼ਣ ਭਗਤੀ ਸੰਪ੍ਰਦਾਇਆ ਵਿਚ ਇਸ ਦਾ ਚੌਥਾ ਨਾਂ "ਸ੍ਰੀ ਵੰਸੀ ਅਲਿ ਜੀ ਕਾ ਸੰਪ੍ਰਦਾਇ" ਵੀ ਮਿਲਦਾ ਹੈ।

ਵੰਸ਼ੀ ਅਲਿ ਸੰਪ੍ਰਦਾਇ ਵਿਚ ਰਾਧਾ ਜੀ ਦੀ ਪ੍ਰਮੁਖ ਸਹੇਲੀ ਲਲਿਤਾ ਜੀ ਦੀ ਉਪਾਸਨਾ ਗੁਰੂ ਦੇ ਰੂਪ ਵਿਚ ਕੀਤੀ ਜਾਂਦੀ ਹੈ। ਸੰਪ੍ਰਦਾਇ ਦੇ ਮੋਢੀ "ਸ੍ਰੀ ਵੰਸ਼ੀ ਧਰ" ਨੇ ਇਸੇ ਸਖੀ ਭਾਵ ਨੂੰ ਪ੍ਰਧਾਨਤਾ ਦੇ ਕੇ ਆਪਣੇ ਆਪ ਨੂੰ ਨਿੱਤ ਵੰਸ਼ੀ (ਬੰਸਰੀ ਦੀ ਸਦਾ ਵਜਣ ਵਾਲੀ ਧੁਨ) ਦਾ ਰੂਪ ਸਵੀਕਾਰ ਕੀਤਾ। ਇਸ ਸੰਪ੍ਰਦਾਇ ਦੇ ਸਿਧਾਂਤਾਂ ਦਾ ਵਰਣਨ ਸੰਸਕ੍ਰਿਤ ਗ੍ਰੰਥਾਂ ਵਿਚ ਦਰਜ ਹੈ, ਪਰ ਭਗਤੀ ਭਾਵ ਸੰਬੰਧੀ ਪਦ 'ਰਾਸ ਪੰਚਾਧਯਾਯੀ' ਅਤੇ 'ਹ੍ਰਦਯ ਸਰਵਸ' ਵਿਚ ਉਪਲਬਧ ਹੁੰਦੇ ਹਨ। ਫੁਟਕਰ ਪਦਾਂ (Miscellaneous Verses) ਦੇ ਰੂਪ ਵਿਚ ਬਸੰਤ, ਮਾਂਝੀ, ਹਿੰਡੋਲਾ, ਹੋਲੀ, ਧਮਾਰ, ਲਾਲ ਜੀ (ਸ੍ਰੀ ਕ੍ਰਿਸ਼ਣ) ਦੀ ਬਧਾਈ, ਲਲਿਤਾ ਜੂ ਕੀ ਬਧਾਈ, ਅਸ਼ਟ ਸਖਾ (ਅੱਠ ਮਿੱਤਰਾਂ) ਦੀ ਬਧਾਈ ਅਤੇ ਲੀਲਾ ਦੀ ਚਰਚਾ ਹੋਈ ਹੈ। ਸ੍ਰੀ ਕ੍ਰਿਸ਼ਣ ਦੇ ਜੀਵਨ ਸੰਬੰਧੀ ਇਸ ਸਾਰੀ ਸਾਮਗਰੀ "ਬ੍ਰਜ ਭਾਸ਼ਾ" ਵਿਚ ਲਿਖਿਤ ਹੈ।

ਬ੍ਰਜ ਪ੍ਰਦੇਸ਼ ਤੋਂ ਬਾਹਰਲੇ ਸੰਪ੍ਰਦਾਇ

(6) ਚਰਣਦਾਸੀ ਸੰਪ੍ਰਦਾਇ : ਇਸ ਦੇ ਮੋਢੀ ਸ੍ਰੀ ਚਰਣ ਦਾਸ ਨੇ (ਸੰਨ 1703-1781) ਸਖੀ ਦੇ ਰੂਪ ਵਿਚ ਸ੍ਰੀ ਕ੍ਰਿਸ਼ਣ ਦੀ ਰਾਸ-ਲੀਲਾ ਦਾ ਦਰਸ਼ਨ ਕੀਤਾ ਸੀ। ਵੰਸ਼ੀ ਵਟ (ਉਹ ਬੁਹੜ ਦਾ ਰੁੱਖ, ਜਿਥੇ ਸ੍ਰੀ ਕ੍ਰਿਸ਼ਣ ਜੀ ਬੰਸਰੀ ਵਜਾਇਆ ਕਰਦੇ ਸਨ) ਥੱਲੇ ਵਿਰਾਜਮਾਨ ਚਰਣ ਦਾਸ ਜੀ ਨੂੰ ਸ਼ੁਕਦੇਵ ਮੁਨੀ ਨੇ ਦਰਸ਼ਨ ਦੇ ਕੇ ਨਵਧਾ-ਭਗਤੀ (ਨੌ ਪ੍ਰਕਾਰ ਦੀ ਭਗਤੀ) ਦਾ ਪ੍ਰਸਾਦ ਵੰਡਣ ਦੀ ਆਗਿਆ ਦਿੱਤੀ। ਤਦੋਂ ਤੋਂ ਸ੍ਰੀ ਚਰਣ ਦਾਸ ਦਿੱਲੀ ਵਿਚ ਸ੍ਰੀ ਕ੍ਰਿਸ਼ਣ ਭਗਤੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੇ 52 ਚੇਲਿਆਂ ਵਿਚੋਂ ਦੋ ਚੇਲਿਆਂ ਨੇ ਬੜਾ ਨਾਮਣਾ ਖੱਟਿਆ। ਇਨ੍ਹਾਂ ਭਗਤਾਂ ਦੇ ਨਾਂ ਸਨ : ਸਹਜੇ ਬਾਈ ਅਤੇ ਦਯਾ ਬਾਈ। ਇਸ ਸੰਪ੍ਰਦਾਇ ਦੇ ਲੋਕੀ ਸ੍ਰੀ ਕ੍ਰਿਸ਼ਣ ਦੇ ਖੱਬੇ ਪਾਸੇ ਖੜੋਤੀ ਰਾਧਾ ਅਤੇ ਸਾਲਿਗ੍ਰਾਮ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ। ਸਾਰੇ ਸਾਧੂ ਮੱਥੇ ਉੱਤੇ ਤਿਲਕ (ਲੰਮਾ ਟਿੱਕਾ) ਲਾਉਂਦੇ ਅਤੇ ਪੀਲੇ ਕੱਪੜੇ ਪਹਿਣਦੇ ਹਨ। ਰਾਧਾ ਕ੍ਰਿਸ਼ਣ ਦੀ

ਮੂਰਤੀ ਵਾਲੇ ਮੰਦਿਰ ਦੇ ਚੋਂਹਠ ਖੰਭਿਆਂ ਦੇ ਸਹਾਰੇ ਖੜੋਤੀਆਂ ਇਸਤਰੀਆਂ ਰਾਧਾ ਜੀ ਦੀਆਂ ਸਹੇਲੀਆਂ ਮੰਨੀਆਂ ਜਾਂਦੀਆਂ ਹਨ । ਇਸ ਦ੍ਰਿਸ਼ ਨੂੰ ਰੰਗ ਮਹਿਲ ਆਖਿਆ ਜਾਂਦਾ ਹੈ ਅਤੇ ਇਸ ਵਿਚ ਅਖੰਡ (ਅਤੁੱਟ) ਰਾਸ ਲੀਲਾ ਦੀ ਕਲਪਨਾ ਕੀਤੀ ਜਾਂਦੀ ਹੈ। ਇਸ ਸੰਪ੍ਰਦਾਇ ਵਿਚ ਬ੍ਰਿਦਾਬਨ ਨੂੰ ਹੀ ਸੰਪ੍ਰਦਾਇ ਦਾ ਮੁੱਖ ਸਥਾਨ ਮੰਨਿਆ ਜਾਂਦਾ ਹੈ ਅਤੇ ਸਖੀ ਰੂਪ ਵਿਚ ਮਾਧੁਰੀ ਭਾਵ ਵਾਲੀ ਉਪਾਸਨਾ ਕੀਤੀ ਜਾਂਦੀ ਹੈ । ਇਸ ਸੰਪ੍ਰਦਾਇ ਦਾ ਇਕ ਹੋਰ ਨਾਂ "ਸ਼ੁਕ ਸੰਪ੍ਰਦਾਇ" ਵੀ ਹੈ। ਕੁਝ ਵਿਦਵਾਨਾਂ ਨੇ ਇਸ ਦੇ ਮੋਢੀ ਦੇ ਨਾਂ ਅੱਗੇ "ਸ਼ਯਾਮ" ਸ਼ਬਦ ਜੋੜ ਕੇ ਉਸਨੂੰ ਸ਼ਯਾਮ ਚਰਣ ਦਾਸ ਬਣਾ ਦਿੱਤਾ ਹੈ।

(7) ਧਾਮੀ : ਇਸ ਦੇ ਮੋਢੀ ਦਾ ਨਾਂ ਪ੍ਰਾਣਨਾਥ ਸੀ। ਇਨ੍ਹਾਂ ਨੇ ਸੂਰਤ (ਗੁਜਰਾਤ) ਵਿਚ ਆਪਣੇ ਸੁਤੰਤਰ ਮਤ ਦਾ ਪ੍ਰਚਾਰ ਕੀਤਾ। ਪ੍ਰਾਣਨਾਥ ਜੀ ਦੇ ਗੁਰੂ ਸੁਆਮੀ ਦੇਵੀ ਚੰਦ ਨੇ ਨਿੰਬਾਰਕਾਚਾਰੀਆ ਸੰਪ੍ਰਦਾਇ ਵਿਚੋਂ ਫੁੱਟੀ ਸੁਆਮੀ ਹਰਿਦਾਸ ਵਾਲੀ ਸ਼ਾਖਾ "ਹਰਿਦਾਸੀ ਸੰਪ੍ਰਦਾਇ" ਦੇ ਇਕ ਹੋਰ ਹਰਿਦਾਸ ਨਾਂ ਦੇ ਮਹਾਤਮਾ ਤੋਂ ਦਿਖਿਆ ਲੈਣ ਮਗਰੋਂ ਆਪਣਾ ਨਵਾਂ ਸੰਪ੍ਰਦਾਇ ਸਥਾਪਿਤ ਕਰ ਲਿਆ । ਪਰ ਅਜਿਹਾ ਕਿਉਂ ਹੋਇਆ, ਇਸ ਦਾ ਕਾਰਨ ਅਜੇ ਤਕ ਵਿਦਵਾਨ ਖੋਜੀ ਨਹੀਂ ਲੱਭ ਸਕੇ । ਇਸ ਸੰਪ੍ਰਦਾਇ ਦੇ ਉਪਾਸਕ ਸਖੀ ਭਾਵ ਵਿਚ ਮਨੋਮਨੀ (ਮਾਨਸੀ) ਸ੍ਰੀ ਕ੍ਰਿਸ਼ਣ ਅਤੇ ਰਾਧਾ ਦੀ ਜੋੜੀ ਦੀ ਉਪਾਸਨਾ ਕਰਦੇ ਹਨ। ਇਸ ਪ੍ਰਕਾਰ ਸ੍ਰੀ ਕ੍ਰਿਸ਼ਣ ਨਾਲ ਰਾਧਾ ਜੀ ਦੀ ਰਾਸ-ਲੀਲਾ ਦਾ ਚਿੱਤਰ ਉਪਾਸਕਾਂ ਦੇ ਮਨ ਉੱਤੇ ਉੱਕਰ ਜਾਂਦਾ ਹੈ । ਇਸ ਸੰਪ੍ਰਦਾਇ ਦਾ ਮੁੱਖ ਗ੍ਰੰਥ ਪ੍ਰਾਣਨਾਥ ਜੀ ਦੇ ਪਦਾਂ ਦਾ ਸੰਗ੍ਰਹਿ ਹੈ, ਜਿਸ ਨੂੰ "ਮਹਾਬਾਣੀ" ਆਖਿਆ ਜਾਂਦਾ ਹੈ । ਇਸ ਸੰਗ੍ਰਹਿ ਵਿਚ ਅਜਿਹੇ ਅਨੇਕ ਪਦ ਹਨ, ਜਿਨ੍ਹਾਂ ਵਿਚ ਕ੍ਰਿਸ਼ਣ ਜੀ ਦੇ ਮੁਕਟ (ਕਿਰੀਟ) ਅਤੇ ਮੁਰਲੀ (ਬੰਸਰੀ) ਦੀ ਮਹਿਮਾ ਗਾਈ ਗਈ ਹੈ।

(8) ਚੈਤਨਯ ਸੰਪ੍ਰਦਾਇ : ਇਸ ਨੂੰ "ਗੋਡੀਯ ਸੰਪ੍ਰਦਾਇ" ਜਾਂ "ਚੈਤਨਯ ਗੋਂਡੀਯ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਇਸ ਦੇ ਮੋਢੀ ਚੈਤਨਯ ਮਹਾਪ੍ਰਭੂ (ਸੰਨ 1485-1533) ਮੂਲ ਰੂਪ ਵਿਚ ਬੰਗਾਲ ਦੇ ਜੰਮਪਲ ਸਨ ਅਤੇ ਉੱਥੇ ਹੀ ਆਪਣੀ ਕ੍ਰਿਸ਼ਣ ਭਗਤੀ ਦਾ ਪ੍ਰਚਾਰ

ਕਰਦੇ ਰਹੇ । ਇਨ੍ਹਾਂ ਦੇ ਦਾਰਸ਼ਨਿਕ ਸਿਧਾਂਤ ਨੂੰ "ਅਚਿੰਤਯਭੇਦਾਭੇਦ" ਆਖਿਆ ਜਾਂਦਾ ਹੈ । ਇਸ ਦੇ ਅਨੁਸਾਰ ਸ੍ਰੀ ਕ੍ਰਿਸ਼ਣ ਗਿਆਨ, ਯੋਗ ਅਤੇ ਭਗਤੀ ਦੇ ਸਾਧਨਾਂ ਰਾਹੀਂ ਆਪਣੇ ਆਪ ਨੂੰ ਕ੍ਰਮਵਾਰ ਬ੍ਰਹਮ, ਪਰਮਾਤਮਾ ਅਤੇ ਭਗਵਾਨ ਦੇ ਰੂਪਾਂ ਵਿਚ

ਪ੍ਰਕਾਸ਼ਿਤ ਕਰਦੇ ਹਨ। ਉਨ੍ਹਾਂ ਨੂੰ ਗਿਆਨ ਮਾਰਗੀਆਂ ਦੇ ਬ੍ਰਹਮ ਦੇ ਰੂਪ ਵਿਚ ਯੋਗ ਮਾਰਗੀਆਂ ਦੇ ਪਰਮਾਤਮਾ ਦੇ ਰੂਪ ਵਿਚ ਅਤੇ ਭਗਤੀ-ਮਾਰਗੀਆਂ ਦੇ ਭਗਵਾਨ ਦੇ ਰੂਪ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸੰਪ੍ਰਦਾਇ ਵਿਚ ਇਨ੍ਹਾਂ ਗੱਲਾਂ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਬ੍ਰਜ ਪ੍ਰਦੇਸ਼ ਦੇ ਸੁਆਮੀ ਨੰਦ ਜੀ ਦੇ ਪੁੱਤਰ ਸ੍ਰੀ ਕ੍ਰਿਸ਼ਣ ਹੀ ਆਰਾਧਨਾ ਦੇ ਯੋਗ ਅਧਿਕਾਰੀ ਹਨ। ਉਨ੍ਹਾਂ ਦਾ ਧਾਮ (ਰਿਹਾਇਸ਼ਗਾਹ) ਬ੍ਰਿਦਾਬਨ ਹੈ। ਜਿਵੇਂ ਸ੍ਰੀ ਕ੍ਰਿਸ਼ਣ ਦੇ ਰੂਪ ਉੱਤੇ ਮੋਹਿਤ ਹੋ ਕੇ ਬ੍ਰਜ ਪ੍ਰਦੇਸ਼ ਦੀਆਂ ਗੋਪੀਆਂ ਨੇ ਸ੍ਰੀ ਕ੍ਰਿਸ਼ਣ ਦੀ "ਰਮਣੀਯ ਉਪਾਸਨਾ" ਕੀਤੀ ਸੀ, ਉਸੇ ਨੂੰ ਪ੍ਰਮਾਣਿਕ ਮੰਨ ਕੇ ਸਾਧਕਾਂ ਨੂੰ ਉਪਾਸਨਾ ਕਰਨੀ ਚਾਹੀਦੀ ਹੈ। "ਸ੍ਰੀਮਦ ਭਾਗਵਤ ਪੁਰਾਣ" ਵਿਚੋਂ ਇਸ ਦੇ ਸਹੀ ਪ੍ਰਮਾਣ ਲੱਭ ਕੇ ਅਤੇ ਪ੍ਰੇਮ ਨੂੰ ਸਰਬ ਉੱਤਮ ਉਪਾਅ ਸਮਝ ਕੇ ਹੀ ਸੱਚੀ ਭਗਤੀ ਹੋ ਸਕਦੀ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਜਦੋਂ ਵੱਲਭਾਚਾਰੀਆ ਬ੍ਰਜ ਮੰਡਲ, ਗੁਜਰਾਤ ਅਤੇ ਕਾਠੀਆਵਾੜ ਵਿਚ ਕ੍ਰਿਸ਼ਣ ਭਗਤੀ ਦਾ ਪ੍ਰਚਾਰ ਕਰ ਰਹੇ ਸਨ ਤਾਂ ਮਹਾਪ੍ਰਭੂ ਚੈਤਨਯ ਬੰਗਾਲ ਵਿਚ ਭਗਵਤ ਨਾਮ-ਪ੍ਰਚਾਰ ਕਰ ਰਹੇ ਸਨ।

ਕ੍ਰਿਸ਼ਣ-ਭਗਤੀ ਮੂਲਕ ਸੁਮੇਲਵਾਦੀ ਸੰਪ੍ਰਦਾਇ

(1) ਵਾਰਕਰੀ ਸੰਪ੍ਰਦਾਇ ਜਾਂ ਵਿਠੱਲ ਸੰਪ੍ਰਦਾਇ : ਇਸ ਦੇ ਪ੍ਰਚਾਰਕ ਕੰਨੜ (ਕਰਨਾਟਕ ਰਾਜ) ਦੇ ਸੰਤ ਪੁੰਡਰੀਕ ਸਨ। ਇਸ ਦਾ ਪ੍ਰਚਾਰ ਸੰਨ 1209 ਈ. ਦੇ ਲਗਭਗ ਪੰਢਰਪੁਰ (ਮਹਾਰਾਸ਼ਟਰ ਦੇ ਜ਼ਿਲ੍ਹਾ ਸ਼ੋਲਾਪੁਰ) ਤੋਂ ਸ਼ੁਰੂ ਹੋਇਆ।" ਕੁਝ ਵਿਦਵਾਨਾਂ ਦਾ ਮਤ ਹੈ ਕਿ ਕੰਨੜ ਭਾਸ਼ਾ ਦੇ 'ਵਾਰੀ' ਸ਼ਬਦ ਤੋਂ ਹੀ 'ਵਾਰਕਰੀ' ਸ਼ਬਦ ਬਣਿਆ ਹੈ, ਜਿਸ ਦਾ ਅਰਥ ਹੈ : "ਆਪਣੇ ਇਸ਼ਟ ਦੇਵ ਦੇ ਮੰਦਿਰ ਦੀ ਯਾਤਰਾ।" "ਵਾਰਕਰੀ ਸੰਪ੍ਰਦਾਇ" ਦੇ ਪੈਰੋਕਾਰ ਹਾੜ ਦੇ ਮਹੀਨੇ ਦੀ ਚਾਣਨੀ ਇਕਾਦਸ਼ੀ ਵੇਲੇ ਦੂਰ ਦੁਰਾਡੇ ਤੋਂ ਪੈਦਲ ਟੁਰ ਕੇ ਵਿਠੱਲ ਦੇਵ ਦੇ ਮੰਦਿਰ ਦੇ ਦਰਸ਼ਨ ਕਰਨ ਵਾਸਤੇ ਪੰਢਰਪੁਰ ਪਹੁੰਚਦੇ ਹਨ। ਹਾੜ ਮਹੀਨੇ ਦੀ ਚਾਣਨੇ ਪੱਖ ਦੀ ਇਕਾਦਸ਼ੀ ਨੂੰ ਦੇਵਸ਼ਯਨੀ (ਦੇਵਤਿਆਂ ਦੇ ਸੌਣ ਦੀ) ਇਕਾਦਸ਼ੀ ਆਖਿਆ ਜਾਂਦਾ ਹੈ। ਦੂਜੀ ਯਾਤਰਾ ਕੱਤਕ ਦੇ ਚਾਣਨੇ ਪੱਖ ਦੀ ਇਕਾਦਸ਼ੀ ਨੂੰ ਪੰਢਰਪੁਰ ਤੋਂ ਆਨੰਦੀ (ਜ਼ਿਲ੍ਹਾ ਪੁਣੇ, ਮਹਾਰਾਸ਼ਟਰ) ਵੱਲ ਹੁੰਦੀ ਹੈ। ਹਿੰਦੂ ਜੰਤਰੀਆਂ (Calenders) ਵਿਚ ਇਸ ਤਿੱਥ (Date) ਲਈ ਦੇਵ ਉਠਾਨ ਇਕਾਦਸ਼ੀ (ਦੇਵਤਿਆਂ ਦੇ ਜਾਗਣ ਦਾ ਦਿਨ) ਸ਼ਬਦ ਵਰਤੇ ਹੋਏ ਮਿਲਦੇ ਹਨ।

ਵਾਰਕਰੀ ਸੰਪ੍ਰਦਾਇ ਦੀ ਕ੍ਰਿਸ਼ਣ-ਭਗਤੀ ਵਿਚ ਰਾਧਾ ਦੀ ਹੋਂਦ ਨਹੀਂ ਹੈ। ਸਗੋਂ ਇਸ ਵਿਚ ਵਿਸ਼ਣੂ ਅਤੇ ਸ਼ਿਵ ਵਿਚਕਾਰ ਕੋਈ ਅੰਤਰ (Difference) ਨਹੀਂ ਮੰਨਿਆ ਜਾਂਦਾ। ਵਿਠੱਲ ਮੰਦਿਰ ਦਾ ਅੰਦਰੂਨੀ ਸਰੂਪ ਇਸ ਪ੍ਰਕਾਰ ਹੁੰਦਾ ਹੈ :

"ਭਗਵਾਨ ਵਿਠੱਲ ਦੇ ਮੰਦਿਰਾਂ ਵਿਚ ਕਾਲੇ ਪੱਥਰ ਦੀਆਂ ਦੋ ਮੂਰਤੀਆਂ ਇਕ ਥੜੇ ਉੱਤੇ ਖੜੀਆਂ ਹੁੰਦੀਆਂ ਹਨ। ਆਦਮੀ ਦੀ ਮੂਰਤੀ ਵਿਠੱਲ ਦੀ ਹੁੰਦੀ ਹੈ ਅਤੇ ਉਸ ਤੋਂ ਕੁਝ ਮਧਰੇ ਕੱਦ ਦੀ ਮੂਰਤੀ ਉਨ੍ਹਾਂ ਦੀ ਪਤਨੀ 'ਰੁਕਮਿਣੀ' ਦੀ ਦੱਸੀ ਜਾਂਦੀ ਹੈ। ਭਾਰਤੀ ਪੁਰਾਣਾ ਅਤੇ ਮਹਾਭਾਰਤ ਅਨੁਸਾਰ ਰੁਕਮਿਣੀ ਜੀ, ਭਗਵਾਨ ਕ੍ਰਿਸ਼ਣ ਦੀ ਪਤਨੀ ਸਨ। ਵਿਠੱਲ ਦੇ ਸਿਰ ਉੱਤੇ ਸ਼ਿਵ ਲਿੰਗ ਵਰਗਾ ਨਿਕਾ ਜਿਹਾ ਕਾਲਾ ਪੱਥਰ ਧਰਿਆ ਹੁੰਦਾ ਹੈ। ਪਰ ਭਗਵਾਨ ਵਿਠੱਲ ਦੇ ਆਪਣੇ ਦੋਵੇਂ ਹੱਥ ਲੱਕ ਤੇ ਧਰੇ ਹੋਏ ਅਤੇ ਦੋਵੇਂ ਪੈਰ ਇਕ ਇੱਟ ਉਤੇ ਟਿਕਾਏ ਹੋਏ ਨਜ਼ਰ ਆਉਂਦੇ ਹਨ। ਇਸ ਲਈ ਉਨ੍ਹਾਂ ਦੇ ਸਰੂਪ ਬਾਰੇ ਮਰਾਠੀ ਭਗਤਾਂ ਵਲੋਂ ਇੰਝ ਟਿੱਪਣੀ ਕੀਤੀ ਜਾਂਦੀ ਹੈ : "ਵਿਟੇਵਰੀ ਉਭਾ, ਕਟੀਵਰੀ ਹਾਤ" ਅਰਥਾਤ ਇੱਟ ਉੱਤੇ ਖੜੋਤੇ ਹੋਏ (ਵਿਠੱਲ ਭਗਵਾਨ ਨੇ) ਆਪਣੇ ਹੱਥ ਲੱਕ ਉੱਤੇ ਧਰੇ ਹੋਏ ਹਨ।"

ਕੁਝ ਮੰਦਿਰਾਂ ਵਿਚ ਤਾਂ ਮੂਰਤੀ ਵਾਲੇ ਅਹਾਤੇ ਵਿਚ ਦਾਖਿਲ ਹੋਣ ਵਾਲੇ ਦਰਵਾਜ਼ੇ ਉੱਤੇ ਕਛੂਏ ਦੀ ਪੱਥਰ ਦੀ ਮੂਰਤੀ ਬਣੀ ਹੁੰਦੀ ਹੈ, ਜਿਸ ਨੂੰ ਮਾਨਸਿਕ ਸ਼ਾਂਤੀ (Mental peace) ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅਹਾਤੇ ਦੇ ਅੰਦਰ ਵਿਠੱਲ ਅਤੇ ਰੁਕਮਿਣੀ ਵਾਲੇ ਥੜ੍ਹੇ ਹੇਠ "ਸ਼ਿਵ ਲਿੰਗ" ਸਥਾਪਿਤ ਕੀਤਾ ਹੁੰਦਾ ਹੈ। ਵਾਰਕਰੀ ਸੰਪ੍ਰਦਾਇ ਦੇ ਸ਼ਰਧਾਲੂਆਂ ਦੇ ਪੂਜਨੀਕ ਦੇਵਤਾ "ਵਿਠੱਲ" ਦੇ ਸਹੀ ਸਰੂਪ ਬਾਰੇ ਆਚਾਰੀਆ ਵਿਨਯ ਮੋਹਨ ਸ਼ਰਮਾ ਲਿਖਦੇ ਹਨ :

“ਮਹਾਰਾਸ਼ਟਰ ਦੇ ਸੰਤਾਂ ਨੇ ਆਮ ਤੌਰ ਤੇ "ਕ੍ਰਿਸ਼ਣ" ਦੇ ਬਾਲ ਅਤੇ ਮਰਿਆਦਾ ਵਿਚ ਬੰਨ੍ਹੇ ਹੋਏ ਰੂਪ ਨੂੰ ਹੀ ਅਪਣਾਇਆ ਹੈ। ਉਨ੍ਹਾਂ ਨੇ ਉੱਤਰ ਭਾਰਤ ਦੇ ਭਾਗਵਤ ਸੰਪ੍ਰਦਾਇ ਦੇ ਭਗਤਾਂ ਵਾਂਗ ਕ੍ਰਿਸ਼ਣ ਦੇ ਰਾਧਾ ਅਤੇ ਗੋਪੀ (ਨਾਲ ਸੰਬੰਧਤ) ਸ਼ਿੰਗਾਰ ਮੂਲਕ ਭਗਤੀ ਰਸ ਦਾ ਵਿਸ਼ੇਸ਼ ਰੂਪ ਵਿਚ ਸੁਆਦ ਨਹੀਂ ਮਾਨਿਆ। ਇਹੋ ਕਾਰਨ ਹੈ ਕਿ ਪੰਢਰਪੁਰ ਵਿਖੇ ਵਿਠੱਲ (ਕ੍ਰਿਸ਼ਣ) ਦੀ ਮੂਰਤੀ ਦੇ ਲਾਗੇ ਰਾਧਾ ਰਾਨੀ ਦੀ ਬਜਾਏ ਰੁਕਮਿਣੀ ਦੇਵੀ ਵਿਰਾਜਮਾਨ ਹੈ।”

ਵਾਰਕਰੀ ਸੰਪ੍ਰਦਾਇ ਦਾ ਮੂਲ ਮੰਤਰ ਹੈ : "ਰਾਮ ਕ੍ਰਿਸ਼ਣ ਹਰਿ"। ਇਸ ਸੰਪ੍ਰਦਾਇ ਵਿਚ ਭਗਤੀ ਨੂੰ ਮੂਲ (=ਜੜ) ਅਤੇ ਗਿਆਨ ਨੂੰ ਫਲ ਆਖਿਆ ਜਾਂਦਾ ਹੈ। ਇਸ ਪ੍ਰਕਾਰ ਇਸ ਵਿਚ ਭਗਤੀ ਅਤੇ ਗਿਆਨ ਦਾ ਸਮੋਨਵਾਦੀ ਰੂਪ ਹੀ ਉੱਭਰਦਾ

ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ ਦੇ ਪਦਾਂ ਵਿਚ "ਵਿਠੱਲ" ਸ਼ਬਦ ਦੀ ਵਰਤੋਂ ਹੋਈ ਹੈ, ਜੋ ਨਿਰਾਕਾਰ-ਬ੍ਰਹਮ ਦਾ ਰੂਪ ਹੀ ਹੈ। ਇਸ ਸੰਪ੍ਰਦਾਇ ਦੇ ਹੋਰ ਸੰਤਾਂ ਵਿਚ ਗਿਆਨ ਦੇਵ, ਏਕ ਨਾਥ, ਤੁਕਾਰਾਮ ਵਰਗੇ ਲਗਭਗ ਦੋ ਦਰਜਨ ਨਾਂ ਗਿਣਾਏ ਜਾਂਦੇ ਹਨ। 'ਸ੍ਰੀਮਦ ਭਗਵਦ ਗੀਤਾ' ਦੀ ਕਾਵਿਮਈ ਟੀਕਾ ਸੰਤ ਗਿਆਨ ਦੇਵ ਨੇ "ਗਯਾਨੇਸ਼ਵਰੀ" ਸਿਰਲੇਖ ਅਧੀਨ ਕੀਤੀ ਸੀ ਅਤੇ ਨਾਮਦੇਵ ਆਪਣੀ ਜਨਮ ਭੂਮੀ ਤੋਂ ਅਲਾਵਾ ਰਾਜਸਥਾਨ ਅਤੇ ਪੰਜਾਬ ਵਿਚ ਵੀ ਆਪਣੀ ਨਿਰਾਕਾਰ-ਭਗਤੀ ਕਾਰਨ ਪ੍ਰਸਿੱਧ ਹੈ। ਇਹੋ ਕਾਰਨ ਹੈ ਕਿ ਏਕਨਾਥ ਨਾਂ ਦੇ ਮਰਾਠੀ ਕਵੀ ਨੂੰ ਗਿਆਨ ਦੇਵ ਦਾ ਅਵਤਾਰ ਅਤੇ ਤੁਕਾਰਾਮ ਨੂੰ ਨਾਮਦੇਵ ਦੇ ਅਵਤਾਰ ਦੀ ਪਦਵੀ ਮਹਾਰਾਸ਼ਟਰ ਦੇ ਸਾਹਿੱਤਕਾਰਾਂ ਨੇ ਪ੍ਰਦਾਨ ਕੀਤੀ ਹੈ।

(2) ਮਹਾਨੁਭਾਵ ਸੰਪ੍ਰਦਾਇ : ਮਹਾਰਾਸ਼ਟਰ ਦੇ ਇਸ ਸੰਪ੍ਰਦਾਇ ਵਿਚ ਸ੍ਰੀ ਕ੍ਰਿਸ਼ਣ ਦੇ ਪੰਜ ਰੂਪਾਂ ਦੀ ਮਾਨਤਾ ਹੈ। ਇਸ ਸੰਪ੍ਰਦਾਇ ਦੇ "ਪੰਚ ਕ੍ਰਿਸ਼ਣ" ਦੇ ਨਾਂ ਉੱਪਰੋਂ ਥੱਲੇ ਇਸ ਪ੍ਰਕਾਰ ਹਨ : (1) ਸ੍ਰੀ ਕ੍ਰਿਸ਼ਣ ਚੱਕਰਵਰਤੀ (ਦੁਆਪਰ ਜੁਗ ਵਾਲੇ ਵਿਸ਼ਣੂ ਭਗਵਾਨ ਦੇ ਅਵਤਾਰ) (2) ਸ੍ਰੀ ਦਤਾਤ੍ਰੇਯ, (3) ਸ੍ਰੀ ਚਾਂਗ ਦੇਵ, (4) ਸ੍ਰੀ ਗੋਵਿੰਦ ਪ੍ਰਭੂ ਅਤੇ (5) ਸ੍ਰੀ ਚਾਂਗਦੇਵ ਹਾਉਲ। ਚਾਂਗ ਦੇਵ ਨਾਂ ਦੇ ਦੋ ਗੁਰੂਆਂ ਦੇ ਇਕੋ ਜਿਹੇ ਨਾਂ ਹੋਣ ਕਾਰਨ ਇਨ੍ਹਾਂ ਪੰਜ ਕ੍ਰਿਸ਼ਣਾਂ ਦੇ ਨਾਂ ਅੱਗੇ ਉਨ੍ਹਾਂ ਦਾ ਜਨਮ ਅਸਥਾਨ ਦਰਸਾ ਕੇ ਉਨ੍ਹਾਂ ਦਾ ਅੰਤਰ ਵਿਖਾਇਆ ਜਾਂਦਾ ਹੈ।" ਕੁਝ ਵਿਦਵਾਨਾਂ ਦਾ ਮਤ ਹੈ ਕਿ ਇਸ ਸੰਪ੍ਰਦਾਇ ਦੀ ਸਥਾਪਨਾ 11ਵੀਂ ਸਦੀ ਈਸਵੀ ਵਿਚ ਹੋਈ ਸੀ।

(3) ਪ੍ਰਾਣਨਾਥੀ ਸੰਪ੍ਰਦਾਇ : ਇਸ ਸੰਪ੍ਰਦਾਇ ਦੇ ਸੰਸਥਾਪਕ ਸ੍ਰੀ ਪ੍ਰਾਣਨਾਥ (ਸੰਨ 1618-1694) ਸਨ। ਉਨ੍ਹਾਂ ਦੇ ਗੁਰੂ ਦਾ ਨਾਂ ਸੀ ਨਿਜਾਨੰਦ ਸੁਆਮੀ ਦੇਵਚੰਦ੍ਰ (ਸੰਨ 1581-1655), ਇਸੇ ਕਾਰਨ ਇਸ ਦਾ ਦੂਜਾ ਨਾਂ "ਨਿਜਾਨੰਦੀਯ ਸੰਪ੍ਰਦਾਇ" ਵੀ ਹੈ। ਸ੍ਰੀ ਕ੍ਰਿਸ਼ਣ ਦੀ ਭਗਤੀ ਦੀ ਪ੍ਰਧਾਨਤਾ ਹੋਣ ਕਾਰਨ ਇਸ ਨੂੰ "ਸ੍ਰੀ ਕ੍ਰਿਸ਼ਣ ਪ੍ਰਣਾਮੀ ਸੰਪ੍ਰਦਾਇ" ਵੀ ਸੱਦਿਆ ਜਾਂਦਾ ਹੈ। ਡਾ. ਕ੍ਰਿਸ਼ਣ ਬਿਹਾਰੀ ਨੇ ਇਸ ਦਾ ਨਾਂ "ਮਹਾਰਾਜ ਪੰਥ" ਜਾਂ "ਮੇਰਾਜ ਪੰਥ" ਦੱਸਿਆ ਹੈ। ਕਹਿੰਦੇ ਹਨ ਕਿ ਇਹ ਨਾਂ ਇਸ ਕਾਰਨ ਪਿਆ, ਕਿਉਂਕਿ ਪ੍ਰਾਣਨਾਥ ਦਾ ਬਚਪਨ ਦਾ ਨਾਂ "ਮਿਹਿਰ ਰਾਜ" ਜਾਂ "ਮਹਾਰਾਜ ਠਾਕੁਰ" ਸੀ।" ਪਰਸ਼ੁਰਾਮ ਚਤੁਰਵੇਦੀ ਨੇ ਆਪਣੀ ਪੁਸਤਕ "ਉੱਤਰੀ ਭਾਰਤ ਕੀ ਸੰਤ ਪਰੰਪਰਾ" ਵਿਚ ਇਸ ਸੰਪ੍ਰਦਾਇ ਦਾ ਨਾਂ 'ਖਿਜੜਾ" ਅਤੇ 'ਚਕਲਾ'

ਦੱਸਿਆ ਹੈ। ਇਸ ਸੰਪ੍ਰਦਾਇ ਦੇ ਅਨੇਕ ਗ੍ਰੰਥਾਂ ਦਾ ਸੰਕਲਨ "ਤਾਰਤਮ ਸਾਗਰ" ਦੇ ਨਾਂ ਹੇਠ ਹੋਇਆ ਹੈ, ਜਿਸ ਦਾ ਆਧਾਰ "ਸ੍ਰੀਮਦ ਭਾਗਵਤ ਪੁਰਾਣ" ਹੈ । "ਤਾਰਤਮ" ਸ਼ਬਦ ਦੇ ਪਿਛੋਕੜ ਦਾ ਸਰੂਪ ਹੇਠ ਲਿਖੇ ਵੇਰਵੇ ਤੋਂ ਸਪਸ਼ਟ ਹੋ ਜਾਵੇਗਾ:

"…. ਸ੍ਰੀ ਦੇਵਚੰਦ੍ਰ ਜੀ ਜਾਮ ਨਗਰ (ਗੁਜਰਾਤ) ਦੇ ਪ੍ਰਕਾਂਡ ਵਿਦਵਾਨ ਸ੍ਰੀ ਕਾਨ੍ਹ ਜੀ ਭੱਟ ਤੋਂ ਲਗਾਤਾਰ ਚੌਦਾਂ ਵਰ੍ਹਿਆਂ ਤਕ "ਸ੍ਰੀਮਦ ਭਾਗਵਤ" ਦੀ ਕਥਾ ਸੁਣਦੇ ਰਹੇ । ਉੱਥੇ ਹੀ ਇਕ ਦਿਨ ਪੂਰਨ ਬ੍ਰਹਮ ਪਰਮਾਤਮਾ, ਆਨੰਦ ਕੰਦ ਸ੍ਰੀ ਕ੍ਰਿਸ਼ਣ ਜੀ ਨੇ ਸਾਖਿਆਤ ਰੂਪ ਵਿਚ ਪ੍ਰਗਟ ਹੋ ਕੇ "ਸ੍ਰੀ ਤਾਰਤਮ ਮੰਤ੍ਰ" ਪ੍ਰਦਾਨ ਕੀਤਾ। ਪਰਮਾਤਮਾ ਸਰੂਪ ਸ੍ਰੀ ਕ੍ਰਿਸ਼ਣ ਨੇ ਆਖਿਆ - "ਕਸ਼ਰ ਅੱਖਰ ਤੋਂ ਵੱਖ ਮੇਰਾ ਨਾਂ ਕ੍ਰਿਸ਼ਣ ਹੈ. ਵੇਦ, ਸ਼ਾਸਤਰ, ਪੁਰਾਣ, ਭਾਗਵਤਾਦਿ ਗ੍ਰੰਥ ਇਸ ਬਾਤ ਦੀ ਸਾਖੀ ਭਰਦੇ ਹਨ। ਤੂੰ ਖੁਦ ਮੇਰੇ ਜਿਹੇ ਸੱਚਿਦਾਨੰਦ ਬ੍ਰਹਮ ਦੀ ਅੰਗਨਾ (ਹਿੱਸਾ) ਹੈ । ਤੇਰੇ ਵਰਗੀਆਂ ਹੀ ਮੇਰੀਆਂ ਹੋਰ ਸ਼ਕਤੀਆਂ ਮੇਰੇ ਧਾਮ (ਨਿਵਾਸ) ਤੋਂ ਮਾਯਾ ਤੋਂ ਉਤਪੰਨ ਦੁੱਖ ਪੂਰਨ ਦੈਤ ਦੀ ਲੀਲਾ ਵੇਖਣ ਆਈਆਂ ਹਨ । ਉਨ੍ਹਾਂ ਨੂੰ ਤਾਰਤਮ ਮੰਤ੍ਰ ਅਤੇ ਤੱਤ-ਗਿਆਨ ਰਾਹੀਂ ਜਾਗ੍ਰਤ ਕਰਕੇ ਪਰਮ ਧਾਮ (ਮੋਖ ਵਿਖੇ) ਲੈ ਆਉਣ ਦਾ ਕਾਰਜ ਤੈਨੂੰ ਸੌਂਪਿਆ ਜਾ ਰਿਹਾ ਹੈ । ਮੈਂ ਤੇਰੇ ਹਿਰਦੇ ਵਿਚ ਸਥਿਤ ਹੋ ਕੇ ਤੇਰਾ ਮਾਰਗ-ਦਰਸ਼ਨ ਕਰਾਂਗਾ।"

'ਤਾਰਤਮ' ਸ਼ਬਦ ਸੰਸਕ੍ਰਿਤ ਦੇ 'ਤਾਰਤਮਯ' ਦਾ ਅਪਭ੍ਰੰਸ਼ ਰੂਪ ਹੈ, ਜਿਸ ਦਾ ਅਰਥ ਹੈ : ਨਿਰੰਤਰ (ਲਗਾਤਾਰ) ਚਲਣ ਵਾਲਾ । ਪ੍ਰਭੂ ਦਾ ਮਨੋਂ ਮਨੀਂ ਨਿਰੰਤਰ ਧਿਆਨ ਕਰਦਿਆਂ ਭਗਵਾਨ ਸ੍ਰੀ ਕ੍ਰਿਸ਼ਣ ਦੀ ਮਹਿਮਾ ਨੂੰ ਗੁਰੂ-ਸ਼ਿਸ਼ ਪਰੰਪਰਾ ਰਾਹੀਂ ਲਗਾਤਾਰ ਵਧਾਉਣ ਲਈ ਸੱਚੇ -ਸੁੱਚੇ ਉਪਦੇਸ਼ਾਂ ਨੂੰ ਅਪਣਾਉਂਦੇ ਰਹਿਣਾ ਹੀ ਸਾਡੀ ਦ੍ਰਿਸ਼ਟੀ ਵਿਚ "ਤਾਰਤਮ ਮੰਤ੍ਰ" ਹੈ । ਇਹੋ ਕਾਰਨ ਹੈ ਕਿ ਪ੍ਰਾਣਨਾਥ ਜੀ ਨੇ "ਭਾਗਵਤ ਪੁਰਾਣ" ਵਾਂਗ ਸਾਰੇ ਧਰਮ ਗ੍ਰੰਥਾਂ ਅਤੇ ਸਭਨਾਂ ਧਰਮਾਂ ਦੇ ਮੋਢੀਆਂ ਨੂੰ ਭਰਪੂਰ ਸਨਮਾਨ ਦੇ ਕੇ ਆਪਣੇ ਸੰਪ੍ਰਦਾਇ ਨੂੰ ਮਮੋਨਵਾਦੀ ਬਣਾ ਦਿੱਤਾ ਹੈ।

ਇਸ ਤੱਥ ਦੀ ਪ੍ਰੋੜਤਾ ਲਈ ਇਕ ਟੂਕ ਪੇਸ਼ ਹੈ :

"ਮਹਾਮਤਿ ਪ੍ਰਾਣਨਾਥ ਨੇ 17ਵੀਂ ਸਦੀ ਵਿਚ ਸ੍ਰੀ ਕ੍ਰਿਸ਼ਣ ਦੇ ਜਿਸ ਰੂਪ ਦੀ ਅਵਧਾਰਨਾ ਕੀਤੀ, ਉਹ ਸਮੁੱਚੇ ਭਾਰਤੀ ਸਾਹਿੱਤ ਵਿਚ ਨਵੀਨ ਅਤੇ ਦੁਰਲਭ ਹੈ। ਪ੍ਰਾਣਨਾਥ ਦੇ ਕ੍ਰਿਸ਼ਣ ਗੀਤਾ, ਭਾਗਵਤ, ਵਿਸ਼ਣੁਸ੍ਵਾਮੀ (ਸ਼ੁੱਧਾਦੈਤ), ਨਿੰਬਾਰਕਾਚਾਰਯ

(ਦੈਤਾਦੈਤ), ਵੱਲਭਾਚਾਰਯ (ਪੁਸ਼ਟਿ ਮਾਰਗ) ਅਤੇ ਚੈਤਨਯ ਮਹਾਪ੍ਰਭ ਦੇ ਕ੍ਰਿਸ਼ਣ ਤੋਂ ਕਿਤੇ ਜ਼ਿਆਦਾ ਵਿਆਪਕ ਅਤੇ ਵੱਖਰੇ ਸਰੂਪ ਵਾਲੇ ਹਨ। ਯੁਗ ਯੁਗ ਵਿਚ ਅਵਤਾਰ ਲੈ ਕੇ ਅਧਰਮ ਦਾ ਨਾਸ਼ ਅਤੇ ਧਰਮ ਦੀ

ਸਥਾਪਨਾ ਕਰਨ ਵਾਲੇ ਵਿਸ਼ਣੂ ਸਰੂਪ ਸ੍ਰੀ ਕ੍ਰਿਸ਼ਣ। ਉਨ੍ਹਾਂ ਦੇ ਧਰਮ ਰੱਖਿਅਕ ਅਤੇ ਸੱਚੇ ਧਰਮ ਦੀ ਸਥਾਪਨਾ ਕਰਨ ਵਾਲੇ ਸ੍ਰੀ ਕ੍ਰਿਸ਼ਣ ਹੀ ਰਾਸ-ਲੀਲਾ ਖੇਲ੍ਹਣ ਤੋਂ ਬਾਅਦ ਅਰਬ ਦੇਸ਼ਾਂ ਵਿਚ ਸਾਮ ਰੂਪ ਵਿਚ, ਪਰਮਾਤਮਾ ਦੇ ਆਦੇਸ਼ ਕਾਰਨ ਮੁਹੰਮਦ ਸਾਹਿਬ ਦੇ ਰੂਪ ਵਿਚ ਪਧਾਰੇ... ਮਹਾਮਤਿ ਪ੍ਰਾਣਨਾਥ ਨੇ (ਆਪਣੇ ਗੁਰੂ ਦੇ ਤਾਰਤਮ ਮੰਤ੍ਰ ਅਨੁਸਾਰ) ਅੱਖਰ-ਅਤੀਤ ਸ੍ਰੀ ਕ੍ਰਿਸ਼ਣ ਦੇ ਇਸ 'ਜਾਗਨੀ' (ਵਿਆਪਕਤਾ, ਵਿਰਾਟਤਾ, ਜੀਵੰਤਤਾ ਅਤੇ ਸਮਨਵੈ ਦੇ ਸਿੱਧਾਂਤ) ਸਰੂਪ ਦੀ ਅਵਤਾਰਨਾ ਕੀਤੀ, ਜੋ ਬੁੱਧ, ਈਸਾ, ਮੂਸਾ ਅਤੇ ਮੁਹੰਮਦ ਨੂੰ ਇਕੋ ਜਿਹੇ ਰੂਪ ਵਿਚ ਵੇਖਦਾ ਹੈ ਅਤੇ ਇਸ ਪ੍ਰਕਾਰ ਸਮੋਨਵਾਦ ਦਾ ਸੰਦੇਸ਼ ਦਿੰਦਾ ਹੈ।"

(4) ਹਰੇ ਕ੍ਰਿਸ਼ਣਾ ਮੂਵਮੈਂਟ : ਸ੍ਰੀ ਕ੍ਰਿਸ਼ਣ ਦੀ ਮਹਿਮਾ ਦੀ ਪ੍ਰਚਾਰ ਪ੍ਰਸਾਰ ਦੀ ਇਹ ਲਹਿਰ (Movement) ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਬੰਗਾਲ ਦੇ ਜੰਮਪਲ ਇਕ ਵਪਾਰੀ ਨੇ ਪ੍ਰਚਾਰਕ (Preacher) ਬਣ ਕੇ ਅਮਰੀਕਾ ਵਿਖੇ ਸ਼ੁਰੂ ਕੀਤੀ ਸੀ। ਇਸ ਨੂੰ "ਟਿਪ੍ਤਬੈਠ" (Iskcon)" [International society for Krishna consciousness] ਹੀ ਸੱਦਿਆ ਜਾਂਦਾ ਹੈ। ਇਸ ਲਹਿਰ ਦੇ ਮੋਢੀ ਸੱਜਨ ਦਾ ਨਾਂ ਸ੍ਰੀ ਅਭਯ ਚਰਣ ਡੇ ਸੀ। ਹੁਣ ਤਾਂ ਇਸ ਦੇ ਪ੍ਰਭਾਵ ਕਾਰਨ ਬਹੁਤ ਸਾਰੇ ਵਿਦੇਸ਼ੀ ਪੁਰਸ਼ ਸਿਰ ਮੁੰਡਵਾ ਕੇ ਕ੍ਰਿਸ਼ਣ ਭਗਤ ਬਣ ਗਏ ਹਨ। ਇਹੋ ਨਹੀਂ ਬਹੁਤ ਸਾਰੀਆਂ ਮੇਮਾਂ (ਗੋਰੀਆਂ ਇਸਤਰੀਆਂ) ਵੀ ਇਸ ਸੰਪ੍ਰਦਾਇ ਵਿਚ ਸ਼ਾਮਿਲ ਹੋ ਗਈਆਂ ਹਨ। ਵਿਦੇਸ਼ਾਂ ਵਿਚ ਹੀ ਨਹੀਂ ਸਗੋਂ ਭਾਰਤ ਦੇ ਅਨੇਕ ਵੱਡੇ ਸ਼ਹਿਰਾਂ -ਖਾਸ ਤੌਰ ਤੇ ਸ੍ਰੀ ਕ੍ਰਿਸ਼ਣ ਦੇ ਜਨਮ ਅਸਥਾਨ ਮਥੁਰਾ - ਵਿਚ ਇਸਕੋਨ ਵਲੋਂ ਰਾਧਾ-ਕ੍ਰਿਸ਼ਣ ਦੀ ਜੁਗਲ ਜੋੜੀ ਵਾਲੇ ਮੰਦਿਰ ਬਣ ਚੁੱਕੇ ਹਨ। ਇਸ ਪ੍ਰਕਾਰ ਗੈਰ ਹਿੰਦੂ ਧਰਮਾਂ ਦੇ ਗੋਰਿਆਂ ਦਾ ਸ੍ਰੀ ਕ੍ਰਿਸ਼ਣ ਦੀ ਭਗਤੀ ਪ੍ਰਤੀ ਰੁਝਾਣ "ਹਰੇ ਕ੍ਰਿਸ਼ਣਾ ਮੂਵਮੈਂਟ" ਨੂੰ ਸਮੋਨਵਾਦੀ ਸੰਪ੍ਰਦਾਇ ਬਣਾਉਣ ਵਿਚ ਸਹਾਈ ਹੋਇਆ ਹੈ। ਜਗਨ ਨਾਥ ਪੁਰੀ ਦੀ ਰੱਥ ਯਾਤਰਾ ਵਾਂਗ "ਇਸਕੌਨ" ਵਾਲੇ ਮੰਦਿਰਾਂ ਵਲੋਂ ਦੇਸ਼ ਵਿਚ ਕਿਸੇ ਨਾਂ ਕਿਸੇ ਵੇਲੇ ਸਾਲ ਵਿਚ ਇਕ ਵਾਰੀ ਆਪਣੇ-ਆਪਣੇ ਸ਼ਹਿਰ ਵਿਚ "ਰਥ ਯਾਤਰਾ ਉਤਸਵ" ਮਨਾਉਣ ਦੀ ਖਬਰ ਭਾਰਤੀ ਅਖਬਾਰਾਂ ਵਿਚ ਛਪਦੀ ਹੀ ਰਹਿੰਦੀ ਹੈ।

ਕੁਝ ਹੋਰ ਵੈਸ਼ਣਵ ਸੰਪ੍ਰਦਾਇ

(1) ਮੱਧਵਾਚਾਰੀਆ ਦਾ ਬ੍ਰਹਮ ਸੰਪ੍ਰਦਾਇ : ਇਸ ਦੀ ਸਥਾਪਨਾ ਰਾਮਾਨੁਜ ਆਚਾਰੀਆ ਦੇ ਅਕਾਲ ਚਲਾਣੇ ਤੋਂ ਲਗਭਗ ਪੌਣੀ ਸਦੀ ਬਾਅਦ ਮਧ ਆਚਾਰੀਆ ਨਾਂ ਦੇ ਵਿਦਵਾਨ ਨੇ ਕੀਤੀ ਸੀ। ਇਸ ਸੰਪ੍ਰਦਾਇ ਦਾ ਦਾਰਸ਼ਨਿਕ ਸਿੱਧਾਂਤ "ਦੈਤਵਾਦ" ਅਖਵਾਉਂਦਾ ਹੈ। ਅਨਿੰਨ ਭਗਤੀ ਨੂੰ ਇਸ ਸੰਪ੍ਰਦਾਇ ਵਿਚ "ਅਮਲਾ ਭਗਤੀ" ਆਖਿਆ ਜਾਂਦਾ ਹੈ। ਇਹ ਭਗਤੀ ਸੁਆਰਥ ਤੋਂ ਬਿਨਾਂ ਦਾਸ ਭਾਵ ਨਾਲ ਹੀ ਨੇਪਰੇ ਚੜ੍ਹਦੀ ਹੈ।

(2) ਵਿਸ਼ਣੂ ਸ੍ਵਾਮੀ ਦਾ ਰੁਦ੍ਰ ਸੰਪ੍ਰਦਾਇ : ਵਿਸ਼ਣੂ ਸੁਆਮੀ ਅਸ਼ਟ ਛਾਪ ਵਾਲੇ ਸ੍ਰੀ ਵੱਲਭ ਆਚਾਰੀਆ ਦੇ ਪੈਰੋਕਾਰ ਅਤੇ ਉਨ੍ਹਾਂ ਦੀ ਗੱਦੀ ਦੇ ਉੱਤਰ ਅਧਿਕਾਰੀ ਸਨ। ਪਰ ਵਿੱਦਿਆਨਗਰ ਦੇ ਮਹੱਤਵਪੂਰਨ ਸ਼ਾਸਤਰਾਰਥ ਵਿਚ ਜਿੱਤ ਪ੍ਰਾਪਤ ਕਰਨ ਮਗਰੋਂ ਵੱਲਭਆਚਾਰੀਆ ਜੀ ਨੇ ਆਪਣੇ ਇਸ ਸ਼ਿਸ਼ ਨੂੰ ਨਵਾਂ ਸੰਪ੍ਰਦਾਇ ਸਥਾਪਿਤ ਕਰਨ ਦੀ ਆਗਿਆ ਦੇ ਦਿੱਤੀ। ਇਸ ਸੰਪ੍ਰਦਾਇ ਵਿਖੇ ਗੁਪਾਲ (ਗਊਆਂ ਚਾਰਨ ਵਾਲੇ) ਕ੍ਰਿਸ਼ਣ ਨੂੰ ਸਾਖਿਆਤ ਪਰਮੇਸ਼ਰ ਮੰਨ ਕੇ ਵਿਸ਼ਣੂ ਦੇ ਇਕ ਹੋਰ ਅਵਤਾਰ ਨਰਸਿੰਘ ਭਗਵਾਨ ਨੂੰ ਪੂਜਨੀਕ ਦੇਵਤਾ ਵਜੋਂ ਸਨਮਾਨ ਦਿੱਤਾ ਜਾਂਦਾ ਹੈ।

"ਰੁਦ੍ਰ" ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੀ ਵਰਤੋਂ ਸ਼ਿਵ ਜੀ ਲਈ ਕੀਤੀ ਜਾਂਦੀ ਹੈ। ਇਸ ਸ਼ਬਦ ਤੋਂ ਹੀ ਭਾਰਤੀ ਸਾਹਿਤ ਦੇ ਨੌ ਰਸਾਂ ਵਿਚੋਂ ਇਕ "ਰੌਦ੍ਰ ਰਸ" ਦੀ ਬਣਤਰ ਦਾ ਪਿਛੋਕੜ ਲੱਭਿਆ ਜਾ ਸਕਦਾ ਹੈ। ਨਰਸਿੰਘ ਭਗਵਾਨ ਦਾ ਮੂੰਹ ਸ਼ੇਰ ਵਰਗਾ ਡਰਾਉਣਾ ਅਤੇ ਧੜ ਮਨੁੱਖ ਵਰਗਾ ਦਰਸਾਇਆ ਜਾਂਦਾ ਹੈ। ਇਸੇ ਰੂਪ ਵਿਚ ਪ੍ਰਗਟ ਹੋ ਕੇ ਉਨ੍ਹਾਂ ਨੇ ਆਪਣੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ। "ਰੁਦ੍ਰ ਸੰਪ੍ਰਦਾਇ" ਦਾ ਦਾਰਸ਼ਨਿਕ ਸਿੱਧਾਂਤ "ਸ਼ੁੱਧ-ਅਦੈਤਵਾਦ" ਅਖਵਾਉਂਦਾ ਹੈ।

(3) ਵੈਸ਼ਣਵ ਸਹਜਯਾਨ : ਇਹ ਬੋਧੀ ਮਤ (Buddhist) ਦੀ ਸਹਜਯਾਨ ਸ਼ਾਖਾ ਦੀ ਚਿੰਤਨ-ਧਾਰਾ ਦਾ ਵੈਸ਼ਣਵੀ ਰੂਪ ਮੰਨਿਆ ਜਾਂਦਾ ਹੈ। "ਬੋਧੀ ਸਹਜਯਾਨ" ਵਾਂਗ ਇਸ ਵਿਚ ਪ੍ਰੇਮ ਅਤੇ ਗੁਰੂ-ਭਗਤੀ ਦਾ ਮਹੱਤਵ ਬਰਕਰਾਰ ਹੈ। ਇਸ ਵਿਚ ਅਵਤਾਰਵਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਇਸ ਮਤ ਵਿਚ ਜੀਵ ਅਤੇ ਬ੍ਰਹਮ ਦੇ ਮਿਲਾਪ ਨੂੰ "ਸਹਾ ਸੁਖ" ਆਖਿਆ ਜਾਂਦਾ ਹੈ। ਇਹ ਸਥਿਤੀ ਰਾਧਾ ਤੇ ਕ੍ਰਿਸ਼ਣ ਅਤੇ ਸ਼ਿਵ ਤੇ ਸ਼ਕਤੀ ਦੇ ਮਿਲਾਪ ਵਿਚ ਇਕੋ ਜਿਹੀ ਵੈਸ਼ਣਵ ਸਹਜਯਾਨੀ ਭਗਤਾਂ ਵਲੋਂ ਅਨੁਭਵ ਕੀਤੀ ਜਾਂਦੀ ਹੈ।

ਇਨ੍ਹਾਂ ਤੋਂ ਅਲਾਵਾ ਗੋਕੁਲੇਸ਼, ਵਿੰਦਾਵਨੀ, ਹਰਿਗਯਾਮੀ ਅਤੇ ਭਾਗਵਤ ਨਾਂ ਦੇ ਕੁਝ ਹੋਰ ਨਿੱਕੇ ਮੋਟੇ ਸੰਪ੍ਰਦਾਇ ਵੀ ਆਪਣੇ ਸੀਮਿਤ ਖੇਤਰਾਂ ਵਿਚ ਵਿਦਮਾਨ ਰਹਿ ਕੇ ਵੈਸ਼ਣਵ ਭਗਤੀ ਦੇ ਪ੍ਰਚਾਰ-ਪ੍ਰਸਾਰ ਦਾ ਕਾਰਜ ਕਰਦੇ ਹਨ। ਇਨ੍ਹਾਂ ਦਾ ਆਪਸੀ ਅੰਤਰ ਬਹੁਤਾ ਕਰਕੇ ਪ੍ਰਚਾਰਕਾਂ ਦੇ ਪਹਿਰਾਵੇ, ਮੱਥੇ ਉਤੇ ਤਿਲਕ ਅਤੇ ਪੂਜਾ-ਵਿਧੀ ਦੀ ਭਿੰਨਤਾ ਕਾਰਨ ਹੀ ਨਜ਼ਰ ਆਉਂਦਾ ਹੈ।

**ਯੂਨਿਟ 5 ਸਿਧ ਨਾਥ ਅਤੇ ਸੂਫੀ ਸੰਪਰਦਾਇ**

ਪੂਰਵ ਨਾਨਕ ਕਾਲ ਵਿੱਚ ਭਾਰਤ ਵਿੱਚ ਨਾਥ ਸੰਪ੍ਰਦਾਇ ਦਾ ਬਹੁਤ ਪ੍ਰਭਾਵ ਰਿਹਾ। ਇਹ ਇਕ ਅਧਿਆਤਮਕ ਲਹਿਰ ਸੀ, ਜੋ ਸਹਿਜਯਾਨੀ ਅਤੇ ਸ਼ੈਵ ਮੱਤ ਦੇ ਮੇਲ ਤੋਂ ਉਤਪੰਨ ਹੋਈ । ਨਾਥਾਂ ਲਈ ਜੋਗੀ, ਸਿੱਧ, ਅਵਧੂਤ, ਅਵਧੂ, ਅੱਧੂ, ਰਾਵਲ ਆਦਿ ਸ਼ਬਦ ਵੀ ਵਰਤ ਲਏ ਜਾਂਦੇ ਹਨ । ਅਚਾਰੀਆ ਹਜਾਰੀ ਪ੍ਰਸ਼ਾਦ ਦਿਵੇਦੀ ਦੀ ਨਾਥ ਸ਼ਬਦ ਬਾਰੇ ਧਾਰਣਾ ਹੈ, "ਨਾ ਦਾ ਅਰਥ ਹੈ ਅਨਾਦਿ ਰੂਪ ਅਤੇ ਥ ਦਾ ਅਰਥ ਹੈ ਤਿੰਨ ਲੋਕਾਂ ਦਾ ਸਥਾਪਤ ਹੋਣਾ । ਇਸ ਤਰ੍ਹਾਂ ਨਾਥ ਮੱਤ ਦਾ ਸਪਸ਼ਟ ਅਰਥ ਉਹ ਅਨਾਦਿ ਧਰਮ ਹੈ, ਜਿਹੜਾ ਤਿੰਨ ਲੋਕਾਂ ਦੀ ਸਥਿਰਤਾ ਦਾ ਕਾਰਣ ਹੈ। ਗੁਰੂ ਗੋਰਖ ਨਾਥ ਨੂੰ ਇਸ ਕਰਕੇ ਨਾਥ ਕਿਹਾ ਜਾਂਦਾ ਹੈ ।" ਨਾਥ ਸ਼ਬਦ ਮੁਕਤੀ ਦਾਤੇ ਦਾ ਗਿਆਨ ਕਰਾਉਣ ਵਾਲੇ ਤੋਂ ਵੀ ਲਿਆ ਜਾਂਦਾ ਹੈ । ਨਾਥ ਮੱਤ ਨੂੰ ਹਰੇਕ ਜੋਗੀ ਨਾਂ ਪਿੱਛੇ ਨਾਥ ਆਉਣ ਕਰਕੇ ਵੀ ਨਾਥ ਸੰਪ੍ਰਦਾਇ ਕਿਹਾ ਜਾਂਦਾ ਹੈ। "ਜੋਗੀਆਂ ਦੇ ਮਹੰਤਾਂ ਦੀ ਉਪਾਧੀ ਨੂੰ ਨਾਥ ਕਿਹਾ ਜਾਂਦਾ ਹੈ। ਨਾਥ ਜਾਂ ਨਾਹ ਭਰਤਾ, ਸਵਾਮੀ ਜਾਂ ਮਾਲਕ ਦੇ ਅਰਥਾਂ ਵਿਚ ਆਉਂਦਾ ਹੈ।"

ਜੋਗੀ ਸ਼ਬਦ ਜੋਗ ਤੋਂ ਬਣਿਆ। ਜੋਗ ਦਾ ਅਰਥ ਹੈ ਜੁੜਨਾ ਅਰਥਾਤ ਮਨ ਦੀ ਸਾਧਨਾ ਦੁਆਰਾ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਦੀ ਪ੍ਰੀਕ੍ਰਿਆ । ਜੋਗ ਇਕ ਅਜਿਹਾ ਸੰਜਮ ਹੈ, ਜੋ ਮਨ ਨੂੰ ਡੋਲਣ ਤੋਂ ਰੋਕਦਾ ਹੈ, ਚਿਤਵ੍ਰਿਤੀਆਂ ਨੂੰ ਨਿਯੰਤਰਿਤ ਕਰਦਾ ਹੈ। ਜੋਗ ਨੂੰ ਧਾਰਨ ਕਰਕੇ ਜੋਗੀ ਦੀ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕੰਨਾਂ ਵਿੱਚ ਮੁੰਦਰਾਂ ਪਾਉਣ ਕਾਰਨ ਜੋਗੀਆਂ ਨੂੰ 'ਕੰਨਪਾਟੇ ਜੋਗੀ' ਵੀ ਕਿਹਾ ਜਾਂਦਾ ਹੈ। "ਨਾਥ ਬਣਨ ਤੋਂ ਪਹਿਲਾਂ ਜਦੋਂ ਇਹਨਾਂ ਦੇ ਕੰਨ ਪਾੜੇ ਹੋਏ ਨਹੀਂ ਹੁੰਦੇ, ਇਹ ਔਘੜ ਕਹਾਉਂਦੇ ਹਨ। ਜਲੰਧਰ ਅਤੇ ਮਛੰਦਰ ਨਾਥ ਕੰਨ ਪਾਟੇ ਹੋਏ ਨਹੀਂ ਸਨ । ਇਸ ਕਰਕੇ ਇਹਨਾਂ ਨੂੰ ਵਧੇਰੇ ਕਰਕੇ ਔਘੜ ਨਾਥ ਵੀ ਕਿਹਾ ਜਾਂਦਾ ਹੈ ।" ਨਾਥਾਂ ਲਈ ਵਰਤੇ ਜਾਂਦੇ ਸਿੱਧ ਸ਼ਬਦ ਦਾ ਅਰਥ ਹੈ ਨਿਰਣੇ ਕੀਤਾ ਹੋਇਆ, ਅਰਥਾਤ ਸੋਧਿਆ ਹੋਇਆ । ਸਿੱਧ ਸ਼ਬਦ 'ਸਿਧਾਂਤ' ਤੋਂ ਵੀ ਬਣਿਆ। "ਸਿੱਧਾਂ ਨੇ ਵਿਸ਼ੇਸ਼ ਸਿਧਾਂਤਾਂ ਨੂੰ ਸਿੱਧ ਕੀਤਾ । ਇਸ ਲਈ ਉਹ ਸਿੱਧ ਅਖਵਾਏ ।" ਸਿੱਧ ਸ਼ਬਦ ਉਨ੍ਹਾਂ ਲੋਕਾਂ ਲਈ ਵੀ ਵਰਤਿਆ ਜਾਂਦਾ ਹੈ, ਜੋ ਰਿਧੀਆਂ ਸਿਧੀਆਂ ਪ੍ਰਾਪਤ ਕਰ ਜਾਂਦੇ ਹਨ। ਸਿੱਧ ਸ਼ਬਦ ਸਾਧਣ ਦੀ ਪ੍ਰੀਕ੍ਰਿਆ ਨਾਲ ਵੀ ਜੁੜਿਆ ਹੈ, ਕਿਸੇ ਮਨੋਰਥ ਦੀ ਸਿਧੀ ਲਈ ਚਿਤਵ੍ਰਿਤੀਆਂ ਨੂੰ ਸਾਧਣਾ ।

ਜੋਗ ਮੱਤ ਦੇ ਉਥਾਨ ਬਾਰੇ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਉਹ ਉਪਨਿਸ਼ਦਾਂ ਦੇ ਸਮੇਂ ਤੋਂ ਹੀ ਉਤਪੰਨ ਹੋ ਗਿਆ ਸੀ। ਉਪਨਿਸ਼ਦ, ਗੀਤਾ ਅਤੇ ਹੋਰ ਗ੍ਰੰਥਾਂ ਵਿੱਚ ਜੋਗ ਦਾ ਜ਼ਿਕਰ ਹੋਇਆ ਮਿਲਦਾ ਹੈ । ਕੁਝ ਵਿਦਵਾਨ ਜੋਗ ਮੱਤ ਦਾ ਸ੍ਰੋਤ ਬੁੱਧ ਮੱਤ ਨੂੰ ਸਮਝਦੇ ਹਨ ਕਿ ਬੁੱਧ ਮੱਤ ਦੀ ਇੱਕ ਸੰਪ੍ਰਦਾਇ ਹੀਨਯਾਨ ਦੇ ਇੱਕ ਟੋਲੇ ਨੇ ਸਿੱਧਾਂ ਦਾ ਰੂਪ ਧਾਰਨ ਕੀਤਾ ਸੋ ਨਾਥ ਜੋਗੀ ਇਨ੍ਹਾਂ ਸਿੱਧਾਂ ਦਾ ਬਦਲਿਆ ਰੂਪ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਨਾਥਾਂ ਜੋਗੀਆਂ ਲਈ ਸਿੱਧ ਸ਼ਬਦ ਵਰਤਿਆ।

ਸੁਣਿਐ ਸਿਧ ਪੀਰ ਸੁਰਿ ਨਾਥ (ਜਪੁਜੀ ਸਾਹਿਬ)

ਸਿੱਧ ਸਭਾ ਕਰ ਆਸਣ ਬੈਠੇ (ਸਿਧ ਗੋਸ਼ਟ)

ਕੁਝ ਸਮਾਂ ਬੀਤਣ ਨਾਲ ਸਿੱਧ ਜੋਗੀ ਆਪਣੀ ਵਿਰਾਸਤ ਦਾ ਫਖਰ ਭੁੱਲ ਬੈਠੇ, ਉਨ੍ਹਾਂ ਦਾ ਜੀਵਨ ਰਸਾਤਲ ਵੱਲ ਜਾਣ ਲੱਗਾ । ਉਹ ਲੋਕਾਂ ਨੂੰ ਸਦਾਚਾਰਕ ਅਤੇ ਧਾਰਮਿਕ ਉਪਦੇਸ਼ ਦੇਣ ਦੀ ਥਾਂ ਰਿੱਧੀਆਂ ਸਿੱਧੀਆਂ ਅਤੇ ਜੰਤਰਾਂ-ਮੰਤਰਾਂ ਰਾਹੀਂ ਠੱਗਣ ਲੱਗ ਪਏ ਸਨ। ਇਸ ਸਾਰੇ ਵਿਰੁੱਧ ਸਿੱਧ ਜੋਗੀਆਂ ਵਿੱਚ ਇੱਕ ਸੁਧਾਰਕ ਲਹਿਰ ਉਠੀ, ਜਿਨ੍ਹਾਂ ਨੇ ਨਾਥ ਮੱਤ ਨੂੰ ਨਵੇਂ ਸਿਰੇ ਤੋਂ ਸੰਗਠਿਤ ਕੀਤਾ। ਨਾਥਾਂ ਨੇ ਸਿੱਧਾਂ ਦੀ ਵਿਚਾਰਧਾਰਾ ਅਤੇ ਵਾਮਮਾਰਗੀ ਸਾਧਨਾ ਪੱਧਤੀ ਦਾ ਖੰਡਨ ਕੀਤਾ । ਇਸ ਤਰ੍ਹਾਂ ਨਾਥ ਸੰਪ੍ਰਦਾਇ ਸਹਿਜਯਾਨ ਸੰਪ੍ਰਦਾਇ ਦੀ ਪ੍ਰਤੀਕ੍ਰਿਆ ਦੇ ਰੂਪ ਵਿੱਚ ਸਾਹਮਣੇ ਆਈ । ਇਸਦੇ ਪੈਰੋਕਾਰ ਹਿੰਦੂਆਂ ਤੋਂ ਇਲਾਵਾ ਮੁਸਲਮਾਨ ਵੀ ਸਨ । ਜਿੱਥੇ ਸਿੱਧ ਈਸ਼ਵਰ ਦੀ ਹੋਂਦ ਨੂੰ ਨਹੀਂ ਮੰਨਦੇ, ਉਥੇ ਨਾਥ ਪ੍ਰਭੂ ਬੰਦਗੀ ਉਪਰ ਵਿਸ਼ੇਸ਼ ਜ਼ੋਰ ਦਿੰਦੇ ਹਨ । ਸਿੱਧ ਸਹਿਜ ਸਾਧਨਾਂ ਨੂੰ ਸਵੀਕਾਰ ਕਰਦੇ ਹਨ, ਪਰ ਨਾਥ ਜੋਗੀ ਹੱਠ ਯੋਗ ਦੀ ਕਸ਼ਟਮਈ ਸਾਧਨਾ ਪੱਧਤੀ ਉੱਪਰ ਜ਼ੋਰ ਦਿੰਦੇ ਹਨ। ਉਹਨਾਂ ਦੀ ਬਾਹਰੀ ਸਾਧਨਾਂ ਦੀ ਥਾਂ ਤਿਆਗਪਰਕ ਆਂਤਰਿਕ ਸਾਧਨਾ ਨੂੰ ਕਾਇਮ ਕੀਤਾ। ਉਹ ਧਿਆਨ ਮਾਰਗ ਅਤੇ ਪ੍ਰਾਣਾਯਾਮ ਅਵਸਥਾ ਦੁਆਰਾ ਸਮਾਧੀ ਵਿੱਚ ਪੁੱਜ ਕੇ ਆਪਣੀ ਸੁਰਤ ਸ਼ਬਦ ਨਾਲ ਜੋੜ ਕੇ ਉਨਮੁਨ ਦੀ ਅਵਸਥਾ ਤੱਕ ਪਹੁੰਚਦੇ ਹਨ। ਯੋਗਿਕ ਕ੍ਰਿਆਵਾਂ ਰਾਹੀਂ ਸਰੀਰ ਨੂੰ ਸਾਧ ਕੇ ਈਸ਼ਵਰ ਨਾਲ ਅਭੇਦ ਹੋਣ ਦਾ ਯਤਨ ਕੀਤਾ ਜਾਂਦਾ ਹੈ । ਬ੍ਰਹਮਚਾਰੀਆ ਦਾ ਇਸ ਮੱਤ ਵਿੱਚ ਪ੍ਰਮੁਖ ਮਹੱਤਵ ਹੈ। ਯੋਗ ਦਾ ਪ੍ਰਮਾਣਿਕ ਗ੍ਰੰਥ ਪਾਤੰਜਲੀ ਦਾ ਯੋਗ ਸੂਤਰ ਹੈ।

ਜੋਗੀਆਂ ਦੇ ਵਿਸ਼ੇਸ਼ ਭੇਖ ਚਿੰਨ ਹਨ। ਪਿੰਡੇ ਉਪਰ ਭਸਮ ਮਲਣਾ, ਗੇਰੂ ਰੰਗ ਦੇ ਕੱਪੜੇ, ਸਿਰ ਉੱਪਰ ਜਟਾਵਾਂ, ਗਲ ਵਿਚ ਰੁਦਰਾਖਸ਼ ਦੇ ਮਣਕਿਆਂ ਦੀ ਮਾਲਾ, ਉੱਨ ਦਾ ਬਣਿਆ ਜਨੇਊ ਪਾਉਣਾ, ਬਗਲ ਵਿੱਚ ਖੱਪਰ ਚਿੱਪੀ (ਜੋ ਕਿ ਦਰਿਆਈ ਨਾਰੀਅਲ ਦੀ ਬਣੀ ਹੁੰਦੀ ਹੈ ਅਤੇ ਭਿੱਖਿਆ ਮੰਗਣ ਲਈ ਵਰਤੀ ਜਾਂਦੀ ਹੈ) ਹੱਥ ਵਿੱਚ ਕਰਮੰਡਲ, ਸਿੰਗੀ (ਮੂੰਹ ਵਿਚ ਪਾ ਕੇ ਫੂਕ ਮਾਰ ਕੇ ਵਜਾਉਣ ਵਾਲਾ ਸਾਜ਼), ਕਿੰਗਰੀ (ਇੱਕ ਸਾਜ਼ ਜਿਸ ਉਪਰ ਨਾਥ ਪੰਥੀ ਗੀਤ ਗਾਏ ਜਾਂਦੇ ਹਨ), ਪਵਿੱਤਰੀ (ਹਿਰਨ ਦੇ ਸਿੰਗ ਦੀ ਬਣੀ ਜੋ ਕਿ ਸਿੰਗੀ ਨਾਦ ਜਨੇਊ ਵਿੱਚ ਬੱਝੀ ਹੁੰਦੀ ਹੈ), ਧੰਧਾਰੀ (ਲੱਕੜੀ ਦੀਆਂ ਤੀਲੀਆਂ ਜਾਂ ਲੋਹੇ ਦੀਆਂ ਤਾਰਾਂ ਨਾਲ ਬਣੀ ਹੁੰਦੀ ਹੈ, ਜਿਸ ਬਾਰੇ ਵਿਸ਼ਵਾਸ ਹੈ ਕਿ ਮੰਤਰ ਪੜ੍ਹ ਕੇ ਇਸਨੂੰ ਖੋਲ੍ਹਣ ਨਾਲ ਭਵਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ) ਅਤੇ ਸਿਰ ਮੁਨਾਉਣ ਦੀ ਰਿਵਾਇਤ ਪ੍ਰਚਲਿਤ ਹੈ । ਜੋਗੀਆਂ ਦੀ ਰਿਹਾਇਸ਼ ਨੂੰ 'ਨਾਥ ਵਾੜਾ' ਜਾਂ 'ਡੇਰਾ' ਕਿਹਾ ਜਾਂਦਾ ਹੈ । ਜੋਗੀਆਂ ਦੇ ਡੇਰਿਆਂ ਤੇ ਸਦਾ ਇੱਕ ਟਾਂਗੋਟੀ (ਅਰਥੀ) ਤਿਆਰ ਰਹਿੰਦੀ ਹੈ, ਜਿਸ ਨਾਲ ਹਰੇਕ ਜੋਗੀ ਨੂੰ ਇਹ ਯਾਦ ਰਹਿੰਦਾ ਹੈ ਕਿ ਅੰਤ ਉਸ ਦੀ ਮੌਤ ਹੋ ਜਾਣੀ ਹੈ । ਇਸ ਤੋਂ ਬਿਨ੍ਹਾਂ ਜੋਗੀਆਂ ਦੀਆਂ ਹੋਰ ਬੁਨਿਆਦੀ ਚੀਜ਼ਾਂ ਜਿਵੇਂ ਆਧਾਰੀ, ਫਹੁੜੀ ਅਤੇ ਉੱਨ ਦੀਆਂ ਰੱਸੀਆਂ ਆਦਿ ਹਨ। 'ਅਲਖ ਨਿਰੰਜਨ' ਨਾਥਾਂ ਦਾ ਅਲਾਪ ਹੈ, ਜੋ ਉਹ ਭਿੱਖਿਆ ਮੰਗਣ ਲਈ ਲੋਕਾਂ ਦੇ ਬੂਹੇ ਅੱਗੇ ਅਲਾਪਦੇ ਹਨ । ਉਹ ਬਹੁਦੇਵਵਾਦ, ਮੂਰਤੀ ਪੂਜਾ, ਤੀਰਥਾਂ ਅਤੇ ਵਰਤਾਂ ਦੇ ਸਖ਼ਤ ਖ਼ਿਲਾਫ ਹਨ । ਜੋਗੀ ਬਣਨ ਲਈ ਗੁਰੂ ਵਿੱਚ ਪੂਰਨ ਭਰੋਸਾ ਰੱਖਣਾ ਅਤੇ ਉਸ ਦੀ ਸ਼ਰਨ ਵਿੱਚ ਰਹਿਣਾ । ਸੰਜਮਮਈ ਜੀਵਨ ਬਿਤਾਉਣਾ, ਗ੍ਰਹਿਸਥ ਤੋਂ ਦੂਰ ਰਹਿਣਾ, ਨਸ਼ੀਲੀਆਂ ਵਸਤਾਂ ਤੋਂ ਗੁਰੇਜ ਕਰਨਾ, ਥੋੜ੍ਹਾ ਸੌਣਾ, ਥੋੜ੍ਹਾ ਖਾਣਾ ਅਤੇ ਸਾਧਨਾ ਕਰਨੀ ਜ਼ਰੂਰੀ ਸਮਝਿਆ ਜਾਂਦਾ ਹੈ।

ਜੋਗੀਆਂ ਦੇ ਪ੍ਰਸਿੱਧ ਆਗੂ ਪ੍ਰਾਚੀਨ ਪੰਜਾਬ ਵਿੱਚ ਹੀ ਵਿਚਰੇ ਜਿਸਦਾ ਪਰਿਮਾਣ ਉਹਨਾਂ ਦੇ ਕਾਇਮ ਅੱਡਿਆਂ ਤੋਂ ਹੀ ਲੱਗਦਾ ਹੈ ਕਿ ਉਹ ਆਪਣੇ ਮੱਤ ਪ੍ਰਚਾਰ ਲਈ ਪੰਜਾਬ ਵਿਚ ਵਿਚਰਦੇ ਰਹੇ । ਜਿਹਲਮ ਵਿੱਚ ਗੋਰਖ ਨਾਥ ਦਾ ਟਿੱਲਾ, ਪਿਸ਼ਾਵਰ ਵਿੱਚ ਗੋਰਖ ਹੱਟੜੀ, ਸਿਆਲਕੋਟ ਵਿੱਚ ਪੂਰਨ ਦਾ ਖੂਹ, ਅਬੋਹਰ ਵਿੱਚ ਚੌਰੰਗੀ ਨਾਥ ਦੀ ਧੂਣੀ, ਬਠਿੰਡੇ ਵਿੱਚ ਰਤਨ ਨਾਥ ਦੀ ਸਮਾਧ, ਜਾਲੰਧਰ ਨਾਥ ਦਾ ਸੰਬੰਧ ਜਲੰਧਰ ਸ਼ਹਿਰ ਨਾਲ ਹੈ । ਨਾਥਾਂ ਦੀ ਬੋਲੀ ਦਾ ਠੁੱਕ ਵੀ ਪੰਜਾਬੀ ਹੀ ਹੈ ਭਾਵੇਂ ਕਿ ਇਸ ਵਿੱਚ ਅਪਭ੍ਰੰਸ਼ ਅਤੇ ਸਾਧੂਕੜੀ ਭਾਸ਼ਾ ਦਾ ਰਲਾ ਹੈ। ਬਹੁਤ ਸਾਰੇ ਸ਼ਬਦ ਗੁਰਮਤਿ ਕਾਵਿ ਨਾਲ ਮਿਲਦੇ-ਜੁਲਦੇ ਹਨ। ਗੁਰਮਤਿ ਕਾਵਿ ਵਿੱਚ ਵੀ ਨਾਥਾਂ ਦੀ ਦਾਰਸ਼ਨਿਕ ਸ਼ਬਦਾਵਲੀ ਮਿਲਦੀ ਹੈ ਜਿਵੇਂ ਅਲਖ, ਨਿਰੰਜਨ, ਓਅੰਕਾਰ, ਅਨਹਦ

ਨਾਦ, ਤੀਰਥ ਨਿਰੰਕਾਰ, ਸੁੰਨ ਸਮਾਧਿ, ਪਰਮਪਦ ਆਦਿ ਨਾਥਾਂ ਦੀ ਯੋਗ ਸਾਧਨਾ ਸੰਬੰਧਿਤ ਸ਼ਬਦ ਜਿਵੇਂ ਤਾੜੀ ਲਾਉਣਾ, ਪੁੰਨ-ਨਾਦ, ਵਰਤ, ਨਿਉਲੀ ਕਰਮ ਆਦਿ ਸੰਪ੍ਰਦਾਇਕ ਚਿੰਨਾਂ ਤਹਿਤ ਮੁੰਦਰਾਂ, ਬਿਭੂਤਿ, ਝੋਲੀ ਖਿੰਥਾ, ਸਿੰਗੀ ਖੱਪਰ ਆਦਿ ਦਾ ਵਿਵਰਣ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਸੰਵਾਦ ਰਚਾਏ, ਜਿਸ ਦਾ ਜ਼ਿਕਰ ਸਿਧ ਗੋਸ਼ਟ ਵਿੱਚ ਮਿਲਦਾ ਹੈ। ਨਾਥਾਂ ਨੇ ਪੰਜਾਬੀ ਸਭਿਆਚਾਰ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਪੰਜਾਬ ਦੇ ਕਿੱਸਾ ਸਾਹਿੱਤ ਅਤੇ ਲੋਕ ਸਾਹਿੱਤ ਵਿੱਚ ਨਾਥਾਂ ਦਾ ਜ਼ਿਕਰ ਹੋਇਆ ਮਿਲਦਾ ਹੈ। ਹੀਰ ਦੇ ਕਿੱਸੇ ਵਿੱਚ ਬਾਲ ਨਾਥ ਕੋਲੋਂ ਰਾਂਝਾ ਜੋਗ ਧਾਰਨ ਕਰਦਾ ਹੈ :

ਨਾਥਾ ਲਾਹ ਲੈ ਆਪਣੀਆਂ ਮੁੰਦਰਾਂ ਨੂੰ,

ਜਿਹੜੇ ਕੰਨ ਪਾੜੇ ਨੇ ਦਰੁਸਤ ਕਰ ਦੇ। ਮੇਰੇ ਪਿੰਡੇ ਤੋਂ ਆਪਣੀ ਰਾਖ ਲਾਹ ਲੈ, ਮੁੱਛਾਂ ਮੇਰੀਆਂ ਮੂੰਹ ਤੇ ਚੁਸਤ ਕਰ ਦੇ।

ਜੋਗੀ ਉਤਰ ਪਹਾੜੋਂ ਆਇਆ, ਚਰਖੇ ਦੀ ਘੂਕ ਸੁਣ ਕੇ।

(ਕਿੱਸਾ ਸਾਹਿਤ)

(ਲੋਕ ਸਾਹਿਤ)

ਪੰਜਾਬੀ ਪਰੰਪਰਾ ਵਿੱਚ 84 ਸਿੱਧਾਂ ਅਤੇ 9 ਨਾਥਾਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਵਿਚੋਂ ਆਦਿ ਨਾਥ, ਮਛੰਦਰ ਨਾਥ, ਜਾਲੰਧਰ ਨਾਥ, ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ, ਰਤਨ ਨਾਥ, ਗੋਪੀ ਚੰਦ ਸਿੱਧ ਨਾਥ ਪ੍ਰਮੁਖ ਹਨ।

ਨਾਥ ਮੱਤ ਦੇ ਸੰਸਥਾਪਕ ਭਗਵਾਨ ਸ਼ੰਕਰ, ਸ਼ਿਵ ਮਹਾਂਦੇਵ ਜਾਂ ਆਦਿ ਨਾਥ ਨੂੰ ਸਵੀਕਾਰ ਕੀਤਾ ਜਾਂਦਾ ਹੈ। ਮਾਨਵੀ ਸਰੂਪ ਤਹਿਤ ਆਦਿ ਨਾਥ ਦਾ ਅਵਤਾਰ ਮਛੰਦਰ ਨਾਥ ਨੂੰ ਸਵੀਕਾਰ ਕੀਤਾ ਜਾਂਦਾ ਹੈ। ਸੋ ਸਪਸ਼ਟ ਹੈ ਨਾਥਾਂ ਦੇ ਮੋਢੀ ਗੁਰੂ ਮਛੰਦਰ ਨਾਥ ਹੀ ਸਨ।ਮਛੰਦਰ ਨਾਥ ਦੇ ਜਨਮ ਬਾਰੇ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ। ਲੋਕ ਕਹਾਣੀਆਂ ਦੇ ਆਧਾਰ 'ਤੇ ਉਹ ਜਾਲੰਧਰ ਨਾਥ ਦਾ ਸਮਕਾਲੀ ਸਿੱਧ ਹੁੰਦਾ ਹੈ। ਮਛੰਦਰ ਦਾ ਪ੍ਰਮੁਖ ਚੇਲਾ ਗੋਰਖ ਨਾਥ ਸੀ। ਕਿਹਾ ਜਾਂਦਾ ਹੈ ਕਿ ਵਿਲਾਸਮਈ ਜੀਵਨ ਵਿੱਚ ਗਲਤਾਨ ਹੋ ਚੁੱਕੇ ਅਤੇ ਤ੍ਰੀਆ ਜਾਲ ਵਿਚ ਫਸੇ ਮਛੰਦਰ ਨਾਥ ਨੂੰ ਗੋਰਖ ਨਾਥ ਨੇ ਬਾਹਰ

ਕੱਢਿਆ। ਜਾਲੰਧਰ ਨਾਥ ਦੇ ਹੋਰ ਨਾਂ ਜਾਲੇਂਧਰ ਨਾਥ ਅਤੇ ਹਾਡੀਪਾ ਸਨ । ਜਾਲੰਧਰ ਨਾਥ ਦੀ ਬਾਣੀ ਗੁਰਮਤਿ ਨਾਲ ਮੇਲ ਖਾਂਦੀ ਹੈ । ਜੋਗੀਆਂ ਦੇ ਗ੍ਰੰਥਾਂ ਵਿੱਚ ਇਸ ਨੂੰ ਵੀ ਆਦਿ ਨਾਥ ਮੰਨਿਆ ਜਾਂਦਾ ਹੈ ।

ਗੋਰਖ ਨਾਥ ਨੂੰ ਸੰਪ੍ਰਦਾਇ ਵਿੱਚ ਪ੍ਰਮੁਖ ਸਥਾਨ ਪ੍ਰਾਪਤ ਹੈ, ਜਿਸ ਨੂੰ ਗੁਰੂ ਕਰਕੇ ਜਾਣਿਆ ਜਾਂਦਾ ਹੈ । ਘੋਰ ਤਪੱਸਿਆ ਅਤੇ ਕਰੜੀ ਸਾਧਨਾ ਸਦਕਾ ਉਹ ਆਪਣੇ ਗੁਰੂ ਮਛੰਦਰ ਨਾਥ ਤੋਂ ਵੀ ਅੱਗੇ ਲੰਘ ਗਿਆ । ਉਸਨੇ ਤਾਂ ਗੁਰੂ ਨੂੰ ਵੀ ਸਿੱਧੇ ਰਸਤੇ ਪਾਇਆ। ਕੁਝ ਵਿਦਵਾਨਾਂ ਅਨੁਸਾਰ ਨਾਥ ਪਰੰਪਰਾ ਦਾ ਮੁੱਢ ਹੀ ਗੋਰਖ ਨਾਥ ਤੋਂ ਬੱਝਦਾ ਹੈ, ਕਿਉਂਕਿ ਗੋਰਖ ਨਾਥ ਨੇ ਨਾਥ ਮੱਤ ਨੂੰ ਬੁਲੰਦੀਆਂ ਤੇ ਪਹੁੰਚਾਇਆ । ਡਾ. ਪੀਤਾਂਦਰ ਦੱਤ ਅਨੁਸਾਰ, "ਗੋਰਖ ਨਾਥ ਦਾ ਜਨਮ 1040 ਈ. ਵਿਚ ਹੋਇਆ ।" ਹਜ਼ਾਰੀ ਪ੍ਰਸਾਦ ਦਿਵੇਦੀ ਵੀ ਗੋਰਖ ਨਾਥ ਦਾ ਜਨਮ 11ਵੀਂ ਸਦੀ ਨਾਲ ਜੋੜਦੇ ਹਨ । ਗੋਰਖ ਨਾਥ ਨੇ ਭਾਰਤ ਤੋਂ ਬਿਨਾਂ ਤਿੱਬਤ ਅਤੇ ਨੇਪਾਲ ਆਦਿਕ ਦੇਸ਼ਾਂ ਵਿਚ ਪ੍ਰਚਾਰ ਸਦਕਾ ਯਾਤਰਾਵਾਂ ਕੀਤੀਆਂ। ਉਹ ਜਿੱਥੇ ਵੀ ਗਏ, ਉੱਥੇ ਮੱਠ ਸਥਾਪਿਤ ਹੋ ਗਏ । ਸਭ ਤੋਂ ਪ੍ਰਸਿੱਧ ਡੇਰਾ ਗੋਰਖਪੁਰ (ਉੱਤਰ ਪ੍ਰਦੇਸ਼) ਕਿਹਾ ਜਾਂਦਾ ਹੈ, ਜਿੱਥੇ ਉਹ ਲੰਮਾ ਸਮਾਂ ਰਹੇ।

ਗੋਰਖ ਦੇ ਪ੍ਰਭਾਵ ਸਦਕਾ ਹੀ ਨੇਪਾਲ ਵਿਚ ਗੋਰਖਾ ਜਾਤੀ ਪ੍ਰਸਿੱਧ ਹੋਈ। ਉਸ ਨੇ ਆਪਣੇ ਚੇਲਿਆਂ ਨੂੰ 12 ਪੰਥਾਂ ਵਿੱਚ ਵੰਡਿਆ, ਜਿਸਦਾ ਜ਼ਿਕਰ ਗੁਰੂ ਨਾਨਕ ਬਾਣੀ ਵਿਚ ਵੀ ਆਉਂਦਾ ਹੈ : ਬਾਰਹਿ ਮਹਿ ਰਾਵਲ ਖਪਿ ਜਾਵਹਿ, ਚਹੁ ਛਿਅ ਮਹਿ ਸੰਨਿਆਸੀ ।

ਇਸ ਦੇ ਬਾਰ੍ਹਾਂ ਪੰਥ ਇਹ ਸਨ: ਸਤਨਾਥੀ, ਰਾਮਪੰਥ, ਧਰਮਨਾਥੀ, ਨਟੇਸ਼ਵਰੀ, ਕਨਹੜ, ਕਪਿਲਾਨੀ, ਬੈਰਾਗ, ਮਾਨਨਾਥੀ, ਆਈ ਪੰਥ, ਪਾਗਲ ਪੰਥ, ਧਜ ਪੰਥ ਅਤੇ ਗਾਯਾਥੀ । ਇਨ੍ਹਾਂ ਵਿਚੋਂ ਆਈ ਪੰਥ ਬਹੁਤ ਮਸ਼ਹੂਰ ਹੋਇਆ। ਗੁਰਬਾਣੀ ਵਿੱਚ ਵੀ ਜ਼ਿਕਰ ਆਉਂਦਾ ਹੈ : 'ਆਈ ਪੰਥੀ ਸਗਲ ਜਮਾਤੀ', 'ਮਨ ਜੀਤੈ ਜਗੁ ਜੀਤੁ । ਗੋਰਖ ਨਾਥ ਨੇ ਵਾਮਪੰਥੀਆਂ ਦੁਆਰਾ ਫੈਲਾਈਆਂ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਰਾਜੇ ਮਹਾਰਾਜੇ ਵੀ ਗੋਰਖ ਦੇ ਸ਼ਿਸ਼ ਬਣੇ, ਜਿਵੇਂ ਰਾਜਾ ਭਰਥਰੀ ਅਤੇ ਰਾਜਾ ਗੋਪੀ ਚੰਦ । ਉਸਨੇ ਚਾਲੀ ਗ੍ਰੰਥ ਰਚੇ, ਜਿਨ੍ਹਾਂ ਵਿਚੋਂ ਪ੍ਰਮੁਖ ਸਨ: ਸ਼ਬਦੀ, ਪਦ, ਸ਼ਿਸ਼ਿਆ ਦਰਸ਼ਨ, ਆਤਮ ਬੋਧ, ਗਿਆਨ ਚੌਤੀਸਾ, ਮਛੰਦਰ ਗੋਰਖ ਬੋਧ, ਗਿਆਨ ਤਿਲਕ, ਪੰਚ ਮਾਤਰਾ, ਸਪਤਵਾਰ, ਸ਼ਿਸ਼ਟ ਪੁਰਾਣ।

ਗੋਰਖ ਨਾਥ ਨੇ ਰਾਮਕਲੀ, ਭੈਰਉ ਅਤੇ ਗਉੜੀ ਰਾਗਾਂ ਤਹਿਤ ਵਿਭਿੰਨ ਕਾਵਿ ਰੂਪਾਂ ਜਿਵੇਂ ਸ਼ਲੋਕ, ਸ਼ਬਦ, ਸਤਵਾਰੇ ਅਤੇ ਥਿੱਤਾਂ ਵਿੱਚ ਬਾਣੀ ਰਚੀ। ਉਸ ਦੀ ਬਾਣੀ ਦਾ ਪ੍ਰਮੁਖ ਵਿਸ਼ਾ ਵਿਅਕਤੀ ਨੂੰ ਸਦਾਚਾਰਕ ਉਪਦੇਸ਼ ਦੇਣਾ ਹੈ। ਉਸ ਨੇ ਭੇਖ-ਪਖੰਡਾਂ, ਮੂਰਤੀ-ਪੂਜਾ ਅਤੇ ਜਾਤ-ਪਾਤ ਦਾ ਸਖ਼ਤ ਖੰਡਨ ਕੀਤਾ। ਉਸ ਨੇ ਮਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ, ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਤੋਂ ਦੂਰ ਰਹਿਣ, ਦੁਨਿਆਵੀ ਮੋਹ ਮਾਇਆ ਤੋਂ ਨਿਰਲੇਪ ਹੋ ਕੇ ਪ੍ਰਭੂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਅਤੇ ਹੱਠ ਯੋਗਿਕ ਸਾਧਨਾਂ ਨੂੰ ਮਹੱਤਵ ਦਿੰਦਿਆਂ ਨਾਦ ਬਿੰਦ ਜੋਗ ਉੱਪਰ ਜ਼ੋਰ ਦਿੱਤਾ। ਗੋਰਖ ਨੇ ਗ੍ਰਹਿਸਥ ਜੀਵਨ ਤੋਂ ਨਿਰਲੇਪ ਰਹਿਣ 'ਤੇ ਬਲ ਦਿੱਤਾ ਕਿਉਂਕਿ ਮਨੁੱਖ ਦੇ ਰੂਹਾਨੀ ਵਿਕਾਸ ਲਈ ਉਹ ਗ੍ਰਹਿਸਥ ਜੀਵਨ ਨੂੰ ਰੁਕਾਵਟ ਸਮਝਦਾ ਸੀ। ਗ੍ਰਹਿਸਥੀ ਮਨੁੱਖ ਬ੍ਰਹਮ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਉਹ ਜੋਗੀ ਨੂੰ ਆਤਮਿਕ ਸ਼ੁੱਧਤਾ ਕਾਇਮ ਰੱਖਣ ਅਤੇ ਆਪੇ ਦੀ ਪਹਿਚਾਣ ਕਰਨ ਲਈ ਇਸ ਤਰ੍ਹਾਂ ਕਹਿੰਦਾ ਹੈ :

ਜੋ ਘਰ ਤਿਆਗ ਕਹਾਵੈ ਜੋਗੀ, ਘਰ ਵਾਸੀ ਕੋ ਕਹੈ ਜੋ ਭੋਗੀ। ਅੰਤਰ ਭਾਵ ਨਾ ਪਰਖੈ ਸੋਈ, ਗੋਰਖ ਬੋਲੈ ਮੂਰਖ ਸੋਈ।

ਗੋਰਖ ਅਯਾਸ਼ੀ ਭਰਪੂਰ ਜੀਵਨ ਜਿਊਣ ਤੋਂ ਸਾਵਧਾਨ ਕਰਦਾ ਹੋਇਆ ਸੰਜਮ ਭਰਪੂਰ ਜੀਵਨ ਜਿਊਣ ਦਾ ਸੁਨੇਹਾ ਦਿੰਦਾ ਹੈ :

ਖਾਇਆ ਭੀ ਮਰੇ, ਅਣਖਾਇਆ ਭੀ ਮਰੈ, ਗੋਰਖ ਕਹੈ ਪੂਤਾ ਸੰਜਮੀ ਤਰੈ।

ਉਹ ਸਮਕਾਲੀਨ ਸਾਧੂ ਸੰਤਾਂ ਦੇ ਦੰਭਾਂ, ਪਖੰਡਾਂ, ਸਮਾਜਿਕ ਅਤੇ ਅਧਿਆਤਮਕ ਕੁਰੀਤੀਆਂ ਨੂੰ ਨਿੰਦਦਾ ਹੈ। ਗੋਰਖ ਸਾਹਿਤ ਦੀ ਇਹ ਕਮਜ਼ੋਰੀ ਹੈ ਕਿ ਉਸਦੇ ਔਰਤ ਪ੍ਰਤੀ ਤਿਆਗਵਾਦੀ ਵਿਚਾਰ ਹਨ। ਉਹ ਔਰਤ ਨੂੰ ਨੈਤਿਕ ਗਿਰਾਵਟ ਦੀ ਬੁਨਿਆਦ ਦੱਸਦਿਆਂ ਬਾਘਨ ਕਹਿ ਕੇ ਭੰਡਦਾ ਹੈ :

ਬਾਘਨਿ ਜਿੰਦ ਲੇਇ ਬਾਘਨਿ ਬਿੰਦ ਲੇਇ,

ਬਾਘਨਿ ਹਮਰੀ ਕਾਇਆ।

ਇਨਿ ਬਾਘਨਿ ਤ੍ਰੈਲੋਕੀ ਖਾਈ ਬਦਤਿ ਗੋਰਖੁ ਰਾਇਆ।

ਦਿਵਸ ਕਉ ਬਾਘਨਿ ਸੁਰਿ ਨਰ ਮੋਹੈ, ਰਾਤੀ ਸਾਇਰੁ ਸੋਖੈ। ਮੂਰਖ ਲੋਕ ਅੰਧਲਾ ਪਸ਼ੂਆਂ ਨਿਤਿ ਪ੍ਰਤਿ ਬਾਘਨਿ ਪੋਖੈ।

ਇਸ ਤਰ੍ਹਾਂ ਗੋਰਖ ਨਾਥ ਨੇ ਔਰਤ ਲਈ ਅਨਾਦਰ ਸੂਚਕ ਸ਼ਬਦ ਵਰਤੇ। ਉਸਦੀ ਬਾਣੀ ਵਿਚ ਸੁਭਾਵਿਕਤਾ, ਨਿਰਉਚੇਚਤਾ ਅਤੇ ਡੂੰਘਾ ਵਿਅੰਗ ਹੈ ਅਤੇ ਬਿੰਬਾਂ, ਅਲੰਕਾਰ ਦੀ ਯੋਗ ਵਰਤੋਂ ਹੋਈ ਮਿਲਦੀ ਹੈ :

ਨਦੀ ਢਿਗ ਬਿਰਖਾ, ਨਾਰੀ ਸੰਗ ਪੁਰਖਾ, ਅਲਪ ਜੀਵਨ ਕੀ ਆਸਾ।

ਗੋਰਖ ਨਾਥ ਨੂੰ ਪੰਜਾਬ ਅਤੇ ਪੰਜਾਬੀ ਦਾ ਪਹਿਲਾ ਕਵੀ ਹੋਣ ਦਾ ਮਾਣ ਦਿੱਤਾ ਜਾਂਦਾ ਹੈ। ਗੋਰਖ ਬਾਣੀ ਵਿੱਚ ਅਰਬੀ ਫਾਰਸੀ ਸ਼ਬਦਾਵਲੀ ਵੀ ਮਿਲਦੀ ਹੈ ਜਿਵੇਂ ਖਬਰ, ਜ਼ੋਰ, ਚਾਕਰ, ਦੁਨੀਆਂ ਆਦਿ। ਠੇਠ ਪੰਜਾਬੀ ਸ਼ਬਦਾਂ ਦੀ ਭਰਮਾਰਤਾ ਹੈ ਜਿਵੇਂ ਲੁਕਾਇਆ, ਖਾਏ, ਮਰੀਏ, ਬਲਦ, ਗਾਂਈ, ਦੁਕਾਲਾ, ਹਾਲੀ ਆਦਿ ਇਸ ਤੋਂ ਬਿਨਾਂ ਅਪਭ੍ਰੰਸ਼ ਅਤੇ ਪ੍ਰਾਕ੍ਰਿਤ ਦੇ ਸ਼ਬਦਾਂ ਦੀ ਵੀ ਭਰਪੂਰ ਮਾਤਰਾ ਹੈ । ਗੋਰਖ ਨੇ ਪ੍ਰਸ਼ਨੋਤਰੀ ਅਤੇ ਖੰਡਨੀ ਸ਼ੈਲੀ ਦੇ ਨਾਲ ਸੂਤ੍ਰਿਕ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ, ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਕਹੀ ਹੈ । ਜਿਸ ਕਾਰਨ ਉਸਦੀਆਂ ਕਈ ਟੂਕਾਂ ਅਖਾਣ ਬਣਨ ਦੀ ਸਮਰੱਥਾ ਵੀ ਰੱਖਦੀਆਂ ਹਨ :

ਅਵਧੂ ਮਨ ਚੰਗਾ ਤੋਂ ਕਠੋਤੀ ਹੀ ਗੰਗਾ ਜਿਸ ਦਾ ਕਾਮ ਤਿਸੀ ਕੋ ਸਾਜੇ, ਔਰ ਕਰੇ ਤੋਂ ਰੀਂਗਾ ਬਾਜੇ। ਬਾਧਿਆ ਮੇਲਾ ਤਉ ਜਗਤ ਚੇਲਾ।

ਚਰਪਟ ਨਾਥ ਵੀ ਇੱਕ ਉੱਘਾ ਨਾਥ ਹੋਇਆ ਹੈ । ਡਾ. ਮੋਹਨ ਸਿੰਘ ਚਰਪਟ ਦਾ ਸਮਾਂ 890 ਤੋਂ 990 ਈ. ਮੰਨਦਾ ਹੈ। ਉਸ ਬਾਰੇ ਦੋ ਧਾਰਨਾਵਾਂ ਪ੍ਰਚਲਿਤ ਹਨ ਕਈ ਉਸਨੂੰ ਗੋਰਖ ਨਾਥ ਦਾ ਗੁਰੂ ਭਾਈ ਮੰਨਦੇ ਹਨ ਕਈ ਉਸਦਾ ਪ੍ਰਮੁਖ ਚੇਲਾ ਮੰਨਦੇ ਹਨ । ਉਹ ਚੰਬੇ ਦਾ ਵਸਨੀਕ ਮੰਨਿਆ ਜਾਂਦਾ ਹੈ । ਚੰਬੇ ਰਿਆਸਤ ਦੇ ਪੁਰਾਣੇ ਇਤਿਹਾਸ ਵਿਚ ਉਸਦਾ ਜ਼ਿਕਰ ਆਉਂਦਾ ਹੈ। ਰਿਆਸਤ ਦੇ ਸਿੱਕੇ ਉਪਰ ਪਾਟੇ ਹੋਏ ਕੰਨ ਦੀ ਮੂਰਤੀ 'ਤੇ ਮੁੰਦਰਾਂ ਦੇ ਨਿਸ਼ਾਨ ਹਨ । ਚੰਬੇ ਦਾ ਰਾਜਾ ਸਾਹਿਲ ਵਰਮਾ ਚਰਪਟ ਦਾ ਸ਼ਿਸ਼ ਸੀ । ਰਿਆਸਤ ਵਿਚ ਚਰਪਟ ਦਾ ਮੱਠ ਵੀ ਹੈ। ਕਿਹਾ ਜਾਂਦਾ ਹੈ ਕਿ ਇਸ ਸਥਾਨ 'ਤੇ ਉਹ ਚੇਲਿਆਂ ਸਮੇਤ ਆਇਆ ਸੀ ਅਤੇ ਇੱਥੋਂ ਦੇ ਰਾਜੇ ਨੂੰ ਆਪਣਾ ਅਨੁਯਾਈ ਬਣਾਇਆ। ਚਰਪਟ ਜਤੀ ਸਤੀ, ਨਿਧੜਕ ਅਤੇ ਸੁਲਝਿਆ ਸਮਾਜ ਸੁਧਾਰਕ ਨਾਥ ਸੀ, ਜਿਸਦੇ ਪ੍ਰਗਤੀਸ਼ੀਲ ਵਿਚਾਰ ਸਨ । ਉਹ ਜੱਲਣ, ਸੁਥਰੇ ਅਤੇ ਕਬੀਰ ਵਾਂਗ ਖਰੀਆਂ-ਖਰੀਆਂ ਸੁਣਾਉਣ ਵਾਲਾ ਨਾਥ ਕਵੀ ਹੈ। ਉਹ ਬਾਹਰਮੁਖੀ ਭੇਖਾਂ ਦੀ ਥਾਂ ਆਂਤਰਿਕ ਸ਼ੁੱਧਤਾ ਉਪਰ ਜ਼ੋਰ ਦਿੰਦਾ ਹੋਇਆ

ਅਖੌਤੀ ਸਾਧਾਂ ਦੇ ਦੰਭੀ ਕਿਰਦਾਰ ਨੂੰ ਭੰਡਦਾ ਹੈ, ਜੋ ਜੰਤਰਾਂ ਮੰਤਰਾਂ ਅਤੇ ਪਖੰਡਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਦੇ ਅਤੇ ਠੱਗਦੇ ਹਨ। ਚਰਪਟ ਦਿਖਾਵੇ ਲਈ ਕੀਤੀ ਭਗਤੀ ਨੂੰ ਨਿਰਾਰਥਕ ਸਮਝਦਾ ਹੈ। ਉਸਦੀ ਬਾਣੀ ਵਿਚ ਗੁਰਮਤਿ ਕਾਵਿ ਵਾਲਾ ਅੰਸ਼ ਹੈ। ਉਹ ਪ੍ਰਭੂ ਪ੍ਰਾਪਤੀ ਨੂੰ ਹੀ ਅਸਲ ਨਿਸ਼ਾਨਾ ਸਮਝਦਾ ਹੈ। ਉਹ ਆਪਣੇ ਬਾਰੇ ਕਹਿੰਦਾ ਹੈ :

ਭੇਖਿ ਕਾ ਜੋਗੀ ਮੈ ਨਾ ਕਹਾਉਂ, ਆਤਮਾ ਕਾ ਜੋਗੀ ਚਰਪਟ ਨਾਉਂ।

ਉਸਨੇ ਹੱਠ ਯੋਗ ਦਾ ਖੰਡਨ ਕੀਤਾ ਹੈ। ਉਹ ਕਰਮਕਾਂਡਾਂ ਦੀ ਆਲੋਚਨਾ ਕਰਦਿਆਂ ਲੋਕਾਂ ਨੂੰ ਠੀਕ ਢੰਗ ਨਾਲ ਵਿਚਰਨ ਲਈ ਸੁਚੇਤ ਕਰਦਾ ਹੈ :

ਇਹ ਸੰਸਾਰ ਕਾਂਟਿਓ ਕੀ ਬਾੜੀ, ਨਿਰਖ ਨਿਰਖ ਪਗ ਧਰਨਾ। ਚਰਪਟ ਕਹੈ ਸੁਨਹੁ ਰੇ ਸਿਧੋ, ਹਠਿ ਕਰਿ ਤਪੁ ਨਹਿੰ ਕਰਨਾ।

ਚਰਪਟ ਮਨੁੱਖ ਨੂੰ ਮਨ ਉਪਰ ਕਾਬੂ ਪਾਉਣ ਅਤੇ ਆਤਮਿਕ ਤੌਰ 'ਤੇ ਬਲਵਾਨ ਬਣਨ ਲਈ ਪ੍ਰੇਰਿਤ ਕਰਦਾ ਹੈ। ਉਸਦੀ ਬਾਣੀ ਵਿੱਚ ਹਾਸ ਰਸ ਅਤੇ ਵਿਅੰਗ ਦੀ ਭਰਮਾਰਤਾ ਹੈ। ਉਸ ਅਨੁਸਾਰ ਜੇ ਬਿਭੂਤ ਲਾਇਆਂ ਹੀ ਵਿਅਕਤੀ ਸੰਸਾਰ ਸਾਗਰ ਤੋਂ ਤਰ ਸਕਦਾ ਹੈ ਤਾਂ ਗਧੇ ਤਾਂ ਸਾਰਾ ਦਿਨ ਹੀ ਮਿੱਟੀ ਵਿੱਚ ਲੇਟੇ ਰਹਿੰਦੇ ਹਨ :

ਬਿਭੂਤਿ ਨਾ ਲਗਾਉ ਜਿਉ ਤਰਿ ਉਤਰਿ ਜਾਇ, ਖਰ ਜਿਉਂ ਧੂੜਿ ਲੇਟੇ ਮੇਰੀ ਬਲਾਇ।

ਉਹ ਵਿਅੰਗ ਕਰਦਾ ਕਰਦਾ ਕਈ ਵੇਰ ਬੜੇ ਕਠੋਰ ਸ਼ਬਦ ਵਰਤ ਜਾਂਦਾ ਹੈ :

ਦੁਆਰੇ ਦੁਆਰੇ ਧੂੰਆਂ ਨਾ ਪਾਵੇਂ ਕੁੱਤੇ ਕੀ ਨਿਆਂਈ ਮਾਂਗਨੇ ਨਾ ਜਾਵੇ।

ਉਸਦੀ ਭਾਸ਼ਾ ਠੇਠ, ਲੋਕ ਮੁਹਾਵਰੇ ਵਾਲੀ, ਰੌਚਕ ਸ਼ੈਲੀ, ਅਲੰਕਾਰਾਂ ਤਸਬੀਹਾਂ ਭਰਪੂਰ ਹੈ। ਡਾ. ਮੋਹਨ ਸਿੰਘ ਅਨੁਸਾਰ, "ਚਰਪਟ ਪਹਿਲਾ ਮੱਧਕਾਲੀਨ ਦੰਭ ਬਿਦਾਰੂ ਹੋਇਆ ਹੈ।

ਚੌਰੰਗੀ ਨਾਥ ਨੂੰ ਚਤੁਰੰਗ ਨਾਥ ਵੀ ਕਿਹਾ ਜਾਂਦਾ ਹੈ। ਅਨੁਮਾਨ ਹੈ ਕਿ ਇਹ ਬਾਰ੍ਹਵੀਂ ਸਦੀ ਵਿਚ ਹੋਏ। ਕਿਹਾ ਜਾਂਦਾ ਹੈ ਕਿ ਚੋਰੰਗੀ ਨਾਥ ਸੰਗਲਾਦੀਪ (ਸਿਆਲਕੋਟ) ਦੇ ਰਾਜੇ

ਸਲਵਾਹਨ ਦਾ ਪੁੱਤਰ ਪੂਰਨ ਸੀ, ਜਿਸਨੂੰ ਉਸਦੀ ਮਤਰੇਈ ਮਾਂ ਲੂਣਾ ਨੇ ਆਚਰਣਹੀਨਤਾ ਦਾ ਬੇਬੁਨਿਆਦ ਦੋਸ਼ ਲਾ ਕੇ ਉਸਦੇ ਹੱਥ ਪੈਰ ਕਟਵਾ ਕੇ ਖੂਹ ਵਿਚ ਸਿਟਵਾ ਦਿੱਤਾ ਸੀ। ਗੁਰੂ ਮਛੰਦਰ ਨਾਥ ਨੇ ਉਸਨੂੰ ਖੂਹ ਵਿੱਚੋਂ ਕੱਢਿਆ। ਚੌਰੰਗੀ ਨਾਥ ਦੇ ਪੂਰਨ ਹੋਣ ਦੀ ਪ੍ਰੋੜਤਾ ਡਾ. ਮੋਹਨ ਸਿੰਘ ਨੇ ਪੱਟੀ (ਅੰਮ੍ਰਿਤਸਰ) ਦੇ ਇੱਕ ਜੈਨਮੰਦਰ ਤੋਂ ਪ੍ਰਾਪਤ ਖਰੜੇ ਦੇ ਹਵਾਲੇ ਦੇ ਆਧਾਰ 'ਤੇ ਕੀਤੀ ਹੈ। ਕਈ ਚੌਰੰਗੀ ਨਾਥ ਨੂੰ ਪੂਰਨ ਭਗਤ ਦਾ ਵੱਡਾ ਭਰਾ ਕਹਿੰਦੇ ਹਨ। ਲੂਣਾ ਦਾ ਪੁੱਤਰ ਰਸਾਲੂ ਪੂਰਨ ਭਗਤ ਦਾ ਛੋਟਾ ਭਰਾ ਸੀ। ਚੌਰੰਗੀ ਦੇ ਸਲੋਕ ਸ਼ਬਦ ਅਤੇ ਇੱਕ ਛੋਟੇ ਆਕਾਰ ਦੀ ਰਚਨਾ 'ਪ੍ਰਾਣ ਸੰਗਲੀ' ਮਿਲਦੀ ਹੈ। ਡਾ. ਪਿਤਾਂਦਰ ਦੱਤ ਬੜਥਵਾਲ ਦੀ ਪੁਸਤਕ 'ਯੋਗ ਪ੍ਰਵਾਹ' ਵਿੱਚ ਉਸਦੇ ਕੁਝ ਪਦੇ ਮਿਲਦੇ ਹਨ। ਉਸਦੀ ਬਾਣੀ ਵਿੱਚ ਅਪਭ੍ਰੰਸ਼ ਦਾ ਵਧੇਰੇ ਪ੍ਰਭਾਵ ਹੈ। ਇਸ ਤੋਂ ਇਲਾਵਾ ਪੂਰਬੀ ਰਾਜਸਥਾਨੀ ਅਤੇ ਡੋਗਰੀ ਦੀ ਵੀ ਭਰਮਾਰਤਾ ਹੈ। ਉਸਦੇ ਸ਼ਲੋਕ ਦੀ ਉਦਾਹਰਣ ਇਸ ਪ੍ਰਕਾਰ ਦਿੱਤੀ ਜਾ ਸਕਦੀ ਹੈ :

ਮਾਲੀ ਲੌ ਮਲ ਮਾਲੀ ਲੈ ਸੀਂਚੇ ਸਹਜ ਕਿਆਰੀ।

ਉਨਮਨਿ ਕਲਾ ਏਕ ਪਹੂਪਨਿ ਪਾਇਲੇ ਆਵਾਗਵਨ ਨਿਵਾਰੀ ॥

ਰਤਨ ਨਾਥ ਨੂੰ ਹਾਜੀ ਰਤਨ, ਬਾਬਾ ਰਤਨ ਜਾਂ ਪੀਰ ਰਤਨ ਵੀ ਕਿਹਾ ਜਾਂਦਾ ਹੈ। ਡਾ. ਮੋਹਨ ਸਿੰਘ ਨੇ ਇਸ ਦਾ ਸਮਾਂ 1000 ਤੋਂ 1120 ਈ. ਤੱਕ ਦਾ ਮੰਨਿਆ ਹੈ। ਕੁਝ ਵਿਦਵਾਨਾਂ ਨੇ ਰਤਨ ਨਾਥ ਨੂੰ ਬਠਿੰਡੇ ਦਾ ਜੰਮਪਲ ਦੱਸਿਆ ਹੈ ਅਤੇ ਕੁਝ ਨੇ ਨੇਪਾਲ ਦਾ ਖੱਤਰੀ ਰਾਜਕੁਮਾਰ ਦੱਸਿਆ ਹੈ। ਕਿਹਾ ਜਾਂਦਾ ਹੈ ਕਿ ਉਹ ਗੋਰਖ ਨਾਥ ਨੂੰ ਪਹਿਲਾਂ-ਪਹਿਲ ਗੋਦਾਵਰੀ ਨਦੀ ਦੇ ਕੰਢੇ ਮਿਲਿਆ। ਉਸਨੇ ਨੌ ਵਾਰ ਹੱਜ ਕੀਤਾ, ਜਿਸ ਕਰਕੇ ਉਸਦਾ ਨਾਂ ਹਾਜੀ ਰਤਨ ਪੈ ਗਿਆ। ਉਸਦਾ ਪ੍ਰਚਾਰ ਖੇਤਰ ਪਿਸ਼ਾਵਰ, ਕਾਬਲ, ਕੰਧਾਰ, ਖੁਰਾਸਾਨ, ਗਜ਼ਨੀ, ਕਾਬਲ ਅਤੇ ਜਲਾਲਾਬਾਦ ਸੀ। ਕਾਬੁਲ ਦਾ ਬਾਦਸ਼ਾਹ ਉਸਦਾ ਅਨੁਯਾਈ ਸੀ, ਜਿਸਨੇ ਕਾਬਲ ਅਤੇ ਜਲਾਲਾਬਾਦ ਵਿਖੇ ਉਸ ਨੂੰ ਸ਼ਿਵ ਮੰਦਰਾਂ ਦੀ ਸਥਾਪਨਾ ਲਈ ਜਾਗੀਰ ਵੀ ਦਿੱਤੀ। ਕੁਝ ਵਿਦਵਾਨਾਂ ਨੇ ਉਸ ਨੂੰ ਸੂਫੀ ਕਵੀ ਮੰਨਿਆ ਹੈ। ਰਤਨ ਨਾਥ ਦੇ ਚੇਲੇ ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਵੀ ਸਨ, ਜੋ ਉਸ ਨੂੰ ਆਪਣਾ ਪੀਰ ਮੰਨਦੇ ਸਨ। 'ਪੋਥੀ ਰਤਨ ਗਿਆਨ' ਰਤਨ ਨਾਥ ਦੀ ਰਚਨਾ ਦੱਸੀ ਜਾਂਦੀ ਹੈ, ਜਿਸ ਵਿਚ ਮਛੰਦਰ ਨਾਥ ਨਾਲ ਹੋਈ ਗੋਸ਼ਟ ਤੋਂ ਇਲਾਵਾ ਹੋਰ ਜਾਣਕਾਰੀ ਪ੍ਰਾਪਤ ਹੁੰਦੀ ਹੈ ਪਰ ਕੁਝ ਵਿਦਵਾਨ 'ਪੋਥੀ ਰਤਨ' ਨੂੰ ਬ੍ਰਹਮ ਦਾਸ ਦੀ ਰਚਨਾ ਦੱਸਦੇ

ਹਨ। ਰਤਨ ਨਾਥ ਦੀ ਕਾਵਿ ਰਚਨਾ ਗੋਸ਼ਟਾਂ ਵਿੱਚ ਮਿਲਦੀ ਹੈ । ਡਾ. ਪੀਤਾਂਦਰ ਦੱਤ ਬੜਥਵਾਲ ਦੀ ਪੁਸਤਕ 'ਗੋਰਖ ਬਾਣੀ' ਵਿਚ ਗੋਰਖ ਦੇ ਨਾਂ ਹੇਠ ਦਿੱਤੀ ਇਕ ਸ਼ਬਦੀ ਪ੍ਰਾਪਤ ਹੁੰਦੀ ਹੈ :

ਰੂਪਾ ਮੁਹੰਮਦ ਸੋਨਾ ਖੁਦਾਈ, ਦੁਹੂੰ ਵਿਚ ਦੁਨੀਆ ਗੋਤਾ ਖਾਈ । ਹਮ ਤੋਂ ਨਿਰਾਲੰਭ ਬੈਠ ਦੇਖਤ ਰਹੈ, ਐਸਾ ਏਕ ਸੁਖਨ ਬਾਬਾ ਰਤਨ ਹਾਜੀ ਕਹੈ।

ਨਾਥ ਗੋਪੀ ਚੰਦ ਬੰਗਾਲ ਦੇ ਰਾਜਾ ਮਣਕ ਚੰਦ ਦਾ ਸਪੁੱਤਰ ਸੀ । ਉਸਦੀ ਮਾਂ ਮੈਨਾਵੰਤੀ ਨੇ ਪੁੱਤਰ ਨੂੰ ਜਾਲੰਧਰ ਨਾਥ ਤੋਂ ਯੋਗ ਧਾਰਨ ਲਈ ਪ੍ਰੇਰਿਤ ਕੀਤਾ। ਗੋਪੀ ਚੰਦ ਨੇ 'ਗਾਥਾ', 'ਸ਼ਬਦੀ' ਅਤੇ 'ਉਦਾਸ' ਰਚਨਾਵਾਂ ਰਚੀਆਂ। 'ਉਦਾਸ' ਵਿੱਚ ਮੈਣਾਵੰਤੀ ਤੇ ਗੋਪੀ ਚੰਦ ਦਾ ਜ਼ਿਕਰ ਅੰਕਿਤ ਹੈ। ਗੋਪੀ ਚੰਦ ਨੂੰ ਉਦਾਸੀ ਸੰਪ੍ਰਦਾਇ ਵਿੱਚ ਗਿਣਿਆ ਜਾਂਦਾ ਹੈ । ਉਸ ਨੇ ਸਲੋਕ, ਪਦ, ਸੋਹਿਲਾ, ਆਰਤੀ ਕਾਵਿ ਰੂਪਾਂ ਵਿਚ ਅਧਿਆਤਮਕ ਭਾਵ ਪ੍ਰਗਟਾਏ । ਉਸ ਦੀ ਨਿਮਨ ਇਕ ਸ਼ਬਦੀ ਤੋਂ ਰੂਪਮਾਨ ਹੁੰਦਾ ਹੈ ਕਿ ਉਹ ਗੋਰਖ ਦਾ ਚੇਲਾ ਅਤੇ ਚਰਪਟ ਨਾਥ ਦਾ ਗੁਰੂ ਭਾਈ ਸੀ । ਉਸਦੀ ਬਾਣੀ ਦੀ ਇੱਕ ਵੰਨਗੀ :

ਗੁਰੂ ਹਮਾਰੇ ਗੋਰਖ ਬੋਲੀਐ, ਚਰਪਟ ਹੈ ਗੁਰੂ ਭਾਈ ਜੀ । ਯੈ ਕੇ ਸ਼ਬਦ ਹਮਕੂ ਗੁਰੂ ਗੋਰਖ ਨਾਥ ਕੀਯਾ । ਸੋਵੋ ਨਿਯਖਿਆ ਮੈਨਾਵੰਤੀ ਮਾਈ ਜੀ ।

ਸੋ ਇਨ੍ਹਾਂ ਨਾਥਾਂ ਜੋਗੀਆਂ ਦੀ ਸੰਪ੍ਰਦਾਇ ਅਹਿਮ ਸਥਾਨ ਰੱਖਦੀ ਹੈ, ਜਿਸ ਨੇ ਤਤਕਾਲੀਨ ਧਾਰਮਿਕ, ਸਮਾਜਿਕ ਕੁਰੀਤੀਆਂ ਵਿਰੁੱਧ ਅਵਾਜ਼ ਉਠਾਈ ਅਤੇ ਜਨਸਾਧਾਰਣ ਦੀ ਭਾਸ਼ਾ ਵਿੱਚ ਲੋਕਾਂ ਨੂੰ ਅਧਿਆਤਮਕ ਸੰਦੇਸ਼ ਦਿੱਤਾ। ਜਪ, ਤਪ, ਸੰਜਮ ਧਾਰਨ ਕਰਨ, ਅੰਦਰੂਨੀ ਸ਼ੁਧਤਾ ਕਾਇਮ ਰੱਖਣ, ਵਿਸ਼ੇ ਵਿਕਾਰਾਂ ਤੋਂ ਦੂਰ ਰਹਿ ਕੇ ਆਤਮਿਕ ਤੌਰ ਤੇ ਬਲਵਾਨ ਬਣਨ ਉੱਪਰ ਜ਼ੋਰ ਦਿੱਤਾ । ਉਨ੍ਹਾਂ ਸਧਾਰਨ ਪ੍ਰਗਟਾਅ ਵਿਧੀ ਰਾਹੀਂ ਵਿਭਿੰਨ ਕਾਵਿ ਰੂਪਾਂ ਵਿੱਚ ਰਾਗਬੱਧ ਰਚਨਾ ਕੀਤੀ ਅਤੇ ਪੰਜਾਬੀ ਭਾਸ਼ਾ ਨੂੰ ਲੋਕਪ੍ਰਿਯ ਬਣਾਇਆ । ਉਨ੍ਹਾਂ ਵਿਭਿੰਨ ਕਾਵਿ ਰੂਪਾਂ ਵਿੱਚ ਇਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕੀਤਾ ।

ਸੂਫੀ ਸੰਪਰਦਾਇ

ਸੂਫ਼ੀ ਸ਼ਬਦ ਦੀ ਵਿਉਤਪਤੀ ਸੰਬੰਧੀ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਪ੍ਰਸਤੁਤ ਕੀਤੇ ਹਨ। ਇਸ ਸੰਬੰਧੀ ਜਿਹੜੇ ਵਿਭਿੰਨ ਸ਼ਬਦਾਂ ਦਾ ਜ਼ਿਕਰ ਕੀਤਾ ਜਾਂਦਾ ਹੈ ਉਹ ਹਨ ਸਫ਼ਾ, ਸਫ਼, ਸੁਫ਼ਾ, ਸੂਫ਼ ਅਤੇ ਸੂਫ਼ਾਨ ਆਦਿ । ਪੰਜਾਬੀ ਸਾਹਿਤ ਜਗਤ ਵਿਚ

ਆਮ ਪ੍ਰਚੱਲਿਤ ਧਾਰਨਾ ਅਨੁਸਾਰ ਸੂਫ਼ੀ ਸ਼ਬਦ ਦੀ ਵਿਉਤਪਤੀ ਸੂਫ਼ ਸ਼ਬਦ ਤੋਂ ਹੋਈ ਪ੍ਰਵਾਨ ਕੀਤੀ ਜਾਂਦੀ ਹੈ। ਪਰੰਤੂ ਇਕਬਾਲ ਅਲੀ ਸ਼ਾਹ ਨੇ ਸੂਫ਼ੀ ਸ਼ਬਦ ਦੀ ਵਿਉਤਪਤੀ ਨੂੰ ਸਫ਼ਾ ਸ਼ਬਦ ਨਾਲ ਜੋੜਦਿਆਂ ਇਸਦੀ ਸੂਫ਼ੀਆਂ ਦੀ ਮਾਨਸਿਕ ਸ਼ੁੱਧਤਾ ਅਤੇ ਪਾਕੀਜ਼ਗੀ ਨਾਲ ਇਕਸੁਰਤਾ ਬਿਆਨ ਕੀਤੀ ਹੈ। ਹਜ਼ਰਤ ਸ਼ੇਖ਼ ਅਲੀ ਹੁਜਵੀਰੀ ਨੇ ਆਪਣੀ ਪ੍ਰਸਿੱਧ ਪੁਸਤਕ ਕਸ਼ਫੁਲ ਮਹਿਜੂਬ ਵਿਚ ਇਸ ਬਾਰੇ ਗੰਭੀਰ ਚਰਚਾ ਕੀਤੀ ਹੈ। ਉਹਨਾਂ ਸੂਫ਼ੀ ਨਾਮਕਰਣ ਦੇ ਵਿਭਿੰਨ ਆਧਾਰਾਂ ਜਿਵੇਂ ਸੂਫ਼ ਦੇ ਕੱਪੜੇ ਪਹਿਨਣਾ, ਪਹਿਲੀ ਸਫ਼ ਵਿਚ ਬੈਠਣਾ, ਅਸਹਾਬ-ਏ-ਸੁਫ਼ਾ ਨਾਲ ਸੰਬੰਧਿਤ ਹੋਣਾ ਆਦਿ ਬਾਰੇ ਜ਼ਿਕਰ ਕਰਦਿਆਂ ਸੂਫ਼ੀ ਸ਼ਬਦ ਦੀ ਸਫ਼ਾ (ਸਫ਼ਾਈ, ਪਵਿੱਤਰਤਾ) ਸ਼ਬਦ ਨਾਲ ਅਧਿਕ ਨੇੜਤਾ ਸਵੀਕਾਰ ਕੀਤੀ ਹੈ। ਹਜ਼ਰਤ ਅਬਦੁਲ ਕਾਦਿਰ ਜੀਲਾਨੀ ਅਨੁਸਾਰ ਵੀ ਸੂਫ਼ੀ ਸ਼ਬਦ ਤੋਂ ਭਾਵ ਹੈ ਪਵਿੱਤਰਤਾ, ਅੱਲਾਹ ਦਾ ਪਾਕ ਕੀਤਾ ਹੋਇਆ। ਇਸ ਤਰ੍ਹਾਂ ਸੂਫ਼ੀ ਸ਼ਬਦ ਆਪਣੀ ਮੂਲ ਭਾਵਨਾ ਅਨੁਸਾਰ ਸ਼ਬਦ ਸਫ਼ਾ ਦੇ ਵਧੇਰੇ ਨਜ਼ਦੀਕ ਪ੍ਰਤੀਤ ਹੁੰਦਾ ਹੈ। ਸੂਫ਼ੀ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਸੂਫ਼ੀ ਦਰਵੇਸ਼ ਹਜ਼ਰਤ ਅਬੂ ਹਾਸ਼ਮ ਕੂਫ਼ੀ ਦੇ ਨਾਮ ਨਾਲ ਹੋਇਆ। ਉਰਦੂ ਦਾਇਰਾ-ਏ-ਮਆਰਫ਼-ਏ-ਇਸਲਾਮੀਆ ਅਨੁਸਾਰ ਸੂਫ਼ੀ ਸ਼ਬਦ ਇਕ ਲਕਬ ਵਜੋਂ ਸਭ ਤੋਂ ਪਹਿਲਾਂ ਅੱਠਵੀਂ ਸਦੀ ਦੇ ਦੂਜੇ ਅੱਧ ਵਿਚ ਕੂਫ਼ਾ ਸ਼ਹਿਰ ਦੇ ਜਾਬਿਰ ਬਿਨ ਹੱਯਾਨ ਦੇ ਨਾਮ ਨਾਲ ਪ੍ਰਯੋਗ ਕੀਤਾ ਗਿਆ। ਤਪੱਸਿਆ ਦੇ ਖੇਤਰ ਵਿਚ ਇਹਨਾਂ ਦਾ ਵਿਸ਼ੇਸ਼ ਸਥਾਨ ਸੀ। ਅਬੂ ਹਾਸ਼ਮ ਕੂਫ਼ੀ ਦੇ ਨਾਮ ਨਾਲ ਪਹਿਲੀ ਵਾਰ 199 ਹਿ. /814 ਈ. ਵਿਚ ਇਸ ਸ਼ਬਦ ਦੇ ਬਹੁਵਚਨ ਰੂਪ 'ਸੂਫ਼ੀਆ' ਦਾ ਪ੍ਰਯੋਗ ਕੀਤਾ ਗਿਆ। ਇਮਾਮ ਕੁਸ਼ੇਰੀ ਅਨੁਸਾਰ ਸੂਫ਼ੀ ਸ਼ਬਦ ਦਾ ਪ੍ਰਚਲਨ 822 ਈ. ਤੱਕ ਆਮ ਹੋ ਗਿਆ ਸੀ।

ਇਸਲਾਮੀ ਸਾਹਿਤ ਵਿਚ ਸੂਫ਼ੀ ਦਰਵੇਸ਼ ਲਈ ਵਲੀ-ਅੱਲਾਹ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸਦਾ ਅਰਥ ਹੈ ਅੱਲਾਹ ਦਾ ਦੋਸਤ। ਵਲੀ ਦਾ ਬਹੁਵਚਨ ਔਲੀਆ ਹੈ। ਇਸ ਤਰ੍ਹਾਂ ਵਲੀ ਜਾਂ ਔਲੀਆ ਰੱਬ ਦੇ ਦੋਸਤ ਹਨ। ਇਸਲਾਮ ਵਿਚ ਇਹਨਾਂ ਦਾ ਮਰਤਬਾ ਸਹਾਬਾ-ਏ-ਕਰਾਮ ਅਰਥਾਤ ਹਜ਼ਰਤ ਮੁਹੰਮਦ (ਸ.) ਦੇ ਸਾਥੀਆਂ ਤੋਂ ਬਾਅਦ ਸਭ ਤੋਂ ਉੱਚਤਮ ਹੈ। ਹਜ਼ਰਤ ਅਲੀ ਹੁਜਵੀਰੀ ਅਨੁਸਾਰ ਜਦੋਂ ਮਨੁੱਖ ਨੇ ਆਪਣੇ ਇਖ਼ਲਾਕ ਅਤੇ ਸੰਸਾਰਿਕ ਕਾਰ- ਵਿਹਾਰ ਨੂੰ ਸੱਭਿਅਕ ਬਣਾ ਲਿਆ ਅਤੇ ਦੁੱਖਾਂ ਤੇ ਮੁਸੀਬਤਾਂ (ਸੰਸਾਰਿਕ ਬੁਰਾਈਆਂ) ਤੋਂ ਆਪਣੇ ਆਪ ਨੂੰ ਪਾਕ ਸਾਫ਼ ਕਰ ਲਿਆ ਤਾਂ ਉਹਨਾਂ ਨੂੰ ਸੂਫ਼ੀ ਕਿਹਾ ਗਿਆ। ਇਸ ਪ੍ਰਕਾਰ ਸੂਫ਼ੀ ਉਹ ਹੁੰਦਾ ਹੈ ਜੋ ਆਪਣੇ ਆਪ ਤੋਂ ਛਾਨੀ ਅਤੇ ਰੱਬ ਦੀ ਜ਼ਾਤ ਨਾਲ ਬਾਕੀ ਹੋਵੇ। ਤਬੀਅਤ ਅਨੁਸਾਰ ਕਬਜ਼ੇ ਦੀ ਭਾਵਨਾ (ਸੰਸਾਰਕ ਇੱਛਾਵਾਂ) ਤੋਂ ਮੁਕਤ ਹੋਵੇ ਅਤੇ ਰੱਬ ਨਾਲ ਮਿਲਿਆ ਹੋਵੇ। ਅਬੁਲ ਹਸਨ ਨੂਰੀ ਅਨੁਸਾਰ

ਸੂਫ਼ੀ ਉਹ ਲੋਕ ਹਨ ਜਿਨ੍ਹਾਂ ਦੀਆਂ ਰੂਹਾਂ ਦੁਨਿਆਵੀ ਬੁਰਾਈਆਂ ਤੋਂ ਪਾਕ ਹੋ ਚੁੱਕੀਆਂ ਹਨ। ਉਹ ਅੱਲਾਹ ਦੇ ਹਜ਼ੂਰ ਪਹਿਲੀ ਕਤਾਰ ਵਿਚ ਉਪਸਥਿਤ ਹਨ। ਮੌਲਾਨਾ ਸ਼ਿਬਲੀ ਮੁਤਾਬਿਕ ਸੂਫ਼ੀ ਦੋਹਾਂ ਜਹਾਨਾਂ ਵਿਚ ਅੱਲਾਹ ਤੋਂ ਸਿਵਾ ਕਿਸੇ ਹੋਰ ਨੂੰ ਨਹੀਂ ਵੇਖਦਾ।

ਹਜ਼ਰਤ ਖ਼ੁਆਜਾ ਬੰਦਾ ਨਵਾਜ਼ ਅਨੁਸਾਰ "ਸੂਫ਼ੀ ਉਹ ਹੈ ਜੋ ਕਦੂਰਤ ਅਰਥਾਤ ਗੰਦਗੀ ਤੋਂ ਪਾਕ, ਚਿੰਤਨ ਨਾਲ ਲਬਰੇਜ਼, ਖ਼ਲਕਤ ਤੋਂ ਦੂਰ ਅਤੇ ਰੱਬ ਦੇ ਨਜ਼ਦੀਕ ਹੋਵੇ ਅਤੇ ਜਿਸ ਵਾਸਤੇ ਸੋਨਾ ਤੇ ਮਿੱਟੀ ਦਾ ਢੇਲਾ ਬਰਾਬਰ ਹੋਣ। ਹਜ਼ਰਤ ਜੁਲਨੂਨ ਮਿਸਰੀ ਅਨੁਸਾਰ ਸੂਫ਼ੀ ਜਦੋਂ ਬੋਲਦਾ ਹੈ ਤਾਂ ਉਸਦੇ ਬੋਲ ਹਕੀਕਤਾਂ ਦਾ ਇਜ਼ਹਾਰ ਕਰਦੇ ਹਨ। ਹਜ਼ਰਤ ਅਬਦੁਲ ਕਾਦਿਰ ਜੀਲਾਨੀ ਨੇ ਸੂਫ਼ੀ-ਵਿਅਕਤਿਤਵ ਦੀ ਸਮੁੱਚੀ ਤਸਵੀਰ ਪੇਸ਼ ਕਰਦਿਆਂ ਲਿਖਿਆ ਹੈ ਕਿ ਸੂਫ਼ੀ ਤੋਂ ਭਾਵ ਹੈ ਪਾਕੀਜ਼ਗੀ, ਸਫ਼ਾਈ ਜਾਂ ਪਵਿੱਤਰਤਾ। ਭਾਵ ਅੱਲਾਹ ਦਾ ਪਾਕ ਕੀਤਾ ਹੋਇਆ। ਸਪਸ਼ਟ ਹੋਇਆ ਕਿ ਸੂਫ਼ੀ ਪਾਕ ਵਿਅਕਤੀ ਨੂੰ ਕਿਹਾ ਜਾਂਦਾ ਹੈ ਅਤੇ ਪਾਕ ਵਿਅਕਤੀ ਉਹ ਹੈ ਜੋ ਆਪਣੇ ਦਿਲ ਨੂੰ ਨਫ਼ਸਾਨੀ ਬੁਰਾਈਆਂ ਅਤੇ ਬੁਰੇ ਅਮਲਾਂ ਤੋਂ ਪਾਕ ਰੱਖੇ, ਨੇਕ ਕੰਮ ਕਰੇ, ਅੱਲਾਹ ਦਾ ਹੱਕ ਅਦਾ ਕਰੇ। ਆਮ ਲੋਕਾਂ ਦੇ ਪਿਆਰ ਵਿਚ ਉਸਦਾ ਦਿਲ ਬੇਚੈਨ ਰਹੇ, ਗੋਸ਼ਾਨਸ਼ੀਨੀ ਇਖ਼ਤਿਆਰ ਕਰਕੇ ਅੱਲਾਹ ਦੀ ਬਾਰਗਾਹ ਵਿਚ ਹਾਜ਼ਰ ਰਹੇ, ਖ਼ੁਦਾ ਦੇ ਹਜ਼ੂਰ ਉਸਨੂੰ ਸਕੂਨ ਹਾਸਲ ਹੋਵੇ, ਸੂਫ਼ੀ ਮਿਹਨਤ ਅਤੇ ਮੁਸ਼ੱਕਤ ਦਾ ਰਸਤਾ ਤੈਅ ਕਰਕੇ ਜਦੋਂ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ ਤਾਂ ਮਹਿਬੂਬ (ਰੱਬ) ਦਾ ਵਸਲ (ਮਿਲਾਪ) ਉਸਨੂੰ ਪ੍ਰਾਪਤ ਹੋ ਜਾਂਦਾ ਹੈ। ਉਸ ਦਾ ਨਫ਼ਸ ਅੱਲਾਹ ਦੀ ਮੁਹੱਬਤ ਵਿਚ ਜਲ ਜਾਂਦਾ ਹੈ। ਉਸਦੇ ਦਿਲ ਤੋਂ ਦੁਨੀਆਂ ਦੀ ਹਵਸ ਦੂਰ ਹੋ ਜਾਂਦੀ ਹੈ ਅਤੇ ਕੋਈ ਇੱਛਾ ਬਾਕੀ ਨਹੀਂ ਰਹਿੰਦੀ। ਉਸ ਵੇਲੇ ਉਹ ਸੂਫ਼ੀ ਅਖਵਾਉਂਦਾ ਹੈ। ਇਸ ਤਰਾਂ ਸਵੀ ਉਸ ਵਿਅਕਤੀ ਨੂੰ ਕਿਹਾ ਜਾ ਸਕਦਾ ਹੈ ਜਿਸ ਦਾ ਦਿਲ ਗ਼ੈਰ-ਅੱਲਾਹ ਅਤੇ ਸੰਸਾਰ ਦੀਆਂ ਤਮਾਮ ਬੁਰਾਈਆਂ ਤੋਂ ਪਾਕ ਹੋਵੇ। ਉਸਨੂੰ ਰੱਬ ਦੀ ਮਾਰਫ਼ਤ ਅਤੇ ਉਸਦਾ ਵਿਸਾਲ ਪ੍ਰਾਪਤ ਹੋਵੇ।

ਸੂਫੀਵਾਦ ਨੂੰ ਇਸਲਾਮੀ ਸਾਹਿਤ ਦੀ ਪਰਿਭਾਸ਼ਕ ਸ਼ਬਦਾਵਲੀ ਵਿਚ ਤਸੱਵੁਫ਼ ਕਿਹਾ ਜਾਂਦਾ ਹੈ। ਤਸੱਵੁਫ਼ ਇਕ ਅਮਲੀ ਅਤੇ ਅਧਿਆਤਮਕ ਜੀਵਨ-ਜਾਚ ਹੈ। ਇਸ ਸੰਬੰਧੀ ਵਿਭਿੰਨ ਸੂਫ਼ੀ ਦਰਵੇਸ਼ਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਹਜ਼ਰਤ ਅਬੁਲ ਹਸਨ ਨੂਰੀ ਅਨੁਸਾਰ 'ਤਸੱਵੁਫ਼' ਸਾਰੀਆਂ ਕਾਮ ਵਾਸ਼ਨਾਵਾਂ ਦੀਆਂ ਲੱਜ਼ਤਾਂ ਨੂੰ ਤਰਕ ਕਰ ਦੇਣ ਦਾ ਨਾਮ ਹੈ। ਇਸ ਦੀਆਂ ਦੋ ਕਿਸਮਾਂ ਹਨ ਪਹਿਲੀ ਰਸਮ ਅਤੇ ਦੂਸਰੀ ਹਕੀਕਤ। ਲੱਜ਼ਤ ਨੂੰ ਤਰਕ ਕਰ ਦੇਣਾ ਬੰਦੇ ਦਾ ਕੰਮ ਹੈ ਅਤੇ ਇਸ

ਦਾ ਫ਼ਨਾਹ ਹੋ ਜਾਣਾ ਹਕੀਕਤ ਹੈ ਜਿਸਦਾ ਸੰਬੰਧ ਖੁਦਾਈ ਦਰਸ਼ਨ ਨਾਲ ਜੁੜਿਆ ਹੋਇਆ ਹੈ। ਅਬੂਬਕਰ ਸ਼ਿਬਲੀ ਅਨੁਸਾਰ ਤਸੱਵੁਫ਼ ਵਿਚ ਕੇਵਲ ਖੁਦਾ 'ਤੇ ਹੀ ਨਜ਼ਰ ਰੱਖੀ ਜਾਂਦੀ ਹੈ, ਗ਼ੈਰ ਤੇ ਨਹੀਂ। ਹਜ਼ਰਤ ਮੁਰਤਅਸ਼ ਦਾ ਕਥਨ ਹੈ ਕਿ ਤਸੱਵੁਫ਼ ਨੇਕ ਸੁਭਾਅ ਦਾ ਨਾਮ ਹੈ। ਇਸ ਦੀਆਂ ਤਿੰਨ ਕਿਸਮਾਂ ਹਨ ਪਹਿਲੀ ਰੱਬੀ ਹੁਕਮਾਂ ਦੀ ਸ਼ਰਧਾ ਪੂਰਵਕ ਪੈਰਵੀ ਕਰਨਾ, ਦੂਸਰੀ ਲੋਕਾਂ ਨਾਲ ਪਿਆਰ ਨਾਲ ਪੇਸ਼ ਆਉਣਾ। ਵੱਡਿਆਂ ਦਾ ਸਤਿਕਾਰ, ਛੋਟਿਆਂ ਨੂੰ ਪਿਆਰ ਅਤੇ ਹਮ-ਉਮਰ ਵਾਲਿਆਂ ਨਾਲ ਬਰਾਬਰੀ ਦਾ ਵਿਹਾਰ ਕਰਨਾ ਅਤੇ ਨੇਕੀ ਬਦਲੇ ਕਿਸੇ ਤੋਂ ਕੋਈ ਇੱਛਾ ਨਾ ਰੱਖਣਾ। ਤੀਸਰੀ ਕਿਸਮ ਹੈ ਸ਼ੈਤਾਨ ਅਤੇ ਕਾਮ ਵਾਸ਼ਨਾਵਾਂ ਦੀ ਪੈਰਵੀ ਨਾ ਕਰਨਾ। ਸ਼ੇਖ਼ ਅਬੂ-ਉਲ-ਹਸਨ ਦੇ ਕਥਨ ਅਨੁਸਾਰ 'ਤਸੱਵੁਫ਼' ਇਲਮਾਂ ਤੇ ਰਸਮਾਂ ਦਾ ਨਾਂ ਨਹੀਂ ਸਗੋਂ ਇਖ਼ਲਾਕ ਦਾ ਨਾਂ ਹੈ।

ਸੂਫ਼ੀਵਾਦ ਇਕ ਅਜਿਹਾ ਸਵੈ-ਅਨੁਸ਼ਾਸਨ ਹੈ ਜਿਹੜਾ ਵਿਸ਼ੇਸ਼ ਵਿਧੀ-ਵਿਧਾਨ ਦਾ ਅਨੁਸਰਨ ਕਰਦਿਆਂ ਉੱਚਤਮ ਰੂਹਾਨੀ ਜੀਵਨ-ਜਾਚ ਦੀ ਸਿਰਜਣਾ ਕਰਦਾ ਹੈ। ਹਜ਼ਰਤ ਜੁਨੈਦ ਬਗ਼ਦਾਦੀ ਅਨੁਸਾਰ ਖੁਦਾ ਤੋਂ ਬਿਨ੍ਹਾਂ ਹੋਰ ਸਭ ਕੁਝ ਨੂੰ ਤਰਕ ਕਰ ਦੇਣਾ ਤਸੱਵੁਫ਼ ਹੈ। ਤਸੱਵੁਫ਼ ਦਾ ਇਲਮ ਕੁਰਆਨ-ਓ-ਸੁਨਤ ਤੋਂ ਬਾਹਰ ਨਹੀਂ ਹੈ। ਜੋ ਕੁਰਆਨ ਅਤੇ ਹਦੀਸ ਦਾ ਗਿਆਨ ਨਹੀਂ ਰੱਖਦਾ, ਉਹ ਤਸੱਵੁਫ਼ ਬਾਰੇ ਜ਼ਿਕਰ ਕਰਨ ਦੇ ਯੋਗ ਨਹੀ ਹੈ। ਹਰ ਬੁਰੇ ਇਖ਼ਲਾਕ ਤੋਂ ਕਿਨਾਰਾਕਸ਼ੀ ਅਤੇ ਹਰ ਚੰਗੇ ਇਖ਼ਲਾਕ ਦਾ ਧਾਰਨ ਕਰਨਾ ਤਸੱਵੁਫ਼ ਹੈ। ਰੱਬ ਦੀ ਜ਼ਾਤ ਤੋਂ ਬਿਨ੍ਹਾਂ ਹੋਰ ਸਭ ਕੁਝ ਦਾ ਪੂਰਨ ਤਿਆਗ ਸੂਫ਼ੀ ਦਾ ਮੂਲ ਧਰਮ ਹੈ। ਇਕ ਰੱਬ ਵਿਚ ਫ਼ਨਾ (ਅਭੇਦ) ਹੋ ਕੇ ਬਕਾ (ਸਦੀਵੀ ਜੀਵਨ) ਪ੍ਰਾਪਤ ਕਰਨਾ ਸੂਫ਼ੀਵਾਦ ਦਾ ਆਦਰਸ਼ ਹੈ। ਇਸ ਤਰ੍ਹਾਂ ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਸੂਫ਼ੀਵਾਦ ਦਾ ਪ੍ਰਮੁਖ ਵਿਸ਼ਾ ਆਤਮਿਕ ਸ਼ੁੱਧਤਾ ਅਤੇ ਆਦਰਸ਼ ਰੱਬੀ ਗਿਆਨ/ਵਿਸ਼ਾਲ ਦੀ ਪ੍ਰਾਪਤੀ ਨਾਲ ਸੰਬੰਧਿਤ ਹੈ। ਇਸਲਾਮੀ ਵਿਚਾਰਧਾਰਾ ਦੇ ਅੰਤਰਗਤ ਇਸ ਮੰਤਵ ਦੀ ਪੂਰਤੀ ਲਈ ਜਿਸ ਵਿਧੀ-ਵਿਧਾਨ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਸਨੂੰ ਤਸੱਵੁਫ਼ ਕਿਹਾ ਜਾਂਦਾ ਹੈ।

ਸੂਫ਼ੀਵਾਦ ਦਾ ਆਰੰਭ ਹਜ਼ਰਤ ਮੁਹੰਮਦ (ਸ.) ਤੋਂ ਹੀ ਪ੍ਰਵਾਨ ਕੀਤਾ ਜਾਂਦਾ ਹੈ। ਆਪ (ਸ.) ਦੁਆਰਾ ਪ੍ਰਯੁਕਤ ਸ਼ਬਦ 'ਇਹਸਾਨ' ਅਜੋਕੇ 'ਤਸੱਵੁਫ਼' ਨਾਲ ਭਾਵਾਰਥ ਇਕਸੁਰਤਾ ਦਾ ਲਖਾਇਕ ਹੈ। ਇਸ ਸੰਬੰਧੀ ਆਪ (ਸ.) ਦੀਆਂ ਵਿਭਿੰਨ ਹਦੀਸਾਂ ਮਿਲਦੀਆਂ ਹਨ। ਇਕ ਹਦੀਸ ਅਨੁਸਾਰ ਆਪ (ਸ.) ਨੇ ਫ਼ਰਮਾਇਆ ਕਿ 'ਇਹਸਾਨ ਇਹ ਹੈ ਕਿ ਤੁਸੀਂ ਇਸ ਤਰ੍ਹਾਂ ਇਬਾਦਤ ਕਰੋ ਜਿਵੇਂ ਤੁਸੀਂ ਰੱਬ ਨੂੰ ਵੇਖ ਰਹੇ ਹੋਵੋ। ਜੇਕਰ ਇਹ ਸੰਭਵ ਨਾ ਹੋਵੇ ਤਾਂ ਤੁਸੀਂ ਇਹ ਮਹਿਸੂਸ ਕਰੋ ਕਿ ਉਹ

ਤੁਹਾਨੂੰ ਵੇਖ ਰਿਹਾ ਹੈ।" ਇਸ ਤਰ੍ਹਾਂ ਇਸ ਹਦੀਸ ਵਿਚ ਮਨੁੱਖ ਅਤੇ ਰੱਬ ਵਿਚ ਨਿੱਜੀ ਅਤੇ ਸਪਸ਼ਟ ਸੰਬੰਧ ਸਥਾਪਿਤ ਹੋਣ ਦਾ ਉਲੇਖ ਅੰਕਿਤ ਹੈ। ਹਜ਼ਰਤ ਮੁਹੰਮਦ (ਸ.) ਦਾ ਸਮੁੱਚਾ ਜੀਵਨ ਦਰਵੇਸ਼ਾਨਾ ਜੀਵਨ-ਜਾਚ ਦੀ ਉੱਤਮ ਮਿਸਾਲ ਪੇਸ਼ ਕਰਦਾ ਹੈ । ਖੁਲਫ਼ਾ-ਏ-ਰਾਸ਼ਦੀਨ ਅਤੇ ਦੂਸਰੇ ਸਹਾਬਾ ਦਾ ਜੀਵਨ ਵਿਸ਼ੇਸ਼ਕਰ ਅਸਹਾਬ-ਏ-ਸੁਫਾ ਦਰਵੇਸ਼ਾਨਾ ਜੀਵਨ ਬਤੀਤ ਕਰਦੇ ਸਨ । ਉਹਨਾਂ ਦੀ ਜ਼ਿੰਦਗੀ ਪੂਰਨ ਰੂਪ ਵਿਚ ਰੱਬ ਦੀ ਇਬਾਦਤ ਲਈ ਸਮਰਪਿਤ ਸੀ ।

ਇਸਲਾਮ ਨੇ ਆਂਤਰਿਕ ਪਵਿੱਤਰਤਾ ਵਲ ਵਿਸ਼ੇਸ਼ ਧਿਆਨ ਦਿੱਤਾ ਹੈ ਕਿਉਂਕਿ ਜਦ ਤੱਕ ਮਨੁੱਖ ਦਾ ਦਿਲ ਨਾ ਬਦਲੇ, ਉਸ ਵਿਚ ਕੋਈ ਇਨਕਲਾਬ ਪੈਦਾ ਨਹੀਂ ਹੋ ਸਕਦਾ । ਇਸਲਾਮ ਵਿਚ ਇਬਾਦਤ ਅਤੇ ਜ਼ੁਹਾਦ ਦੀ ਸਿੱਖਿਆ ਦਿੱਤੀ ਗਈ ਹੈ। ਸੂਫ਼ੀ ਦਰਵੇਸ਼ ਵੀ ਅਤਿ ਅਧਿਕ ਬੰਦਗੀ ਕਰਦੇ ਹਨ ਅਤੇ ਆਪਣੇ ਮੁਰੀਦਾਂ ਨੂੰ ਵੀ ਇਸ ਦੀ ਪੈਰਵੀ ਕਰਨ ਦਾ ਆਦੇਸ਼ ਦਿੰਦੇ ਹਨ । ਤਸੱਵੁਫ਼ ਦਾ ਪ੍ਰਮੁਖ ਵਿਸ਼ਾ ਤਕੀਆ-ਏ-ਨਫ਼ਸ (purification of self) ਹੈ। ਪਵਿੱਤਰ ਕੁਰਆਨ ਵਿਚ ਇਸ ਸੰਬੰਧੀ ਫ਼ਰਮਾਇਆ ਗਿਆ ਹੈ :

ਹਮੇਸ਼ਾ ਰਹਿਣ ਵਾਲੇ ਬਾਗ, ਜਿਨ੍ਹਾਂ ਦੇ ਥੱਲੇ ਨਹਿਰਾਂ ਵਗਦੀਆਂ ਹਨ, ਉਹ ਉਹਨਾਂ ਵਿਚ ਹਮੇਸ਼ਾਂ ਰਹਿਣਗੇ। ਇਹ ਇਨਾਮ ਉਸਦੇ ਲਈ ਹੈ ਜੋ (ਨਫ਼ਸ ਦੀ ਬੁਰਾਈ ਤੋਂ) ਪਾਕ ਹੋਵੇ ।

(ਸੂਰਤ ਤਾਂ ਹਾ : 12)

ਇਕ ਹਦੀਸ-ਏ-ਕੁਦਸੀ ਵਿਚ ਫ਼ਰਮਾਇਆ ਗਿਆ ਹੈ ਕਿ 'ਮੈ ਆਪਣੀ ਜ਼ਮੀਨ ਅਤੇ ਅਸਮਾਨ ਵਿਚ ਨਹੀਂ ਸਮਾ ਸਕਦਾ ਪਰੰਤੂ ਮੈਂ ਆਪਣੇ ਮੋਮਿਨ, ਪ੍ਰਹੇਜ਼ਗਾਰ ਦੇ ਦਿਲ ਵਿਚ ਸਮਾ ਜਾਂਦਾ ਹਾਂ ।' ਇਸ ਤਰ੍ਹਾਂ ਨਫ਼ਸ ਜਾਂ ਦਿਲ ਦੀ ਸਫ਼ਾਈ ਈਮਾਨ ਦੀ ਉੱਤਮਤਾ ਅਤੇ ਨੇਕ ਅਮਲਾਂ ਦੀ ਜੜ੍ਹ ਹੈ । ਜਦੋਂ ਮਨੁੱਖ ਦਾ ਦਿਲ ਬੁਰਾਈ ਤੋਂ ਪਾਕ ਸਾਫ਼ ਹੋ ਜਾਂਦਾ ਹੈ ਤਾਂ ਸਰੀਰ ਦੇ ਦੂਸਰੇ ਅੰਗ ਵੀ ਬੁਰਾਈ ਤੋਂ ਦੂਰ ਹੋ ਜਾਂਦੇ ਹਨ । ਮਿਸਾਲ ਵਜੋਂ ਅੱਖ ਵਿਚੋਂ ਅਸ਼ਲੀਲਤਾ ਦੂਰ ਹੋ ਜਾਂਦੀ ਹੈ । ਜ਼ਬਾਨ ਝੂਠ ਅਤੇ ਨਿੰਦਾ ਚੁਗਲੀ ਦਾ ਸਾਥ ਛੱਡ ਦਿੰਦੀ ਹੈ। ਹਜ਼ਰਤ ਮੁਹੰਮਦ (ਸ.) ਦੇ ਕਥਨ ਅਨੁਸਾਰ 'ਇਨਸਾਨ ਦੇ ਜਿਸਮ ਵਿਚ ਇਕ ਲੋਥੜਾ ਹੈ । ਜੇਕਰ ਉਹ ਵਧੀਆ ਬਣ ਜਾਵੇ ਤਾਂ ਇਨਸਾਨ ਵਧੀਆ ਬਣ ਜਾਂਦਾ ਹੈ । ਜੇ ਉਹ ਖਰਾਬ ਹੋ ਜਾਵੇ ਤਾਂ ਇਨਸਾਨ ਖ਼ਰਾਬ ਹੋ ਜਾਂਦਾ ਹੈ । ਸਾਵਧਾਨ ਰਹੋ ! ਉਹ ਲੋਥੜਾ ਦਿਲ ਹੈ।" ਇਸ ਪ੍ਰਕਾਰ ਆਤਮਿਕ ਸ਼ੁੱਧਤਾ ਜਾਂ ਦਿਲ ਦੀ

ਸਫ਼ਾਈ ਇਸਲਾਮੀ ਅਤੇ ਸੂਫੀ ਚਿੰਤਨ ਦਾ ਪ੍ਰਮੁਖ ਵਿਸ਼ਾ ਹੈ। ਪਵਿੱਤਰ ਕੁਰਆਨ ਦੀਆਂ ਵਿਭਿੰਨ ਆਇਤਾਂ ਅਤੇ ਹਜ਼ਰਤ ਮੁਹੰਮਦ (ਸ.) ਦੇ ਕਥਨਾਂ ਦਾ ਜੇਕਰ ਗੰਭੀਰਤਾ ਪੂਰਵਕ ਅਧਿਐਨ ਕੀਤਾ ਜਾਵੇ ਤਾਂ ਸੂਫ਼ੀਵਾਦ ਦੇ ਬੁਨਿਆਦੀ ਸਿਧਾਂਤ ਕੁਰਆਨ ਅਤੇ ਹਦੀਸ ਵਿਚੋਂ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਇਸ ਤਰ੍ਹਾਂ ਇਸਲਾਮੀ ਚਿੰਤਨ ਨੂੰ ਸੂਫ਼ੀ ਦਰਸ਼ਨ ਦੀ ਨੀਂਹ ਸਵੀਕਾਰ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ। ਹਜ਼ਰਤ ਮੁਹੰਮਦ (ਸ.) ਦੀ ਵਫ਼ਾਤ (632 ਈ.) ਉਪਰੰਤ ਮੁਸਲਿਮ ਜਗਤ ਵਿਚ ਆਪ (ਸ.) ਦੇ ਸਾਥੀਆਂ ਨੂੰ ਸਤਿਕਾਰਤ ਸ਼ਬਦ 'ਸਹਾਬਾ' ਨਾਲ ਸੰਬੋਧਿਤ ਕੀਤਾ ਜਾਂਦਾ ਸੀ ।

ਇਹ ਲੋਕ ਆਰਿਫ਼ ਅਰਥਾਤ ਗਿਆਨਵਾਨ ਸਨ । ਜਿਹਨਾਂ ਬਜ਼ੁਰਗਾਂ ਨੂੰ ਸਹਾਬਾ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ ਉਨ੍ਹਾਂ ਨੂੰ 'ਤਾਬੇਈਨ' ਕਿਹਾ ਜਾਣ ਲੱਗ ਪਿਆ। ਜੋ ਲੋਕ ਤਾਬੇਈਨ ਤੋਂ ਰੂਹਾਨੀ ਫ਼ੈਜ਼ ਪ੍ਰਾਪਤ ਕਰਨ ਵਾਲੇ ਸਨ ਉਹਨਾਂ ਨੂੰ 'ਅਤਬਾ-ਏ-ਤਾਬੇਈਨ' ਭਾਵ ਤਾਬੇਦਾਰਾਂ ਦੇ ਤਾਬੇਦਾਰ ਦੇ ਨਾਮ ਨਾਲ ਸਨਮਾਨਿਆ ਗਿਆ । ਇਸ ਤੋਂ ਬਾਅਦ ਵਕਤ ਨੇ ਕਰਵਟ ਬਦਲੀ ਅਤੇ ਲੋਕਾਂ ਦੀ ਜੀਵਨ-ਜਾਚ, ਹਾਲ ਤੇ ਮਰਤਬੇ ਵਿਚ ਵਿਸ਼ੇਸ਼ ਅੰਤਰ ਆਉਣ ਲੱਗ ਪਿਆ।

ਜਿਹੜੇ ਲੋਕਾਂ ਦਾ ਧਿਆਨ ਸ਼ਰੱਈ ਆਦੇਸ਼ਾਂ ਦੀ ਪੈਰਵੀ ਵਲ ਅਧਿਕ ਸੀ ਉਹਨਾਂ ਨੂੰ 'ਜੁਹਾਦ' ਅਤੇ 'ਉੱਬਾਦ' ਕਿਹਾ ਗਿਆ । ਫਿਰ ਹੌਲੀ ਹੌਲੀ ਧਰਮ ਵਿਚ ਪਤਨ ਸ਼ੁਰੂ ਹੋ ਗਿਆ ਜਿਸਨੂੰ ਵੇਖ ਕੇ ਸੱਚੇ ਪ੍ਰਭੂ-ਪ੍ਰੇਮੀਆਂ ਨੇ ਦੁਨੀਆਂ ਤੋਂ ਅਲਹਿਦਗੀ ਅਖ਼ਤਿਆਰ ਕਰਨੀ ਆਰੰਭ ਕਰ ਦਿੱਤੀ ਤੇ ਲੋਕ ਉਹਨਾਂ ਨੂੰ ਸੂਫ਼ੀ ਕਹਿਣ ਲੱਗ ਪਏ । ਖੁਲਫ਼ਾ-ਏ-ਰਾਸ਼ਦੀਨ ਦੇ ਸ਼ਾਸਨਕਾਲ (632-66 ਈ.) ਦੌਰਾਨ ਇਹਨਾਂ ਦਰਵੇਸ਼ਾਂ ਨੂੰ ਅਧਿਆਤਮਕ ਸਾਧਨਾ ਲਈ ਲੋੜੀਂਦਾ ਮਾਹੌਲ ਪ੍ਰਾਪਤ ਰਿਹਾ ਕਿਉਂਕਿ ਇਹਨਾਂ ਖ਼ਲੀਫਿਆਂ ਦੀ ਆਪਣੀ ਸ਼ਖ਼ਸੀਅਤ ਫ਼ਕੀਰਾਨਾ ਅਤੇ ਉੱਚਤਮ ਨੈਤਿਕ ਕਦਰਾਂ-ਕੀਮਤਾਂ ਦੀ ਧਾਰਨੀ ਸੀ । ਇਸ ਖ਼ਿਲਾਫ਼ਤ ਦੇ ਦੌਰ ਤੋਂ ਬਾਅਦ ਜਦੋਂ ਉਮੈਯਾ ਵੰਸ਼ੀ ਬਾਦਸ਼ਾਹਤ ਦਾ ਯੁੱਗ ਸ਼ੁਰੂ ਹੋਇਆ ਤਾਂ ਇਸਲਾਮ ਧਾਰਮਿਕ ਅਤੇ ਰਾਜਨੀਤਿਕ ਤੌਰ 'ਤੇ ਪਤਨ- ਗ੍ਰਸਤ ਹੋਣ ਲੱਗ ਪਿਆ।

ਹਜ਼ਰਤ ਮੁਹੰਮਦ (ਸ.) ਦੇ ਜੀਵਨ ਕਾਲ ਵਿਚ ਕੁਝ ਨਿਆਸਰੇ ਅਤੇ ਗਰੀਬ ਲੋਕ ਮਸਜਿਦ-ਏ-ਨਬਵੀ ਵਿਖੇ ਇਕ ਛੱਤ-ਰਹਿਤ ਚਬੂਤਰੇ 'ਤੇ ਰੱਬੀ ਇਬਾਦਤ ਵਿਚ ਜੀਵਨ ਬਤੀਤ ਕਰਦੇ ਸਨ । ਇਹਨਾਂ ਦੇ ਜੀਵਨ ਦਾ ਮੂਲ ਆਦਰਸ਼ ਰੱਬੀ ਸਿਮਰਨ ਅਤੇ ਇਸਲਾਮ ਦਾ ਪ੍ਰਚਾਰ ਸੀ । ਇਸਲਾਮੀ ਜਗਤ ਵਿਚ ਇਹਨਾਂ ਨੂੰ ਅਸਹਾਬ-ਏ-ਸੁਫਾ ਕਿਹਾ ਜਾਂਦਾ ਹੈ । ਇਹਨਾਂ

ਵਿਚੋਂ ਅਧਿਕਤਰ ਲੋਕ ਮੱਕੇ ਤੋਂ ਹਿਜਰਤ ਕਰਕੇ ਆਏ ਸਨ। ਵਪਾਰ ਜਾਂ ਖੇਤੀ ਕਰਨ ਦੇ ਸਾਧਨ ਇਹਨਾਂ ਕੋਲ ਨਹੀਂ ਸਨ। ਇਹਨਾਂ ਲੋਕਾਂ ਦੀ ਜ਼ਿੰਦਗੀ ਇਬਾਦਤ, ਕੁਰਆਨ ਅਤੇ ਹਦੀਸ ਦੀ ਸਿੱਖਿਆ ਅਤੇ ਹਜ਼ਰਤ ਮੁਹੰਮਦ (ਸ.) ਤੋਂ ਰੂਹਾਨੀ ਫ਼ੈਜ਼ ਹਾਸਲ ਕਰਨ ਲਈ ਸਮਰਪਿਤ ਸੀ। ਸਬਰ, ਸ਼ੁਕਰ, ਰਜ਼ਾ ਅਤੇ ਇਲਾਹੀ ਯਾਦ ਵਿਚ ਲੀਨਤਾ ਹੀ ਇਹਨਾਂ ਦੇ ਜੀਵਨ ਦਾ ਸਰਮਾਇਆ ਸੀ। ਪਵਿੱਤਰ ਕੁਰਆਨ ਵਿਚ ਇਹਨਾਂ ਸਹਾਬਾ-ਏ-ਕਰਾਮ ਦਾ ਜ਼ਿਕਰ ਮੁਕੱਰਿਬੀਨ (ਰੱਬ ਦੇ ਕਰੀਬੀ/ਦੋਸਤ), ਸਾਬਿਰੀਨ (ਧੀਰਜਵਾਨ), ਅਬਰਾਰ (ਧਾਰਮਿਕ, ਪਵਿੱਤਰ) ਅਤੇ ਹਾਦ (ਤਪੱਸਵੀ) ਆਦਿ ਸਤਿਕਾਰਤਾ ਸ਼ਬਦਾਂ ਨਾਲ ਕੀਤਾ ਗਿਆ ਹੈ। ਅਸਹਾਬ-ਏ-ਸੁਫ਼ਾ ਅਤੇ ਸੂਫ਼ੀਆਨਾ ਵਿਚਾਰ-ਪੱਧਤੀ ਵਿਚ ਸਮੁੱਚੇ ਰੂਪ ਵਿਚ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਲਈ ਪੈਗ਼ੰਬਰ-ਏ-ਇਸਲਾਮ ਤੋਂ ਬਾਅਦ ਸਹਾਬਾ ਅਤੇ ਅਸਹਾਬ-ਏ-ਸੁਫਾ ਸੂਫ਼ੀਆਂ ਲਈ ਵਿਸ਼ੇਸ਼ ਪ੍ਰੇਰਨਾ ਸ੍ਰੋਤ ਹਨ ਜਿਹਨਾਂ ਤੋਂ ਉਹ ਰੂਹਾਨੀ ਅਗਵਾਈ ਪ੍ਰਾਪਤ ਕਰਦੇ ਹਨ।

ਮੁਸਲਿਮ ਵਿਚਾਰਵਾਨਾਂ ਵਲੋਂ ਤਸੱਵੁਫ਼ ਦੇ ਇਲਮ ਅਤੇ ਅਮਲ ਨੂੰ ਇਸ ਲਈ ਅਪਣਾਇਆ ਗਿਆ ਕਿਉਂਕਿ ਇਸ ਨਾਲ ਨਫ਼ਸ ਦੀ ਸ਼ੁੱਧਤਾ ਰੂਪਮਾਨ ਹੁੰਦੀ ਹੈ ਅਤੇ ਦਿਲ ਵਿਚ ਰੱਬ ਦਾ ਨੂਰ ਪੈਦਾ ਹੁੰਦਾ ਹੈ। ਕਾਮ ਵਾਸ਼ਨਾਵਾਂ, ਧਨ ਦੌਲਤ ਦੀ ਇੱਛਾ ਅਤੇ ਹੰਕਾਰ ਖ਼ਤਮ ਹੋ ਜਾਂਦਾ ਹੈ। ਰੱਬੀ ਭੇਦ ਜ਼ਾਹਿਰ ਹੋਣ ਲਗਦੇ ਹਨ ਅਤੇ ਮਾਨਵੀ ਜ਼ਬਾਨ ਇਲਾਹੀ ਹਕੀਕਤਾਂ ਦੀ ਤਰਜਮਾਨੀ ਕਰਨ ਲਗਦੀ ਹੈ। ਸੂਫ਼ੀਵਾਦ ਦਾ ਆਰੰਭ ਸੱਤਵੀ ਸਦੀ ਈ. ਵਿਚ ਹੀ ਹੋ ਗਿਆ ਸੀ। ਇਸਲਾਮ ਦੇ ਪਹਿਲੇ ਖ਼ਲੀਫਾ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਅਤੇ ਅੰਤਿਮ ਖ਼ਲੀਫਾ ਹਜ਼ਰਤ ਅਲੀ (ਰਜ਼ੀ.) ਨੇ ਸੂਫ਼ੀ ਸੰਪ੍ਰਦਾਵਾਂ ਦੀ ਨਹੀਂ ਰੱਖੀ।" ਮੁਢਲੇ ਸੂਫ਼ੀਆਂ ਵਿਚ ਹਜ਼ਰਤ ਅਬੂਕਰ (ਰਜ਼ੀ.), ਹਜ਼ਰਤ ਅਬੂ ਹਜ਼ੀਫਾ (ਰਜ਼ੀ), ਹਜ਼ਰਤ ਉਵੈਸ ਕਰਨੀ, ਸਲਮਾਨ ਫ਼ਾਰਸੀ, ਹਸਨ ਬਸਰੀ ਆਦਿ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਇਹਨਾਂ ਦੀ ਅਧਿਆਤਮਕ ਜੀਵਨ-ਜਾਚ ਕਠਿਨ ਤਪੱਸਿਆ ਅਤੇ ਸ਼ਰੀਅਤ ਦੀ ਪੈਰਵੀ 'ਤੇ ਆਧਾਰਿਤ ਸੀ।

ਸੂਫ਼ੀਆਨਾ ਤਰਜ਼-ਏ-ਜ਼ਿੰਦਗੀ ਦੀ ਮੂਲ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਾਧਕ ਹਰ ਮਾਮਲੇ ਵਿਚ ਕੇਵਲ ਅੱਲਾਹ 'ਤੇ ਨਜ਼ਰ ਰੱਖਦਾ ਹੈ। ਉਸ ਦੀ ਇੱਛਾ ਅਤੇ ਆਦਰਸ਼ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਹੁੰਦਾ ਹੈ। ਖ਼ੁਦਾ ਦੀ ਤਕਦੀਰ 'ਤੇ ਮੁਕੰਮਲ ਈਮਾਨ, ਕਾਮ ਵਾਸ਼ਨਾਵਾਂ ਦਾ ਵਿਰੋਧ, ਸ਼ਰਧਾ ਅਤੇ ਸ਼ਿੱਦਤ ਸੂਫ਼ੀ ਸਾਧਕਾਂ ਦੇ ਜੀਵਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ। ਸੂਫੀ ਲੋਕ ਕੁਰਆਨ ਅਤੇ ਸੁੰਨਤ ਦੇ ਜ਼ਾਹਿਰੀ ਅਤੇ ਬਾਤਿਨੀ ਦੋਵੇਂ ਪਹਿਲੂਆਂ 'ਤੇ ਅਮਲ ਕਰਦੇ ਹਨ। ਖ਼ੁਦਾ ਪ੍ਰਤਿ ਹੁਸਨ-

ਏ-ਜ਼ਨ ਰਖਦਿਆਂ ਉਸ ਤੇ ਪੂਰਨ ਭਰੋਸਾ ਰੱਖਦੇ ਹਨ। ਇਹ ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਨੁੱਖ ਜਦੋਂ ਸੂਫੀ-ਸਾਧਨਾ 'ਤੇ ਅਮਲ ਕਰਨ ਲਗਦਾ ਹੈ ਤਾਂ ਉਹ ਉਚਤਮ ਰੂਹਾਨੀ ਦਰਜਿਆਂ ਦਾ ਧਾਰਨੀ ਹੋ ਜਾਂਦਾ ਹੈ । ਸ਼ਰੀਅਤ ਦੀ ਪੈਰਵੀ ਕਰਨ ਵਾਲੇ ਆਮ ਵਿਅਕਤੀ ਜਾਂ ਆਮਿਲ ਲੋਕਾਂ ਦੀ ਇਸ ਮਰਤਬੇ ਤੱਕ ਰਸਾਈ ਨਹੀਂ ਹੁੰਦੀ। ਇਕ ਵਾਰ ਹਜ਼ਰਤ ਮੁਹੰਮਦ (ਸ.) ਨੇ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ) ਤੋਂ ਵਿਸ਼ੇਸ਼ ਮੰਤਵ ਹਿਤ ਕੁਝ ਧਨ ਦੌਲਤ ਦੀ ਮੰਗ ਕੀਤੀ ਤਾਂ ਉਹ ਸਾਰਾ ਮਾਲ ਹਜੂਰ ਦੀ ਖ਼ਿਦਮਤ ਵਿਚ ਲੈ ਆਏ। ਆਪ (ਸ.) ਨੇ ਪੁੱਛਿਆ ਕਿ 'ਘਰ ਵਾਲਿਆਂ ਲਈ ਕੀ ਬਾਕੀ ਰੱਖਿਆ ਹੈ? ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਨੇ ਆਖਿਆ ਕਿ ਘਰ ਵਾਲਿਆਂ ਲਈ ਮੈਂ ਖੁਦਾ ਅਤੇ ਉਸਦੇ ਰਸੂਲ ਨੂੰ ਛੱਡ ਆਇਆ ਹਾਂ।' ਹਦੀਸ ਵਿਚ ਵਿਦਮਾਨ ਸਹਾਬਾ ਦੇ ਅਜਿਹੇ ਵਿਭਿੰਨ ਕਥਨ ਤਸੱਵੁਫ਼ ਦੀ ਮੂਲ ਭਾਵਨਾ ਦੇ ਲਖਾਇਕ ਹਨ।

ਆਰੰਭਿਕ ਕਾਲ ਦੇ ਸੂਫੀ ਸੰਤ ਦਾ ਜੀਵਨ ਸਮੁੱਚੇ ਰੂਪ ਵਿਚ ਇਸਲਾਮੀ ਸ਼ਰੀਅਤ 'ਤੇ ਆਧਾਰਿਤ ਸੀ । 'ਕੁਰਆਨ-ਓ-ਸੁੰਨਤ ਦੀ ਪੈਰਵੀ ਹਲਾਲ ਰੋਜ਼ੀ ਦਾ ਪ੍ਰਬੰਧ ਅਤੇ ਇਸਦੇ ਲਈ ਜਦੋ-ਜਹਿਦ, ਬਿਨ੍ਹਾਂ ਭੇਦ-ਭਾਵ ਖੁਦਾ ਦੀ ਮਖ਼ਲੂਕ ਨਾਲ ਨੇਕ ਸਲੂਕ, ਆਂਤਰਿਕ ਅਤੇ ਜ਼ਾਹਿਰੀ ਆਮਾਲ ਵਿਚ ਇਖ਼ਲਾਸ ਆਦਿ ਆਰੰਭਿਕ ਸੂਫੀਆਂ ਦੀਆਂ ਅਹਿਮ ਵਿਸ਼ੇਸ਼ਤਾਵਾਂ ਹਨ।

ਇਸ ਸੰਬੰਧੀ ਹਜ਼ਰਤ ਅਬੂ ਬਕਰ ਤਮਸਤਾਨੀ (ਮ੍ਰਿਤੂ 340 ਹਿ.) ਲਿਖਦੇ ਹਨ ਕਿ 'ਰਸਤਾ ਖੁੱਲ੍ਹਿਆ ਹੋਇਆ ਹੈ ਅਤੇ ਕਿਤਾਬ ਤੇ ਸੁੰਨਤ ਸਾਡੇ ਸਾਹਮਣੇ ਮੌਜੂਦ ਹੈ। ਹਜ਼ਰਤ ਬਾਯਜ਼ੀਦ ਬਿਸਤਾਮੀ ਨੇ ਫ਼ਰਮਾਇਆ ਕਿ 'ਜੇਕਰ ਕੋਈ ਵਿਅਕਤੀ ਇਸ ਕਦਰ ਕਰਾਮਾਤ ਦਾ ਧਾਰਨੀ ਹੋਵੇ ਕਿ ਤੁਸੀਂ ਉਸਨੂੰ ਹਵਾ ਵਿਚ ਉੱਡਦਾ ਹੋਇਆ ਵੇਖੋ ਤਾਂ ਉਸਦੇ ਧੋਖੇ ਵਿਚ ਨਾ ਆ ਜਾਣਾ । ਇਥੋਂ ਤੱਕ ਕਿ ਤੁਸੀਂ ਪਹਿਲਾਂ ਇਹ ਵੇਖ ਲਵੋ ਕਿ ਉਹ ਵਿਅਕਤੀ ਸ਼ਰੀਅਤ ਦੀ ਪੈਰਵੀ ਅਤੇ ਸੁਰੱਖਿਆ ਵਿਚ ਕਿਤਨਾ ਪਾਬੰਦ ਹੈ । ਹਜ਼ਰਤ ਜੁਨੈਦ ਬਗਦਾਦੀ ਮਰਜ਼-ਉਲ-ਮੌਤ ਵਿਚ ਵੀ ਸਿਰਹਾਣੇ 'ਤੇ ਮੂੰਹ ਰੱਖ ਕੇ ਨਮਾਜ਼ ਪੜ੍ਹ ਰਹੇ ਸਨ । ਇਕ ਨੌਜਵਾਨ ਨੇ ਪੁੱਛਿਆ ਕਿ ਕੀ ਅਜਿਹੀ ਹਾਲਤ ਵਿਚ ਵੀ ਨਮਾਜ਼ ਨਹੀਂ ਛੱਡੀ ਜਾ ਸਕਦੀ । ਹਜ਼ਰਤ ਜੁਨੈਦ ਨੇ ਆਖਿਆ ਕਿ 'ਨਮਾਜ਼ ਦੇ ਜ਼ਰੀਏ ਹੀ ਖ਼ੁਦਾ ਤੱਕ ਪਹੁੰਚਿਆ ਹਾਂ । ਇਸ ਲਈ ਇਸਨੂੰ ਨਹੀਂ ਛੱਡ ਸਕਦਾ।" ਇਹ ਸੂਫ਼ੀ ਦਰਵੇਸ਼ ਕੁਰਆਨ, ਹਦੀਸ, ਫ਼ਿਕਹ ਅਤੇ ਤਫ਼ਸੀਰ ਦੇ ਵਿਦਵਾਨ ਸਨ । ਆਮ ਮੁਸਲਮਾਨਾਂ ਨੂੰ ਸ਼ਰੀਅਤ ਦੀ ਪੈਰਵੀ ਲਈ ਪ੍ਰੇਰਿਤ ਕਰਦੇ ਸਨ ਅਤੇ ਆਪ ਵੀ ਇਸਲਾਮੀ ਸ਼ਰੀਅਤ ਦੇ ਪੂਰਨ ਰੂਪ ਵਿਚ ਪਾਬੰਦ ਸਨ।

ਇਸਲਾਮ ਧਰਮ ਅਰਬ ਦੀਆਂ ਹੱਦਾਂ ਲੰਘ ਕੇ ਜਿਸ ਕਦਰ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਫੈਲਦਾ ਗਿਆ, ਇਸਲਾਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਇਸ ਦੇ ਨਾਲ ਸੂਫ਼ੀਵਾਦ ਨੇ ਵੀ ਵਿਸ਼ੇਸ਼ ਵਿਕਾਸ ਅਤੇ ਵਿਸਤਾਰ ਗ੍ਰਹਿਣ ਕੀਤਾ। ਵਿਅਕਤੀਗਤ ਸਾਧਨਾ ਅਤੇ ਅਨੁਭਵ 'ਤੇ ਆਧਾਰਿਤ ਹੋਣ ਕਰਕੇ ਇਸ ਦੇ ਵਿਭਿੰਨ ਸਿਲਸਿਲੇ ਹੋਂਦ ਵਿਚ ਆ ਗਏ। ਇਹ ਸਿਲਸਿਲੇ ਸਮੁੱਚੇ ਰੂਪ ਵਿਚ ਸ਼ਰੀਅਤ 'ਤੇ ਆਧਾਰਿਤ ਸਨ। ਇਹਨਾਂ ਤੋਂ ਇਲਾਵਾ ਕੁੱਝ ਅਜਿਹੇ ਸਿਲਸਿਲੇ ਵੀ ਹੋਂਦ ਵਿਚ ਆਏ ਜੋ ਸ਼ਰੀਅਤ ਦੇ ਕਰਮ-ਕਾਂਡ ਨਾਲ ਸੰਬੰਧਿਤ ਸਾਰੇ ਨਿਯਮਾਂ ਦੀ ਪਾਲਣਾ ਨਹੀਂ ਸਨ ਕਰਦੇ। ਇਹਨਾਂ ਵਿਚ ਮਦਾਰੀਆ, ਰਾਫ਼ੀਆ ਤੇ ਕਲੰਦਰੀਆ ਆਦਿ ਸੂਫ਼ੀ ਸੰਪ੍ਰਦਾਵਾਂ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਹਜ਼ਰਤ ਮੁਹੰਮਦ (ਸ.) ਦੇ ਜੀਵਨ ਕਾਲ ਵਿਚ ਕੋਈ ਸੂਫ਼ੀ ਸੰਪ੍ਰਦਾਇ ਵਿਦਮਾਨ ਨਹੀਂ ਸੀ। ਆਪ (ਸ.) ਦੀ ਪਵਿੱਤਰ ਸੰਗਤ ਅਤੇ ਸਿੱਖਿਆ ਕਾਰਨ ਕਿਸੇ ਵਿਅਕਤੀ ਨੂੰ ਵਿਸ਼ੇਸ਼ ਸਾਧਨਾ-ਵਿਧੀ ਅਪਨਾਉਣ ਦੀ ਲੋੜ ਹੀ ਨਹੀਂ ਸੀ। ਆਪ (ਸ.) ਦੀ ਸੋਹਬਤ ਸਦਕਾ ਮਨੁੱਖ ਨੂੰ ਉਹ ਕੁਝ ਥੋੜ੍ਹੇ ਸਮੇਂ ਵਿਚ ਹੀ ਪ੍ਰਾਪਤ ਹੋ ਜਾਂਦਾ ਸੀ ਜੋ ਅੱਜਕੱਲ੍ਹ ਆਮ ਤੌਰ ਤੇ ਕਈ ਸਾਲਾਂ ਦੀ ਕਰੜੀ ਤਪੱਸਿਆ ਦੇ ਫਲਸਰੂਪ ਪ੍ਰਾਪਤ ਹੁੰਦਾ ਹੈ।

ਸੂਫ਼ੀ ਸੰਪ੍ਰਦਾਵਾਂ ਸਥਾਪਨਾ ਇਸਲਾਮ ਦੇ ਪਹਿਲੇ ਖ਼ਲੀਫਾ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਅਤੇ ਹਜ਼ਰਤ ਅਲੀ (ਰਜ਼ੀ.) ਤੋਂ ਹੀ ਆਰੰਭ ਹੋ ਗਈ ਸੀ ਜੋ ਵਰਤਮਾਨ ਯੁੱਗ ਵਿਚ ਵੀ ਨਿਰੰਤਰ ਜਾਰੀ ਹੈ। ਹਜ਼ਰਤ ਅਲੀ ਹੁਜਵੀਰੀ ਨੇ ਮੁਢਲੇ ਸੂਫ਼ੀਆਂ ਦੇ ਆਧਾਰ 'ਤੇ ਗਿਆਰਾਂ ਸੰਪ੍ਰਦਾਵਾਂ ਮੁਹਾਸਿਬੀਆ, ਕਸਾਰੀਆ, ਤੈਫੂਰੀਆ, ਜੁਨੈਦੀਆ, ਨੂਰੀਆ, ਸੁਹੇਲੀਆ, ਹਕੀਮੀਆ, ਖ਼ਰਾਜੀਆ, ਖ਼ਫੀਫੀਆ, ਸੱਯਾਰੀਆ ਅਤੇ ਹਲੂਲੀਆ ਦੀ ਨਿਸ਼ਾਨਦੇਹੀ ਕੀਤੀ ਹੈ। ਬਾਦਸ਼ਾਹ ਅਕਬਰ ਦੇ ਦਰਬਾਰੀ ਵਿਦਵਾਨ ਅਬੁਲ ਫਜ਼ਲ ਨੇ ਪੰਦਰਾਂ ਸਿਲਸਿਲਿਆਂ ਦਾ ਉਲੇਖ ਕੀਤਾ ਹੈ। ਡਿਕਸ਼ਨਰੀ ਆਫ਼ ਇਸਲਾਮ ਵਿਚ ਸੂਫ਼ੀਆਂ ਦੇ ਪ੍ਰਮੁਖ 32 ਸਿਲਸਿਲਿਆਂ ਦਾ ਉਲੇਖ ਅੰਕਿਤ ਹੈ। ਹਰ ਸੰਪ੍ਰਦਾਇ ਦਾ ਨਾਮ ਆਮ ਤੌਰ 'ਤੇ ਇਸ ਦੇ ਬਾਨੀ ਦੇ ਨਾਮ ਨਾਲ ਸੰਬੰਧਿਤ ਹੈ। ਹਰ ਸਿਲਸਿਲੇ 'ਅੱਗੇ ਹੋਰ ਸਿਲਸਿਲੇ ਉਤਪੰਨ ਹੋਏ ਜਿਵੇਂ ਚਿਸ਼ਤੀ ਸੰਪ੍ਰਦਾਇ ਵਿਚੋਂ ਸਾਬਿਰੀਆ ਅਤੇ ਨਿਜ਼ਾਮੀਆ ਸੰਪ੍ਰਦਾਇ ਦਾ ਨਿਕਾਸ ਹੋਇਆ।

ਹਜ਼ਰਤ ਨਿਸਾਰ ਅਹਿਮਦ ਖਾਂ ਅਨੁਸਾਰ ਸਭ ਸੰਪ੍ਰਦਾਵਾਂ ਦੀ ਮੰਜ਼ਿਲ ਅਤੇ ਮਕਸਦ ਇਕੋ ਹੀ ਹੈ ਭਾਵੇਂ ਤਰੀਕੇ ਅਤੇ ਰਸਤੇ ਅਲੱਗ ਅਲੱਗ ਹਨ। ਕੋਈ ਉੱਚੀ ਅਵਾਜ਼ ਵਿਚ ਜ਼ਿਕਰ ਕਰਦਾ ਹੈ ਅਤੇ ਕੋਈ ਜ਼ਿਕਰ-ਏ-ਖ਼ਫ਼ੀ ਨੂੰ ਤਰਜੀਹ ਦਿੰਦਾ ਹੈ। ਕੋਈ

ਇਕਾਂਤਵਾਸ ਪਸੰਦ ਕਰਦਾ ਹੈ ਅਤੇ ਕੋਈ ਲੋਕਾਂ ਦੀ ਸੰਗਤ ਨੂੰ ਇਸ ਰਸਤੇ ਵਿਚ ਲਾਭਦਾਇਕ ਸਮਝਦਾ ਹੈ। ਖ਼ੁਦਾ ਦਾ ਅਹਿਸਾਨ ਹੈ ਕਿ ਉਸਨੇ ਹਰ ਜਗ੍ਹਾ, ਇਨਸਾਨ ਦੇ ਮਿਜ਼ਾਜ, ਤਬੀਅਤ ਅਤੇ ਪ੍ਰਕਿਰਤੀ ਨੂੰ ਧਿਆਨ ਵਿਚ ਰੱਖਿਆ ਹੈ।" ਸੂਫ਼ੀ ਸੰਪ੍ਰਦਾਵਾਂ ਆਪਣੇ ਅੰਤਿਮ ਲਖਸ਼ ਪ੍ਰਤਿ ਇਕਸੁਰਤਾ ਦੀਆਂ ਧਾਰਨੀ ਹਨ ਭਾਵੇਂ ਇਸਦੀ ਪ੍ਰਾਪਤੀ ਹਿਤ ਵਿਭਿੰਨ ਸੂਫ਼ੀ ਸੰਪ੍ਰਦਾਵਾਂ ਵਿਚ ਸਾਧਨਾ ਦੀਆਂ ਵੱਖ-ਵੱਖ ਵਿਧੀਆਂ 'ਤੇ ਬਲ ਦਿੱਤਾ ਜਾਂਦਾ ਹੈ । ਵਿਭਿੰਨ ਸੂਫੀ ਸਿਲਸਿਲਿਆਂ ਵਿਚ ਅੰਤਿਮ ਅੰਤਰ-ਰੇਖਾ ਸਥਾਪਿਤ ਕਰਨਾ ਤਾਂ ਭਾਵੇਂ ਮੁਸ਼ਕਿਲ ਹੈ ਪਰੰਤੂ ਫਿਰ ਵੀ ਵਿਭਿੰਨ ਸਿਲਸਿਲਿਆਂ ਦੇ ਕੁਝ ਵਿਸ਼ੇਸ਼ ਪਛਾਣ-ਚਿੰਨ੍ਹ ਅਵੱਸ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਨੁਕਤਾ ਵੀ ਅਹਿਮ ਹੈ ਕਿ ਕਈ ਵਾਰ ਇਕ ਦਰਵੇਸ਼ ਵਿਭਿੰਨ ਸਿਲਸਿਲਿਆਂ ਵਿਚ ਖ਼ੁਦ ਵੀ ਬੈਅਤ ਹੁੰਦਾ ਹੈ ਅਤੇ ਮੁਰੀਦਾਂ ਨੂੰ ਵੀ ਉਹਨਾਂ ਦੀ ਇੱਛਾ ਅਨੁਸਾਰ ਇਹਨਾਂ ਸਿਲਸਿਲਿਆਂ ਵਿਚ ਬੈਅਤ (ਮੁਰੀਦ) ਕਰ ਲੈਂਦਾ ਹੈ। ਇਸ ਸੰਬੰਧੀ ਪ੍ਰਮੁਖ ਮਿਸਾਲ ਹਜ਼ਰਤ ਅਹਿਮਦ ਫ਼ਾਰੂਕੀ ਸਰਹਿੰਦੀ ਦੀ ਹੈ ਜੋ ਨਕਸ਼ਬੰਦੀਆ ਸਿਲਸਿਲੇ ਤੋਂ ਬਿਨਾਂ ਚਿਸ਼ਤਿਆ, ਕਾਦਿਰੀਆ ਅਤੇ ਕੁਬਰੋਇਆ ਸਿਲਸਿਲਿਆਂ ਦੇ ਵੀ ਧਾਰਨੀ ਸਨ । ਇਸਲਾਮੀ ਚਿੰਤਨ ਵਿਚ ਵਿਦਵਾਨਾਂ ਦੇ ਕਿਸੇ ਵਿਸ਼ੇ ਪ੍ਰਤੀ ਵਿਭਿੰਨ ਉਸਾਰੂ ਵਿਚਾਰਾਂ ਨੂੰ ਖ਼ੁਦਾ ਦੀ ਰਹਿਮਤ ਮੰਨਿਆ ਗਿਆ ਹੈ ਕਿਉਂਕਿ ਇਸਲਾਮ ਅਤੇ ਤਸੱਵੁਫ਼ ਦੀ ਹਕੀਕਤ ਬਜ਼ੁਰਗਾਂ ਦੇ ਬਚਨਾਂ ਦੁਆਰਾ ਹੀ ਰੂਪਮਾਨ ਹੁੰਦੀ ਹੈ।"

ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵਿਭਿੰਨ ਸੂਫ਼ੀ ਸੰਪ੍ਰਦਾਵਾਂ ਵਿਕਸਿਤ ਹੋਈਆਂ । ਡਾ. ਸੱਈਅਦ ਹੁਸੈਨ ਕਾਦਰੀ ਅਨੁਸਾਰ ਅਰਬ ਦੇਸ਼ਾਂ ਵਿਚ ਨਕਸ਼ਬੰਦੀ ਅਤੇ ਕਾਦਰੀ, ਭਾਰਤ ਤੇ ਪਾਕਿਸਤਾਨ ਵਿਚ ਨਕਸ਼ਬੰਦੀ, ਚਿਸ਼ਤੀ, ਕਾਦਰੀ, ਮਿਸਰ ਤੇ ਸੂਡਾਨ ਵਿਚ ਸ਼ਾਜਲੀਆ, ਰੋਮ ਵਿਚ ਜਲਾਲੀਆ, ਇਰਾਕ ਵਿਚ ਅਹਿਮਦੀਆ, ਖੁਰਾਮਾਨ ਵਿਚ ਹੈਦਰੀਆ ਆਦਿ ਸੰਪ੍ਰਦਾਵਾਂ ਦੀ ਬਹੁਗਿਣਤੀ ਸ਼ਰੀਅਤ ਦੀ ਪਾਲਣਾ 'ਤੇ ਆਧਾਰਿਤ ਅਰਥਾਤ ਬਾਸ਼ ਹੈ । ਕੁਝ ਅਜਿਹੀਆਂ ਸੰਪ੍ਰਦਾਵਾਂ ਵੀ ਹਨ ਜਿਨ੍ਹਾਂ ਵਿਚ ਸ਼ਰੀਅਤ ਦੇ ਕਰਮ-ਕਾਂਡ ਨਾਲ ਸੰਬੰਧਿਤ ਸਾਰੇ ਪੱਖਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ । ਇਹਨਾਂ ਵਿਚ ਮਦਾਰੀਆ, ਕਲੰਦਰੀਆ ਆਦਿ ਸੰਪ੍ਰਦਾਵਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਸਪਸ਼ਟ ਹੈ ਕਿ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਤਤਕਾਲੀਨ ਪ੍ਰਸਥਿਤੀਆਂ, ਤਾਕਾਜ਼ਿਆਂ ਅਤੇ ਰੱਬ ਦੀ ਮਰਜ਼ੀ ਅਨੁਸਾਰ ਵਿਭਿੰਨ ਸਿਲਸਿਲੇ ਹੋਂਦ ਵਿਚ ਆਏ ਅਤੇ ਇਹਨਾਂ ਨੇ ਤੱਸਵੁਫ਼ ਦੇ ਬਹੁਪੱਖੀ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਭਾਰਤ, ਪੰਜਾਬ ਅਤੇ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਮਹੱਤਵ

ਅਤੇ ਪ੍ਰਭਾਵ ਪੱਖੋਂ ਨਿਮਨ-ਲਿਖਤ ਚਾਰ ਸੂਫ਼ੀ ਸੰਪ੍ਰਦਾਵਾਂ ਦਾ ਵਿਸ਼ੇਸ਼ ਰੂਪ ਵਿਚ ਜ਼ਿਕਰ ਕੀਤਾ ਜਾ ਸਕਦਾ ਹੈ: (ੳ) ਕਾਦਿਰੀ ਸੰਪ੍ਰਦਾਇ (ਅ) ਚਿਸ਼ਤੀ ਸੰਪ੍ਰਦਾਇ (ੲ) ਨਕਸ਼ਬੰਦੀ ਸੰਪ੍ਰਦਾਇ (ਸ) ਸੁਹਰਵਰਦੀ ਸੰਪ੍ਰਦਾਇ

ਕਾਦਿਰੀ ਸੰਪ੍ਰਦਾਇ

ਇਸ ਸੰਪ੍ਰਦਾਇ ਦੇ ਬਾਨੀ ਹਜ਼ਰਤ ਅਬਦੁਲ ਕਾਦਿਰ ਜੀਲਾਨੀ (470-561 ਹਿ.) ਤਸੱਵੁਫ਼ ਦੀ ਦੁਨੀਆਂ ਵਿਚ ਆਪਦਾ ਮਰਤਬਾ ਬਹੁਤ ਬੁਲੰਦ ਹੈ। ਆਪ ਨੂੰ ਗੌਂਸ-ਉਲ-ਆਜ਼ਮ, ਪੀਰ-ਏ-ਦਸਤਗੀਰ ਅਤੇ ਵਲੀਆਂ ਦੇ ਸਰਦਾਰ ਆਦਿਕ ਵਿਭਿੰਨ ਸਤਿਕਾਰਤ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਆਪ ਜਨ ਸਾਧਾਰਨ ਵਿਚ ਗਿਆਰਵੀਂ ਵਾਲੇ ਪੀਰ ਵਜੋਂ ਪ੍ਰਸਿੱਧ ਹਨ। ਕੁਰਆਨ, ਹਦੀਸ, ਫ਼ਿਕਹ ਸੰਬੰਧੀ ਗੰਭੀਰ ਜਾਣਕਾਰੀ ਰੱਖਣ ਵਾਲੇ ਹਜ਼ਰਤ ਜੀਲਾਨੀ ਉੱਚ ਕੋਟੀ ਦੇ ਵਿਦਵਾਨ, ਲੇਖਕ ਅਤੇ ਵਕਤਾ ਸਨ ਜਿਨ੍ਹਾਂ ਆਪਣੇ ਪ੍ਰਵਚਨਾਂ ਰਾਹੀਂ ਮਾਨਵਤਾ ਦੇ ਦਿਲ ਵਿਚ ਇਕ ਅਧਿਆਤਮਕ ਇਨਕਲਾਬ ਪੈਦਾ ਕਰ ਦਿੱਤਾ ਸੀ। ਆਪ ਨੇ ਇਰਾਕ ਦੇ ਜੰਗਲਾਂ ਵਿਚ ਪੱਚੀ ਸਾਲ ਕਠੋਰ ਸਾਧਨਾ ਕੀਤੀ। ਫ਼ਤੂਹ-ਉਲ-ਗੈਬ, ਅਲ-ਫ਼ਤਿਹ-ਉਰ-ਰੱਬਾਨੀ ਆਪਦੇ ਸੂਫੀਆਨਾ ਪ੍ਰਵਚਨਾਂ ਦੇ ਪ੍ਰਸਿੱਧ ਸੰਗ੍ਰਹਿ ਹਨ। ਗੁਨੀਆ-ਤੁਤ-ਤਾਲਿਬੀਨ ਫ਼ਿਕਹ ਅਤੇ ਤਸੱਵੁਫ਼ ਦੀ ਮਸ਼ਹੂਰ ਕਿਤਾਬ ਹੈ। ਆਪ ਦੇ ਜੀਵਨ ਨਾਲ ਸੰਬੰਧਿਤ ਪੁਸਤਕਾਂ ਵਿਚ ਆਪ ਤੋਂ ਪ੍ਰਗਟ ਹੋਈਆਂ ਅਨੇਕ ਕਰਾਮਾਤਾਂ ਦਾ ਵਰਨਣ ਮਿਲਦਾ ਹੈ।

ਹਜ਼ਰਤ ਜੀਲਾਨੀ ਦੀ ਵਫ਼ਾਤ ਉਪਰੰਤ ਹਜ਼ਰਤ ਅਹਿਮਦ ਰਿਫ਼ਾਈ (ਮ੍ਰਿ. 1183 ਈ.) ਨੇ ਇਸ ਸੰਪ੍ਰਦਾਇ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਰਿਫ਼ਾਈ ਦੁਆਰਾ ਇਹ ਸੰਪ੍ਰਦਾਇ ਤੁਰਕੀ, ਮਿਸਰ ਅਤੇ ਸੀਰੀਆ ਤੱਕ ਜਾ ਪਹੁੰਚਿਆ। ਹੌਲੀ ਹੌਲੀ ਇਹ ਸੰਪ੍ਰਦਾਇ ਸਾਊਦੀ ਅਰਬ, ਉੱਤਰੀ ਅਤੇ ਪੂਰਬੀ ਅਫ਼ਰੀਕਾ, ਸੁਡਾਨ, ਟਿਉਨਿਸ਼, ਮੋਰਾਕੋ, ਮਲੇਸ਼ੀਆ ਭਾਰਤ ਆਦਿ ਦੇਸ਼ਾਂ ਵਿਚ ਫੈਲ ਗਿਆ। ਸਮੁੱਚੇ ਰੂਪ ਵਿਚ ਕਾਦਿਰੀ ਸੰਪ੍ਰਦਾਇ ਨੇ ਪੂਰੇ ਇਸਲਾਮੀ ਜਗਤ ਨੂੰ ਬੜੀ ਸ਼ਿੱਦਤ ਨਾਲ ਪ੍ਰਭਾਵਿਤ ਕੀਤਾ। ਭਾਰਤ ਵਿਚ ਕਾਦਿਰੀ ਸੰਪ੍ਰਦਾਇ ਦਾ ਪ੍ਰਵੇਸ਼ ਸੋਲ੍ਹਵੀਂ ਸਦੀ ਦੌਰਾਨ ਹੋਇਆ। ਪ੍ਰੋ. ਗੁਲਵੰਤ ਸਿੰਘ ਅਨੁਸਾਰ ਹਜ਼ਰਤ ਨਿਅਮਤ-ਉੱਲਾਹ ਅਤੇ ਮਖ਼ਦੂਮ ਜੀਲਾਨੀ ਇਸ ਸੰਪ੍ਰਦਾਇ ਦੇ ਭਾਰਤ ਵਿਚ ਹਜ਼ਰਤ ਮੀਆਂ ਮੀਰ (1531-1635 ਈ.) ਦੁਆਰਾ ਅਦਭੁਤ ਲੋਕ-ਪ੍ਰਿਯਤਾ ਪ੍ਰਾਪਤ ਹੋਈ। ਹਜ਼ਰਤ ਮੀਆਂ ਮੀਰ ਨੇ ਲਾਹੌਰ ਵਿਖੇ ਆਪਣੀ ਖ਼ਾਨਗਾਹ ਕਾਇਮ ਕੀਤੀ। ਦਾਰਾ ਸ਼ਿਕੋਹ ਇਹਨਾਂ ਦਾ ਅਤਿਅੰਤ ਸ਼ਰਧਾਲੂ ਸੀ। ਸਿੱਖ ਗੁਰੂ ਸਾਹਿਬਾਨ ਨਾਲ ਮੀਆਂ ਮੀਰ

ਦਾ ਡੂੰਘਾ ਭਾਵੁਕਤਾ ਪੂਰਨ ਸੰਬੰਧ ਸੀ। ਕਵੀ ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਦਾ ਸੰਬੰਧ ਵੀ ਕਾਦਿਰੀ ਸੰਪ੍ਰਦਾਇ ਨਾਲ ਹੈ। ਇਸ ਸਿਲਸਿਲੇ ਦੇ ਪ੍ਰਸਿੱਧ ਸੂਫੀ ਸੰਤਾਂ ਵਿਚ ਹਜ਼ਰਤ ਅਬੁਲ ਹਸਨ ਸ਼ਾਜ਼ਲੀ, ਸ਼ੇਖ ਦਾਊਦ, ਸ਼ੇਖ ਇਸਹਾਕ ਕਾਦਿਰੀ, ਸ਼ੇਖ ਅਬੁਲ ਮੁਆਲੀ, ਸੱਈਅਦ ਇਸਮਾਈਲ ਜੀਲਾਨੀ, ਸ਼ਾਹ ਕਮਾਲ ਕੈਥਲੀ, ਇਨਾਇਤ ਸ਼ਾਹ ਕਾਦਿਰੀ, ਮੀਆਂ ਮੀਰ, ਸ਼ੇਖ ਅਬਦੁਲ ਕੁੱਦੂਸ ਗੰਗੋਹੀ ਆਦਿ ਦਾ ਉਲੇਖ ਕੀਤਾ ਜਾ ਸਕਦਾ ਹੈ।

ਹਜ਼ਰਤ ਅਬਦੁਲ ਕਾਦਿਰ ਜੀਲਾਨੀ ਦਾ ਕਥਨ ਹੈ ਕਿ ਮੇਰਾ 'ਕਲਾਮ' ਦਿਲਾਂ ਲਈ ਹੈ। ਇਸ ਨੂੰ ਦਿਲ ਅਤੇ ਰੂਹ ਨਾਲ ਸੁਣੋ ਤਾਂ ਕਿ ਤੁਹਾਡੇ ਜ਼ਾਹਿਰ ਅਤੇ ਬਾਤਿਨ ਨੂੰ ਚੈਨ ਨਸੀਬ ਹੋਵੇ ਅਤੇ ਤੁਹਾਡੇ ਨਫ਼ਸ ਤੇ ਵਾਸ਼ਨਾਵਾਂ ਕਮਜ਼ੋਰ ਪੈ ਜਾਣ ਤੇ ਕਾਮ ਵਾਸ਼ਨਾ ਦੀ ਅੱਗ ਬੁੱਝ ਜਾਵੇ। ਨਫ਼ਸ ਤੇ ਵਾਸ਼ਨਾਵਾਂ ਤੁਹਾਡੀਆਂ ਦੁਸ਼ਮਣ ਹਨ ਜੋ ਦੁਨੀਆਂ ਨੂੰ ਤੁਹਾਡੀ ਨਜ਼ਰ ਵਿਚ ਮਹਿਬੂਬ ਬਣਾਉਂਦੀਆਂ ਹਨ ਅਤੇ ਫ਼ਕੀਰੀ ਤੋਂ ਤੁਹਾਡਾ ਮਨ ਉਚਾਟ ਕਰਦੀਆਂ ਹਨ।" ਆਪ ਨੇ ਫ਼ਰਮਾਇਆ ਕਿ 'ਮੇਰੀ ਨਸੀਹਤ ਇਹ ਹੈ ਕਿ ਖੁਦਾ ਦੀ ਬੰਦਗੀ ਕਰੋ ਅਤੇ ਸ਼ਰੀਅਤ ਦੀ ਪਾਲਣਾ ਨੂੰ ਜ਼ਰੂਰੀ ਸਮਝੋ। ਦਿਲ ਨੂੰ ਦੁਸ਼ਟਤਾ ਅਤੇ ਵਾਸਨਾ ਤੋਂ ਦੂਰ ਰੱਖੋ। ਕਿਸੇ ਨੂੰ ਦੁੱਖ ਨਾ ਦੇਵੋ। ਜੇਕਰ ਕੋਈ ਦੁੱਖ ਦੇਵੇ ਤਾਂ ਉਸਨੂੰ ਬਰਦਾਸ਼ਤ ਕਰੋ। ਵੱਡਿਆਂ ਦਾ ਸਤਿਕਾਰ, ਬਰਾਬਰ ਵਾਲਿਆਂ ਨਾਲ ਪਿਆਰ ਵਾਲਾ ਵਿਹਾਰ ਕਰੋ ਅਤੇ ਛੋਟਿਆਂ ਨੂੰ ਸਦ-ਉਪਦੇਸ਼ ਦਿੰਦੇ ਰਹੋ। ਹਜ਼ਰਤ ਮੀਆਂ ਮੀਰ ਅਨੁਸਾਰ ਤਰੀਕਤ ਅੰਤਰਮਨ ਦੀ ਨਿਰਮਲਤਾ ਹੈ ਅਤੇ ਹਕੀਕਤ ਤੋਂ ਭਾਵ ਹੈ ਦਿਲ ਦਾ ਗ਼ੈਰ-ਅੱਲਾਹ ਤੋਂ ਖਾਲੀ ਹੋ ਜਾਣਾ। ਇਨਸਾਨ ਨਫਸ, ਦਿਲ ਅਤੇ ਰੂਹ ਦਾ ਸੁਮੇਲ ਹੈ। ਨਫ਼ਸ ਦੀ ਸਫਾਈ ਸ਼ਰੀਅਤ ਨਾਲ, ਦਿਲ ਦੀ ਸਫਾਈ ਤਰੀਕਤ ਨਾਲ ਅਤੇ ਰੂਹ ਦੀ ਸਫਾਈ ਹਕੀਕਤ ਨਾਲ ਹੁੰਦੀ ਹੈ।"

ਚਿਸ਼ਤੀ ਸੰਪ੍ਰਦਾਇ

ਸੂਫ਼ੀ ਸੰਪ੍ਰਦਾਵਾਂ ਵਿਚ ਚਿਸ਼ਤੀ ਸੰਪ੍ਰਦਾਇ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਸੰਪ੍ਰਦਾਇ ਦੀ ਬੁਨਿਆਦ ਖ਼ੁਆਜਾ ਅਲੂ ਦੁਨਿਆਵਰੀ (ਮਿ.299 ਹਿ.) ਨੇ ਰੱਖੀ। ਕੁਝ ਵਿਦਵਾਨਾਂ ਦੀ ਰਾਇ ਅਨੁਸਾਰ ਇਸ ਸੰਪ੍ਰਦਾਇ ਦੇ ਸੰਸਥਾਪਕ ਹਜ਼ਰਤ ਅਬੂ ਅਹਿਮਦ ਅਬਦਾਲ ਚਿਸ਼ਤੀ (ਮ੍ਰਿ. 966 ਈ.) ਹਨ। ਭਾਰਤ ਵਿਚ ਇਸ ਸਿਲਸਿਲੇ ਦੇ ਪ੍ਰਮੁਖ ਸੰਚਾਲਕ ਹਜ਼ਰਤ ਉਸਮਾਨ ਹਾਰੂਨੀ ਦੇ ਮੁਰੀਦ ਖ਼ੁਆਜਾ ਮੁਈਨ-ਉਦ-ਦੀਨ ਚਿਸ਼ਤੀ (1142-1236 ਈ.) ਹਨ। ਆਪ ਬਾਰ੍ਹਵੀਂ ਸਦੀ ਦੇ

ਅਖੀਰ ਵਿਚ ਭਾਰਤ ਆਏ ਅਤੇ ਇਸਲਾਮੀ-ਸੂਫ਼ੀ ਵਿਚਾਰਧਾਰਾ ਦੇ ਵਿਕਾਸ ਵਿਚ ਸ਼ਲਾਘਾਯੋਗ ਯੋਗਦਾਨ ਪਾਇਆ। ਇਸ ਸੰਪ੍ਰਦਾਇ ਦੇ ਕੇਂਦਰ ਸਮੁੱਚੇ ਭਾਰਤ ਵਿਚ ਕਾਇਮ ਹੋਏ ਅਤੇ ਇਹਨਾਂ ਕੇਂਦਰਾਂ ਨੇ ਭਾਰਤ ਵਾਸੀਆਂ ਨੂੰ ਬੜੀ ਸ਼ਿੱਦਤ ਨਾਲ ਆਪਣੇ ਵਲ ਆਕਰਸ਼ਿਤ ਕੀਤਾ। ਇਥੋਂ ਤੀਕ ਕਿ ਭਾਰਤੀ ਬ੍ਰਾਹਮਣ ਵੀ ਆਪਦੇ ਪ੍ਰਭਾਵ ਤੋਂ ਦੂਰ ਨਾ ਰਹਿ ਸਕੇ। ਆਪਦੀ ਖਾਨਗਾਹ ਵਿਚ ਮੁਸਲਿਮ ਅਤੇ ਹਿੰਦੂ ਲੋਕ ਸਮਾਨ ਰੂਪ ਵਿਚ ਹਾਜ਼ਰ ਹੁੰਦੇ ਹਨ। ਇਸ ਸੰਪ੍ਰਦਾਇ ਦੇ ਪ੍ਰਮੁਖ ਦਰਵੇਸ਼ਾਂ ਹਜ਼ਰਤ ਕੁਤਬ-ਉਦ-ਦੀਨ ਬਖ਼ਤਿਆਰ ਕਾਕੀ, ਫ਼ਰੀਦ-ਉਦ-ਦੀਨ ਮਸਊਦ ਸ਼ਕਰਗੰਜ, ਅਲਾ-ਉਦ-ਦੀਨ ਅਲੀ ਅਹਿਮਦ ਸਾਬਿਰ ਹਜ਼ਰਤ ਨਿਜ਼ਾਮ-ਉਦ-ਦੀਨ ਔਲੀਆ ਤੇ ਸ਼ੇਖ ਹਮੀਦ-ਉਦ-ਦੀਨ ਨਾਗੌਰੀ ਆਦਿ ਦਾ ਸ਼ੁਮਾਰ ਭਾਰਤ ਦੇ ਪ੍ਰਸਿੱਧ ਸੂਫੀ ਸੰਤਾਂ ਵਿਚ ਹੁੰਦਾ ਹੈ।

ਹਜ਼ਰਤ ਮੁਈਨ-ਉਦ-ਦੀਨ ਚਿਸ਼ਤੀ ਦਾ ਜੀਵਨ ਦਰਵੇਸਾਨਾ ਜ਼ਿੰਦਗੀ ਦੀ ਸਰਬੋਤਮ ਉਦਾਹਰਨ ਪ੍ਰਸਤੁਤ ਕਰਦਾ ਹੈ। ਆਪ ਦਾ ਨੂਰਾਨੀ ਵਿਅਕਤੀਤਵ ਅੱਲਾਹ ਦੀ ਇਬਾਦਤ, ਉਸਦੀ ਰਜ਼ਾ, ਪ੍ਰਹੇਜ਼ਗਾਰੀ, ਸੰਸਾਰਿਕ ਸੁਖ-ਸਾਧਨਾਂ ਦਾ ਤਿਆਗ ਅਤੇ ਉੱਚਤਮ ਇਖ਼ਲਾਕੀ ਕਦਰਾਂ-ਕੀਮਤਾਂ ਦਾ ਮੁਜੱਸਮਾ ਸੀ। ਧਾਰਮਿਕ ਉਦਾਰਤਾ ਅਤੇ ਮਾਨਵਤਾ ਪ੍ਰਤਿ ਸੁਹਿਰਦ ਹਜ਼ਰਤ ਚਿਸ਼ਤੀ ਰਾਜ ਦਰਬਾਰ ਤੋਂ ਹਮੇਸ਼ਾਂ ਦੂਰ ਰਹੇ। ਆਪਨੇ ਕਿਸੇ ਵੀ ਰੂਪ ਵਿਚ ਧਨ ਦੌਲਤ ਦੇ ਇਕੱਤਰੀਕਰਨ ਦਾ ਵਿਰੋਧ ਕੀਤਾ।" ਆਪ ਅਨੁਸਾਰ 'ਤਸੱਵੁਫ਼ ਕੇਵਲ ਇਲਮ ਨਹੀਂ ਬਲਕਿ ਵਿਸ਼ੇਸ਼ ਨੈਤਿਕ ਵਿਧੀ-ਵਿਧਾਨ ਹੈ। ਸੂਫ਼ੀ-ਸਾਧਕ ਦਾ ਕਮਾਲ ਇਹ ਹੈ ਕਿ ਉਹ ਆਪਣੇ ਆਪ ਨੂੰ ਰੱਬ ਦੀ ਜ਼ਾਤ ਵਿਚ ਫ਼ਨਾ ਕਰ ਦੇਵੇ। ਆਪ ਅਨੁਸਾਰ ਜਿਸ ਵਿਅਕਤੀ ਨੂੰ ਰੱਬ ਦਾ ਜ਼ਿਕਰ ਕਰਦਿਆਂ ਕੰਬਣੀ ਨਾ ਛਿੜੇ, ਉਹ ਵਿਅਕਤੀ ਮਾਨਵੀ ਕੋਮਲਤਾ ਤੋਂ ਮੁਕਤ ਹੈ। ਹਜ਼ਰਤ ਮੁਈਨ-ਉਦ-ਦੀਨ ਚਿਸ਼ਤੀ ਨੇ ਸੂਫ਼ੀਆਨਾ ਜੀਵਨ ਲਈ ਦਸ ਨਿਯਮ ਨਿਰਧਾਰਤ ਕੀਤੇ ਹਨ। ਸਤਿ-ਜਿਗਿਆ ਸਾ, ਕਾਮਲ ਮੁਰਸ਼ਿਦ ਦੀ ਤਲਬ, ਅਦਬ, ਰਜ਼ਾ, ਮੁਹੱਬਤ, ਪ੍ਰਹੇਜ਼ਗਾਰੀ, ਸ਼ਰੀਅਤ ਦੀ ਪਾਲਣਾ ਵਿਚ ਦ੍ਰਿੜਤਾ, ਘੱਟ ਖਾਣਾ, ਘੱਟ ਸੌਣਾ, ਆਮ ਲੋਕਾਂ ਤੋਂ ਇਕ ਪਾਸੇ ਰਹਿਣਾ ਅਤੇ ਨਮਾਜ਼ ਰੋਜ਼ੇ ਦੀ ਪਾਬੰਦੀ ਕਰਨਾ। ਆਪ ਨੇ ਮਾਤਾ-ਪਿਤਾ ਦੀ ਸੇਵਾ, ਵਿਦਵਾਨਾਂ ਦਾ ਸਤਿਕਾਰ ਅਤੇ ਮੁਰਸ਼ਿਦ ਦੀ ਖ਼ਿਦਮਤ 'ਤੇ ਬਲ ਦਿੰਦਿਆਂ ਇਸ ਨੂੰ ਇਬਾਦਤ ਦਾ ਦਰਜਾ ਦਿੱਤਾ ਹੈ।

ਚਿਸ਼ਤਿਆ ਸ਼ਿਲਸਿਲੇ ਵਿਚ ਕਲਮਾ-ਏ-ਸ਼ਹਾਦਤ ਪੜ੍ਹਦੇ ਵਕਤ ਲਾ-ਇਲਾਹ ਇੱਲ-ਲੱਲਾਹ 'ਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਇਹਨਾਂ ਸ਼ਬਦਾਂ ਨੂੰ ਦੁਹਰਾਉਂਦੇ ਹੋਇਆਂ ਆਮ ਤੌਰ 'ਤੇ ਸਿਰ ਅਤੇ ਜਿਸਮ ਦੇ ਉਪਰਲੇ ਭਾਗ ਨੂੰ ਹਿਲਾਇਆ ਜਾਂਦਾ ਹੈ

। ਚਿਸ਼ਤੀ ਦਰਵੇਸ਼ ਆਮ ਤੌਰ 'ਤੇ ਰੰਗਦਾਰ ਕੱਪੜੇ ਪਹਿਨਦੇ ਹਨ ਅਤੇ ਹਲਕੇ ਬਾਦਾਮੀ ਰੰਗ ਨੂੰ ਆਮ ਤੌਰ 'ਤੇ ਤਰਜੀਹ ਦਿੱਤੀ ਜਾਂਦੀ ਹੈ। ਚਿਸ਼ਤੀ ਸੰਪ੍ਰਦਾਇ ਸਮੁੱਚੇ ਰੂਪ ਵਿਚ ਸ਼ਰੀਅਤ ਦੇ ਨਿਯਮਾਂ ਦੀ ਪਾਲਣਾ 'ਤੇ ਜ਼ੋਰ ਦਿੰਦਾ ਹੈ। ਇਸ ਵਿਚ 'ਸਮਾਅ' ਦਾ ਵਿਸ਼ੇਸ਼ ਪ੍ਰਚਲਨ ਰਿਹਾ ਹੈ ਅਤੇ ਇਸ ਨੂੰ ਸੂਫ਼ੀ ਸਾਧਨਾ ਵਿਚ ਸਹਾਇਕ ਤਸੱਵਰ ਕੀਤਾ ਗਿਆ ਹੈ।

ਨਕਸ਼ਬੰਦੀ ਸੰਪ੍ਰਦਾਇ

ਇਸ ਸੰਪ੍ਰਦਾਇ ਦੇ ਸੰਸਥਾਪਕ ਖ਼ੁਆਜਾ ਬਹਾ-ਉਦ-ਦੀਨ ਨਕਸ਼ਬੰਦ (1318-1389 ਈ.) ਹਨ। ਭਾਰਤ ਵਿਚ ਇਸ ਦੀ ਸਥਾਪਨਾ ਹਜ਼ਰਤ ਬਾਕੀ-ਬਿੱਲਾਹ (1564-1603 ਈ.) ਨੇ ਕੀਤੀ ਅਤੇ ਇਹਨਾਂ ਦੇ ਪ੍ਰਮੁਖ ਮੁਰੀਦ ਹਜ਼ਰਤ ਸ਼ੇਖ ਅਹਿਮਦ ਸਰਹਿੰਦੀ ਮਜੱਦਿਦ ਅਲਿਫ਼ਸਾਨੀ (1564-1624 ਈ.) ਦੁਆਰਾ ਇਸ ਸੰਪ੍ਰਦਾਇ ਦਾ ਵਿਸ਼ੇਸ਼ ਪ੍ਰਚਾਰ ਅਤੇ ਪ੍ਰਸਾਰ ਹੋਇਆ। ਸ਼ਰੀਅਤ ਦੇ ਨਿਯਮਾਂ ਦੀ ਸੰਪੂਰਨ ਪਾਲਣਾ 'ਤੇ ਅਤਿ ਅਧਿਕ ਬਲ ਦੇਣਾ ਇਸ ਸੰਪ੍ਰਦਾਇ ਦੀ ਪ੍ਰਮੁਖ ਵਿਸ਼ੇਸ਼ਤਾ ਹੈ। ਹਜ਼ਰਤ ਮੁਜੱਦਿਦ ਅਲਿਫ਼ਸਾਨੀ ਲਿਖਦੇ ਹਨ ਕਿ ਜੋ ਕੁਝ ਅਸਾਨੂੰ ਬਖ਼ਸ਼ਿਸ਼ ਹੋਈ ਹੈ ਉਹ ਮਹਿਜ਼ ਅੱਲਾਹ ਦਾ ਫਜ਼ਲ ਅਤੇ ਕਰਮ ਹੈ। ਜੇਕਰ ਇਸ ਮਿਹਰਬਾਨੀ ਦੇ ਲਈ ਕੋਈ ਸਾਧਨ ਬਣਿਆ ਹੈ ਤਾਂ ਉਹ ਹਜ਼ਰਤ ਮੁਹੰਮਦ (ਸ.) ਦੀ ਪੈਰਵੀ ਅਤੇ ਗ਼ੁਲਾਮੀ ਹੈ ਅਤੇ ਜੋ ਕੁਝ ਅਸਾਨੂੰ ਨਹੀਂ ਦਿੱਤਾ ਗਿਆ ਉਸਦੀ ਵਜ੍ਹਾ ਇਹ ਹੈ ਕਿ ਸ਼ਰੀਅਤ ਦੇ ਹੁਕਮਾਂ ਦੀ ਪਾਲਣਾ ਵਿਚ ਕੋਈ ਕਮੀ ਰਹਿ ਗਈ ਹੋਵੇਗੀ। ਨਕਸ਼ਬੰਦੀ ਸੰਪ੍ਰਦਾਇ ਦੇ ਹੋਰ ਪ੍ਰਮੁਖ ਦਰਵੇਸ਼ਾਂ ਵਿਚ ਖੁਆਜਾ ਯਾਕੂਬ ਚਰਖ਼ੀ, ਖ਼ੁਆਜਾ ਨਸੀਰ-ਉਦ-ਦੀਨ ਅਹਿਰਾਰ, ਫੱਯਾਜ਼ੀ ਬੁਖਾਰੀ, ਖ਼ੁਆਜਾ ਹੁਸਾਮ-ਉਦ-ਦੀਨ ਸ਼ੇਖ ਬਦਰ-ਉਦ-ਦੀਨ, ਅਲਵੀ ਹੁਸੈਨੀ ਆਦਿ ਬਜ਼ੁਰਗਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਅਰਬ ਦੇਸ਼ਾਂ ਤੋਂ ਬਿਨ੍ਹਾਂ ਭਾਰਤ, ਅਫ਼ਗਾਨਿਸਤਾਨ, ਪਾਕਿਸਤਾਨ, ਤਾਸ਼ਕੰਦ, ਤੁਰਕੀ ਆਦਿ ਦੇਸ਼ਾਂ ਵਿਚ ਇਸ ਸੰਪ੍ਰਦਾਇ ਦੇ ਕੇਂਦਰ ਸਥਾਪਿਤ ਹੋਏ। ਹਜ਼ਰਤ ਮੁਜੱਦਿਦ ਦਾ ਮਜ਼ਾਰ ਪੰਜਾਬ ਵਿਚ ਸਰਹਿੰਦ ਵਿਖੇ ਸਥਿਤ ਹੈ। ਆਪ ਦੇ ਜੀਵਨ ਅਤੇ ਰੂਹਾਨੀ ਕਮਾਲਾਤ ਬਾਰੇ ਸ਼ੇਖ ਬਦਰ-ਉਦ-ਦੀਨ ਸਰਹਿੰਦੀ ਦੁਆਰਾ ਲਿਖੀ ਪੁਸਤਕ 'ਹਜ਼ਰਾਤ-ਉਲ-ਕੁਦਯ' ਵਿਚ ਆਪ ਤੋਂ ਹੋਈਆਂ ਅਨੇਕ ਕਰਾਮਾਤਾਂ ਦਾ ਵਰਨਣ ਕੀਤਾ ਗਿਆ ਹੈ। ਰਿਸਾਲਾ ਤਹਿਲੀਲੀਆ, ਰਿਸਾਲਾ ਅਸਬਾਤ-ਵਨ-ਨਾਬੂਦ (ਅਰਬੀ) ਅਤੇ ਰਿਸਾਲਾ ਰੱਦ-ਏ-ਸ਼ੀਆ (ਫਾਰਸੀ) ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ। ਆਪ ਦੇ ਵਿਚਾਰ 'ਮਲਫੂਜ਼ਾਤ-ਏ-ਹਜ਼ਰਤ ਮੁਜੱਦਿਦ ਅਲਿਫਸਾਨੀ' ਅਤੇ 'ਮਨਕੂਬਾਤ' ਦੇ ਸਿਰਲੇਖ ਅਧੀਨ ਪ੍ਰਕਾਸ਼ਿਤ ਰੂਪ ਵਿਚ ਉਪਲਬਧ ਹਨ।

ਨਕਸ਼ਬੰਦੀ ਸੰਪ੍ਰਦਾਇ ਵਿਚ ਇਲਾਹੀ ਪ੍ਰਾਪਤੀ ਲਈ ਇਬਾਦਤ ਦੀਆਂ ਵਿਭਿੰਨ ਸਾਧਨਾਂ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਨਕਸ਼ਬੰਦੀ ਸੰਪ੍ਰਦਾਇ ਦੇ ਬਾਨੀ ਖ਼ੁਆਜਾ ਬਹਾ-ਉਦ-ਦੀਨ ਨੇ ਆਪਣੇ ਮੁਰਸ਼ਿਦ ਖ਼ੁਆਜਾ ਅਬਦੁਲ ਖ਼ਾਲਿਕ ਗੁਜਦੁਵਾਨੀ ਦੁਆਰਾ ਪੇਸ਼ ਅੱਠ ਨਿਯਮਾਂ ਵਿਚ ਤਿੰਨ ਨਿਯਮਾਂ ਦਾ ਇਜ਼ਾਫ਼ਾ ਕਰਕੇ ਇਸ ਸੰਪ੍ਰਦਾਇ ਦੀ ਗਿਆਰਾਂ-ਸੂਤਰੀ ਨਿਯਮਾਵਲੀ ਤਿਆਰ ਕੀਤੀ। ਇਹ ਨਿਯਮਾਵਲੀ ਨਿਮਨ ਲਿਖਤ ਅਨੁਸਾਰ ਹੈ :

(ੳ) ਹੋਸ਼-ਦਰ-ਦਮ (ਹਰ ਸਾਹ ਨਾਲ ਰੱਬ ਨੂੰ ਯਾਦ ਕੀਤਾ ਜਾਵੇ)।

(ਅ) ਨਜ਼ਰ-ਬਰ-ਕਦਮ (ਸਾਲਿਕ ਆਪਣੇ ਕਦਮਾਂ 'ਤੇ ਹੀ ਨਜ਼ਰ ਰੱਖੇ ਅਤੇ ਹਰ ਬੁਰਾਈ ਵਾਲੀ ਥਾਂ ਤੋਂ ਨਜ਼ਰ ਬਚਾਵੇਂ)।

(ੲ) ਸਫ਼ਰ-ਦਰ-ਬਤਨ (ਮਾਨਵੀ ਸਿਫਤਾਂ ਤੋਂ ਫਰਿਸ਼ਤਿਆਂ ਦੀ ਸਿਫਤ ਵਲ ਯਾਤਰਾ ਕਰਦਿਆਂ ਸਾਲਿਕ ਦਿਲ ਦੀ ਪਵਿੱਤਰਤਾ 'ਤੇ ਨਜ਼ਰ ਰੱਖ)।

(ਸ) ਖ਼ਿਲਵਤ-ਦਰ-ਅੰਜੁਮਨ (ਹਰ ਹਾਲ ਵਿਚ ਦਿਲੋਂ ਰੱਬ ਨਾਲ ਜੁੜਿਆ ਰਹ)।

(ਹ) ਯਾਦ ਕਰਦ (ਮੁਰਸ਼ਿਦ ਦੁਆਰਾ ਦੱਸੇ ਜ਼ਿਕਰ ਦਾ ਹਰ ਦਮ ਜਾਪ ਕਰਦਾ ਰਹੇ)।

(ਕ) ਨਿਗਾਹਦਾਸ਼ਤ (ਹਰ ਪਲ ਗੁਨਾਹਾਂ ਅਤੇ ਦਿਲ ਦੇ ਵਸਵਸਿਆਂ ਪ੍ਰਤਿ ਸਾਵਧਾਨ ਰਹੇ)।

(ਗ) ਯਾਦਦਾਸ਼ਤ (ਹਰ ਸਮੇਂ ਰੱਬੀ ਧੁਨ ਵਿਚ ਲੀਨ ਰਹੇ)।

(ਘ) ਵੁਕੂਫ਼-ਏ-ਜ਼ਮਾਨੀ (ਨਿਰੰਤਰ ਆਤਮ-ਵਿਸ਼ਲੇਸ਼ਣ ਕਰੇ ਕਿ ਦਲ ਵਿਚ ਕਿਤੇ ਗ਼ਫ਼ਲਤ ਤਾਂ ਨਹੀਂ ਆਈ)।

(ਙ) ਵੁਕੂਫ਼-ਏ-ਕਲਬੀ (ਦਿਲ ਦੀ ਭਟਕਣ ਦੀ ਪੂਰਨ ਰੂਪ ਵਿਚ ਰੋਕਥਾਮ ਕਰੋ)।

(ਚ) ਵਕੂਫ਼-ਏ-ਅਦੀਦ (ਜ਼ਿਕਰ ਤਾਕ ਦੀ ਸੰਖਿਆ ਅਨੁਸਾਰ ਕਰੇ)।

ਡਾ. ਮੁਹੰਮਦ ਇਕਰਾਮ ਅਨੁਸਾਰ ਨਕਸ਼ਬੰਦੀ ਬਜ਼ੁਰਗ ਜ਼ਿਕਰ-ਏ-ਜਲੀ ਨੂੰ ਪਸੰਦ ਨਹੀਂ ਕਰਦੇ ਅਤੇ ਕੇਵਲ ਜ਼ਿਕਰ-ਏ-ਖ਼ਫ਼ੀ ਨੂੰ ਜਾਇਜ਼ ਸਮਝਦੇ ਹਨ। ਮੁਰਾਕਬੇ ਵਿਚ ਸਿਰ ਨੂੰ ਝੁਕਾਕੇ, ਅੱਖਾਂ ਬੰਦ ਕਰਕੇ ਜ਼ਮੀਨ 'ਤੇ ਬੈਠਦੇ ਹਨ। ਸੰਗੀਤ

ਅਰਥਾਤ ਸਮਾਅ ਦੇ ਖ਼ਿਲਾਫ਼ ਹਨ ਅਤੇ ਸ਼ਰੀਅਤ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹਨ । ਬੇਅਤ ਸਮੇਂ ਮੁਰੀਦਾਂ ਦਾ ਸਿਰ ਮੁੰਨਿਆ ਜਾਂਦਾ ਹੈ, ਤੋਬਾ ਕਰਾਈ ਜਾਂਦੀ ਹੈ ਅਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮੁਰੀਦ ਲਈ ਬੇਅਤ ਇਕ ਨਵੀਂ ਰੂਹਾਨੀ ਅਤੇ ਇਖਲਾਕੀ ਜ਼ਿੰਦਗੀ ਦਾ ਆਰੰਭ ਹੋਵੇ। ਇਸ ਵਿਚ ਜ਼ਿਕਰ-ਏ -ਨਫ਼ੀ-ਅਸਬਾਤ 'ਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ ।

ਹਜ਼ਰਤ ਮੁਜੱਦਿਦ ਨੇ ਵਹਿਦਤ-ਉਲ-ਵਜੂਦ ਦੀ ਵਿਰੋਧਤਾ ਕਰਦਿਆਂ ਵਹਿਦਮ-ਉਲ-ਵਜੂਦ ਦੀ ਵਿਰੋਧਤਾ ਕਰਦਿਆਂ ਵਹਿਦਤ-ਉਲ-ਸ਼ਹੂਦ ਦਾ ਨਜ਼ਰੀਆ ਪੇਸ਼ ਕੀਤਾ। ਉਹਨਾਂ ਸਪਸ਼ਟ ਸ਼ਬਦਾਂ ਰਾਹੀਂ ਇਹ ਵਿਚਾਰ ਪੇਸ਼ ਕੀਤਾ ਕਿ ਬੰਦਾ ਬੰਦਾ ਹੈ ਅਤੇ ਰੱਬ ਰੱਬ ਹੈ। ਦੋਹਾਂ ਵਿਚਕਾਰ ਅਬਦ (ਸੇਵਕ) ਅਤੇ ਰੱਬ (ਮਾਲਿਕ) ਦਾ ਸੰਬੰਧ ਹੀ ਉਚਿਤ ਅਤੇ ਦਰੁਸਤ ਹੈ। ਆਪ ਨੇ ਫ਼ਰਮਾਇਆ ਕਿ ਸ਼ਰੀਅਤ ਸੰਬੰਧੀ ਪੂਰਨ ਵਾਕਫੀਅਤ ਤੋਂ ਬਿਨਾਂ ਕੋਈ ਵਿਅਕਤੀ ਸੂਫ਼ੀਆਂ ਦੇ ਕਥਨਾਂ ਦੀਆਂ ਰਮਜ਼ਾਂ ਤੋਂ ਲਾਭ ਨਹੀਂ ਉਠਾ ਸਕਦਾ। ਆਪ ਅਨੁਸਾਰ ਤਰੀਕਤ ਅਤੇ ਹਕੀਕਤ ਦੋਵੇਂ ਸ਼ਰੀਅਤ ਦੀਆਂ ਖ਼ਿਦਮਤਗਾਰ ਹਨ। ਨਬੁੱਵਤ ਦੇ ਮੁਕਾਬਲੇ ਵਿਚ ਕਿਸੇ ਵਲੀ ਦੀ ਵਿਲਾਇਤ ਦੀ ਉਹੀ ਹੈਸੀਅਤ ਹੈ ਜਿਵੇਂ ਦਰਿਆ ਸਾਹਵੇਂ ਕਤਰੇ ਦੀ। ਅੱਲਾਹ ਤਾਅਲਾ ਦੀ ਮਾਰਫ਼ਤ ਉਸ ਵਿਅਕਤੀ 'ਤੇ ਹਰਾਮ ਹੈ ਜਿਸਦੇ ਦਿਲ ਵਿਚ ਰੱਤੀ ਭਰ ਵੀ ਹੰਕਾਰ ਜਾਂ ਵਡਿਆਈ ਦੀ ਭਾਵਨਾ ਹੋਵੇ । ਹਜ਼ਰਤ ਮੁਜੱਦਿਦ ਅਲਿਫ਼ ਸਾਨੀ ਅਨੁਸਾਰ ਇਸ ਜ਼ਮਾਨੇ ਵਿਚ ਧਰਮ ਵਿਚ ਜਿੰਨੀਆਂ ਖ਼ਰਾਬੀਆਂ ਉਤਪੰਨ ਹੋਈਆਂ ਹਨ ਇਹ ਸਭ ਸੰਸਾਰਿਕ ਲੋਭ ਵਿਚ ਗ੍ਰਸਤ ਧਾਰਮਿਕ ਵਿਦਵਾਨਾਂ/ਆਲਿਮਾਂ ਕਾਰਨ ਹਨ ਕਿਉਂਕਿ ਇਹਨਾਂ ਦਾ ਮੁਖ ਉਦੇਸ਼ ਆਪਣੇ ਲਈ ਵੱਧ ਤੋਂ ਵੱਧ ਦੁਨਿਆਵੀ ਲਾਭ ਪ੍ਰਾਪਤ ਕਰਨਾ ਹੈ।

ਸੁਹਰਵਰਦੀ ਸੰਪ੍ਰਦਾਇ

ਸ਼ੇਖ਼ ਸ਼ਹਾਬ-ਉਦ-ਦੀਨ ਉਮਰ ਸੁਹਰਵਰਦੀ (1145-1234 ਈ.) ਇਸ ਸੰਪ੍ਰਦਾਇ ਦੇ ਸੰਸਥਾਪਕ ਹਨ। ਆਪ ਹਜ਼ਰਤ ਅਬੂ ਨਜੀਬ ਦੇ ਸ਼ਿਸ਼ ਹਨ। ਪ੍ਰੋ. ਗੁਲਵੰਤ ਸਿੰਘ ਅਨੁਸਾਰ ਹਜ਼ਰਤ ਸੁਹਰਵਰਦੀ ਉਚ ਕੋਟੀ ਦੇ ਵਿਦਵਾਨ ਅਤੇ ਤੱਪਸਿਆਸ਼ੀਲ ਸੂਫ਼ੀ ਸੰਤ ਸਨ । ਉਹਨਾਂ ਦੇ ਮੁਰੀਦ ਹਜ਼ਰਤ ਬਹਾ-ਉਦ-ਦੀਨ ਜ਼ਕਰੀਆ ( 1183-1262 ਈ.) ਨੇ ਮੁਲਤਾਨ ਵਿਚ ਇਕ ਖਾਨਗਾਹ ਸਥਾਪਿਤ ਕਰਨ ਤੋਂ ਬਾਅਦ ਭਾਰਤ ਵਿਚ ਇਸ ਸੰਪ੍ਰਦਾਇ ਦੀ ਸਥਾਪਨਾ ਕੀਤੀ। ਹਜ਼ਰਤ

ਸੁਹਰਵਰਦੀ ਨੇ ਈਰਾਨ, ਖੁਰਾਸਾਨ, ਸੀਰੀਆ, ਤੁਰਕੀ ਆਦਿ ਦੇਸ਼ਾਂ ਵਿਚਲੇ ਸੂਫ਼ੀ ਦਰਵੇਸ਼ਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੂਫੀ-ਚਿੰਤਨ ਦਾ ਗੰਭੀਰ ਅਧਿਐਨ ਕੀਤਾ ਅਤੇ ਇਸ ਚਿੰਤਨਧਾਰਾ ਸੰਬੰਧੀ ਕਈ ਪੁਸਤਕਾਂ ਦੀ ਰਚਨਾ ਕੀਤੀ। ਸੂਫੀ ਦਰਸ਼ਨ ਸੰਬੰਧੀ ਆਪ ਦੁਆਰਾ ਲਿਖੀ ਅਵਾਰਿਫ਼-ਉਲ-ਮਆਰਿਫ਼ ਵਿਚ ਸੂਫ਼ੀ-ਸਿੱਧਾਂਤ ਅਤੇ ਸਾਧਨਾ ਦੇ ਵਿਭਿੰਨ ਪੱਖਾਂ ਉਤੇ ਬੜੀ ਗੰਭੀਰ ਅਤੇ ਵਿਸਤ੍ਰਿਤ ਵਿਚਾਰ ਚਰਚਾ ਕੀਤੀ ਗਈ ਹੈ।

ਇਸ ਸਿਲਸਿਲੇ ਵਿਚ ਸਾਹ ਬੰਦ ਕਰਕੇ 'ਅੱਲਾਹ ਹੂ' ਦਾ ਵਿਰਦ ਕਰਨ ਦਾ ਵਿਸ਼ੇਸ਼ ਰਿਵਾਜ ਹੈ। ਜ਼ਿਕਰ-ਏ-ਜਲੀ ਅਤੇ ਜ਼ਿਕਰ-ਏ-ਖ਼ਫ਼ੀ ਦੋਵਾਂ 'ਤੇ ਬਲ ਦਿੱਤਾ ਜਾਂਦਾ ਹੈ। ਇਸ ਸੰਪ੍ਰਦਾਇ ਦੇ ਧਾਰਨੀ ਸਮਾਅ ਨੂੰ ਪਸੰਦ ਨਹੀਂ ਕਰਦੇ ਬਲਕਿ ਇਸ ਵਿਚ ਕੁਰਆਨ ਦੀ ਤਿਲਾਵਤ 'ਤੇ ਅਧਿਕ ਧਿਆਨ ਦਿੱਤਾ ਜਾਂਦਾ ਹੈ। ਮੁਲਤਾਨ, ਸਿੰਧ, ਬੰਗਾਲ ਅਤੇ ਦੱਖਣ ਭਾਰਤ ਵਿਚ ਸੁਹਰਵਰਦੀ ਸੰਪ੍ਰਦਾਇ ਦਾ ਵਿਸ਼ੇਸ਼ ਰੂਪ ਵਿਚ ਪ੍ਰਭਾਵ ਪਿਆ। ਇਸ ਦੀ ਲੋਕ-ਪ੍ਰਿਯਤਾ ਵਿਚ ਸ਼ੇਖ ਸਾਅਦੀ ਅਤੇ ਮਿਸਰ ਦੇ ਸੂਫ਼ੀ ਸ਼ਾਇਰ ਉਮਰ-ਬਿਨ-ਫਰਾਜ਼ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਸੰਪ੍ਰਦਾਇ ਦੀਆਂ ਉੱਘੀਆਂ ਅਧਿਆਤਮਕ ਸ਼ਖ਼ਸੀਅਤਾਂ ਵਿਚ ਸ਼ੇਖ ਜਲਾਲ-ਉਦ-ਦੀਨ ਤਬਰੇਜ਼ੀ, ਸ਼ੇਖ ਸਦਰ-ਉਦ-ਦੀਨ ਸ਼ੇਖ ਅਹਿਮਦ ਮਾਅਸ਼ੂਕ ਸ਼ੇਖ ਫ਼ਖਰ-ਉਦ-ਦੀਨ ਹਜ਼ਰਤ ਮਖ਼ਦੂਮ ਜਹਾਨੀਆਂ, ਸ਼ੇਖ ਹਸਨ ਅਫਗਾਨ, ਸ਼ੇਖ ਅਮੀਰ ਹਸਨ ਸ਼ੇਖ ਰੁਕਨ-ਉਦ-ਦੀਨ ਤੇ ਸ਼ੇਖ ਉਸਮਾਨ ਆਦਿ ਦਾ ਨਾਮ ਲਿਆ ਜਾ ਸਕਦਾ ਹੈ।

ਇਸਲਾਮੀ ਸ਼ਰੀਅਤ ਦੀ ਪੈਰਵੀ ਦਾ ਧਾਰਨੀ ਇਹ ਸੰਪ੍ਰਦਾਇ ਰਾਜ ਦਰਬਾਰ ਨਾਲ ਵੀ ਸੰਬੰਧਿਤ ਰਿਹਾ ਹੈ। ਹਜ਼ਰਤ ਸੁਹਰਵਰਦੀ ਨੇ ਮੁਸਲਮਾਨ ਸ਼ਾਸਕਾਂ ਅਤੇ ਸੂਫ਼ੀਆਂ ਵਿਚਕਾਰ ਸੁਹਿਰਦ ਮਾਹੌਲ ਪੈਦਾ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਆਪਨੇ ਫਰਮਾਇਆ ਕਿ ਤਸੱਵੁਫ਼ ਦੇ ਤਿੰਨ ਮੂਲ ਆਧਾਰ ਹਨ ਫ਼ਕਰ, ਸੇਵਾ ਅਤੇ ਤਿਆਗ। ਹਜ਼ਰਤ ਸੁਹਰਵਰਦੀ ਅਨੁਸਾਰ ਫ਼ਕਰ ਦੀ ਉਤਮਤਾ ਫ਼ਕੀਰ ਦੀ ਸ਼ਖ਼ਸੀਅਤ ਉਪਰ ਨਿਰਭਰ ਕਰਦੀ ਹੈ। ਸੂਫੀ ਦੀ ਦ੍ਰਿਸ਼ਟੀ ਵਿਚ ਉਤਮਤਾ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਿਚ ਹੈ। ਸੂਫ਼ੀ ਸਾਧਕ ਨਿੱਜੀ ਇਲਮ ਦੇ ਮੁਕਾਬਲੇ 'ਤੇ ਇਲਾਹੀ ਇਲਮ ਨੂੰ ਅਤੇ ਨਿਜੀ ਮਰਜ਼ੀ ਦੇ ਮੁਕਾਬਲੇ 'ਤੇ ਇਲਾਹੀ ਇੱਛਾ ਨੂੰ ਪ੍ਰਮੁਖਤਾ ਦਿੰਦਾ ਹੈ। ਇਸ ਆਤਮ-ਤਿਆਗ ਦੇ ਫਲਸਰੂਪ ਹੀ ਫ਼ਕੀਰ ਨੂੰ ਅਧਿਆਤਮਕ ਨਿਅਮਤ/ਮਾਰਫ਼ਤ ਪ੍ਰਾਪਤ ਹੁੰਦੀ ਹੈ।

ਉਪਰੋਕਤ ਅਧਿਐਨ ਤੋਂ ਬਾਅਦ ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਸੂਫ਼ੀਵਾਦ ਇਸਲਾਮੀ ਚਿੰਤਨ ਦਾ ਅਧਿਆਤਮਕ ਅੰਗ ਹੈ। ਇਸਲਾਮੀ ਜਗਤ ਵਿਚ ਸੂਫ਼ੀ ਜਾਂ ਵਲੀ-ਅੱਲਾਹ ਦਾ ਸਥਾਨ ਅਤਿ ਉੱਚਤਮ ਅਤੇ ਸਤਿਕਾਰ ਭਰਿਆ ਹੈ । ਸੂਫ਼ੀ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸਦਾ ਦਿਲ ਤਮਾਮ ਨਫ਼ਸਾਨੀ ਬੁਰਾਈਆਂ ਤੋਂ ਪਾਕ ਹੋਵੇ ਅਤੇ ਉਸਨੂੰ ਰੱਬ ਦੀ ਮਾਰਫ਼ਤ ਅਤੇ ਉਸਦਾ ਵਿਸਾਲ ਹਾਸਲ ਹੋਵੇ । ਇਸ ਤਰ੍ਹਾਂ ਤਸੱਵੁਫ਼ ਦਾ ਮੁੱਖ ਮੰਤਵ ਦਿਲ ਨੂੰ ਗ਼ੈਰ-ਅੱਲਾਹ ਤੋਂ ਪਾਕ ਕਰਕੇ ਰੱਬੀ ਨੇੜਤਾ ਪ੍ਰਾਪਤ ਕਰਨਾ ਹੈ । ਇਸਲਾਮੀ ਵਿਚਾਰਧਾਰਾ ਦੇ ਅੰਤਰਗਤ ਇਸ ਆਦਰਸ਼ ਦੀ ਪੂਰਤੀ ਲਈ ਜਿਸ ਵਿਧੀ-ਵਿਧਾਨ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉਸਨੂੰ ਤਸੱਵੁਫ਼ ਕਿਹਾ ਜਾਂਦਾ ਹੈ । ਸੂਫ਼ੀ-ਚਿੰਤਨ ਦੀ ਇਹ ਵਿਲੱਖਣੀ ਵਿਸ਼ੇਸ਼ਤਾ ਹੈ ਕਿ ਇਸ ਦੁਆਰਾ ਪੇਸ਼ ਦਰਸ਼ਨ ਅੱਖਰ-ਗਿਆਨ ਹੀ ਨਹੀਂ ਬਲਕਿ ਅਨੁਭਵ/ਇਲਹਾਮ ਤੇ ਆਧਾਰਿਤ ਵੀ ਹੈ। ਇਸਦਾ ਸ੍ਰੋਤ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੋਵੇਂ ਜਗਤ ਹਨ।

ਸੂਫ਼ੀਵਾਦ ਦਾ ਨਿਕਾਸ ਤੇ ਵਿਕਾਸ ਸਮੁੱਚੇ ਰੂਪ ਵਿਚ ਇਸਲਾਮੀ ਚਿੰਤਨ 'ਤੇ ਆਧਾਰਿਤ ਹੈ। ਅਤਿਅੰਤ ਇਬਾਦਤ, ਰਜ਼ਾ-ਏ-ਇਲਾਹੀ ਵਿਚ ਰਾਜ਼ੀ ਰਹਿਣਾ, ਨਫ਼ਸਾਨੀ ਖਾਹਿਸ਼ਾਂ ਦਾ ਤਿਆਗ, ਆਤਮਿਕ ਸ਼ੁੱਧਤਾ, ਤਰਕ-ਏ-ਦੁਨੀਆਂ ਅਰਥਾਤ ਦੁਨਿਆਵੀ ਬੁਰਾਈਆਂ ਦਾ ਤਿਆਗ ਅਤੇ ਇਖਲਾਕੀ ਆਚਾਰ-ਵਿਹਾਰ ਦੀ ਉਤਮਤਾ ਸੂਫੀਆਨਾ ਜੀਵਨ-ਜਾਚ ਦੇ ਮੂਲ ਪਛਾਣ ਚਿੰਨ੍ਹ ਹਨ । ਹਜ਼ਰਤ ਮੁਹੰਮਦ (ਸ.) ਨੂੰ ਪ੍ਰਥਮ ਸੂਫੀ ਸਵੀਕਾਰ ਕੀਤਾ ਜਾਂਦਾ ਹੈ ਕਿਉਂਕਿ ਸੂਫ਼ੀਆਨਾ ਜੀਵਨ-ਪੱਧਤੀ ਦੇ ਪ੍ਰਮੁਖ ਗੁਣ ਆਪ (ਸ.) ਦੇ ਵਿਅਕਤੀਤਵ ਵਿਚ ਉੱਚਤਮ ਰੂਪ ਵਿਚ ਵਿਦਮਾਨ ਸਨ । ਸਮਾਂ ਬੀਤਣ ਦੇ ਨਾਲ ਨਾਲ ਸੂਫੀਵਾਦ ਨਵੀਨ ਸਿਧਾਂਤਕ ਅਤੇ ਵਿਹਾਰਕ ਪਾਸਾਰ ਗ੍ਰਹਿਣ ਕਰਦਾ ਗਿਆ । ਸੂਫੀਵਾਦ ਦੇ ਵਿਕਾਸ ਅਤੇ ਵਿਸਤਾਰ ਵਿਚ ਵਿਸ਼ਵ ਦੇ ਵਿਭਿੰਨ ਦੇਸ਼ਾਂ ਵਿਚ ਪ੍ਰਚਲਿਤ ਵੱਖ ਵੱਖ ਸੂਫ਼ੀ ਸੰਪ੍ਰਦਾਵਾਂ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਇਹ ਸੂਫ਼ੀ ਸੰਪ੍ਰਦਾਵਾਂ ਸਮੁੱਚੇ ਰੂਪ ਵਿਚ ਬਾ-ਸ਼ਰਾ ਹਨ ਪਰੰਤੂ ਕੁਝ ਇਕ ਸੰਪ੍ਰਦਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਸ਼ਰੀਅਤ ਦੇ ਕਰਮ-ਕਾਂਡੀ ਪੱਖ ਨਾਲ ਸੰਬੰਧਿਤ ਸਾਰੇ ਨਿਯਮਾਂ ਦੀ ਪਾਲਣਾ ਲਾਜ਼ਮੀ ਨਹੀਂ ਹੈ। ਭਾਰਤ, ਪੰਜਾਬ ਅਤੇ ਪੰਜਾਬੀ ਸਾਹਿਤ ਦੇ ਪ੍ਰਸੰਗ ਅਧੀਨ ਪ੍ਰਮੁਖ ਰੂਪ ਵਿਚ ਚਾਰ ਸੂਫੀ ਸੰਪ੍ਰਦਾਵਾਂ ਕਾਦਿਰੀ, ਚਿਸ਼ਤੀ, ਨਕਸ਼ਬੰਦੀ ਅਤੇ ਸੁਹਰਵਰਦੀ ਦਾ ਵਿਸ਼ੇਸ਼, ਵਿਲੱਖਣ ਅਤੇ ਮਹੱਤਵਪੂਰਨ ਸਥਾਨ ਹੈ।

## Section-B

### ਜੈਨ ਧਰਮ ਦਿਗੰਬਰ ਅਤੇ ਸ਼ਵੇਤਾਂਬਰ

ਜੈਨ" ਸ਼ਬਦ ਦਾ ਮੁੱਢ ਅਤੇ ਰੂਪ-ਵਿਕਾਸ

"ਜੈਨ" ਸ਼ਬਦ ਦਾ ਨਿਕਾਸ ਪ੍ਰਾਕ੍ਰਿਤ ਦੇ 'ਜਿਨ' (Jin) ਤੋਂ ਮੰਨਿਆ ਜਾਂਦਾ ਹੈ।" 'ਜਿਨ' ਦਾ ਮੁੱਢਲਾ ਅਰਥ ਹੈ 'ਜੇਤੂ' (Victor) ਅਰਥਾਤ ਜਿਸ ਨੇ ਆਪਣੀਆਂ ਇੰਦਰੀਆਂ ਉੱਤੇ ਕਾਬੂ ਪਾ ਕੇ ਪੁਰਾਣੇ ਮੰਦੇ ਕਰਮਾਂ ਦਾ ਨਾਸ਼ ਕਰ ਦਿੱਤਾ ਹੋਵੇ। ਵਿਸ਼ਣੂ ਭਗਵਾਨ ਦੇ ਅਵਤਾਰਾਂ ਵਾਂਗ ਜੈਨ ਧਰਮ ਵਿੱਚ ਵੀ 24 ਤੀਰਥੰਕਰ ਮੰਨੇ ਗਏ ਹਨ। "ਜਿਨ" ਸ਼ਬਦ ਦੀ ਵਰਤੋਂ ਇਨ੍ਹਾਂ ਸਭਨਾਂ "ਤੀਰਥੰਕਰਾਂ" ਲਈ ਹੋਈ ਹੈ। ਇਨ੍ਹਾਂ ਨੂੰ ਹੀ "ਕੇਵਲੀ" ਅਤੇ "ਅਰਿਹੰਤ" ਵੀ ਸੱਦਿਆ ਜਾਂਦਾ ਹੈ। ਜੈਨ ਵਿਦਵਾਨ ਹੇਮ ਚੰਦਰ ਅਨੁਸਾਰ ਇਨ੍ਹਾਂ ਸ਼ਬਦਾਂ ਦਾ ਸਰੂਪ ਇਸ ਪ੍ਰਕਾਰ ਹੈ :

(ਕ) "ਤੀਰਥਕਰ" ਜਾਂ "ਤੀਰਥੰਕਰ" - ਜਿਸ ਨੇ ਪਾਰ ਪਾ ਲਿਆ ਹੋਵੇ, ਅਰਥਾਤ "ਸਮੁੰਦਰ"।

(ਖ) "ਕੇਵਲੀ" - ਕੇਵਲਜ ਗਿਆਨ ਅਰਥਾਤ "ਅਧਿਆਤਮਿਕ ਗਿਆਨ ਦਾ ਮਾਲਿਕ" ਜਿਸ ਵਿੱਚ ਖੋਟ ਲੱਭਣ ਦੀ ਗੁੰਜਾਇਸ਼ ਹੀ ਨਹੀਂ।

(ਗ) "ਅਰਹਤ" ਜਾਂ "ਅਰਹੰਤ" - ਦੇਵਤਿਆਂ ਅਤੇ ਸੰਸਾਰੀ ਮਨੁੱਖਾਂ ਦੀ ਸ਼ਰਧਾ ਦਾ ਪਾਤਰ।

(ਘ) "ਜਿਨ" - ਮਨੁੱਖੀ ਵਿਸ਼ੇ ਵਿਕਾਰਾਂ ਅਤੇ ਜੀਵਨ ਦੀਆਂ ਕਮੀਆਂ ਨੂੰ ਜਿੱਤਣ ਵਾਲਾ।' ਆਪਣੀਆਂ ਇੰਦਰੀਆਂ ਉੱਤੇ ਕਾਬੂ ਪਾ ਕੇ ਜਿਨ੍ਹਾਂ ਵਿਸ਼ੇਸ਼ਤਾਵਾਂ ਦੀ ਖੱਟੀ "ਜਿਨ" (ਤੀਰਥੰਕਰ) ਕਰ ਲੈਂਦਾ ਹੈ, ਉਸ ਦੇ ਕਾਰਨ ਉਹ ਆਪਣੇ ਸ਼ਰਧਾਲੂਆਂ (ਜੈਨ ਸਮਾਜ) ਵਿੱਚ ਇਨ੍ਹਾਂ ਸਦਗੁਣਾਂ ਦਾ ਧਾਰਨੀ ਮੰਨਿਆ ਜਾਂਦਾ ਹੈ : (1) ਜਗਤ ਪ੍ਰਭੂ (Lord of the world); (2) सतघ नत (Omniscient); (3) ਤ੍ਰਿਵਾਲਟਿਡ (Knower of Past, Present and Future); (4) वप्तीट (सीट) ववभां (Destroyer of corporeal action); (5) भयीमृत (Supreme Lord); (6) रेह-अपिरेट (God of gods) 1

"ਜਿਨ" ਸ਼ਬਦ ਦੀ ਸ਼ਾਸਤਰੀ ਵਿਆਖਿਆ ਵੀ ਕੁਝ ਵਿਦਵਾਨਾਂ ਨੇ ਕੀਤੀ ਹੈ, ਜੋ ਇਸ ਪ੍ਰਕਾਰ ਹੈ :

1. ਨਾਮ ਜਿਨ- ਜਿਹੜਾ ਆਪਣੇ ਨਾਂ ਕਾਰਨ "ਜਿਨ" ਹੈ, ਜਿਵੇਂ "ਰਿਸ਼ਭ ਦੇਵ"।

2. ਸਥਾਪਨਾ ਜਿਨ - ਅਰਥਾਤ "ਜਿਨ" ਦੀਆਂ ਮੂਰਤੀਆਂ (Idols), ਜੋ ਧਾਤੂਆਂ (Metals) ਜਾਂ "ਪੱਥਰ" (Stones) ਵਿਚੋਂ ਘੜੀਆਂ ਜਾਂਦੀਆਂ ਹਨ।

3. ਦ੍ਰਵਯ ਜਿਨ - ਜੋ "ਜਿਨ" ਦੇ ਗੁਣਾਂ ਦਾ ਧਾਰਨੀ ਹੋਵੇ, ਜਿਵੇਂ ਰਾਜਾ ਸ਼੍ਰੇਣਿਕ।

4. ਭਾਵ ਜਿਨ - ਜਿਹੜੇ ਲੋਕੀ ਸਮਵਸਰਣ (ਜੈਨ ਮੁਨੀਆਂ ਦੇ ਉਪਦੇਸ਼ਾਂ) ਵਿਖੇ ਹਾਜ਼ਿਰ ਰਹੇ ਹੋਣ ।"

ਇੰਝ ਜਾਪਦਾ ਹੈ ਕਿ ਜਦੋਂ ਜੈਨ ਧਰਮ ਵਿੱਚ ਮੂਰਤੀ-ਪੂਜਾ ਜਾਂ ਗੁਣਵਾਨ-ਮਹਾਂਪੁਰਖਾਂ ਦੀ ਮਹਿਮਾ ਦਾ ਬਖਾਨ ਹੋਣ ਲਗ ਪਿਆ ਤਾਂ "ਜਿਨ" ਦੇ ਉਪਰੋਕਤ ਚਾਰ ਪ੍ਰਕਾਰ ਸਾਹਮਣੇ ਆਏ। ਇਸੇ ਪਰੰਪਰਾ ਕਾਰਨ "ਜਿਨ" ਸ਼ਬਦ ਹੀ ਨਹੀਂ, ਸਗੋਂ ਉਸ ਦੇ ਪਰਿਆਇ (Synonym) "ਤੀਰਥੰਕਰ" ਦੀਆਂ ਵੀ ਅੱਡ ਅੱਡ ਵਿਆਖਿਆਵਾਂ ਟੁਰ ਪਈਆਂ। ਅਜਿਹੀ ਇੱਕ ਵਿਆਖਿਆ ਪੇਸ਼ ਹੈ :

(1) 'ਤੀਰਥ' ਦਾ ਤਾਤਪਰਯ ਹੈ "ਧਰਮ" । ਜਿਹੜਾ ਧਰਮ ਦੀ ਵਿਆਖਿਆ ਕਰ ਲੈਂਦਾ ਹੈ, ਉਹੀ "ਤੀਰਥੰਕਰ " ਅਖਵਾਉਂਦਾ ਹੈ ।

(ii)ਜਿਸ ਦੇ ਰਾਹੀਂ ਚੰਗਿਆਈ (Goodness) ਦੇ ਵਿਸਤ੍ਰਿਤ ਰੂਪ ਦਾ ਦਰਸ਼ਨ ਹੁੰਦਾ ਹੈ ਅਤੇ ਜਿਹੜਾ ਦੁੱਖਾਂ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ, ਉਹੀ "ਤੀਰਥੰਕਰ" ਹੈ ।

(iii) ਸ਼ਵੇਤ-ਅੰਬਰ (ਸ਼ਵੇਤਾਂਬਰ) ਜੈਨ ਮਤ ਅਨੁਸਾਰ "ਤੀਰਥੰਕਰ" ਦਾ ਅਰਥ ਹੈ "ਸੰਘ" (Confederation) I ਤੀਰਥੰਕਰ ਤਾਂ ਸੰਘ ਦਾ ਨਿਰਮਾਣ ਕਰਦਾ ਹੈ। ਇਸ ਲਈ ਜੈਨ ਧਰਮ ਵਿੱਚ "ਤੀਰਥ" ਇੱਕ ਨਹੀਂ, ਸਗੋਂ ਚਾਰ ਮੰਨੇ ਗਏ ਹਨ। ਉਹ ਹਨ : ਸਾਧ (ਪੁਰਸ਼) : ਸਾਧਵੀ (ਇਸਤਰੀ) : ਸ੍ਰਾਵਕ (ਗ੍ਰਿਹਸਥੀ ਪੁਰਸ਼) ਅਤੇ 'ਸਾਵਕੀ' (ਗ੍ਰਿਹਸਥ ਇਸਤਰੀ) । "ਸਾਧੂ" ਲਈ "ਸ਼ਮਣ" ਸ਼ਬਦ ਦੀ ਵਰਤੋਂ ਵੀ ਹੁੰਦੀ ਹੈ।

ਨਿਚੋੜ

ਸੰਖੇਪ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ "ਜੈਨ" ਸ਼ਬਦ ਦਾ ਨਿਕਾਸ 'ਜਿਨ' ਸ਼ਬਦ ਤੋਂ ਹੋਇਆ ਹੈ ਅਤੇ ਅਗਾਂਹ ਚਲ ਕੇ "ਤੀਰਥੰਕਰ" (Incarnation) ਸ਼ਬਦ ਦਾ ਪਰਿਆਇ (Synonym) ਬਣ ਗਿਆ । ਇਸ ਪ੍ਰਕਾਰ 24 ਤੀਰਥੰਕਰਾਂ ਨੂੰ

ਮਾਨਤਾ ਦੇਣ ਵਾਲੇ ਤਿਆਗੀ ਸਾਧੂ (Saints) ਹੀ ਨਹੀਂ ਸਗੋਂ ਅਹਿੰਸਾ-ਧਰਮ (Non-Violence) ਦੇ ਹਾਮੀ ਕਬੀਲਦਾਰ ਲੋਕੀ (Familymen) ਵੀ ਇਸ "ਜੈਨ ਧਰਮ" ਰੂਪੀ ਮਹਿਲ (Palace) ਦੇ ਚਾਰ ਥੰਭ (Four Pillars) ਬਣ ਗਏ। ਸਮੇਂ ਦੀ ਚਾਲ ਨਾਲ ""ਜੈਨ" ਸ਼ਬਦ "ਧਰਮ" ਦੇ ਕੁਝ ਹੋਰ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ, ਜਿਵੇਂ (1) ਜੈਨ ਦਰਸ਼ਨ : (2) ਜੈਨ ਸ਼ਾਸਨ ਅਤੇ (3) ਯਾਦਵਾਦ ਦ੍ਰਿਸ਼ਟੀ

ਜੈਨੀਆਂ ਦੀ ਸੋਚ ਅਨੁਸਾਰ ਜੈਨ ਧਰਮ ਨੂੰ ਅਨਾਦੀ ਕਾਲ ਤੋਂ ਟੁਰਿਆ ਆਉਂਦਾ ਅਤੇ ਅਨੰਤ ਕਾਲ ਤਕ ਚਲਦੇ ਰਹਿਣ ਵਾਲਾ ਮਤ ਆਖਿਆ ਗਿਆ ਹੈ। ਇਸ ਧਰਮ ਦੇ ਪ੍ਰਚਾਰ ਲਈ ਸਮੇਂ-ਸਮੇਂ ਤੇ 24 ਤੀਰਥੰਕਰਾਂ ਨੇ ਉਪਰਾਲੇ ਕੀਤੇ। ਇਨ੍ਹਾਂ ਵਿੱਚੋਂ ਪਹਿਲੇ ਸਨ ਸ੍ਰੀ ਰਿਸ਼ਭਦੇਵ (ਜਿਨ੍ਹਾਂ ਨੂੰ ਆਦਿ ਨਾਥ ਜਾਂ ਵਿਸਭਦੇਵ ਵੀ ਸੱਦਿਆ ਜਾਂਦਾ ਹੈ) ਅਤੇ ਚੋਬੀਵੇਂ ਜਾਂ ਅੰਤਿਮ ਸਨ ਭਗਵਾਨ ਮਹਾਵੀਰ। " ਆਦਿ-ਅਨੰਤਕਾਲੀ ਧਰਮ ਵਾਲੀ ਗੱਲ ਮਨ ਭਾਉਂਦੀ ਨਾ ਹੋਣ ਕਾਰਨ ਜੈਨ ਧਰਮ ਦੇ ਮੋਢੀ ਅਤੇ ਧਰਮ ਵਿੱਚ ਸਮੇਂ ਦੀ ਚਾਲ ਨਾਲ ਪਈਆਂ ਵੰਡੀਆਂ (Division) ਦੀ ਤਹਿ ਤਕ ਪੁੱਜਣ ਦੇ ਉਪਰਾਲੇ ਕੁਝ ਬਦੇਸ਼ੀ ਚਿੰਤਕਾਂ ਵਲੋਂ ਕੀਤੇ ਗਏ। ਇਨ੍ਹਾਂ ਵਿੱਚ ਐਚ.ਟੀ. ਕੋਲਬਰੁਕਾਂ, ਜਾਰਲ ਚਾਰਪੇਂਟੀਅਰ, ਜਰਮਨ ਵਿਦਵਾਨ ਏ.ਗੁਰੀਨੋਟ ਨੇ ਜੈਨ ਧਰਮ ਦਾ ਮੋਢੀ 23ਵੇਂ ਤੀਰਥੰਕਰ ਸ੍ਰੀ ਪਾਰਸ਼ਵਨਾਥ ਨੂੰ ਮੰਨਿਆ ਹੈ ਅਤੇ ਉਸ ਦੇ ਹੋਰ ਵਿਕਾਸ ਦਾ ਸਿਹਰਾ 24ਵੇਂ ਤੀਰਥੰਕਰ ਭਗਵਾਨ ਮਹਾਵੀਰ ਦੇ ਸਿਰ ਉੱਤੇ ਬੰਨ੍ਹਿਆ ਹੈ। ਏ.ਗੁਰੀਨੇਟ ਨੇ ਭਗਵਾਨ ਪਾਰਸ਼ਵਨਾਥ ਦਾ ਸਮਾਂ ਈਸਾ ਪੂਰਬ 8ਵੀਂ ਸ਼ਤਾਬਦੀ ਮੰਨਿਆ ਹੈ। ਲਗਭਗ ਸਾਰੇ ਇਤਿਹਾਸਕਾਰ ਗੁਰੀਨੋਟ ਦੇ ਇਸ ਮਤ ਨਾਲ ਸਹਿਮਤ ਹਨ ਕਿ ਪਾਰਸ਼ਵਨਾਥ ਜੀ ਨੇ ਇੱਕ ਸੋ ਵਰ੍ਹੇ (One hundred years) ਦਾ ਜੀਵਨ ਭੋਗਿਆ ਅਤੇ ਉਹ ਭਗਵਾਨ ਮਹਾਵੀਰ ਦੇ ਜਨਮ ਤੋਂ ਢਾਈ ਸੌ ਵਰ੍ਹੇ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ।"

ਸ੍ਰੀ ਪਾਰਸ਼ਵਨਾਥ ਅਤੇ ਭਗਵਾਨ ਮਹਾਵੀਰ ਦੀ ਸੋਚ ਅਤੇ ਸਰੂਪ ਵਿੱਚ ਜੋ ਅੰਤਰ ਨਜ਼ਰ ਆਉਂਦਾ ਹੈ, ਉਹ ਇਸ ਪ੍ਰਕਾਰ ਹੈ :

(ੳ) ਪਾਰਸ਼ਵਨਾਥ ਜੀ ਨੇ ਕੱਪੜਿਆਂ ਸਮੇਤ ਤਪ ਕੀਤਾ। ਪਰ ਭਗਵਾਨ ਮਹਾਵੀਰ ਨੇ ਆਪਣੀ ਤਪੱਸਿਆ ਦੇ ਪਹਿਲੇ 13 ਮਹੀਨੇ ਦੌਰਾਨ ਤਾਂ ਕੱਪੜੇ ਪਹਿਣੀ ਰੱਖੇ, ਉਸ ਤੋਂ ਬਾਅਦ ਲਗਭਗ 12 ਵਰ੍ਹੇ ਤਕ ਉਹ ਬਾਣਾ ਲਾਹ ਕੇ ਨੰਗੇ ਹੋ ਕੇ (Naked) ਘੁੰਮਦੇ ਅਤੇ ਤਪੱਸਿਆ ਕਰਦੇ ਰਹੇ।”

(ਅ) ਪਾਰਸ਼ਵਨਾਥ ਜੀ ਨੇ ਜੈਨ ਪਰਿਵਾਜਕਾਂ (ਮੁਨੀਆਂ) ਲਈ ਚਾਰ ਵਰਤਾਂ ਨੂੰ ਪਾਲਣ ਕਰਨ ਦੀ ਗੱਲ ਕੀਤੀ ਸੀ । ਇਹ ਸਨ: (1) ਅਹਿੰਸਾ (ਕੇਵਲ ਮਾਰਨਾ ਹੀ ਨਹੀਂ, ਸਗੋਂ ਕਿਸੇ ਦਾ ਵੀ ਬੁਰਾ ਨਾ ਸੋਚਣਾ), (2) ਸਤਜ (ਹਮੇਸ਼ਾ ਸੱਚ ਬੋਲਣਾ ਅਤੇ ਸਚਿਆਰਿਆਂ ਦਾ ਪੱਖ ਪੂਰਨਾ) : (3) ਅਸਤੇਯ (ਚੋਰੀ ਨਾ ਕਰਨਾ) ਅਤੇ (4) ਅਪਰਿਗ੍ਰਹ (ਕੋਈ ਵੀ ਚੀਜ਼ ਜਾਂ ਧਨ-ਮਾਲ ਇਕੱਠਾ ਕਰਕੇ ਅਤੇ ਸਾਂਭ ਕੇ ਨਾ ਰੱਖਣਾ) ।

ਭਗਵਾਨ ਮਹਾਵੀਰ ਨੇ ਆਚਾਰ-ਵਿਵਸਥਾ (Code of Conduct) ਦੇ ਇਨ੍ਹਾਂ ਚਾਰ ਅੰਗਾਂ (Tenets) ਨੂੰ ਸਵੀਕਾਰ ਕਰਦਿਆਂ ਇਸ ਵਿੱਚ ਇੱਕ ਹੋਰ "ਵਰਤ" ਜੋੜ ਦਿੱਤਾ। ਇਹ ਪੰਜਵਾਂ ਵਰਤ ਹੈ : ਬ੍ਰਹਮਚਰਯ । ਇਸ ਬ੍ਰਹਮਚਰਯ (Celibacy) ਦੇ ਪੰਜ ਰੂਪ ਉਨ੍ਹਾਂ ਨੇ ਦੱਸੇ, ਜੋ ਇਸ ਪ੍ਰਕਾਰ ਹਨ :

(i) ਭਿੱਖੂ ਕਿਸੇ ਇਸਤਰੀ ਨਾਲ ਗੱਲ ਬਾਤ ਨਾ ਕਰੇ ।

(ii) ਉਹ ਕਿਸੇ ਤੀਵੀਂ ਵੱਲ ਅੱਖ ਚੁੱਕ ਕੇ ਨਾ ਵੇਖੇ।

(iii) ਉਹ ਨਾਰੀ ਨਾਲ ਸੰਪਰਕ (Sexual Relations) ਦੀ ਭਾਵਨਾ ਕਦੇ ਵੀ ਮਨ ਵਿੱਚ ਨਾ ਲਿਆਵੇ ।

(iv) ਉਹ ਐਸੇ ਘਰ ਵਿੱਚ ਨਾ ਜਾਵੇ ਜਿੱਥੇ ਇਕੱਲੀ ਤੀਵੀਂ (Lonely Woman) ਹੋਵੇ ।

(v) ਉਸ ਦਾ ਭੋਜਨ ਸ਼ੁੱਧ ਅਤੇ ਥੋੜੀ ਮਾਤਰਾ ਵਿੱਚ ਹੋਣਾ ਚਾਹੀਦਾ ਹੈ ।

ਪਰ ਅਗਾਂਹ ਚਲ ਕੇ ਕੁਝ ਮੂਲ ਸਿਧਾਂਤਾਂ (Basic Principles) : ਸ਼ਾਸਤਰਾਂ ਅਤੇ ਬਹੁਤਾ ਕਰਕੇ ਬਾਣੇ (Dressed or undressed) ਕਾਰਨ ਮੂਲ-ਜੈਨ ਧਰਮ (Original Jainism) ਵਿੱਚ ਦੁਫਾੜ (Schism) ਪੈ ਗਿਆ ਅਤੇ ਅਜਿਹੀ ਵੰਡੀ (Division) ਦੇ ਦੋ ਨਾਂ ਧਰੇ ਗਏ : ਸ਼੍ਰੇਤਾਂਬਰ ਅਤੇ ਦਿਗੰਬਰ

ਸ਼ੇਤਾਂਬਰ - "ਸ਼ਵੇਤ" ਦਾ ਅਰਥ ਹੈ "ਚਿੱਟਾ" ਅਤੇ 'ਅੰਬਰ' ਦਾ ਅਰਥ ਹੈ ਕੱਪੜੇ (clothes) । ਜਿਹੜੇ ਜੈਨ ਮੁਨੀ ਸ੍ਰੀ ਪਾਰਸ਼ਵਨਾਥ ਵਾਂਗ ਤਪੱਸਿਆ ਕਰਨ ਲਈ ਚਿੱਟੇ ਕੱਪੜੇ ਨਹੀਂ ਤਿਆਗਦੇ ਅਤੇ ਸਰੀਰ ਨੂੰ ਢੱਕਣ ਵਿੱਚ ਵਿਸ਼ਵਾਸ ਰੱਖਦੇ ਹਨ। ਦਿਰਬਰ - "ਦਿਗ" ਸ਼ਬਦ ਦਾ ਮੂਲ ਸੰਸਕ੍ਰਿਤ ਰੂਪ "ਦਿਕ" (ਦਿਸ਼ਾ) ਹੈ ਅਤੇ "ਅੰਬਰ" ਦਾ ਅਰਥ ਹੈ 'ਕੱਪੜੇ' । ਜਿਹੜੇ ਜੈਨ ਚਹੁੰ ਦਿਸ਼ਾਵਾਂ ਨੂੰ ਹੀ ਆਪਣੇ ਸਰੀਰ ਨੂੰ ਢੱਕਣਹਾਰ ਸਮਝ ਕੇ ਬਿਲਕੁਲ ਨੰਗੇ (Naked) ਰਹਿੰਦੇ ਹਨ।

ਉਪਰੋਕਤ ਵੰਡ ਦਾ ਸਮਾਂ

ਕੁਝ ਵਿਦਵਾਨਾਂ ਨੇ ਅਜਿਹੀ ਵੰਡ ਦਾ ਸਮਾਂ ਪਹਿਲੀ ਸਦੀ ਈਸਵੀ ਦੇ ਨੇੜੇ ਮੰਨਿਆ ਹੈ। " ਪਰ ਇਤਿਹਾਸਿਕ ਪ੍ਰਮਾਣਾਂ ਦੇ ਆਧਾਰ ਤੇ ਇਹ ਚੌਥੀ ਸਦੀ ਸੰਨ ਈਸਵੀ (A.D.) ਬਣਦਾ ਹੈ। ਇਸ ਸਿਲਸਿਲੇ ਵਿੱਚ ਜੇਮਜ ਬਰਡ ਦਾ ਕਥਨ ਹੈ :

"ਦਿਰਬਰ ਸੰਪ੍ਰਦਾਇ ਦਾ ਮੁੱਢ ਬੱਝੇ ਜਾਣ (origin) ਦੀ ਤਾਰੀਖ ਲਗਭਗ ਸੰਨ 436 ਈਸਵੀ ਹੈ, ਜੋ ਕਿ ਇਨ੍ਹਾਂ ਗੁਫਾਵਾਂ (Oves of western india) ਵਿੱਚ ਦਿੱਤੀ ਤਾਰੀਖ ਨਾਲ ਮੇਲ ਖਾਂਦੀ (Harmonises with the date) ਹੈ। "ਸ਼ਤਰੂੰਜਯ ਮਾਹਾਤਮ" ਜਾਂ ਕਾਠਿਆਵਾੜ ਵਿਖੇ ਸਥਿਤ ਪਾਲਿਤਾਨਾ ਦੇ ਜੈਨ ਮੰਦਿਰਾਂ ਸੰਬੰਧੀ ਲੋਕ ਕਥਾਵਾਂ (Legends) ਅਨੁਸਾਰ ਵੀ ਦਿਗੰਬਰ ਜੈਨ (ਸੰਪ੍ਰਦਾਇ) ਦੇ ਮੁੱਢ (origin) ਦਾ ਇਹੋ ਸਮਾਂ ਮਿੱਥਿਆ ਗਿਆ 115"

ਇਸੇ ਮਤ ਨੂੰ ਧਿਆਨ ਵਿੱਚ ਰੱਖ ਕੇ ਡਾ. ਸ਼ਾਹ ਨੇ ਆਪਣਾ ਨਿਰਣਾ ਇੰਝ ਦਿੱਤਾ ਹੈ। ਅਤੇ ਜੇਮਜ ਬਰਡ ਦੀ ਪੁਸ਼ਟੀ ਕੀਤੀ ਹੈ :

"ਸ੍ਵੇਤਾਂਬਰ ਸੰਘ ਵਾਲੇ ਇਸ ਵੰਡ ਦਾ ਸਮਾਂ ਭਗਵਾਨ ਮਹਾਵੀਰ ਦੇ 609 ਵਰ੍ਹਿਆਂ ਮਗਰੋਂ ਹੋਇਆ ਮਿੱਥਦੇ ਹਨ, ਜੋ ਕਿ ਵਿਕਰਮ (ਵਿਕਰਾਮਾਦਿੱਯ) ਦੀ ਮੌਤ ਤੋਂ 139 ਸਾਲ ਬਾਅਦ ਬਣਦਾ ਹੈ । ਇਸ ਪ੍ਰਕਾਰ ਪਰੰਪਰਾਗਤ ਰੂਪ ਵਿੱਚ ਇਸ ਸਮੇਂ ਦੇ ਵਿਚਕਾਰ 470 ਵਰ੍ਹਿਆਂ (609-139) ਦਾ ਅੰਤਰ ਸਿੱਧ ਹੁੰਦਾ ਹੈ ।

ਅਜਿਹੀ ਵੰਡ ਦੇ ਕੁਝ ਹੋਰ ਕਾਰਨ ਕੱਪੜੇ-ਲੀੜੇ ਦੇ ਪਹਿਣਨ (ਸ੍ਵੇਤਾਂਬਰ) ਜਾਂ ਨਾ ਪਹਿਣਨ (ਦਿਰਬਰ) ਸੰਬੰਧੀ ਇਸ ਦੁਫਾੜ ਤੋਂ ਅਲਾਵਾ ਜੈਨ ਧਰਮ ਦੇ ਖੋਜੀਆਂ ਨੇ ਕੁਝ ਹੋਰ ਆਪਸੀ ਮਤਭੇਦਾਂ ਦਾ ਉਲੇਖ ਵੀ ਕੀਤਾ ਹੈ, ਜੋ ਇਸ ਪ੍ਰਕਾਰ ਹਨ :

(i) ਸ੍ਵੇਤਾਂਬਰ ਸੰਪ੍ਰਦਾਇ ਵੱਲੋਂ ਮਾਣਤਾ ਦਿੱਤੇ ਗਏ ਆਗਮ ਗ੍ਰੰਥਾਂ ਨੂੰ ਦਿਗੰਬਰ ਸੰਪ੍ਰਦਾਇ ਵਾਲੇ ਪ੍ਰਮਾਣਿਕ ਨਹੀਂ ਮੰਨਦੇ ।

(ii) (ii) ਸ੍ਵੇਤਾਂਬਰ ਮਤ ਅਨੁਸਾਰ ਸਰਬੱਗ ਭਗਵਾਨ ਨੂੰ ਕੇਵਲ ਗਿਆਨੀ ਬਣ ਜਾਣ ਤੋਂ ਬਾਅਦ ਭੋਜਨ (food) ਦੀ ਲੋੜ ਰਹਿੰਦੀ ਹੈ। ਪਰ ਦਿਰਬਰ ਮਤ ਦੇ ਧਾਰਨੀ ਇਸ ਦੇ ਵਿਰੁੱਧ ਭੋਜਨ ਕਰਨ ਦੇ ਵਿਰੁੱਧ ਹਨ।"

(iii) ਸ੍ਰੀਤਾਂਬਰ ਮਤ ਅਨੁਸਾਰ ਕੇਵਲੀ (ਕੇਵਲ ਗਿਆਨੀ) ਨੂੰ 'ਨਿਹਾਰ' (Evacuation) ਦੀ ਲੋੜ ਰਹਿੰਦੀ ਹੈ, ਦਿਗੰਬਰ ਅਜਿਹਾ ਨਹੀਂ ਮੰਨਦੇ ।"

(iv) ਸ੍ਵੇਤਾਂਬਰ ਮਤ ਅਨੁਸਾਰ ਇਸਤਰੀ ਨੂੰ ਮੁਕਤੀ (Salvation) ਪ੍ਰਾਪਤ ਹੋ ਸਕਦੀ ਹੈ। ਇਸੇ ਲਈ ਇਨ੍ਹਾਂ ਨੇ 19ਵੇਂ ਤੀਰਥੰਕਰ "ਮੱਲੀਨਾਥ" ਨੂੰ ਪੁਰਸ਼ (Male) ਨਾ ਮੰਨ ਕੇ ਉਸ ਦਾ ਨਾਂ ਮੱਲਿ ਕੁਮਾਰੀ ਰੱਖ ਦਿੱਤਾ ਹੈ, ਜੋ ਇਸਤਰੀ ਵਾਚਕ ਹੈ। ਦਿਗੰਬਰਾਂ ਦਾ ਮਤ ਹੈ ਕਿ ਇਸਤਰੀ ਨੂੰ ਮੁਕਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜੇ ਉਹ ਅਗਲੇ ਜਨਮ ਵਿੱਚ ਆਦਮੀ (Male) ਦੇ ਰੂਪ ਵਿੱਚ ਪੈਦਾ ਹੋ ਜਾਵੇ।

(v) ਸ੍ਵੇਤਾਂਬਰ ਮਤ ਅਨੁਸਾਰ ਸ਼ੂਦਰ (Shudra) ਨੂੰ ਮੁਕਤੀ ਪ੍ਰਾਪਤ ਹੋ ਸਕਦੀ ਹੈ। ਦਿਰਬਰ ਮਤ ਵਾਲੇ ਅਜਿਹਾ ਨਹੀਂ ਮੰਨਦੇ।

(vi) ਦਿਰਬਿਰ ਸੰਪ੍ਰਦਾਇ ਵਿੱਚ ਮੋਖ (Salvation) ਪ੍ਰਾਪਤੀ ਲਈ ਨੰਗਾ (Naked) ਰਹਿਣਾ ਇੱਕ ਜ਼ਰੂਰੀ ਸ਼ਰਤ ਹੈ। ਸ੍ਵੇਤਾਂਬਰ ਮਤ ਵਾਲੇ ਅਜਿਹਾ ਨਹੀਂ ਮੰਨਦੇ।”

(vii) ਗ੍ਰਿਹਸਥ ਇਸਤਰੀ ਜਾਂ ਪੁਰਸ਼ (House holder) ਆਪਣੇ ਪੁੰਨ-ਕਰਮਾਂ ਰਾਹੀਂ ਮੋਖ ਪ੍ਰਾਪਤ ਕਰ ਸਕਦਾ ਹੈ। ਤਾਂਬਰਾਂ ਦੇ ਇਸ ਵਿਚਾਰ ਨੂੰ ਦਿਰਬਰ ਸਵੀਕਾਰ ਨਹੀਂ ਕਰਦੇ।

viii) ਸ਼੍ਵੇਤਾਂਬਰਾਂ ਅਨੁਸਾਰ ਕੱਪੜਿਆਂ ਵਾਲੀਆਂ ਜੈਨ ਮੂਰਤੀਆਂ ਅਤੇ ਗਹਿਣਿਆਂ (Images having clothes & ornaments) ਦੀ ਆਗਿਆ ਹੈ। ਪਰ ਸ਼੍ਵੇਤਾਂਬਰ ਇਸ ਦੇ ਵਿਰੁੱਧ ਹਨ ਅਤੇ ਕੇਵਲ ਨੰਗੀਆਂ ਮੂਰਤੀਆਂ (Naked images) ਦੀ ਪੂਜਾ ਹੀ ਕਰਦੇ ਹਨ।

(ix) ਸ਼੍ਵੇਤਾਂਬਰ ਜੈਨ ਮੁਨੀਆਂ ਨੂੰ ਨਿਸ਼ਚਿਤ ਕੀਤੀਆਂ ਕੁਲ ਚੌਦਾਂ ਚੀਜ਼ਾਂ (Specified fourteen things) ਰੱਖਣ ਦਾ ਹੀ ਅਧਿਕਾਰ ਹੈ। ਨੰਗ-ਧੜੰਗ ਦਿਗੰਬਰ ਮੁਨੀਆਂ ਨੂੰ ਇਸ ਦੀ ਲੋੜ ਹੀ ਨਹੀਂ ਹੁੰਦੀ।

. (x) ਤਾਂਬਰ ਦਾ ਮਤ ਹੈ ਕਿ ਬਾਰਾਂ ਮੂਲ ਅੰਗ (Twelve original canonical works) ਵਿੱਚੋਂ 11 ਅਜੇ ਵੀ ਵਿਦਮਾਨ (Exist) ਹਨ। ਪਰ ਦਿਗੰਬਰ ਇਸ ਦੀ ਹਾਮੀ ਨਹੀਂ ਭਰਦੇ।

(xi) ਤਾਂਬਰ ਅਨੁਸਾਰ ਭਾਰਤ ਚੱਕਰਵਰਤੀ ਨੇ ਮਹਿਲਾਂ (Palace) ਵਿੱਚ ਰਹਿੰਦਿਆਂ ਵੀ ਕੇਵਲਜ -ਪਦ (Kevalihood) ਪ੍ਰਾਪਤ ਕਰ ਲਿਆ ਸੀ। ਦਿਗੰਬਰ ਇਸ ਗੱਲ ਨਾਲ ਸਹਿਮਤ ਨਹੀਂ ਹਨ।

(xii) ਸ਼੍ਵੇਤਾਂਬਰ ਮਤ ਅਨੁਸਾਰ 24ਵੇਂ ਤੀਰਥੰਕਰ ਭਗਵਾਨ ਮਹਾਵੀਰ ਦੇ ਭਰੂਣ (Embryo) ਇੱਕ ਕੁੱਖ (Womb) ਤੋਂ ਦੂਜੀ ਕੁੱਖ ਵਿੱਚ ਘੁੰਮਿਆ ਅਤੇ ਉਨ੍ਹਾਂ ਦੀ ਪੈਦਾਇਸ਼ ਤੋਂ ਪਹਿਲਾਂ ਉਨ੍ਹਾਂ ਦੀ ਮਾਤਾ ਤ੍ਰਿਸ਼ਲਾ ਨੇ 14 ਸ਼ੁਭਕਾਰੀ ਸੁਪਨੇ (Fourteen auspicious dreams) ਵੇਖੇ ਸਨ। ਦਿਗੰਬਰ ਮਤ ਵਾਲੇ ਭਰੂਣ ਦੀ ਘੁੰਮਣਬਾਜ਼ੀ ਨੂੰ ਨਹੀਂ ਸਵੀਕਾਰਦੇ। ਉਨ੍ਹਾਂ ਦਾ ਮਤ ਹੈ ਕਿ ਵਰਧਾਨ ਭਗਵਾਨ ਮਹਾਵੀਰ ਦੇ ਮਾਤਾ ਦੀ ਕੁੱਖ ਦੌਰਾਨ ਤ੍ਰਿਸ਼ਲਾ ਜੀ ਨੇ ਸੋਲਾਂ (sixteen) ਮੰਗਲਕਾਰੀ ਸੁਪਨੇ (Auspicious dreams) ਵੇਖੇ ਸਨ।"

(xiii) ਗੋਸਾਲ ਦੇ ਤੇਜੋਲੇਸਜਾ (ਜ਼ਹਿਰ ਦੇਣ ਕਾਰਨ ਭਗਵਾਨ ਮਹਾਵੀਰ ਦੇ ਬੀਮਾਰ ਹੋ ਜਾਣ ਵਾਲੇ ਸ੍ਵੇਤਾਂਬਰਾਂ ਦੇ ਵਿਚਾਰ ਨਾਲ ਦਿਰਬਰ ਮਤ ਵਾਲੇ ਸਹਿਮਤ ਨਹੀਂ ਹਨ।"

(xiv) ਵਰਧਾਨ ਭਗਵਾਨ ਮਹਾਵੀਰ ਜੀ ਨੇ ਵਿਆਹ ਕੀਤਾ ਸੀ ਅਤੇ ਉਨ੍ਹਾਂ ਦੀ ਪਤਨੀ ਨੇ ਇੱਕ ਧੀ ਨੂੰ ਵੀ ਜਨਮ ਦਿੱਤਾ ਸੀ। ਸ਼ੇਤਾਂਬਰਾਂ ਦੇ ਇਸ ਮਤ ਨੂੰ ਦਿਰਬਰ ਸਵੀਕਾਰ ਨਹੀਂ ਕਕਰੇ ।

(xv) ਦੇਵਤਿਆਂ (Devadusya) ਵੱਲੋਂ ਭੇਟਾ ਕੀਤਾ ਹੋਇਆ ਕੱਪੜਾ (cloth) ਤੀਰਥੰਕਰਾਂ ਦੇ ਮੋਢਿਆਂ (shoulders) ਉੱਤੇ ਡਿੱਗਦਾ ਹੈ। ਤਾਂਬਰਾਂ ਦੀ ਇਸ ਧਾਰਨਾ ਨੂੰ ਦਿਗੰਬਰ ਮਤ ਵਾਲੇ ਪ੍ਰਵਾਣ ਨਹੀਂ ਕਰਦੇ।"

(xvi) ਮਰੂਦੇਵੀ ਇੱਕ ਹਾਥੀ ਉੱਤੇ ਸਵਾਰ ਹੋ ਕੇ ਮੋਖ ਵੱਲ ਚਲੀ ਗਈ। ਸ਼੍ਵੇਤਾਂਬਰਾਂ ਦੇ ਇਸ ਵਿਚਾਰ ਨੂੰ ਦਿਰਬਰ ਸੰਪ੍ਰਦਾਇ ਵਾਲੇ ਨਹੀਂ ਮੰਨਦੇ।

(xvii) ਜੈਨ ਸਾਧੂ ਜਾਂ ਜੈਨ ਸਾਧਵੀ ਬਹੁਤ ਸਾਰੇ ਗ੍ਰਿਹਸਥੀਆਂ (ਸ਼ਰਾਵਕਾਂ) ਦੇ ਘਰ ਗੋਚਰੀ (Alms) ਲਈ ਜਾ ਸਕਦਾ ਹੈ। ਸ਼ੇਤਾਂਬਰਾਂ ਦੇ ਇਸ ਮਤ ਨਾਲ ਦਿਗੰਬਰ ਸਹਿਮਤ ਨਹੀਂ।"

(xviii) ਦਿਗੰਬਰ ਮਤ ਵਾਲੇ ਕੁੰਦਕੁੰਦ ਨੂੰ ਆਪਣਾ ਮੁੱਖ ਗੁਰੂ ਸਮਝਦੇ ਹਨ, ਜਦੋਂ ਕਿ ਸ਼੍ਵੇਤਾਂਬਰ ਸੰਪ੍ਰਦਾਇ ਵਾਲੇ 24ਵੇਂ ਤੀਰਥੰਕਰ ਭਗਵਾਨ ਮਹਾਵੀਰ ਦੇ ਸ਼ਿਸ਼ (Disciple) ਸੁਧਰਮਾ ਨੂੰ ਇਹ ਮਾਣ ਬਖ਼ਸ਼ਦੇ ਹਨ। ਸ਼੍ਵੇਤਾਂਬਰ ਸੁਧਰਮਾ ਤੋਂ ਬਾਅਦ ਇਸ ਸੂਚੀ ਵਿੱਚ ਜੰਬੂਸ੍ਵਾਮੀ ਦਾ ਨਾਂ ਧਰਦੇ ਹਨ ਅਤੇ ਇਹ ਆਖਦੇ ਹਨ ਕਿ ਜੰਬੂਗ੍ਰਾਮੀ ਮਗਰੋਂ ਕੇਵਲ ਗਿਆਨ ਅਤੇ ਨਿਰਵਾਣ-ਗਮਨ (Salvation) ਦੇ ਦਰਵਾਜ਼ੇ ਬੰਦ ਹੋ ਗਏ। ਪਰ ਦਿਗੰਬਰ ਕੁੰਦਕੁੰਦ ਤੋਂ ਅਗਾਂਹ ਇਸ ਸੂਚੀ ਵਿੱਚ

ਕ੍ਰਮਵਾਰ ਵੱਤਕੇਰਾ, ਕਾਰਤੀਕੇਯ ਸ੍ਵਾਮੀ ਆਦਿ ਨੂੰ ਸ਼ਾਮਿਲ ਕਰਦੇ ਹਨ! ਇਹ ਦਿਰਬਰ ਗੁਰੂ ਦੱਖਣ ਭਾਰਤ (South India) ਦੇ ਹੀ ਸਨ।

ਇਹੋ ਨਹੀਂ ਤਾਂਬਰਾਂ ਅਤੇ ਦਿਰਗੰਬਰਾਂ ਦੇ ਪ੍ਰਚਾਰ-ਪ੍ਰਸਾਰ ਦੇ ਇਲਾਕਿਆਂ ਬਾਰੇ ਵੀ ਇੱਕ ਸੂਝਬਾਨ ਲੇਖਕ ਨੇ ਬੜੇ ਸੁਆਦਲੇ ਤੱਥ ਪੇਸ਼ ਕੀਤੇ ਹਨ, ਜਿਵੇਂ :

"ਸੰਨ ਈਸਵੀ ਦੀਆਂ ਆਰੰਭਿਕ ਸਦੀਆਂ (Early centuries of the Christian era) ਹਿੱਸ ਸੇਡਾਂਬਾਂ ਰੇ ਬੱਧਿਕ ਬੇਂਦਰ (Intellectual centres) ਪੱਛਮੀ ਭਾਰਤ (Western India) ਵਿੱਚ ਵਧ ਰਹੇ ਸਨ ਤਾਂ ਦਿਰਗੰਬਰਾਂ ਦਾ ਬੌਧਿਕ ਕੇਂਦਰ ਕਰਨਾਟਕ ਦਾ ਦੱਖਣ-ਪੱਛਮੀ ਇਲਾਕਾ ਸੀ। ਸ਼ਾਇਦ ਬੌਧਿਕ ਕੇਂਦਰਾਂ ਦੀ ਇਹੋ ਭੂਗੋਲਿਕ ਜੁਦਾਈ (Geographical separation) ਹੀ ਜੈਨ ਧਰਮ ਦੇ ਦੁਫਾੜ ਦਾ ਕਾਰਨ ਬਣੀ। ਇੱਥੋਂ ਤਈਂ ਕਿ ਦੇਵਤਿਆਂ ਬਾਰੇ ਵੀ ਵੰਡੀਆਂ ਪੈ ਗਈਆਂ। ਦੱਖਣ-ਪੱਛਮੀ ਕਰਨਾਟਕ ਦੇ ਦਿਰਬਰਾਂ ਨੇ ਪਹਿਲੇ ਤੀਰਥੰਕਰ (ਰਿਸ਼ਭਦੇਵ) ਦੇ ਪੁੱਤਰ ਬਾਹੁਬਲੀ ਨੂੰ ਆਪਣਾ ਪ੍ਰਮੁਖ ਦੇਵਤਾ ਮੰਨ ਕੇ ਉਸ ਦੀਆਂ ਵੱਡੀਆਂ-ਵੱਡੀਆਂ ਮੂਰਤੀਆਂ (colossal status) ਘੜ ਲਈਆਂ। ਦੂਜੇ ਪਾਸੇ ਸ੍ਵੀਤਾਂਬਰਾਂ ਦੇ ਮਿਥਿਹਾਸ (Mythology) ਵਿੱਚ ਬਾਹੁਬਲੀ ਦੀ ਬਹੁਤ ਘੱਟ ਚਰਚਾ ਹੋਈ ਹੈ। "

ਭਗਵਾਨ ਬਾਹੁਬਲੀ ਦਿਰਗੰਬਰ ਸੰਪ੍ਰਦਾਇ ਦੇ ਉਹੀ ਮੁੱਖ ਦੇਵਤਾ ਹਨ, ਜਿਨ੍ਹਾਂ ਦੀ ਮੂਰਤੀ ਦਾ ਨਿਰਮਾਣ ਉਨ੍ਹਾਂ ਦੇ ਵੱਡੇ ਭਰਾ ਰਾਜਾ ਭਰਤ ਨੇ ਕਰਵਾਇਆ ਸੀ। ਉਹ ਮੂਰਤੀ 525 ਧਨੁਖਾਂ (Bows ; ਕਮਾਨਾਂ) ਜਿੱਡੀ ਉੱਚੀ ਸੀ ਅਤੇ ਪੋਦਨਪੁਰ (ਕਰਨਾਟਕ ਦੇ ਨਿਜ਼ਾਮਾਬਾਦ ਜ਼ਿਲ੍ਹੇ ਦੇ ਬੋਦਨ ਤਾਲੁਕੇ) ਵਿੱਚ ਸਥਿਤ ਹੈ। ਉਸ ਤੋਂ ਮਗਰੋਂ ਕਰਨਾਟਕ ਰਾਜ ਦੇ ਹਾਸਨ ਜ਼ਿਲ੍ਹੇ ਵਿੱਚ ਸਥਿਤ "ਸ੍ਵਣਬੋਲ ਗੋਲਾ" ਵਿਖੇ ਚਾਮੁੰਡਰਾਇ ਨੇ ਬਾਹੁਬਲੀ ਜੀ ਦੀ ਜੋ ਮੂਰਤੀ ਸਥਾਪਿਤ ਕਰਵਾਈ ਉਸ ਦੀ ਉੱਚਾਈ 52 ਫੁੱਟ ਹੈ।" ਹਰ ਬਾਰਾਂ ਵਰ੍ਹਿਆਂ ਮਗਰੋਂ "ਬਾਹੂਬਲੀ ਮਸਤਕ ਅਭਿਸ਼ੇਕ" (Head anoitation) ਦਾ ਵਿਸ਼ਾਲ ਸਮਾਗਮ ਇੱਥੇ ਹੁੰਦਾ ਹੈ, ਜਿਸ ਨੂੰ ਦਿਰਬਰ "ਜੈਨੀਆਂ ਦਾ ਮਹਾਕੁੰਭ" ਵੀ ਆਖਿਆ ਜਾਂਦਾ ਹੈ। 8 ਫਰਵਰੀ ਤੋਂ 19 ਫਰਵਰੀ, 2006 ਤਕ ਚਲਣ ਵਾਲਾ ਇਹ ਮਹਾ-ਸਮਾਗਮ ਇਤਿਹਾਸਿਕ ਕ੍ਰਮ (Historical order) ਵਿੱਚ 86ਵਾਂ ਹੈ। ਇਸ ਤੋਂ ਜਾਪਦਾ ਹੈ ਕਿ ਅਜਿਹੀ ਪਰੰਪਰਾ "ਦਿਰਗੰਬਰ ਸੰਪ੍ਰਦਾਇ" ਵਿੱਚ ਸੰਨ 974 ਈਸਵੀ ਤੋਂ ਸ਼ੁਰੂ ਹੋਈ ਸੀ।

ਜੈਨ ਸੰਪ੍ਰਦਾਇਆਂ ਅਤੇ ਉਪ-ਸੰਪ੍ਰਦਾਇਆਂ ਦੀ ਅਜੋਕੀ ਸਥਿਤੀ

ਸ਼੍ਵੇਤਾਂਬਰ - ਚਿੱਟੇ ਬਾਣੇ (ਤੇੜ ਵਿੱਚ ਧੋਤੀ ਅਤੇ ਪਿੰਡੇ ਉੱਤੇ ਅਣਸੀਤੇ ਚਿੱਟੇ ਕੱਪੜੇ ਵਾਲੀ ਚੱਦਰ ਦੀ ਬੁੱਕਲ ਵਾਲੇ) ਅਤੇ ਚਿੱਟੇ ਧਾਗਿਆਂ ਵਾਲੀ ਡੰਡੇ ਹੇਠ ਲਪੇਟੀ ਹੋਈ ਚੋਰੀ ਵਾਲੇ ਜੈਨ ਮੁਨੀਆਂ ਦੇ ਦੋ ਭੇਦ ਹਨ। ਇਨ੍ਹਾਂ ਦੇ ਨਾਂ ਅਤੇ ਸਰੂਪ ਇਸ ਪ੍ਰਕਾਰ ਹਨ :

(ਕ) ਮੂਰਤੀ ਪੂਜਕ (Idol worshipper) - ਇਨ੍ਹਾਂ ਨੂੰ ਪੁਜੇਰੇ, ਮੂਰਤੀ ਪੂਜਕ, ਦੇਰਾਵਾਸੀ ਜਾਂ ਮੰਦਿਰਮਾਰਗੀ ਵੀ ਸੱਦਿਆ ਜਾਂਦਾ ਹੈ। ਇਹ ਉਪ-ਸ਼ਾਖਾ (sub-sect) ਵੀ 11ਵੀਂ ਤੋਂ 13ਵੀਂ ਸ਼ਤਾਬਦੀ ਵਿੱਚ 84 ਗੱਛਾਂ (further division) ਵਿੱਚ ਵੰਡੀ ਗਈ। ਮੁਨੀ ਉੱਤਮ ਕੁਲ ਜੈਨ ਨੇ ਤਾਂ ਆਪਣੀ ਪੁਸਤਕ (Jaina Sects & Schools) ਵਿੱਚ ਇਹ ਗਿਣਤੀ 117 ਦਿੱਤੀ ਹੈ।" ਪਰ ਹੁਣ ਇਨ੍ਹਾਂ ਵਿੱਚੋਂ ਕੇਵਲ ਤਿੰਨ ਹੀ ਗੁਜਰਾਤ ਅਤੇ ਰਾਜਸਥਾਨ ਵਿੱਚ ਜੀਵਿਤ ਹਨ। ਇਨ੍ਹਾਂ ਸਬੰਧੀ ਵੇਰਵੇ ਪੇਸ਼ ਹਨ :

(i) ਖਰਰਗੱਛ - ਇਸ ਗੱਛ (School) ਦੀ ਸਥਾਪਨਾ ਬਾਰੇ ਦੋ ਲੋਕ ਗਾਥਾਵਾਂ (Legends) ਮਿਲਦੀਆਂ ਹਨ। ਇੱਕ ਲੋਕ ਗਾਥਾ ਅਨੁਸਾਰ ਜਿਨੇਸ਼ਵਰ ਸੂਰ ਨੇ ਅਨਹਿਲਾਬਾਦ ਦੇ ਰਾਜਾ ਦੁਰਲਭਰਾਜ ਦੇ ਰਾਜ ਦਰਬਾਰ ਵਿਖੇ ਸੰਨ 1022 ਈਸਵੀ ਵਿੱਚ ਹੋਏ ਸ਼ਾਸਤਾਰਥ (Religious debate) ਹਿੱਤ  ਚੈਤਜਾਸੀਨਾਂ  (Monks, who lived in Temples) ਹਰਾ ਦਿੱਤਾ ਸੀ। ਇਸ ਪ੍ਰਕਾਰ ਜਿਨੇਸ਼ਵਰ ਸੂਰ ਨੂੰ ਖਰਤਰਗੱਛ ਆਚਾਰੀਆ (A man of bold character) ਦਾ ਸਨਮਾਨ (Title) ਬਖ਼ਸ਼ਿਆ ਗਿਆ। ਸ੍ਰੀ ਕੇ.ਐਮ. ਮੁਸ਼ੀ ਦਾ ਮਤ ਹੈ ਕਿ ਇਸ ਮੌਕੇ ਹੀ ਜੈਨੀਆਂ ਦਾ ਗੁਜਰਾਤ ਦੇ ਰਾਜ ਦਰਬਾਰ ਵਿਖੇ ਪ੍ਰਵੇਸ਼ ਹੋਇਆ ਸੀ। ਜਿਨੇਸ਼ਵਰ ਸੂਰਿ ਦੇ ਪੈਰੋਕਾਰ ਹੀ ਖਰਤਰਗੱਛ ਅਖਵਾਉਂਦੇ ਹਨ।

ਦੂਜੀ ਲੋਕ ਗਾਥਾ ਅਨੁਸਾਰ ਖਰਤਰਗੱਛ ਦਾ ਮੋਢੀ ਜਿਨਦੱਤ ਸੂਰ ਦੱਸਿਆ ਗਿਆ ਹੈ, ਜਿਸ ਨੇ ਇਸ ਦਾ ਮੁੱਢ 1147 ਸੰਨ ਈਸਵੀ ਵਿੱਚ ਬੰਨਿਆ ਸੀ। ਤੀਜੀ ਵਿੱਚ ਇਸ ਦੀ ਸਥਾਪਨਾ ਨਾਲ ਜਿਨ ਵੱਲਭ ਸੂਰ ਦਾ ਨਾਂ ਜੋੜਿਆ ਜਾਂਦਾ, ਪਰ ਉਸ ਦੇ ਸਮੇਂ ਦਾ ਕੋਈ ਸੁਰਾਗ ਅਜੇ ਨਹੀਂ ਲੱਭਿਆ ਹੈ।1

(ii) ਤਪਾਗੱਛ - ਇਸ ਦੇ ਮੋਢੀ ਜਗਛ ਚੰਦ ਸੂਰ ਸਨ, ਜਿਨ੍ਹਾਂ ਦੇ ਕਠੋਰ ਤਪੱਸਵੀ ਹੋਣ ਕਾਰਨ ਮੇਵਾੜ ਰਾਜ ਦੇ ਮਹਾਰਾਜ ਜੇਤਰ ਸਿੰਘ ਨੇ ਉਨ੍ਹਾਂ ਨੂੰ "ਤਪਾ" ਦੀ ਉਪਮਾ (Epithet) ਸੰਨ 1228 ਈਸਵੀ ਵਿੱਚ ਪ੍ਰਦਾਨ ਕੀਤੀ ਸੀ। ਇਸੇ ਕਾਰਨ ਜਗਛ ਚੰਦ ਸੂਰਿ ਦੀ ਪਰੰਪਰਾ ਵਾਲੇ ਜੈਨ ਮੁਨੀਆਂ ਨੂੰ 'ਤਪਾਗੱਛ ਸੱਦਿਆ ਜਾਂਦਾ ਹੈ। ਭਾਵੇਂ ਇਸ ਉਪ-ਸੰਪ੍ਰਦਾਇ ਦੇ

ਸ਼ਰਧਾਲੂ ਸਮੁੱਚੇ ਭਾਰਤ ਵਿੱਚ ਫੈਲੇ ਹੋਏ ਹਨ। ਪਰ ਇਨ੍ਹਾਂ ਦੇ ਵੱਡੇ ਸੰਸਥਾਨ (Institutions) ਹਰਿਆਣਾ ਅਤੇ ਰਾਜਸਥਾਨ ਵਿਖੇ ਹਨ। ਅੰਬਾਲਾ ਸ਼ਹਿਰ (ਹਰਿਆਣਾ) ਵਿਖੇ ਸਥਿਤ ਐਸ.ਏ. ਜੈਨ ਕਾਲਜ, ਇਸੇ ਗੱਛ ਦੇ ਪੈਰੋਕਾਰਾਂ ਵੱਲੋਂ ਸਥਾਪਿਤ ਕੀਤਾ ਹੋਇਆ ਹੈ। 'ਤਪਾਗੱਛ' ਵਿਖੇ ਇਸਤਰੀਆਂ ਵੀ ਸਾਧਵੀਆਂ (Woman monks) ਬਣ ਸਕਦੀਆਂ ਹਨ ਅਤੇ ਇਨ੍ਹਾਂ ਦੀ ਰਿਹਾਇਸ਼ਗਾਹ ਨੂੰ 'ਤਪਾਗੱਛ ਮਹਿਲਾ ਉਪਾਯ ਮੰਦਿਰ' ਆਖਿਆ ਜਾਂਦਾ ਹੈ। ਪੁਰਸ਼ ਮਹਾਤਮਾਵਾਂ (Male monks) ਦੇ ਨਾਂ ਪਿੱਛੇ ਬਹੁਤਾ ਕਰਕੇ "ਸੂਰੀ" ਜਾਂ "ਸੂਰ" ਸ਼ਬਦ ਜੋੜਿਆ ਹੋਇਆ ਮਿਲਦਾ ਹੈ। ਰਾਜਸਥਾਨ ਵਿਖੇ ਇਸ ਨੂੰ "ਜੈਨ ਸ੍ਵੇਤਾਂਬਰ ਮੂਰਤਿ ਪੂਜਕ ਤਪਾਗੱਛ ਸੰਘ" ਵੀ ਸੱਦਿਆ ਜਾਂਦਾ ਹੈ।

(iii) ਅੰਚਲਗੱਛ - ਇਸ ਦਾ ਪੁਰਾਣਾ ਨਾਂ ਵਿਧਿਪਕਸ਼ (Vidhipaksh) ਗੱਛ ਸੀ, ਜਿਸ ਦਾ ਅਰਥ ਹੈ : "ਜੋ ਪਵਿੱਤਰ ਧਾਰਮਿਕ ਵਿਧੀ-ਵਿਧਾਨ ਨੂੰ ਮਾਨਤਾ ਦਿੰਦਾ ਹੈ (To uphold the sacred rites)"। ਇਸ ਇਸ ਉਪ-ਸੰਪ੍ਰਦਾਇ ਦੇ ਮਹਾਤਮਾ ਆਪਣੇ ਮੂੰਹ ਉੱਤੇ ਸਦਾ ਪੱਟੀ ਬੰਨ੍ਹ ਕੇ ਨਹੀਂ ਰੱਖਦੇ। ਸਗੋਂ ਇਹ ਆਪਣੇ ਕੋਲ ਚਿੱਟੇ ਕੱਪੜੇ ਦਾ ਇੱਕ ਟੁਕੜਾ ਰੱਖਦੇ ਹਨ, ਜਿਸ ਨਾਲ ਬੋਲਣ ਵੇਲੇ ਉਹ ਆਪਣਾ ਮੂੰਹ ਢੱਕ ਲੈਂਦੇ ਹਨ। ਉਨ੍ਹਾਂ ਦੀ ਬੋਲਣ ਵਾਲੀ ਹਾਲਤ ਨੂੰ "ਪ੍ਰਤਿਕ੍ਰਮਣ" ਅਤੇ ਉਸ ਵੇਲੇ ਮੂੰਹ ਉੱਤੇ ਧਰਨ ਵਾਲੇ ਲੀੜੇ ਨੂੰ 'ਅੰਚਲ' ਆਖਿਆ ਜਾਂਦਾ ਹੈ। ਇਸ ਤੋਂ ਇਸ ਉਪ-ਸ਼ਾਖਾ ਦਾ ਨਾਂ "ਅੰਚਲਗੱਛ" ਪਿਆ ਹੈ। ਆਖਿਆ ਜਾਂਦਾ ਹੈ ਕਿ "ਵਿਧਿਪਕਸ਼" ਨਾਂ ਦੇ ਤਾਂਬਰ ਜੈਨ ਮੁਨੀ ਨੇ ਇਸ ਦੀ ਸਥਾਪਨਾ ਸੰਨ 1156 ਈਸਵੀ ਵਿੱਚ ਕੀਤੀ ਸੀ।" 15ਵੀਂ ਸਦੀ ਤੋਂ ਬਾਅਦ ਤਾਂ ਇਹ ਉੱਤਰੀ ਭਾਰਤ ਅਤੇ ਰਾਜਸਥਾਨ ਵਿੱਚ ਖੂਬ ਫਲਿਆ ਫੁੱਲਿਆ ਹੈ।

ਸਭਨਾਂ ਗੱਛਾਂ ਦੇ ਆਰੰਭ ਅਤੇ ਬਣਤਰ ਬਾਰੇ "ਹਿੰਦੀ ਵਿਸਵਕੋਸ਼" ਵਿੱਚ ਇਹ ਸੂਚਨਾ ਦਰਜ ਹੈ :

"ਉਦਜਤਨ ਸੂਰ ਦੇ ਸਮੇਂ (ਸੰਨ 937 ਈ.) ਤੋਂ ਇਨ੍ਹਾਂ ਗੱਛਾਂ ਦਾ ਆਰੰਭ ਹੋਣਾ ਮੰਨਿਆ ਜਾਂਦਾ ਹੈ। ਸਮੇਂ-ਸਮੇਂ ਗੱਛਾਂ ਦੇ ਨਾਂਵਾਂ ਵਿੱਚ ਸੰਸ਼ੋਧਨ-ਪਰਿਵਰਤਨ ਹੁੰਦਾ ਰਿਹਾ। ਸਾਰੇ ਗੱਛਾਂ ਦਾ ਮੋਹਰੀ (Head) ਇੱਕ 'ਸ੍ਰੀ ਪੂਯ' ਹੁੰਦਾ ਹੈ; ਸਾਧੂਆਂ ਦੇ ਚਾਤੁਰਮਾਸ (ਬਰਸਾਤ ਦੇ ਚਾਰ ਮਹੀਨਿਆਂ ਦੌਰਾਨ ਨਿਸ਼ਚਿਤ ਠਿਕਾਣੇ) ਆਦਿ ਬਾਰੇ ਉਹ ਆਪਣਾ ਫ਼ੈਸਲਾ ਸੁਣਾਉਂਦਾ ਹੈ ਅਤੇ ਦੋਸ਼ੀ ਹੋਣ ਤੇ ਕਿਸੇ ਵੀ ਸਾਧੂ ਨੂੰ ਸੰਘ (Sect) ਤੋਂ ਬਾਹਰ ਕੱਢ ਸਕਦਾ ਹੈ। ਹਰੇਕ ਗੱਛ ਦੇ ਮੁਨੀਆਂ ਉੱਤੇ ਇੱਕ 'ਆਚਰਜ (ਆਚਾਰਿਆ) ਹੁੰਦਾ ਹੈ, ਉਸ ਦੇ ਥੱਲੇ ਵਾਲੇ ਗੱਦੀਧਾਰੀ ਨੂੰ 'ਉਪਾਧਜਾਯ' ਸੱਦਿਆ ਜਾਂਦਾ ਹੈ। ਉਪਾਧਜਾਯ ਦੇ

ਥਲੇ 'ਪੰਨਜਾਸ' ਹੁੰਦਾ ਹੈ, ਜੋ ਯਤੀਆਂ (ਸਾਧੂਆਂ) ਦੀਆਂ ਕ੍ਰਿਆਵਾਂ (ਰਹਿਣੀ-ਬਹਿਣੀ ਤੇ ਪੂਜਾ-ਪਾਠ) ਦਾ ਧਿਆਨ ਰੱਖਦਾ ਹੈ। 'ਪੰਨੇ ਨਜਾਸ' ਦੇ ਹੇਠਲੇ ਧਾਰਮਿਕ ਅਧਿਕਾਰੀ ਨੂੰ 'ਗਣਿ ਸੱਦਿਆ ਜਾਂਦਾ ਹੈ, ਉਹ 'ਭਗਵਤੀ ਸੂੜ ਦਾ ਅਭਿਆਸੀ (ਪਾਠ ਕਰਨ ਵਿੱਚ ਮਾਹਿਰ) ਹੁੰਦਾ ਹੈ। ਜਿਹੜੇ ਮੁਨੀਆਂ ਨੂੰ 'ਮਹਾ-ਨਿਸ਼ੀਥ' ਤਕ ਰਾ ਭਡਿਭਾਤ ਰਾ ਵੇ, ਠ ਸਾਹਵਾਂ (Familymen Jains) ਹੈ 'ਡ' (Observation of rules for Jain Fasts) ਦੇ ਸਕਦੇ ਹਨ। 84 ਗੱਛਾਂ ਵਿੱਚੋਂ ਉਪਕੇਸ਼, ਖਰਤਰ, ਤਪਾ, ਪਾਯਚੰਦ, ਪੂਨਮਿਯਾ, ਅੰਚਲ ਅਤੇ ਆਗਮਿਕ ਨਾਂਵਾਂ ਵਾਲੇ ਗੱਛ ਹੀ ਮੁੱਖ ਹਨ।

(ਖ) ਗ਼ੈਰ ਮੂਰਤੀ ਪੂਜਕ - ਇਨ੍ਹਾਂ ਨੂੰ ਸੁਧਾਰਵਾਦੀ (Protestants or Puritans) ਲਹਿਰ ਵਾਲੇ ਜੈਨ ਧਰਮੀ ਮੰਨਿਆ ਜਾਂਦਾ ਹੈ। ਇਨ੍ਹਾਂ ਦੀਆਂ ਸਮੁੱਚੀਆਂ ਧਾਰਮਿਕ ਕ੍ਰਿਆਵਾਂ 'ਸਥਾਨਕ' ਵਿੱਚ ਹੋਣ ਕਾਰਨ ਹੁਣ ਇਨ੍ਹਾਂ ਨੂੰ "ਸਥਾਨਕਵਾਸੀ" ਸੱਦਿਆ ਜਾਂਦਾ ਹੈ। ਜੈਨ ਮੁਨੀਆਂ ਦੀ ਰਿਹਾਇਸ਼ ਲਈ ਨਿਸ਼ਚਿਤ ਧਰਮਸ਼ਾਲਾ ਨੂੰ ਹੀ 'ਸਥਾਨਕ' ਜਾਂ 'ਉਪਾਸ਼ਯ' (non-permanent residence or temporary residence) ਭਾਖਿਭਾ ਨਾਂਗ ਹੈ। ਭਰਿਗਂ ਹਿੱਤ ਪੂਜਾ ਦੀ ਵਿਰੋਧੀ ਸੁਧਾਰਵਾਦੀ ਲਹਿਰ ਦਾ ਮੋਢੀ (originator) ਲੋਂਕਾਸ਼ਾਹ ਨਾਂ ਦਾ ਇੱਕ ਸੱਜਨ ਸੀ, ਜਿਹੜਾ ਅਹਿਮਦਾਬਾਦ (ਗੁਜਰਾਤ) ਵਿਖੇ 15ਵੀਂ ਸਦੀ ਈਸਵੀ ਵਿੱਚ ਜੈਨ ਸ਼ਾਸਤਰਾਂ ਦੀ ਨਕਲ (copy) ਤਿਆਰ ਕਰਦਾ ਸੀ। ਜੈਨ ਆਗਮਾਂ ਦਾ ਅਧਿਐਨ ਕਰਦਿਆਂ ਉਸ ਨੂੰ ਪਤਾ ਲਗਿਆ ਕਿ ਇਨ੍ਹਾਂ ਧਾਰਮਿਕ ਗ੍ਰੰਥਾਂ ਵਿੱਚ ਕਿਤੇ ਵੀ ਮੂਰਤੀ ਪੂਜਾ ਦਾ ਉਲੇਖ ਨਹੀਂ ਹੋਇਆ ਹੈ। ਇਸ ਲਈ ਮੂਰਤੀ ਪੂਜਾ ਸੰਬਧੀ ਸਾਰੇ ਆਗਮਾਂ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਇਨ੍ਹਾਂ ਭਾਵਨਾਵਾਂ ਨੂੰ ਲੈ ਕੇ ਲੋਂਕਾਸ਼ਾਹ ਸੰਨ 1467 ਵਿੱਚ ਸਾਧੂ ਬਣ ਗਿਆ। ਚਿੱਟੇ ਕੱਪੜਿਆਂ ਅਤੇ ਮੂੰਹ ਪੱਟੀ ਵਾਲੇ ਇਸ ਸ਼ੇਤਾਂਬਰ ਮਤ ਵਾਲੇ ਸਾਧੂ ਦੇ ਨਾਂ ਉੱਤੇ ਇਸ ਨੂੰ ਪਹਿਲਾਂ ਸ਼ਰਧਾਲੂ 'ਲੋਂਕਾ ਸੰਘ' ਜਾਂ 'ਲੁਪਾਂਕ ਸੰਘ' ਸੱਦਦੇ ਰਹੇ। ਭਾਣਾ ਜੀ ਨਾਂ ਦਾ ਸ਼ਾਵਕ (Family man) ਇਸ ਦਾ ਪਹਿਲਾ ਗਣਧਰ ਮੰਨਿਆ ਜਾਂਦਾ ਹੈ। ਅਗਾਂਹ ਚਲ ਕੇ ਲਵ ਜੀ ਨਾਂ ਦੇ ਇੱਕ ਹੋਰ ਸ਼ੇਤਾਂਬਰ ਮੁਨੀ ਨੇ 'ਲੋਂਕਮਤ' ਵਿੱਚ ਕੁਝ ਸੁਧਾਰ ਕਰਕੇ ਸੰਨ 1653 ਵਿੱਚ "ਢੂੰਢਿਯਾ ਸੰਪ੍ਰਦਾਇ" ਚਲਾਇਆ। ਗੁਜਰਾਤ ਵਿੱਚ ਬਹੁਤ ਸਾਰੇ ਲੋਕੀ "ਢੂੰਢਿਯਾ ਸੰਪ੍ਰਦਾਇ" ਦੇ ਪੈਰੋਕਾਰ ਬਣੇ। "

ਕੁਝ ਵਿਦਵਾਨਾਂ ਦਾ ਮਤ ਹੈ ਕਿ ਲੋਂਕਾਸ਼ਾਹ ਸਾਰੀ ਉਮਰ ਇੱਕ ਪ੍ਰਚਾਰਕ (Preacher) ਹੀ ਬਣਿਆ ਰਿਹਾ। ਉਸ ਨੇ ਸ਼ੇਤਾਂਬਰ ਸਾਧੂਆਂ ਵਾਲਾ ਚਿੱਟਾ ਬਾਣਾ (White clothes) ਧਾਰਨ ਨਹੀਂ ਕੀਤਾ। ਪਰ ਉਸ ਦੇ ਬਹੁਤ ਸਾਰੇ ਚੇਲੇ ਮੁਨੀ

(Monks) ਬਣ ਗਏ, ਜਿਨ੍ਹਾਂ ਵਿੱਚੋਂ ਮੁਨੀ ਸਰਵਜ, ਮੁਨੀ ਭਾਣਾ ਜੀ, ਮੁਨੀ ਮੁਨਾ ਜੀ ਅਤੇ ਮੁਨੀ ਜਗਮਲ ਜੀ ਬਹੁਤ ਪ੍ਰਸਿੱਧ ਹੋਏ। ਸਾਧਾਰਨ ਦੁਨੀਆਦਾਰ (Layman) ਲੋਂਕਾਸ਼ਾਹ ਨੂੰ 'ਮੁਨੀ ਦਯਾਧਰਮ' ਦੇ ਨਾਂ ਨਾਲ ਵੀ ਸੱਦਿਆ ਜਾਣ ਲਗ ਪਿਆ ਅਤੇ ਇਸੇ ਕਾਰਨ ਕਈ ਥਾਵਾਂ ਤੇ ਇਸ ਸੰਪ੍ਰਦਾਇ ਦਾ ਨਾਂ "ਦਯਾ ਗੱਛ" ਵੀ ਮਿਲਦਾ ਹੈ।

'ਦਯਾਗੱਛ' ਜਾਂ 'ਲੋਂਕਾਗੱਛ' ਜਾਂ 'ਲੋਂਕਾ ਸੰਘ' ਦਾ ਨਾਂ "ਸਥਾਨਕਵਾਸੀ" ਕਦੋਂ ਅਤੇ ਕਿਉਂ ਪਿਆ। ਇਸ ਬਾਰੇ ਇੱਕ ਹੋਰ ਵਿਚਾਰ ਪੇਸ਼ ਹੈ :

"ਮੁੱਖ ਲੋਂਕਾਗੱਛ ਬਾਅਦ ਵਿੱਚ ਸ਼ਾਇਦ 'ਸਥਾਨਕਵਾਸੀ' ਅਖਵਾਉਣ ਲਗ ਪਿਆ। ਇਹ ਵੀ ਆਖਿਆ ਜਾਂਦਾ ਹੈ ਕਿ ਸਥਾਨਕਵਾਸੀ ਇੱਕ ਨਵਾਂ ਧਾਰਮਿਕ ਵਰਗ (Religious group) ਸੀ, ਜਿਸ ਦੀ ਸ਼ੁਰੂਆਤ ਸੂਰਤ ਦੇ ਨਿਵਾਸੀ ਲਵ ਜੀ ਨੇ ਕੀਤੀ, ਜੋ ਖ਼ੁਦ ਲੋਂਕਾਗੱਛ ਨਾਲ ਸੰਬੰਧ ਰੱਖਦਾ ਸੀ। 'ਸਥਾਨਕਵਾਸੀ' ਨਾਂ ਕਿਵੇਂ ਪਿਆ, ਇਹ ਸਪਸ਼ਟ ਨਹੀਂ ਹੈ। ਸੰਭਵ ਹੈ ਇਸ ਦਾ ਆਧਾਰ ਇਹ ਹੋਵੇ ਕਿ ਸਥਾਨਕਵਾਸੀ ਮੁਨੀ ਇੱਕ ਹੀ ਸਥਾਨ ਤੇ ਟਿਕਦੇ ਸਨ (Sthankavasi monks were resident at one place) । ਜਾਂ ਜਿਵੇਂ ਸਚੁਬਰਿੰਗ (ਨਾਂ ਦਾ ਵਿਦਵਾਨ) ਦੱਸਦਾ ਹੈ "ਇਸ ਨਾਂ ਨਾਲ ਤਾਂ ਉਹ ਜੈਨੀ ਸੱਦੇ (Designated) ਜਾਂਦੇ ਹਨ, ਜਿਹੜੇ ਆਪਣੇ ਧਾਰਮਿਕ ਫ਼ਰਜ਼ (Religious duties) ਕਿਸੇ ਮੰਦਿਰ ਵਿੱਚ ਨਹੀਂ ਸਗੋਂ ਇੱਕੋ ਇੱਕ ਸਥਾਨਕ (Exclusively some profane place) ਅਰਥਾਤ "ਉਪਾਯ" ਵਿੱਚ ਨੇਪਰੇ ਚਾੜ੍ਹਦੇ ਹਨ। ਸਥਾਨਕਵਾਸੀਆਂ ਨੂੰ "ਢੂੰਢਿਯਾ" ਜਾਂ 'ਢੂੰਢਕ" ਇਸ ਲਈ ਸੱਦਿਆ ਜਾਂਦਾ ਹੈ ਕਿ ਉਹ ਲਿਖਤ ਗ੍ਰੰਥਾਂ ਵਿੱਚੋਂ ਬੇਮਤਲਬ ਦੀਆਂ ਗੱਲਾਂ ਲੱਭਦੇ ਹਨ (they are futile seekers in the script) । ਇਨ੍ਹਾਂ ਤੋਂ ਅਲਾਵਾ "ਸਥਾਨਕਵਾਸੀਆਂ" ਨੂੰ ਕਿਤੇ-ਕਿਤੇ 'ਬਿਸਤੋਲਾ' ਜਾਂ 'ਸਾਧੁਮਾਰਗੀ' ਵੀ ਪੁਕਾਰਿਆ ਜਾਂਦਾ ਹੈ।° ਪੰਜਾਬ ਦੇ ਉੱਘੇ ਸ਼ਹਿਰ ਪਟਿਆਲਾ ਦੇ ਕਿਲਾ ਮੁਬਾਰਕ (Fort) ਹੇਠ "ਬਜਾਜਾ ਬਾਜ਼ਾਰ" ਦੇ ਅਖ਼ੀਰ ਵਿੱਚ ਅਤੇ "ਗੁੜ ਮੰਡੀ" ਦੇ ਸ਼ੁਰੂ ਵਿੱਚ ਇੱਕ ਚੁਰਾਹਾ ਹੈ, ਜਿਸ ਨੂੰ "ਭਾਬੜਿਆਂ ਦਾ ਚੌਂਕ" ਸੱਦਿਆ ਜਾਂਦਾ ਹੈ। ਇਸ ਤੋਂ ਲਗਭਗ ਸੋ ਗਜ਼ ਦੀ ਦੂਰੀ ਤੇ ਗਲੀ ਅੰਦਰ ਸਥਾਨਕਵਾਸੀਆਂ ਦਾ ਉਪਾਯ ਹੈ, ਜਿਸ ਵਿੱਚ ਕੇਵਲ ਪੁਰਸ਼ ਸਾਧੂ (Male monks) ਹੀ ਚੁਮਾਸੇ ਦੌਰਾਨ ਠਹਿਰਦੇ ਹਨ। ਇਸ ਚੌਂਕ ਦੇ ਆਸ-ਪਾਸ ਭਾਂਡੇ ਵੇਚਣ ਵਾਲੇ ਜੈਨੀਆਂ ਦੀਆਂ ਦੁਕਾਨਾਂ ਹਨ, ਜੋ ਸਥਾਨਕਵਾਸੀ ਸਾਧੂਆਂ ਦੇ ਪੈਰੋਕਾਰ ਹਨ। ਸ਼ਾਇਦ ਮੂਰਤੀ ਦੀ

ਬਜਾਏ ਜੈਨ ਸਿਧਾਂਤਾਂ ਦੇ ਮੂਲ ਭਾਵ ਨੂੰ ਸਮਝਣ ਵਾਲੇ ਸੁਧਾਰਵਾਦੀ 'ਸਥਾਨਕਵਾਸੀ ਮੁਨੀਆਂ' ਦੇ ਪੈਰੋਕਾਰ ਹੋ ਜਾਣ ਕਾਰਨ ਜਾਂ ਸਹੀ ਭਾਉਂਆਂ (ਕੀਮਤਾਂ : Prices) ਉੱਤੇ ਵਪਾਰ ਕਰਨ ਵਾਲੇ ਇਨ੍ਹਾਂ ਲੋਕਾਂ ਦਾ ਨਾਂ "ਭਾਬੜੇ" ਪੈ ਗਿਆ ਹੈ। ਬਚਿੱਤਰ ਸੰਜੋਗ ਦੀ ਗੱਲ ਹੈ ਕਿ 15ਵੀਂ ਸਦੀ ਦੇ ਮੱਧ ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਅਤੇ ਭਗਤ ਕਬੀਰ ਜੀ "ਨਿਰਗੁਣ ਭਗਤੀ" ਦਾ ਪ੍ਰਚਾਰ ਉੱਤਰ ਭਾਰਤ ਵਿੱਚ ਕਰ ਰਹੇ ਸਨ ਤਾਂ ਉਸੇ ਵੇਲੇ ਜੈਨ ਧਰਮ ਵਿੱਚ ਮੂਰਤੀ-ਪੂਜਾ ਵਿਰੋਧੀ ਇਸ ਸੁਧਾਰਵਾਦੀ ਲਹਿਰ Reformist movement) "ਸਥਾਨਕਵਾਦੀ ਸੰਪ੍ਰਦਾਇ" ਦਾ ਜਨਮ ਹੋਇਆ। ਸੰਭਵ ਹੈ ਉਸ ਨੇ ਵੀ ਜੈਨ ਧਰਮ ਨੂੰ ਪ੍ਰਭਾਵਿਤ ਕੀਤਾ ਹੋਵੇ। ਸ੍ਰੀਮਤੀ ਸਟੀਵੇਂਸਨ ਨੇ ਇਸ ਸਮੇਂ ਵਿੱਚ ਯੂਰਪ ਹਿੱਤ ਸੁਧੇਤੀਭਤ ਭਡੇ ਥਜੂਠੀਟਲ ਲਗਿਤਾਂ (Lutherian and Puritan movements) ਰੇ ਚਲਣ ਦੇ ਪਰਿਪੇਖ ਵਿੱਚ "ਲੋਂਕਾਗੱਛ" ਤੋਂ ਬਦਲ ਕੇ 'ਸਥਾਨਕਵਾਸੀ' ਨਾਂ ਪੈਣ ਦੀ ਗੱਲ ਇਸ ਪ੍ਰਕਾਰ ਦੱਸੀ ਹੈ :

"ਬਹੁਤ ਹੀ ਸੁਭਾਵਿਕ ਹੈ ਕਿ ਗੁਜਰਾਤ ਸ਼ਹਿਰ, ਜਿਹੜਾ ਕਿ (ਉਸ ਵੇਲੇ) ਡੂੰਘੇ ਇਸਲਾਮੀ ਪ੍ਰਭਾਵ ਹੇਠ ਸੀ, ਵਿੱਚ ਸ਼ੰਕਾਵਾਂ ਦੀ ਖ਼ਲਬਲੀ (Stirring of these doubts) ਦਾ ਮੁੱਢ ਅਸੀਂ ਲੱਭ ਸਕਦੇ ਹਾਂ। ਲਗਭਗ 1452 ਈਸਵੀ ਵਿੱਚ ਲੋਂਕਾਗੱਛ (Lonka Sect) ਦਾ ਜਨਮ ਹੋਇਆ ਜੋ ਗ਼ੈਰ-ਮੂਰਤੀ ਪੂਜਕ ਜੈਨੀਆਂ ਦਾ ਸੰਪ੍ਰਦਾਇ (non-idolatrous Jain sect) ਸੀ ਅਤੇ ਬਾਅਦ ਵਿੱਚ ਸੰਨ 1653 ਈਸਵੀ ਦੇ ਲਗਭਗ ਇਸ ਦੇ ਪੈਰੋਕਾਰ "ਢੂੰਢੀਆਂ" ਜਾਂ "ਸਥਾਨਕਵਾਸੀ" ਅਖਵਾਏ। ਬਚਿੱਤਰ ਸੰਜੋਗ ਦੀ ਗੱਲ ਹੈ ਕਿ ਇਹ ਤਾਰੀਖ਼ਾਂ ਯੂਰਪ ਦੀਆਂ ਲੁਥੇਰੀਅਨ ਅਤੇ ਪਯੂਰੀਟਨ ਲਹਿਰਾਂ ਨਾਲ ਮੇਲ ਖਾਂਦੀਆਂ ਹਨ।"

(ਗ) ਵੈਸ਼ਣਵ ਜੈਨ - ਮਾਰਵਾੜ (ਪੱਛਮੀ ਰਾਜਸਥਾਨ) ਦੇ ਜੋਧਪੁਰ ਜ਼ਿਲ੍ਹੇ ਵਿੱਚ ਅਜਿਹੇ ਜੈਨੀਆਂ ਦੀ ਗਿਣਤੀ ਕਾਫ਼ੀ ਹੈ। ਕਹਿੰਦੇ ਹਨ ਕਿ ਜੈਨ ਸ਼੍ਵੇਤਾਂਬਰ ਸਾਧੂਆਂ ਦੇ ਪੈਰੋਕਾਰ ਹੋਣ ਵਾਲੇ ਇਹ ਗ੍ਰਿਹਸਥੀ (Family holders) ਆਪਣੇ ਕੁਲ ਦੇਵਤਾ ਜਾਂ ਕੁਲ ਦੇਵੀ (Family deity) ਦੀ ਪੂਜਾ ਵੀ ਕਰਦੇ ਹਨ ਅਤੇ ਸਥਾਨਕ ਵਿਖੇ ਜਾ ਕੇ ਜੈਨ ਮੁਨੀਆਂ ਨੂੰ ਮੱਥਾ ਵੀ ਟੇਕਦੇ ਹਨ। ਕੁਝ ਵਿਦਵਾਨਾਂ ਦਾ ਮਤ ਹੈ ਕਿ ਰਾਜਸਥਾਨ ਦੇ ਵੈਸ਼ਨਵ ਵਿਚਾਰਧਾਰਾ ਵਾਲੇ ਮਹਾਰਾਜਿਆਂ (state rulers) ਦੇ ਪ੍ਰਭਾਵ ਕਾਰਨ ਇਹ ਲੋਕੀ ਸ੍ਰੀ ਕ੍ਰਿਸ਼ਣ, ਦੁਰਗਾ ਅਤੇ ਸ਼ਿਵ ਜੀ ਦੇ ਮੰਦਿਰਾਂ (ਸ਼ਿਵਾਲਿਆਂ) ਵਿੱਚ ਵੀ ਮੱਥਾ ਟੇਕ ਆਉਂਦੇ ਹਨ; ਪਰ ਪੱਕੇ ਜੈਨੀਆਂ ਵਾਂਗ ਸੂਰਜ ਛਿਪਣ ਤੋਂ ਪਹਿਲਾਂ ਰਾਤ ਦਾ ਭੋਜਨ ਕਰ ਲੈਂਦੇ ਹਨ। ਇਸ ਦੇ ਨਾਲ ਹੀ ਉਹ

ਜੈਨੀਆਂ ਵਾਂਗ ਛਮੱਛਰੀ (ਸੰਵਤਸ਼ੀ) ਆਦਿ ਦੇ ਮੌਕੇ ਤੇ ਵਰਤ (Fast) ਵੀ ਰੱਖਦੇ ਹਨ। "ਐਪੀਗ੍ਰਾਫੀਆ ਇੰਡੀਕਾ" ਦਾ ਸੰਦਰਭ ਦੇ ਕੇ ਡਾ. ਚਮਨ ਲਾਲ ਸ਼ਾਹ ਨੇ ਜੈਨ ਸੰਪ੍ਰਦਾਇ ਦੀ ਦਿਗੰਬਰ ਅਤੇ ਤਾਂਬਰ ਤੋਂ ਬਾਅਦ ਹੋਈ ਇੱਕ ਹੋਰ ਵੰਡ ਦਾ ਉੱਲੇਖ ਇੰਝ ਕੀਤਾ ਹੈ।

“ਦੂਜੀ (ਵੰਡ) ਦੇ ਸੰਦਰਭ ਵਿੱਚ "ਓਸਵਾਲ" ਅਤੇ 'ਸ੍ਰੀਮਾਲਾ' ਨਾਂ ਦੇ ਜੈਨ ਸੰਪ੍ਰਦਾਇਆਂ ਦਾ ਉੱਲੇਖ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿੱਚੋਂ ਪਿਛਲੇ (ਸ੍ਰੀਮਾਲ) ਦਾ ਨਾਂ 'ਸ੍ਰੀਮਾਲ’ ਜਾਂ "ਭਿੱਲ ਮਾਲ" ਦੇ ਨਾਂ ਉੱਤੇ ਪਿਆ ਹੈ। ਇਹ ਮੌਜੂਦਾ "ਭਿਮਾਲ" ਹੈ, ਜੋ ਕਿ ਮਾਰਵਾੜ ਦੇ ਧੁਰ ਦੱਖਣ (Extreme South) ਵਿੱਚ (ਵਸਿਆ ਹੋਇਆ ਸ਼ਹਿਰ) ਹੈ।

ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲੇ "ਵੈਸ਼ਜ" (ਵਪਾਰ ਕਰਨ ਵਾਲੇ ਜਾਂ ਬਾਣੀਏ) ਆਪਣੇ ਨਾਂ ਦੇ ਪਿੱਛੇ 'ਅਗਵਾਲ' ਸ਼ਬਦ ਦੀ ਵਰਤੋਂ ਕਰਦੇ ਹਨ। ਉਹ ਆਪਣੇ ਪੂਰਬਜ (Predecessor) ਮਹਾਰਾਜਾ ਅਗ੍ਰਸੈਨ ਜੀ ਦੇ ਜਨਮ-ਸਥਾਨ "ਅਗ੍ਰੋਹਾ" (ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦਾ ਕਸਬੇ) ਨਾਲ ਆਪਣਾ ਪਿੱਛਾ ਜੋੜਦੇ ਹਨ।" ਪਰ 'ਓਸਵਾਲ' ਆਪਣਾ ਮੂਲ ਸਥਾਨ (origination) ਰਾਜਸਥਾਨ ਸਥਿਤ 'ਓਸੀਆਂ' ਨਾਂ ਦੇ ਕਸਬੇ ਨੂੰ ਦੱਸਦੇ ਹਨ। 'ਅਗਵਾਲ' ਦੇ ਵਜ਼ਨ ਤੇ 'ਓਸਵਾਲ' ਸ਼ਬਦ ਦੀ ਵਰਤੋਂ ਵਾਲੇ ਲੋਕੀ ਜੈਨੀ ਅਖਵਾਉਂਦੇ ਹਨ। ਪੰਜਾਬ ਦੇ ਲੁਧਿਆਣਾ ਸ਼ਹਿਰ ਦੇ ਵੱਡੇ-ਵੱਡੇ ਕਾਰਖ਼ਾਨਿਆਂ ਦੇ ਮਾਲਿਕ "ਓਸਵਾਲ ਜੈਨ" ਹੀ ਹਨ ਅਤੇ ਉਹ ਮੂਰਤੀ-ਪੂਜਕ ਸ਼ੈਤਾਂਬਰ ਜੈਨ ਮੁਨੀਆਂ ਨੂੰ ਹੀ ਆਪਣੇ ਗੁਰੂ ਮੰਨਦੇ ਹਨ। ਇਸ ਲਈ ਇਹ ਵੰਡ ਬਹੁਤਾ ਕਰਕੇ ਕਬੀਲਦਾਰ ਲੋਕਾਂ ਵਿੱਚ ਹੀ ਨਜ਼ਰ ਆਉਂਦੀ ਹੈ। ਜੈਨ ਮੁਨੀਆਂ ਵਿੱਚ ਅਜਿਹਾ ਕੋਈ ਅੰਤਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਰਾਜਸਥਾਨ ਵਿੱਚ "ਸ੍ਰੀਮਾਲੀ" ("ਸ੍ਰੀਮਾਲ" ਨਹੀਂ) ਬ੍ਰਾਹਮਣਾਂ ਦਾ ਇੱਕ ਮੁੱਖ ਗੋਤਰ ਹੈ। ਉਹ "ਭੀਣਮਾਲ" ਨਾਂ ਦੇ ਰਾਜਸਥਾਨ ਦੇ ਇੱਕ ਕਸਬੇ ਤੋਂ ਆਪਣਾ ਮੁੱਢ (origin) ਦੱਸਦੇ ਹਨ। ਉਨ੍ਹਾਂ ਦਾ ਮਤ ਹੈ ਕਿ ਪਹਿਲਾਂ 'ਭੀਣਮਾਲ' ਦਾ ਨਾਂ "ਸ੍ਰੀਮਾਲ” ਸੀ, ਪਰ ਜਦੋਂ (ਸ੍ਰੀ = ਲਛਮੀ + ਮਾਲ = ਮਾਲਾ ਜਪਣ ਵਾਲੇ) ਸ੍ਰੀਮਾਲੀ ਆਪਣੇ ਜੱਦੀ ਸਥਾਨ ਤੋਂ ਵੱਖ (ਭਿੰਨ) ਹੋਏ, ਉਦੋਂ ਤੋਂ ਉਸ ਸਥਾਨ ਦਾ ਨਾਂ 'ਭਿੰਨਮਾਲ' ਪਿਆ, ਜੋ ਕਿ ਬਿਗੜ ਕੇ ਬੋਲਚਾਲ ਵਿੱਚ ਭੀਣਮਾਲ ਬਣ ਗਿਆ ਹੈ। ਮਾਲਾ ਦੇ ਮਣਕਿਆਂ ਦੇ ਬਿਖਰ ਜਾਣ ਵਾਂਗ "ਸ੍ਰੀਮਾਲ" ਛੱਡ ਕੇ ਰਾਜਸਥਾਨ ਦੇ ਹੋਰ ਇਲਾਕਿਆਂ ਵਿੱਚ 'ਸ੍ਰੀਮਾਲੀ' ਬ੍ਰਾਹਮਣਾਂ ਦੇ ਵਸ ਜਾਣ ਕਰਕੇ ਇਹ ਸਥਾਨ "ਭੀਣਮਾਲ" ਭਿੰਨ + ਮਾਲਾ ਅਖਵਾਉਣ ਲਗ ਪਿਆ।

ਦਿਗੰਬਰ ਸੰਪ੍ਰਦਾਇ ਦੀ ਵੰਡ (ਸੰਘ)

ਦਿਗੰਬਰ ਮਤ ਅਨੁਸਾਰ ਮੂਲ ਸੰਘ (Original organization of the Naked Jain monks) ਦੇ ਪ੍ਰਸਿੱਧ ਆਚਾਰੀਆ ਬਿਕਰਮੀ ਸੰਮਤ 26 (ਸੰਨ ਈਸਵੀ ਸ਼ੁਰੂ ਹੋਣ ਤੋਂ 31 ਵਰ੍ਹੇ ਪਹਿਲਾਂ) ਵਿੱਚ ਅਰਹਦਬਲਿ ਜੀ ਸਨ। ਉਨ੍ਹਾਂ ਦਾ ਨਿਵਾਸ ਪੁੰਡਰਵਰਧਨ ਪੁਰ (ਦੱਖਣ ਭਾਰਤ) ਵਿੱਚ ਸੀ। ਉਨ੍ਹਾਂ ਨੂੰ 'ਗੁਪਤੀ ਗੁਪਤ' ਜਾਂ 'ਵਿਸਾਖ' ਨਾਂ ਨਾਲ ਵੀ ਚੇਤੇ ਕੀਤਾ ਜਾਂਦਾ ਹੈ। ਅਰਹਦਬਲਿ ਜੀ ਹਰੇਕ ਪੰਜ ਵਰ੍ਹੇ ਬੀਤਣ ਤੋਂ ਬਾਅਦ ਸੌ ਯੋਜਨ ਦੇ ਘੇਰੇ ਵਿੱਚ ਤਪ ਕਰਨ (ਜਾਂ ਚਾਤੁਰਮਾਸ ਕਰਨ) ਵਾਲੇ ਨੰਗ-ਧੜੰਗ ਸਾਧੂਆਂ ਨੂੰ ਪੁੰਡਰਵਰਧਨਪੁਰ ਵਿਖੇ ਸੱਦਦੇ ਸਨ। ਇੱਕ ਵਾਰੀ ਅਜਿਹੀ ਸਭਾ ਵਿੱਚ ਸ਼ਾਮਿਲ ਹੋਏ ਦਿਰਬਰ ਮੁਨੀਆਂ ਦੇ ਨਾਲ ਵਿਚਾਰ ਵਟਾਂਦਰਾ ਕਰਕੇ ਅਰਹਦਬਲਿ ਜੀ ਨੇ ਮੂਲ ਸੰਘ ਨੂੰ ਚਾਰ ਸ਼ਾਖਾਵਾਂ (Branches) ਵਿੱਚ ਵੰਡ ਦਿੱਤਾ।7 ਇੰਦ੍ਰਨਦਿ ਭੱਟਾਰਕ ਦੇ ਗ੍ਰੰਥ "ਨੀਤਿ ਸਾਰ" ਵਿੱਚ ਇਨ੍ਹਾਂ ਦੇ ਨਾਂ ਅਤੇ ਹੋਰ ਵੇਰਵੇ ਇਸ ਪ੍ਰਕਾਰ ਦਿੱਤੇ ਗਏ ਹਨ :

(i) ਨੰਦਿ ਸੰਘ - ਇਸ ਦੇ ਮਹਾਤਮਾ ਆਪਣਾ ਚੁਮਾਸਾ (ਵਰਖਾ ਦੇ ਚਹੁੰ ਮਹੀਨੇ) ਨੰਦੀ ਨਾਂ ਦੇ ਰੁੱਖ ਹੇਠ ਕੱਟਦੇ ਸਨ। ਇਸ ਦਾ ਨੇਤਾ ਮਾਘਨੰਦੀ ਨੂੰ ਬਣਾਇਆ ਗਿਆ।

(ii) ਸੇਨ ਸੰਘ - ਇਸ ਦੇ ਮਹਾਤਮਾ ਆਪਣਾ ਚੁਮਾਸਾ ਝਾੜੀਆਂ ਥੱਲੇ ਬਹਿ ਕੇ ਕੱਟਦੇ ਸਨ। ਇਸ ਦਾ ਨੇਤਾ ਜਿਨ ਸੇਨ ਨੂੰ ਥਾਪਿਆ ਗਿਆ।

(iii) ਸਿੰਹ ਸੰਘ- ਇਸ ਦੇ ਮਹਾਤਮਾ ਆਪਣਾ ਚੁਮਾਸਾ ਸ਼ੇਰਾਂ ਦੀਆਂ ਗੁਫ਼ਾਵਾਂ ਵਿੱਚ ਕੱਟਦੇ ਸਨ। ਇਸ ਸੰਘ ਦੇ ਨੇਤਾ ਦੀ ਪਦਵੀ "ਸਿੰਹ" ਨਾਂ ਦੇ ਜੈਨ ਮੁਨੀ ਨੂੰ ਬਖ਼ਸ਼ੀ ਗਈ।

(iv) ਦੇਵ ਸੰਘ - ਇਸ ਦੇ ਮਹਾਤਮਾ ਆਪਣਾ ਚੁਮਾਸਾ ਦੇਵਦੱਤਾ ਨਾਂ ਦੀ ਗਣਿਕਾ ਦੇ ਘਰ ਬਤੀਤ ਕਰਦੇ ਸਨ। ਇਸ ਲਈ ਉਨ੍ਹਾਂ ਦਾ ਨੇਤਾ 'ਦੇਵ' ਨਾਂ ਦੇ ਮਹਾਤਮਾ ਨੂੰ ਮੁਕੱਰਰ ਕੀਤਾ ਗਿਆ।

ਅਜਿਹੀ ਵੰਡ ਬਾਰੇ ਇੱਕ ਹੋਰ ਵਿਦਵਾਨ ਦਾ ਮਤ ਹੈ :

(i) ਜਿਹੜੇ ਮੁਨੀ ਗੁਫ਼ਾਵਾਂ ਵਿੱਚੋਂ ਆਏ ਸਨ, ਉਨ੍ਹਾਂ ਵਿੱਚੋਂ ਕਿਸੇ ਨੂੰ 'ਨੰਦਿ' ਨਾਂ ਦਿੱਤਾ ਗਿਆ ਅਤੇ ਕਿਸੇ ਨੂੰ 'ਵੀਰ'।

(ii) ਜਿਹੜੇ ਮੁਨੀ ਅਸ਼ੋਕਵਾਟਿਕਾ ਵਿੱਚੋਂ ਆਏ ਸਨ, ਉਨ੍ਹਾਂ ਵਿੱਚੋਂ ਕੁਝ ਨੂੰ ਅਪਰਾਜਿਤ ਨਾਂ ਦਿੱਤਾ ਗਿਆ ਅਤੇ ਕੁਝ ਨੂੰ 'ਦੇਵ'।

(iii) ਜਿਹੜੇ ਪੰਜ ਸਰੂਪਾਂ ਵਾਲੀ ਰਿਹਾਇਸ਼ਗਾਹ (Residence) ਤੋਂ ਆਏ ਸਨ, ਉਨ੍ਹਾਂ ਵਿੱਚੋਂ ਕੁਝ ਨੂੰ 'ਸੇਨ' ਨਾਂ ਦਿੱਤਾ ਗਿਆ ਅਤੇ ਕੁਝ ਨੂੰ 'ਮਦ' ।

(iv) ਜਿਹੜੇ ਸ਼ਾਲਮੀ ਰੁੱਖ ਦੀ ਜੜ੍ਹ ਵਿੱਚ ਨਿਵਾਸ ਕਰਨ ਵਾਲੇ ਸਨ, ਉਨ੍ਹਾਂ ਵਿੱਚੋਂ ਕੁਝ ਨੂੰ 'ਗੁਣਧਰ' ਅਤੇ ਕੁਝ ਨੂੰ 'ਗੁਪਤ' ਨਾਂ ਬਖ਼ਸ਼ਿਆ ਗਿਆ ।

(v) ਜਿਹੜੇ ਖੇਡ ਕੇਸਰ ਰੁੱਖ ਦੀ ਜੜ੍ਹ ਵਿੱਚ ਨਿਵਾਸ ਕਰਦੇ ਸਨ, ਉਨ੍ਹਾਂ ਵਿੱਚੋਂ ਕੁਝ ਨੂੰ 'ਸਿੰਹ' ਅਤੇ ਕੁਝ ਨੂੰ 'ਚੰਦ੍ਰ' ਨਾਂ ਪ੍ਰਦਾਨ ਕੀਤਾ ਗਿਆ ।"

ਇਸ ਨਵੀਂ ਸੂਚੀ ਵਿੱਚ ਵੀਰ, ਅਪਰਾਜਿਤ, ਮਦ੍ਰ, ਗੁਣਧਰ, ਗੁਪਤ ਅਤੇ ਚੰਦ੍ਰ ਛੇ ਨਾਂ ਵਾਧੂ ਹਨ। "ਨੀਤਿਸਾਰ" ਦੇ ਲੇਖਕ ਭੱਟਾਰਕ ਨੇ ਪੰਜ ਹੋਰ ਸੰਘਾਂ ਨੂੰ ਜੈਨਾਭਾਸ (ਜੈਨੀਆਂ ਵਰਗੇ) ਆਖਿਆ ਹੈ ਅਤੇ ਇਨ੍ਹਾਂ ਦੇ ਨਾਂ ਦਿੱਤੇ ਹਨ : ਗੋਪੁਛਿੱਕ, ਸ੍ਵੇਤਾਂਬਰ, ਦ੍ਰਵਿੜ, ਯਾਪਨੀਯ ਅਤੇ ਨਿ:ਪਿੱਛ । ਇਸ ਵਿੱਚ 'ਕਾਸ਼ਠਾ ਸੰਘ' ਨੂੰ ਜੈਨ-ਆਭਾਸ ਨਹੀਂ ਆਖਿਆ। 'ਮਾਥੁਰ ਸੰਘ' ਦਾ ਤਾਂ ਉਸ ਵਿੱਚ ਨਾਂ ਵੀ ਨਹੀਂ ਮਿਲਦਾ।" ਇਨ੍ਹਾਂ ਤੋਂ ਅਲਾਵਾ ਸ਼ੇਤਾਂਬਰਾਂ ਵਾਂਗ ਦਿਗੰਬਰਾਂ ਵਿੱਚ ਵੀ ਮੂਰਤੀ-ਪੂਜਕ ਅਤੇ ਅਮੂਰਤੀ-ਪੂਜਕ (ਨਿਰਾਕਾਰ ਮਾਰਗੀ ਸੰਪ੍ਰਦਾਇ) ਮਿਲਦੇ ਹਨ।

(v) ਤਾਰਣਪੰਥੀ ਜਾਂ ਸਮੈਸਾਪੰਥੀ - ਇਸ ਦੀ ਸਥਾਪਨਾ ਤਾਰਣਸਵਾਮੀ (ਸੰਨ 1448-1515 ਈ.) ਨੇ ਕੀਤੀ ਸੀ । ਇਸ ਪੰਥ ਦੇ ਪੈਰੋਕਾਰ ਤਾਰਣਸਵਾਮੀ ਦੇ 14 ਗ੍ਰੰਥਾਂ ਨੂੰ ਵੇਦੀ ਉੱਤੇ ਸਥਾਪਿਤ ਕਰਕੇ ਉਨ੍ਹਾਂ ਦੀ ਪੂਜਾ ਕਰਦੇ ਹਨ ।

(vi) ਯਾਪਨੀਯ ਸੰਪ੍ਰਦਾਇ - ਇਹ ਪੰਜਵੀਂ ਤੋਂ 14ਵੀਂ ਸਦੀ ਤਕ ਕਰਨਾਟਕ ਵਿੱਚ ਖ਼ੂਬ ਵਧਿਆ ਫੁੱਲਿਆ । ਯਾਪਨੀਯ ਦਿਗੰਬਰ ਜੈਨ ਮੰਦਿਰਾਂ ਵਿੱਚ ਬਣੀਆਂ ਹੋਈਆਂ ਤੀਰਥੰਕਰਾਂ ਦੀਆਂ ਨੰਗੀਆਂ ਮੂਰਤੀਆਂ (Nude images) ਦੀ ਪੂਜਾ ਕਰਦੇ ਸਨ । ਇਸ ਸੰਪ੍ਰਦਾਇ ਦੇ ਸਾਧੂ ਖ਼ੁਦ ਵੀ ਅਲਫ਼-ਨੰਗੇ ਰਹਿੰਦੇ ਸਨ । ਹੁਣ ਇਸ ਸੰਪ੍ਰਦਾਇ ਦੇ ਮਹਾਤਮਾ ਅਤੇ ਦੁਨੀਆਦਾਰ ਸ਼ਰਧਾਲੂ ਹੋਰ ਦਿਗੰਬਰ ਸੰਪ੍ਰਦਾਇਆਂ ਵਿੱਚ ਸ਼ਾਮਿਲ ਹੋ ਗਏ ਹਨ। ਮੋਨੀਅਰ ਵਿਲਿਅਮਜ ਨੇ 'जाथठीज' (Yapaniya) र तिवाप्त 'जा' पाडु (root) हैं लँड वे, टिम रा भवष ਕੀਤਾ ਹੈ 'ਕੱਢੇ ਹੋਏ'

(Expelled)। ਇਸ ਆਧਾਰ ਤੇ ਇਸ ਦਾ ਅਰਥ ਦੱਸਿਆ ਜਾਂਦਾ ਹੈ : ਸ਼ਾਇਦ ਉਹ ਲੋਕੀ ਯਾਪਨੀਯ ਸਨ ਜਿਹੜੇ ਦੋਵੇਂ (ਸ੍ਵੇਤਾਂਬਰ ਅਤੇ ਦਿਰਬਰ) ਸੰਪ੍ਰਦਾਇਆਂ ਵੱਲੋਂ ਕੱਢੇ ਜਾਣ ਕਾਰਨ ਬੇਸਹਾਰਾ ਹੋ ਕੇ ਖਿੰਡ-ਪਿੰਡ ਗਏ ਸਨ। (Those who wandered away after being expelled by both the communities).

ਬੀਸ ਪੰਥ - ਚੇਤਜਵਾਸੀ ਜਾਂ ਮਠਵਾਸੀ (ਮੰਦਿਰਾਂ ਜਾਂ ਮਠਾਂ ਵਿੱਚ ਰਹਿਣ ਵਾਲੇ) ਦਿਰਬਿਰ ਜੈਨ ਸਾਧੂ ਆਮ ਤੌਰ ਤੇ ਨੰਗੇ (Naked) ਹੀ ਰਹਿੰਦੇ ਸਨ। ਪਰ ਅਗਾਂਹ ਚਲ ਕੇ ਉਨ੍ਹਾਂ ਵਿੱਚ ਵੀ ਕੱਪੜੇ ਪਹਿਣਨ ਦਾ ਰਿਵਾਜ ਪੈ ਗਿਆ। ਇਸ ਦਾ ਕਾਰਨ 16ਵੀਂ ਸਦੀ ਬਿਕਰਮੀ ਵਿੱਚ ਹੋਏ ਤਸਾਗਰ ਨਾਂ ਦੇ ਇੱਕ ਵਿਦਵਾਨ ਦੀਆਂ ਕਿਰਤਾਂ (writings) ਤੋਂ ਮਿਲਦਾ ਹੈ। ਉਸ ਦਾ ਕਥਨ ਹੈ ਕਿ ਕਲਜੁਗ ਵਿੱਚ ਯਤੀਆਂ (ਸਾਧੂਆਂ) ਨੂੰ ਨੰਗੇ ਵੇਖ ਕੇ ਮਲੱਛ ਸ਼ਰਾਰਤਾਂ ਕਰਦੇ ਸਨ। ਇਹ ਗੱਲ ਸ੍ਰੀ ਵਸੰਤ ਕੀਰਤੀ ਸੁਆਮੀ ਨਾਂ ਦੇ ਦਿਗੰਬਰ ਜੈਨ ਮੁਨੀ ਨੂੰ ਪਸੰਦ ਨਾ ਆਈ ਤੇ ਉਨ੍ਹਾਂ ਨੇ ਉਪਦੇਸ਼ ਦਿੱਤਾ ਕਿ ਜਦੋਂ ਮੁਨੀ ਨੂੰ ਕਿਸੇ ਕਾਰਨ ਚਲਣਾ-ਫਿਰਨਾ ਪਵੇ ਤਾਂ ਉਹ ਕਿਸੇ ਚਟਾਈ ਜਾਂ ਟਾਟ ਦੇ ਟੋਟੇ ਨਾਲ ਆਪਣੇ ਸਰੀਰ ਨੂੰ ਢੱਕ ਲਵੇ ਅਤੇ ਅਜਿਹੇ ਕਾਰਜਾਂ ਤੋਂ ਬਾਅਦ ਢੱਕਣ ਵਾਲੀ ਚੀਜ਼ ਲਾਹ ਦੇਵੇ। ਇਹ ਵਸੰਤ ਕੀਰਤੀ ਜੀ ਚਿਤੌੜ (ਰਾਜਸਥਾਨ) ਦੀ ਗੱਦੀ ਦੇ ਭੱਟਾਰਕ (ਮੁਖੀਆ) ਸਨ ਅਤੇ ਬਿਕਰਮੀ ਸੰਮਤ 1264 ਦੇ ਲਗਭਗ ਮੌਜੂਦ ਸਨ। ਇਨ੍ਹਾਂ ਭੱਟਾਰਕ ਜੀ ਦੇ ਪੈਰੋਕਾਰ "ਬੀਸ ਪੰਥੀ" ਅਖਵਾਉਂਦੇ ਹਨ।

'ਬੀਸ ਪੰਥ' ਵਿੱਚ ਆਸਥਾ ਰੱਖਣ ਵਾਲੇ ਭੱਟਾਰਕਾਂ ਨੂੰ ਆਪਣਾ ਪਰਮ ਗੁਰੂ ਮੰਨਦੇ ਹਨ। ਇਹ ਦਿਗੰਬਰ ਜੈਨ ਮਹਾਤਮਾ ਆਪਣੇ ਨਾਂ ਦੇ ਪਿੱਛੇ "ਭੱਟਾਰਕ" ਸ਼ਬਦ ਜੋੜਦੇ ਹਨ। ਇਹ ਭੱਟਾਰਕ ਆਪਣੇ ਮਠ ਵਿੱਚ ਭਾਵੇਂ ਨੰਗੇ ਰਹਿੰਦੇ ਹੋਣ, ਪਰ ਬਾਹਰ ਜਾਉਣ-ਆਉਣ ਵੇਲੇ ਭਗਵੇਂ ਕੱਪੜੇ ਪਹਿਨਦੇ ਹਨ ਅਤੇ ਭਗਵੇਂ ਰੰਗ ਦੀ ਪੱਗੜੀ ਬੰਨ੍ਹਦੇ ਹਨ। 'ਸ੍ਰਵਣਬੇਲਗੋਲਾ' ਕਰਨਾਟਕ) ਵਿਖੇ 8 ਫਰਵਰੀ - 19 ਫਰਵਰੀ, 2006 ਤਕ ਮਨਾਏ ਜਾ ਰਹੇ "ਭਗਵਾਨ ਬਾਹੂਬੁਲੀ ਮਸਤਕ-ਅਭਿਸ਼ੇਕ ਸਮਾਰੋਹ" ਦੀ ਪ੍ਰਬੰਧਕ ਕਮੇਟੀ ਦੇ ਮੁਖੀ ਸੁਆਮੀ ਚਾਰੁਕੀਰਤੀ ਭੱਟਾਰਕ ਦੀ ੱਠ ਵਿੱਚ ਖਿੱਚੀ ਫੋਟੋ ਵਿੱਚ ਉਨ੍ਹਾਂ ਨੂੰ ਕੱਪੜਿਆਂ ਤੋਂ ਬਿਨਾਂ ਵਿਖਾਇਆ ਗਿਆ ਹੈ। ਪਰ ਇਸ ਸਮਾਗਮ ਸੰਬੰਧੀ ਇਸਤਿਹਾਰਾਂ (Advertisements) ਵਿੱਚ ਉਨ੍ਹਾਂ ਨੂੰ ਪਗੜੀਧਾਰੀ ਗੈਰੁਏ ਕੱਪੜਿਆਂ ਵਿੱਚ ਵਿਖਾਇਆ ਗਿਆ ਹੈ ਅਤੇ

ਇਸ ਚਿੱਤਰ ਹੇਠ ਲਿਖਿਆ ਹੋਇਆ ਹੈ: "ਪਰਮ ਪੂਜਜ ਜਗਦ ਗੁਰੂ ਕਰਮਯੋਗੀ ਸ੍ਰਸਤਿਸ੍ਰੀ ਚਾਰੁਕੀਰਤੀ ਭੱਟਾਰਕ ਮਹਾ ਸਵਾਮੀ ਜੀ।

ਬੀਸ ਪੰਥੀਆਂ ਦੇ ਮੰਦਿਰਾਂ ਵਿੱਚ ਖੇਤਰਪਾਲ ਅਤੇ ਭੈਰਵ ਆਦਿ ਦੇਵਤਿਆਂ ਦੀਆਂ ਮੂਰਤੀਆਂ ਵੀ ਹੁੰਦੀਆਂ ਹਨ। ਇਨ੍ਹਾਂ ਮੂਰਤੀਆਂ ਦੀ ਪੂਜਾ ਕੇਸਰ ਨਾਲ ਕੀਤੀ ਜਾਂਦੀ ਹੈ। ਮੂਰਤੀਆਂ ਨੂੰ ਫੁੱਲਾਂ ਨਾਲ ਸਜਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਚੜ੍ਹਾਇਆ ਹੋਇਆ ਪ੍ਰਸਾਦ ਸ਼ਰਧਾਲੂਆਂ ਨੂੰ ਵੰਡਿਆ ਜਾਂਦਾ ਹੈ। ਇਹ ਭੱਟਾਰਕ ਪਿੰਡਾਂ ਦੀ ਜ਼ਮੀਨ ਅਤੇ ਬਾਗ਼-ਬਗੀਚਿਆਂ ਦੇ ਮਾਲਿਕ ਹੁੰਦੇ ਹਨ, ਆਪਣੇ ਸੰਪ੍ਰਦਾਇ ਦੇ ਮੰਦਿਰਾਂ ਦੀ ਟੁੱਟ ਭੱਜ ਦੀ ਮੁਰੰਮਤ ਕਰਵਾਉਂਦੇ ਹਨ, ਦੂਜੇ ਮੁਨੀਆਂ ਨੂੰ ਭੋਜਨ ਮੁਹੱਈਆ ਕਰਵਾਉਂਦੇ ਹਨ, ਦਾਨਸ਼ਾਲਾਵਾਂ ਬਣਾਉਂਦੇ ਹਨ। ਇਹ ਗੱਦੇ-ਤਕਿਆਂ ਉੱਤੇ ਬੈਠਦੇ ਹਨ। ਪਾਲਕੀਆਂ ਵਿੱਚ ਚੱਲਣ ਵੇਲੇ ਇਨ੍ਹਾਂ ਤੇ ਛੱਤਰ ਟੰਗੇ ਜਾਂਦੇ ਹਨ ਅਤੇ ਚੌਰੀਆਂ - ਘੁੰਮਾਈਆਂ ਜਾਂਦੀਆਂ ਹਨ। ਕਾਰਕਲ ਮੱਠ ਦੇ ਪ੍ਰਮੁਖ ਮਹਾਪਿਪਤਿ ਲਲਿਤਕੀਰਤਿ ਇਸ ਪ੍ਰਕਾਰ ਦੇ ਭੱਟਾਰਕ ਸਨ, ਜੋ ਸੰਨ 1907 ਵਿੱਚ ਮੌਜੂਦ ਸਨ।

ਦਿਰਬਿਰ ਤੇਰਾ ਪੰਥ ਚੈਤਜ (ਮਠ) ਵਾਸੀਆਂ ਦਾ ਵਿਰੋਧ ਜਿਵੇਂ ਸ੍ਵੇਤਾਂਬਰ ਸੰਪ੍ਰਦਾਇ ਵਿੱਚ ਵਿਧੀ ਮਾਰਗ ਦੇ ਵਿਦਵਾਨਾਂ ਵੱਲੋਂ ਕੀਤੇ ਜਾਣ ਕਾਰਨ "ਸਥਾਨਕ ਵਾਸੀ ਸ੍ਵੇਤਾਂਬਰ ਜੈਨ ਸੰਪ੍ਰਦਾਇ" ਹੋਂਦ ਵਿੱਚ ਆਇਆ, ਲਗਭਗ ਉਸੇ ਰੂਪ ਵਿੱਚ ਚੈਰਵਾਸੀ ਭੱਟਾਰਕਾਂ ਦਾ ਵਿਰੋਧ ਕਰਨ ਵਾਲਿਆਂ ਨੇ "ਦਿਰਬਰ ਸੰਪ੍ਰਦਾਇ" ਵਿੱਚ "ਤੇਰਾ ਪੰਥ" ਦੀ ਬੁਣਿਆਦ ਧਰੀ। "ਤੇਰਾਂ ਪੰਥ" ਦੇ ਪੈਰੋਕਾਰ (Followers) ਪ੍ਰਾਚੀਨ ਕਾਲ ਤੋਂ ਟੁਰੇ ਆ ਰਹੇ ਕਠੋਰ ਨਿਯਮਾਂ ਦੀ ਪਾਲਣਾ ਕਰਨਾ ਆਪਣਾ ਧਰਮ ਮੰਨਦੇ ਹਨ। ਉਨ੍ਹਾਂ ਦਾ ਮਤ ਹੈ ਕਿ ਜੰਗਲਾਂ ਵਿੱਚ ਨਿਵਾਸ ਕਰਨ ਵਾਲੇ ਹੀ ਸੱਚੇ ਮੁਨੀ ਹਨ।" "ਤੇਰਾਂ ਪੰਥ" ਦੇ ਮੋਢੀ ਬਾਰੇ ਵੇਰਵਾ ਇਸ ਪ੍ਰਕਾਰ ਹੈ :

"ਸੰਨ 1626 ਵਿੱਚ ਪੰਡਿਤ ਬਨਾਰਸੀ ਦਾਸ ਨੇ ਆਗਰਾ ਵਿਖੇ ਜਿਸ ਸ਼ੁੱਧ ਆਮਨਾਯ ਦਾ ਪ੍ਰਚਾਰ ਕੀਤਾ, ਉਹ ਅਗਾਂਹ ਚਲ ਕੇ 'ਤੇਰਾਂ ਪੰਥ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਜਦੋਂ 'ਤੇਰਾਂ ਪੰਥ' ਨਾਂ ਪ੍ਰਚੱਲਤ ਹੋ ਗਿਆ ਤਾਂ ਭੱਟਾਰਕਾਂ ਦਾ ਪੁਰਾਣਾ ਮਾਰਗ 'ਬੀਸ ਪੰਥ' ਅਖਵਾਉਣ ਲਗ ਪਿਆ। ਸਥਾਨਕਵਾਸੀਆਂ ਦੇ 'ਤੇਰਾਂ ਪੰਥ' ਨੂੰ ਇਸ ਤੋਂ ਵੱਖ ਸਮਝਣਾ

ਚਾਹੀਦਾ ਹੈ। 'ਗੁਮਾਨ ਪੰਥੀ' ਅਤੇ 'ਤੋਤਾ ਪੰਥੀ' ਨਾਂ ਵਾਲੇ ਉਪ-ਸੰਪ੍ਰਦਾਇ ਵੀ ਦਿਰਬਰ ਸੰਪ੍ਰਦਾਇ ਵਿੱਚ ਪ੍ਰਚੱਲਤ ਸਠ।"

ਤਾਂਬਰ ਤੇਰਾਂ ਪੰਥ-'ਤੇਰਾਂ ਪੰਥ" ਨਾਂ ਬੜਾ ਭੁਲੇਖੇ ਵਾਲਾ ਹੈ। ਇਸੇ ਨਾਂ ਦਾ ਇੱਕ ਉਪ-ਸੰਪ੍ਰਦਾਇ ਤਾਂਬਰ ਸੰਪ੍ਰਦਾਇ ਵਿੱਚ ਵੀ ਵਿਦਮਾਨ ਹੈ। ਇਸ ਬਾਰੇ ਇੱਕ ਵਿਦਵਾਨ ਦੇ ਵਿਚਾਰ ਇੰਨ ਬਿੰਨ ਪੇਸ਼ ਹਨ :

"... ਮੂਲ "ਲੌਂਕਾਗੱਛ ਜਾਂ ਸਥਾਨਕਵਾਸੀ ਸੰਪ੍ਰਦਾਇ" ਸੰਨ 1760 ਤਕ ਉਵੇਂ

ਜਿਵੇਂ ਬਣਿਆ ਰਿਹਾ। ਉਸੇ ਸਾਲ ਸ਼੍ਵੇਤਾਂਬਰ ਬਰਾਦਰੀ (Shivetambar Community) ਵਿੱਚ ਮਹੱਤਵਪੂਰਨ ਸੁਧਾਰਵਾਦੀ ਲਹਿਰ (Reform movement) ਸ਼ੁਰੂ ਹੋਈ। ਮਾਰਵਾੜ ਇਲਾਕੇ (ਰਾਜਸਥਾਨ) ਦੇ ਭੀਖਨ ਜੀ ਨਾਂ ਦੇ ਇੱਕ ਓਸਵਾਲ ਸਾਧੂ ਨੇ 'ਤੀਰਾਂ ਪੰਥੀ ਸੰਪ੍ਰਦਾਇ' ਦੀ ਸਥਾਪਨਾ ਸਥਾਠਵਹਾਸੀਲਾਂ ਚਿੱਸੇਂ (Terapanthi sect out of the Sthanakavasis) ਕੀਡੀ । 'ਤੇਰਾਂ ਪੰਥੀ' ਨਾਂ ਦੀ ਉਤਪੱਤੀ ਬਾਰੇ ਬਹੁਤ ਸਾਰੀਆਂ ਲੋਕ ਗਾਥਾਵਾਂ (Legends) ਪ੍ਰਚੱਲਤ ਹਨ। ਇੱਕ ਇਹ ਹੈ ਕਿ ਤੇਰਾਂ ਪੰਥੀ ਜੈਨ ਧਰਮ ਦੇ 13 ਮੁੱਖ ਸਿੱਧਾਂਤਾਂ (Thirteen principal tenets of Jainism) ਨੂੰ ਅਪਣਾਉਣ ਉੱਤੇ ਦ੍ਰਿੜ ਵਿਸ਼ਵਾਸ ਰੱਖਦੇ ਹਨ। ਇਹ ਹਨ 5 ਮਹਾਵਤ (Five Vows), 5 ਸਮਿਤੀਆਂ (Five rules of conducts) ਅਤੇ 3 ਗੁਪਤੀਆਂ (Control of mind, body and speech)। ਤੇਰਾਂ ਪੰਥੀਆਂ ਦੇ ਸੁਧਾਰਾਂ (Reforms) ਦੇ ਸਹੀਕਾਰ ਨਾਕਰ ਵਾਲੇ ਸਥਾਨਕਵਾਸੀਆਂ ਨੂੰ ਵੇਸ਼ਟੋਲਾ (va-is-tola) ਸੱਦਿਆ ਜਾਂਦਾ ਹੈ।

"ਤੇਰਾਂ ਪੰਥ" ਅਜੇ ਵੀ ਇੱਕ ਜਾਣਦਾਰ ਲਹਿਰ (vigorous movement) ਹੈ। ਇਸ ਦੀ ਸ਼ਕਤੀ ਦਾ ਇੱਕ ਕਾਰਨ ਇਹ ਹੈ ਕਿ ਇਸ ਦੇ ਮੋਢੀ (Founder) ਭੀਖਨ ਜੀ ਨੇ ਇਹ ਨਿਯਮ ਬਣਾਇਆ ਸੀ ਕਿ ਪੰਥ ਦਾ ਇੱਕੋ ਆਚਾਰੀਆ (Leader) ਹੋਣਾ ਚਾਹੀਦਾ ਹੈ। ਇਸੇ ਕਾਰਨ "ਤੇਰਾਂ ਪੰਥ" ਵਿੱਚ ਵੰਡੀਆਂ (Schisms) ਦੇ ਮੌਕੇ ਘੱਟ ਹਨ। ਇਸ ਪੰਥ ਦੇ ਨੌਵੇਂ . ਆਚਾਰੀਆ ਤੁਲਸੀਰਾਮ ਜੀ ਦਾ ਜਨਮ ਸੰਨ 1914 ਵਿੱਚ ਹੋਇਆ ਸੀ। ਇਹੋ ਆਚਾਰੀਆ ਤੁਲਸੀ ਜੀ 'ਮਹਾਪ੍ਰਯ' ਦੀ ਉਪਾਧੀ (Title) ਨਾਲ ਜਾਣੇ ਜਾਂਦੇ ਹਨ। ਇਨ੍ਹਾਂ ਦੇ ਆਸ਼ੀਰਵਾਦ' ਨਾਲ ਹੀ ਲਾਡਨੂੰ (ਜ਼ਿਲ੍ਹਾ ਨਾਗੋਰ, ਰਾਜਸਥਾਨ) ਵਿਖੇ "ਜੈਨ ਵਿਸ਼ਵ ਭਾਰਤੀ" ਨਾਂ ਦੀ ਯੂਨੀਵਰਸਿਟੀ ਚਲ ਰਹੀ ਹੈ। ਇਸ ਵਿੱਚ ਹੋਰ ਵਿਭਾਗਾਂ

(Departments) ਤੋਂ ਅਲਾਵਾ "ਸਮਣ ਸੰਸਕ੍ਰਿਤ ਸੰਕਾਯ" (Faculty of Jain Culture) ਵੱਲੋਂ "ਜੈਨ ਵਿੱਦਿਆ ਪਰੀਖਿਆ" ਦੇ ਅਧੀਨ ਕਈ ਪਾਠਕ੍ਰਮ (course) ਚਲ ਰਹੇ ਹਨ। ਤੇਰਾਂ ਪੰਥੀ ਸਮਾਜ ਵਿੱਚ ਅੱਜ ਕੱਲ੍ਹ ਮੁਨੀ ਰਾਕੇਸ਼ ਕੁਮਾਰ ਜੀ ਅਤੇ ਸੁਧਾਕਰ ਜੀ ਨੇ ਵੀ ਖੂਬ ਨਾਮਣਾ ਖੱਟਿਆ ਹੈ। 'ਜੈਨ ਵਿਸ਼ਵ ਭਾਰਤੀ ਦੇ ਮੁੱਖੀ ਅੱਜ ਕੱਲ੍ਹ ਸ੍ਰੀ ਸਿੱਧ ਰਾਜ ਭੰਡਾਰੀ ਹਨ। ਮਹਾਪ੍ਰਯ ਤੁਲਸੀ ਜੀ ਦੇ 'ਤੇਰਾਂ ਪੰਥ' ਦਾ ਇੱਕ ਹੋਰ ਨਾਂ "ਅਣੂਵਤ ਆਂਦੋਲਨ" ਵੀ ਹੈ।

ਜਾਤਾਂ (Castes) ਤੇ ਆਧਾਰਿਤ ਸੰਘ - ਸੋਲਵੀਂ ਸਦੀ ਦੇ ਲਗਭਗ ਦਿਗੰਬਰ ਪੰਥੀ ਭੱਟਾਰਕਾਂ ਨੇ ਜਾਤਾਂ ਦੇ ਆਧਾਰ ਉੱਤੇ ਵੀ "ਸੰਘ" ਬਣਾਏ। ਇਹ ਹਨ ਚਤੁਰਥ (ਖੇਤੀ ਤੇ ਜ਼ਮੀਂਦਾਰੀ ਕਰਨ ਵਾਲੇ) : ਕਾਸਾਰ ਜਾਂ ਵੋਗਾਰ (ਕਾਂਸੀ ਜਾਂ ਪਿੱਤਲ ਦੇ ਭਾਂਡੇ ਬਣਾਉਣ ਵਾਲੇ) : ਸ਼ੇਤਵਾਲ (ਕੱਪੜੇ ਵੇਚਣ ਵਾਲੇ ਜਾਂ ਕੱਪੜੇ ਸੀਉਣ ਵਾਲੇ) : ਪੰਚਮ (ਜਿਹੜੇ ਆਪਣੇ ਪੁਰਾਣੇ ਬੰਦਿਆਂ ਨਾਲ ਲੱਗੇ ਰਹੇ)।"

## ਯੂਨਿਟ 7. ਬੁੱਧ ਧਰਮ : ਮਹਾਂਯਾਨ  ਅਤੇ ਹੀਨਯਾਨ

ਯੰ ਮਯਾ ਸਾਵਕਾਨੰ ਸਿੱਖਾਪਦੰ ਪੰਞਤੰ, ਤਾਂ ਮੰ ਸਾਵਕਾ ਜੀਵਿਤ ਹੇਤੁ ਪਿ ਨਾਤਿੱਕਮਤਿ। ਅਰਥਾਤ, 'ਜਿਹੜੇ ਸਿੱਖਿਆ ਪਦਾਂ ਨੂੰ ਮੈਂ ਆਪਣੇ ਚੇਲਿਆਂ ਦੇ ਲਈ ਉਪਦੇਸ਼ਿਤ ਕੀਤਾ ਹੈ, ਉਹਨਾਂ ਦਾ ਉਹ ਆਪਣੀ ਜਾਨ ਵਾਸਤੇ ਵੀ ਕਦੇ ਉਲੰਘਣ ਨਹੀਂ ਕਰਨਗੇ ।"।

ਭਗਵਾਨ ਬੁੱਧ ਦੇ ਉਪਰੋਕਤ ਕਥਨ ਤੋਂ ਸਪਸ਼ਟ ਹੈ ਕਿ ਉਹਨਾਂ ਨੂੰ ਆਪਣੇ ਦੋਹਾਂ ਸੰਘਾਂ (ਭਿੱਖੂ ਸੰਘ ਅਤੇ ਭਿੱਖੁਣੀ ਸੰਘ) ਵਿੱਚ ਸੰਜਮੀ ਜੀਵਨ ਬਤੀਤ ਕਰ ਰਹੇ ਲੋਕਾਂ ਤੇ ਪੂਰਾ ਵਿਸ਼ਵਾਸ ਸੀ ਕਿ ਉਹਨਾਂ ਦੁਆਰਾ ਦਿੱਤੇ ਸਿੱਖਿਆ ਪਦਾਂ ਨੂੰ ਲੈ ਕੇ ਕਦੇ ਵਿਵਾਦ ਨਹੀਂ ਹੋਵੇਗਾ ਅਤੇ ਸ਼ਾਇਦ ਵਰਤਮਾਨ ਸਮੇਂ ਤੱਕ ਹੋਇਆ ਵੀ ਇਹੀ ਹੈ।

ਉਨੱਤੀ ਵਰ੍ਹਿਆਂ ਤੱਕ ਗ੍ਰਹਿਸਥ ਜੀਵਨ ਬਤੀਤ ਕਰਨ ਉਪਰੰਤ ਰਾਜ ਕੁਮਾਰ ਸਿਧਾਰਥ ਦਾ 'ਮਹਾਭਿਨਿਸ਼ਕਰਮਣ (ਗ੍ਰਹਿ ਤਿਆਗ) ਹੀ ਇੱਕ ਨਵੇਂ ਮਾਰਗ ਦੇ ਨਿਰਮਾਣ ਦਾ ਇਸ਼ਾਰਾ ਦਿੰਦਾ ਹੈ ਅਤੇ ਉਸਦੀ ਪੂਰਤੀ ਛੇ ਸਾਲਾਂ ਬਾਅਦ ਬੋਧ-ਗਯਾ ਦੇ ਨੇੜੇ ਨਿਰੰਜਨਾ ਨਦੀ ਦੇ ਕੰਡੇ ਉਹਨਾਂ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਣ ਨਾਲ ਹੋ ਜਾਂਦੀ ਹੈ। ਸਾਰਨਾਥ ਦੇ ਰਿਸ਼ਿਪਤਨ ਮਗਦਾਵ (ਹਿਰਨ ਪਾਰਕ) ਵਿੱਚ ਧਰਮ ਚੱਕਰ ਪਰਵਰਤਨ ਅਤੇ ਸੰਘ ਦਾ ਨਿਰਮਾਣ ਅਤੇ ਮਹਾਪਰਿਨਿਰਵਾਣ ਤੱਕ ਅਰਥਾਤ ਪੰਤਾਲੀ ਵਰ੍ਹਿਆਂ ਤੱਕ ਭਗਵਾਨ ਬੁੱਧ ਨੇ ਭਿੱਖੂਆਂ ਅਤੇ ਭਿੱਖੁਣੀਆਂ ਤੇ ਆਪਣਾ ਕੰਟਰੋਲ ਬਣਾਈ ਰੱਖਿਆ ਜਿਸ ਵਿੱਚ ਉਹਨਾਂ ਦਾ ਵਿਅਕਤੀਤਵ ਅਤੇ ਧਰਮ ਉਪਦੇਸ਼ ਦਾ ਸਥਾਨ ਸਭ ਤੋਂ ਉੱਤੇ ਹੈ।

ਗਿਆਨ ਪ੍ਰਾਪਤੀ ਤੋਂ ਮਹਾਪਰਿਨਿਰਵਾਣ ਤਕ ਦੇ ਜੀਵਨ ਕਾਲ ਵਿੱਚ ਕਈ ਘਟਨਾਵਾਂ ਅਜਿਹੀਆਂ ਵਾਪਰੀਆਂ ਜਿਸ ਨਾਲ ਇੱਕ ਨਵੇਂ ਸੰਪਰਦਾ ਦੇ ਜਨਮ ਦਾ ਅਭਾਸ ਹੁੰਦਾ ਹੈ ਪਰੰਤੂ ਜੇਕਰ ਉਹਨਾਂ ਦੇ ਜੀਵਨ ਕਾਲ ਦੀਆਂ ਘਟਨਾਵਾਂ ਨੂੰ ਬੀਕਾ ਰੂਪ ਮੰਨ ਲਿਆ ਜਾਵੇ ਤਾਂ ਉਹ ਤਥਾਗਤ ਦੇ ਮਹਾਪਰਿਨਿਰਵਾਣ ਦੇ ਲਗਭਗ 110 ਸਾਲ ਬਾਅਦ ਹੀ ਫਲਿਆ।

ਤਥਾਗਤ ਦੇ ਜੀਵਨ ਕਾਲ ਵਿੱਚ ਜੋ ਛੋਟੀਆਂ-ਛੋਟੀਆਂ ਘਟਨਾਵਾਂ ਵਾਪਰੀਆਂ ਜਾਂ ਜਦੋਂ ਕਦੇ ਭਿੱਖੂਆਂ ਜਾਂ ਭਿੱਖਣੂਆਂ ਵਿਚਕਾਰ ਕਲਹ-ਵਿਵਾਦ ਹੋਇਆ, ਉਸਦਾ ਨਿਰਾਕਰਨ ਤਥਾਗਤ ਨੇ ਆਪਣੇ ਵਿਅਕਤੀਤਵ ਦੇ ਬਲ ਤੇ ਕਰ ਦਿੱਤਾ ਸੀ। ਤਥਾਗਤ ਦੇ ਜੀਵਨ-ਕਾਲ ਦੀਆਂ ਦੋ ਘਟਨਾਵਾਂ ਪ੍ਰਮੁਖ ਹਨ ਜਿਸ ਵਿੱਚੋਂ ਪਹਿਲੀ ਘਟਨਾ ਦਾ ਸੰਬੰਧ ਕੋਸ਼ਾਂਭੀ ਨਾਮਕ ਸਥਾਨ ਨਾਲ ਹੈ।

ਇਹ ਘਟਨਾ ਉਸ ਸਮੇਂ ਦੀ ਹੈ ਜਦੋਂ ਭਗਵਾਨ ਬੁੱਧ ਕੋਸ਼ਾਂਭੀ ਦੇ ਘੋਸ਼ਿਤਾਰਾਮ ਵਿਚ ਵਿਹਾਰ ਕਰ ਰਹੇ ਸਨ। ਉਸ ਸਮੇਂ ਕੋਸ਼ਾਂਭੀ ਵਿੱਚ ਭਿੱਖੂ ਸੰਘ ਦੋ ਭਾਗਾਂ ਵਿੱਚ ਵੰਡਿਆ ਗਿਆ ਅਤੇ ਵਿਨਯ ਦੇ ਨਿਯਮਾਂ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਿਆ। ਦੋਹਾਂ ਹੀ ਪੱਖਾਂ ਦੇ ਭਿੱਖੂਗਣ ਆਪਣੀ ਹਾਰ ਨਹੀਂ ਮੰਨਣਾ ਚਾਹੁੰਦੇ ਸਨ, ਇਸੇ ਕਾਰਨ ਆਪਸੀ ਸਮਝੋਤਾ ਨਾ ਹੋ ਪਾਇਆ। ਵਿਵਾਦ ਦਾ ਕਾਰਨ ਸੰਘਾਰਾਮ ਵਿੱਚ ਨਿਵਾਸ ਕਰ ਰਹੇ ਦੋ ਭਿੱਖੂ ਸਨ ਜਿਨ੍ਹਾਂ ਵਿੱਚੋਂ ਪਹਿਲਾ ਵਿਨਯਧਰ (ਵਿਨਯਪਟਿਕ ਪਾਠੀ) ਅਤੇ ਦੂਜਾ ਸੋਤਾਂਤਿਕ (ਸੁਤਰਪੀਟਕ ਪਾਠੀ) ਸੀ । ਤਤਕਾਲੀ ਘਟਨਾ ਅਨੁਸਾਰ, ਸੋਤ੍ਰਾਂਤਿਕ ਭਿੱਖੂ ਇਕ ਦਿਨ ਪਖਾਨੇ ਵਿੱਚ ਸ਼ੋਚ ਦੇ ਬਚੇ ਹੋਏ ਜਲ ਨੂੰ ਭਾਂਡੇ ਵਿੱਚ ਹੀ ਛੱਡ ਕੇ ਚਲਾ ਆਇਆ। ਇਸ ਉਪਰੰਤ ਵਿਨਯਧਰ ਭਿੱਖੂ ਪਖਾਨੇ ਵਿੱਚ ਗਿਆ ਅਤੇ ਉਸ ਵਿੱਚ ਬਚੇ ਹੋਏ ਜਲ ਨੂੰ ਭਾਂਡੇ ਵਿੱਚ ਦੇਖਿਆ ਅਤੇ ਬਾਹਰ ਆ ਕੇ ਉਸ ਭਿੱਖੂ ਨਾਲ ਹੇਠਾਂ ਅਨੁਸਾਰ ਵਾਰਤਾਲਾਪ ਕੀਤਾ :-

ਸੋਤਾਂਤਿਕ

ਆਵੁਸ ! ਤੂੰ ਇਸ ਜਲ ਛੱਡਿਆ ਹੈ?

ਹਾਂ ਆਵਸ!

ਤੈਨੂੰ ਇਸ ਵਿੱਚ ਕੋਈ ਮਾੜੀ ਗੱਲ ਨਹੀਂ ਜਾਪਦੀ?

ਮੈਨੂੰ ਨਹੀਂ ਜਾਪਦੀ ।

ਆਵੁਸ ! ਇਹ ਇਤਰਾਜ਼ਯੋਗ ਗੱਲ ਹੈ।

ਜੇਕਰ ਇਤਰਾਜ਼ਯੋਗ ਹੈ ਤਾਂ ਪ੍ਰਤਿਦੇਸਣਾ (ਮਾਫੀ/ਪਸਚਾਤਾਪ) ਕਰਾਂਗਾ ।

ਜੇਕਰ ਤੂੰ ਅਨਜਾਣੇ ਭੁਲੇਖੇ ਨਾਲ ਕੀਤਾ ਹੈ ਤਾਂ ਕੋਈ ਇਤਰਾਜ਼ ਨਹੀਂ ਹੈ ।

ਇਹਨਾਂ ਗੱਲਾਂ ਨੂੰ ਲੈ ਕੇ ਦੋਹਾਂ ਦੇ ਵਿਚਕਾਰ ਵਿਵਾਦ ਵੱਧ ਗਿਆ । ਇਕ ਦੇ ਅਨੁਸਾਰ ਇਤਰਾਜ਼ ਸੀ ਤੇ ਦੂਜੇ ਅਨੁਸਾਰ ਇਤਰਾਜ਼ ਨਹੀਂ ਸੀ । ਸੰਘਾਰਾਮ ਦੇ ਹੋਰ ਭਿੱਖੂ ਵੀ ਦੋ ਹਿੱਸਿਆਂ ਵਿੱਚ ਵੰਡੇ ਗਏ । ਅਜਿਹਾ ਹੋਣ ਤੇ ਕੁਝ ਭਿੱਖੂਆਂ ਨੇ ਮਿਲਕੇ ਸੋਤ੍ਰਾਂਤਿਕ ਭਿੱਖੂ ਨੂੰ ਇਤਰਾਜ ਨਾ ਦੇਖਣ ਕਰਕੇ ਉਤਛੇਪਣ (ਇਕ ਪ੍ਰਕਾਰ ਦਾ ਦੰਡ) ਕੀਤਾ। ਦੂਜੇ ਪਾਸੇ ਵਿਨਯਧਰ ਨੇ ਕਿਹਾ ਕਿ ਜੇ ਕਰ ਅਨਜਾਣੇ ਵਿੱਚ ਅਜਿਹਾ ਹੋਇਆ ਤਾਂ ਅਪਰਾਧ ਨਹੀਂ ਹੈ। ਇਸ ਲਈ ਲੋਕ ਵਿਨਯਧਰ

ਭਿੱਖੂ ਨੂੰ ਮਿਥਿਆਵਾਦੀ ਕਹਿਣ ਲੱਗੇ। ਦੋਵੇਂ ਭਿੱਖੂ ਆਪਣੇ ਪੱਖ ਨੂੰ ਮਜ਼ਬੂਤ ਕਰਨ ਲਈ ਜ਼ਿਆਦਾ ਤੋਂ ਜ਼ਿਆਦਾ ਭਿੱਖੂਆਂ ਨਾਲ ਸੰਪਰਕ ਕਰਨ ਲੱਗੇ । ਜਦੋਂ ਭਗਵਾਨ ਬੁੱਧ ਨੂੰ ਪਤਾ ਲਗਿਆ ਕਿ ਭਿੱਖੂਆਂ ਵਿਚਕਾਰ ਵਿਵਾਦ ਹੋਇਆ ਅਤੇ ਸੰਘ ਵਿਚ ਫੁੱਟ ਪੈ ਗਈ ਤਾਂ ਉਹਨਾਂ ਨੇ ਜਲਦੀ ਹੀ ਭਿੱਖੂਆਂ ਵਿੱਚ ਏਕਤਾ ਲਿਆਉਣ ਦੇ ਮੰਤਵ ਨਾਲ ਸਭ ਤੋਂ ਪਹਿਲਾਂ ਉਤਛੇਪਣ ਕਰਨ ਵਾਲੇ ਭਿੱਖੂਆਂ ਦੇ ਕੋਲ ਜਾ ਕੇ ਕਿਹਾ ਕਿ ਜੇਕਰ ਤੁਹਾਡੇ ਲੋਕਾਂ ਦੇ ਅਜਿਹਾ ਕਰਨ ਨਾਲ ਸੰਘ ਵਿੱਚ ਲੜਾਈ, ਕਲਹ, ਕਲੇਸ਼, ਵਿਵਾਦ, ਸੰਘ ਵਿੱਚ ਫੁੱਟ, ਸੰਘ ਵਿੱਚ ਅਲਗਾਵ ਹੁੰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਫੁੱਟ ਨੂੰ ਵੱਡਾ ਸਮਝਦਿਆਂ ਅਪਰਾਧ ਨਾ ਦੇਖਣ ਲਈ ਉਸ ਭਿੱਖੂ ਦਾ ਉਤਛੇਪਣ ਨਹੀਂ ਚਾਹੀਦਾ ਕਿਉਂਕਿ ਉਤਛੇਪਣ ਤੋਂ ਬਾਅਦ ਅਨੇਕ ਪ੍ਰਕਾਰ ਦੀਆਂ ਰੁਕਾਵਟਾਂ ਪੈਦਾ ਹੋਣਗੀਆਂ ।

ਇਸ ਤੋਂ ਬਾਅਦ ਭਗਵਾਨ ਬੁੱਧ ਨੇ ਉਤਛੇਪਣ ਕੀਤੇ ਗਏ ਭਿੱਖੂ ਅਤੇ ਉਸਦਾ ਪੱਖ ਲੈਣ ਵਾਲੇ ਕੋਲ ਜਾ ਕੇ ਕਿਹਾ ਕਿ ਜੇਕਰ ਨਿਰਾਪਰਾਧ ਨੂੰ ਅਪਰਾਧ ਮੰਨ ਲੈਣ ਤੇ ਸੰਘ ਵਿੱਚ ਹੋਣ ਵਾਲੇ ਕਲਹ, ਵਿਵਾਦ, ਫੁੱਟ, ਅਲਗਾਵ ਨਹੀਂ ਹੁੰਦਾ ਜਾਂ ਰੁੱਕ ਜਾਂਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਨਿਰਾਪਰਾਧ ਨੂੰ ਅਪਰਾਧ ਮੰਨ ਲੈਣਾ ਚਾਹੀਦਾ ਹੈ ਕਿਉਂਕਿ ਮਾਤਰ ਨਿਰਪਰਾਧ ਨੂੰ ਅਪਰਾਧ ਮੰਨ ਲੈਣ ਨਾਲ ਬਹੁਤ ਸਾਰੇ ਭਿੱਖੂ ਦਵੇਖ, ਮੋਹ, ਭੈਅ, ਅਗਤੀ (ਬੁਰੇ ਰਾਹ) ਤੇ ਜਾਣ ਤੋਂ ਬਚ ਸਕਦੇ ਹਨ ਅਤੇ ਅਜਿਹਾ ਕਰਨਾ ਪੁੰਨਕਾਰਕ ਸਾਬਿਤ ਹੋ ਸਕਦਾ ਹੈ । ਪਰੰਤੂ ਭਗਵਾਨ ਦੇ ਸਮਝਾਏ ਜਾਣ ਤੇ ਵੀ ਉਹਨਾਂ ਭਿੱਖੂਆਂ ਤੇ ਕੋਈ ਅਸਰ ਨਾ ਪਿਆ। ਇਸ ਤੋਂ ਵਿਪਰੀਤ ਹਰ ਰੋਜ਼ ਸੰਘ ਵਿੱਚ ਰਹਿੰਦਿਆਂ ਆਪਸੀ ਝਗੜੇ, ਵਿਵਾਦ, ਕਲਹ ਕਰਦੇ ਰਹੇ ਅਤੇ ਇੱਕ ਦੂਜੇ ਨੂੰ ਮੁਖ ਰੂਪੀ ਸ਼ਕਤੀ ਨਾਲ ਗਾਲਾਂ ਕੱਢਦੇ ਰਹੇ । ਵਿਵਾਦ ਦੀ ਇਸ ਹੱਦ ਦਾ ਪਤਾ ਚਲਦਿਆਂ ਭਗਵਾਨ ਨੇ ਆਪ ਆ ਕੇ ਸਮਝਾਇਆ, ਪਰੰਤੂ ਇਕ ਅਧਰਮੀ ਭਿੱਖੂ ਨੇ ਪ੍ਰਤਿਕ੍ਰਿਆ ਵਿਅਕਤ ਕਰਦੇ ਕਿਹਾ- "ਭੰਤੇ ! ਭਗਵਾਨ ! ਧਰਮ ਸੁਆਮੀ ! ਰਹਿਣ ਦਿਉ। ਪਰਵਾਹ ਨਾ ਕਰੋ ! ਭੰਤੇ ! ਭਗਵਾਨ ! ਧਰਮ ਸੁਆਮੀ ! ਦ੍ਰਿਸ਼ਟ ਧਰਮ (ਇਸੇ ਜਨਮ) ਦੇ ਸੁੱਖ ਨਾਲ ਵਿਹਾਰ ਕਰੋ । ਅਸੀਂ ਇਸ ਝਗੜੇ, ਕਲਹ, ਵਿਗ੍ਰਹ ਵਿਵਾਦ ਨੂੰ ਸੁਲਝ ਲਵਾਂਗੇ । ""

ਉਪਰੋਕਤ ਘਟਨਾ ਤੋਂ ਦੁਖੀ ਹੋ ਕੇ ਭਗਵਾਨ ਬੁੱਧ ਸੰਘ ਨੂੰ ਛੱਡ ਕੁਝ ਦਿਨਾਂ ਲਈ ਇਕਾਂਤ ਵਾਸ ਚਲੇ ਗਏ । ਬਾਅਦ ਵਿੱਚ ਇਸ ਵਿਵਾਦ ਦਾ ਨਿਪਟਾਰਾ ਹੋ ਗਿਆ । ਇਸ ਘਟਨਾ ਦੇ ਜ਼ਿਕਰ ਤੋਂ ਪਤਾ ਚਲਦਾ ਹੈ ਕਿ ਉਹਨਾਂ ਦੇ ਜੀਵਨ ਕਾਲ ਵਿੱਚ ਹੀ ਸੰਘ ਵੰਡ ਦੇ ਨੇੜੇ ਪਹੁੰਚ ਗਿਆ ਸੀ ।

ਦੂਜੀ ਘਟਨਾ ਜਿਸਦਾ ਸਬੰਧ ਭਗਵਾਨ ਬੁੱਧ ਦੇ ਚਚੇਰੇ ਭਰਾ ਦੇਵਦੱਤ ਨਾਲ ਹੈ। ਦੇਵਦੱਤ ਦੁਆਰਾ ਕੀਤਾ ਗਿਆ ਸੰਘਭੇਦਕ ਕਾਰਜ ਬੁੱਧ ਜਗਤ ਵਿੱਚ ਅਦੁੱਤੀ ਹੈ। ਦੇਵਦੱਤ ਨੇ ਸੰਘ ਦੇ ਕੰਟਰੋਲ ਦੀ ਇੱਛਾ ਨੂੰ ਇੱਕ ਦਿਨ ਉਜਾਗਰ ਕੀਤਾ। ਜਦੋਂ ਇੱਕ ਦਿਨ ਭਗਵਾਨ ਬੁੱਧ ਰਾਜਾ ਸਹਿਤ ਵੱਡੀ ਪਰਿਸ਼ਦ ਨਾਲ ਘਿਰੇ ਧਰਮ-ਉਪਦੇਸ਼ ਕਰ ਰਹੇ ਸਨ ਤਾਂ ਵਿਨਯਪੀਟਕ ਅਨੁਸਾਰ, ਦੇਵਦੱਤ ਆਸਨ ਤੋਂ ਉੱਠ, ਇੱਕ ਮੋਡੇ ਤੇ ਉੱਤਰਾਸੰਗ (ਅੰਗੋਛਾ) ਕਰਕੇ ਭਗਵਾਨ ਵੱਲ ਅੰਜੁਲੀ ਜੋੜ ਕੇ ਕਿਹਾ - "ਭੰਤੇ ! ਭਗਵਾਨ ਹੁਣ ਜੀਰਣ, ਬਿਰਧ, ਮਹਲਕ, ਅਧੋਗਤ ਬਜ਼ੁਰਗ ਹੋ ਗਏ ਹਨ। ਭੰਤੇ ! ਹੁਣ ਭਗਵਾਨ ਨਿਸਚਿੰਤ ਹੋ ਇਸ ਜਨਮ ਦੇ ਸੁੱਖ-ਵਿਹਾਰ ਨਾਲ ਰਹਿਣ। ਭਿੱਖ-ਸੰਘ ਨੂੰ ਮੈਨੂੰ ਸੌਂਪ ਦੇਣ। ਮੈਂ ਭਿੱਖੂ ਸੰਘ ਨੂੰ ਗ੍ਰਹਿਣ ਕਰਾਂਗਾ।" ਤਥਾਗਤ ਨੇ ਦੇਵਦੱਤ ਦੀ ਇਸ ਮੰਗ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ ਅਤੇ ਉਸਨੂੰ ਦੰਡ ਦਿੱਤਾ। ਆਪਣੀ ਇੱਛਾ ਪੂਰਤੀ ਹੇਤੂ ਉਸਨੇ ਆਪਣੇ ਵੱਡੇ ਪ੍ਰਸ਼ੰਸ਼ਕ ਅਜਾਤ ਸ਼ਤਰੂ ਕੁਮਾਰ ਨੂੰ ਕੁਝ ਲੋਭਪੂਰਣ ਗੱਲਾਂ ਸਮਝਾਂਦਿਆਂ ਬਹਿਕਾਂਦਿਆਂ ਕਿਹਾ -ਕੁੰਵਰ ਪਹਿਲੇ ਮਨੁੱਖ ਦੀਰਘ ਆਯੂ ਹੁੰਦੇ ਸਨ ਅਤੇ ਹੁਣ ਅਲਪਆਯੂ। ਹੋ ਸਕਦਾ ਹੈ ਕਿ ਤੂੰ ਕੁੰਵਰ ਰਹਿੰਦਿਆਂ ਹੀ ਮਰ ਜਾਵੇਂ। ਸੁਣ ਕੁੰਵਰ ਤੂੰ ਆਪਣੇ ਪਿਤਾ ਨੂੰ ਮਾਰ ਕੇ ਰਾਜਾ ਹੋ ਜਾ, ਮੈਂ ਭਗਵਾਨ ਬੁੱਧ ਨੂੰ ਮਾਰ ਕੇ ਬੁੱਧ ਹੋ ਜਾਵਾਂਗਾ।" ਆਪਣੀ ਇਸ ਇੱਛਾ ਪੂਰਤੀ ਹੇਤੂ ਦੇਵਦੱਤ ਨੇ ਅਨੇਕ ਯਤਨ ਕੀਤੇ ਅਤੇ ਜਦੋਂ ਸਾਰਿਆਂ ਵਿੱਚ ਅਸਫਲ ਰਿਹਾ ਤਾਂ ਸੰਘ ਵਿੱਚ ਫੁੱਟ ਪਾਉਣ ਲਈ ਕੋਕਾਲਿਕ ਕਟਮੋਰ ਤਿੱਸਕ ਅਤੇ ਖੰਡਦੇਵੀ ਪੁੱਤਰ ਸਮੁੱਦਰ ਦੱਤ ਤੋਂ ਸਹਾਇਤਾ ਮੰਗੀ। ਉਸ ਨੇ ਭਗਵਾਨ ਕੋਲ ਜਾ ਕੇ ਪੰਜ ਵਸਤੂਆਂ ਦੀ ਮੰਗ ਕੀਤੀ (ਭਿੱਖੂਆਂ ਨਾਲ ਸੰਬੰਧਿਤ) ਜਿਸਨੂੰ ਭਗਵਾਨ ਨੇ ਅਸਵੀਕਾਰ ਕਰ ਦਿੱਤਾ। ਫੇਰ ਦੇਵਦੱਤ ਨੇ ਭਿੱਖੂ ਸੰਘ ਤੋਂ ਵੱਖ ਹੀ ਉਪੋਸਥ, ਸੰਘਕਰਮ ਕਰਨ ਦਾ ਨਿਸਚਾ ਕੀਤਾ ਅਤੇ ਘੋਸਣਾ ਕੀਤੀ ਕਿ ਜਿਸ ਆਯੁਸ਼ਮਾਨ ਨੂੰ ਉਸਦੀਆਂ ਪੰਜ ਗੱਲਾਂ ਪਸੰਦ ਹੋਣ, ਉਹ ਸ਼ਲਾਕਾ ਗ੍ਰਹਿਣ ਕਰੇ। ਵੈਸ਼ਾਲੀ ਦੇ ਪੰਜ ਸੌ ਵਜਿਪੁੱਤਕ ਭਿੱਖੂਆਂ ਨੇ ਦੇਵਦੱਤ ਦਾ ਸਾਥ ਦਿੱਤਾ ਅਤੇ ਉਹ ਉਹਨਾਂ ਨੂੰ ਲੈ ਕੇ ਜਯਾਸੀਸ (ਬ੍ਰਹਮਜੋਨੀ ਪਰਬਤ, ਗਯਾ) ਚਲਾ ਗਿਆ। ਅਰਥਾਤ ਉਸਨੇ ਭਗਵਾਨ ਬੁੱਧ ਦੇ ਕਾਲ ਵਿੱਚ ਹੀ ਵੱਖਰੇ ਸੰਘ ਦਾ ਨਿਰਮਾਣ ਕਰ ਦਿੱਤਾ ਸੀ। ਹਾਲਾਂਕਿ ਉਹ ਜ਼ਿਆਦਾ ਸਮਾਂ ਫਲ-ਫੁਲ ਨਾ ਸਕਿਆ।

ਤਥਾਗਤ ਦੇ ਮਹਾਪਰਿਨਿਰਵਾਣ ਦੇ ਕੇਵਲ ਤਿੰਨ ਮਹੀਨੇ ਬਾਅਦ ਪਹਿਲੀ ਸੰਗਤ ਹੋਈ ਜਿਸ ਵਿੱਚ ਭਗਵਾਨ ਬੁੱਧ ਦੇ ਵਚਨਾਂ ਦਾ ਗਾਇਨ ਕੀਤਾ ਗਿਆ। ਗਾਇਨ ਉਪਰੰਤ ਸਥਿਵਰਾਂ ਨੇ ਦਕਸ਼ਿਨਾਗਿਰੀ ਵਿੱਚ ਵਿਹਾਰ ਕਰ ਰਹੇ ਪੁਰਾਣ

ਨਾਮਕ ਸਿੱਖੂ ਨੂੰ ਸੰਗਤ ਦੀ ਕਾਰਵਾਈ ਸਵੀਕਾਰ ਕਰਨ ਲਈ ਕਿਹਾ ਤਾਂ ਭਿੱਖੂ ਪੁਰਾਣ ਨੇ ਉੱਤਰ ਦਿੱਤਾ - 'ਆਵਸ਼ ! ਸਥਿਵਰਾਂ ਨੇ ਧਰਮ ਅਤੇ ਵਿਨਯ ਨੂੰ ਸੁੰਦਰ ਤੌਰ ਤੇ ਗਾਇਨ ਕੀਤਾ ਹੈ ਤਾਂ ਵੀ ਜਿਹਾ ਮੈਂ ਭਗਵਾਨ ਦੇ ਮੁੱਖ ਤੋਂ ਸੁਣਿਆ ਹੈ, ਮੁੱਖ ਤੋਂ ਗ੍ਰਹਿਣ ਕੀਤਾ ਹੈ, ਉਹੋ ਜਿਹਾ ਹੀ ਮੈਂ ਧਾਰਨ ਕਰਾਂਗਾ।" ਪੁਰਾਣ ਸਿੱਖੂ ਦੀ ਚਰਚਾ ਤੋਂ ਸਪਸ਼ਟ ਹੈ ਕਿ ਉਸ ਸਮੇਂ ਹੋਰ ਸੈਂਕੜੇ ਪੁਰਾਣ ਵਰਗੇ ਭਿੱਖੂ ਰਹੇ ਹੋਣਗੇ ਜਿਹਨਾਂ ਨੂੰ ਪੂਰਾਨ ਰੂਪ ਨਾਲ ਪ੍ਰਥਮ ਸੰਗਤ ਵਿੱਚ ਗਾਇਨ ਕੀਤੇ ਗਏ ਧਰਮ ਅਤੇ ਵਿਨਯ ਤੇ ਵਿਸ਼ਵਾਸ ਨਹੀਂ ਹੋਵੇਗਾ। ਪੁਰਾਣ ਸਥਿਵਰ ਦੀ ਇਸ ਉਨਤੀ ਨੂੰ ਕੁਝ ਵਿਦਵਾਨ ਜਿਵੇਂ ਆਰ.ਸੀ. ਮਜੂਮਦਾਰ ਨੇ ਧੱਮ ਅਤੇ ਵਿਨਯ ਪ੍ਰਤੀ ਅਪ੍ਰਮਾਇਨਕਤਾ ਦਾ ਸੰਕੇਤ ਦਿੰਦੇ ਕਿਹਾ ਹੈ - "ਇਟ ਵਾਜ ਏ ਡੇਂਜਰ ਸਿਗਨਲ ਫਾਰ ਦਾ ਚਰਚ।

ਤਿੱਬਤੀ ਦੁਲਵਾ ਦੇ ਅਧਿਐਨ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਪੁਰਾਣ ਵਰਗੇ ਲੋਕਾਂ ਨੇ ਪ੍ਰਥਮ ਸੰਗਤ ਨੂੰ ਨਹੀਂ ਮੰਨਿਆ। ਡਾ. ਪੀ.ਵੀ. ਵਾਖਟ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ ਜਦੋਂ ਰਾਜਗ੍ਰਿਹ ਵਿੱਚ ਪੰਜ ਸੌ ਭਿੱਖੂਆਂ ਨੇ ਮਹਾਕਾਸ਼ਯਪ ਸਭਾਪਤੀ ਦੀ ਅਗਵਾਈ ਵਿੱਚ ਪ੍ਰਥਮ ਸੰਗਤ ਮੁਕੰਮਲ ਕੀਤੀ, ਤਾਂ ਪੁਰਾਣ ਵਰਗੇ ਜਾਂ ਤਿੱਬਤੀ ਪ੍ਰਮਾਣ ਅਨੁਸਾਰ ਗਵਾਸੰਪਤੀ ਵਰਗੇ ਲੋਕ ਸਨ ਜਿਹਨਾਂ ਨੇ ਉਸਨੂੰ ਅਸਵੀਕਾਰ ਕੀਤਾ ਕਿਉਂਕਿ ਉਹਨਾਂ ਦਾ ਕਹਿਣਾ ਸੀ ਕਿ ਜੋ ਕੁਝ ਗਾਇਨ ਕੀਤਾ ਗਿਆ, ਉਹ ਮੂਲ ਰੂਪ ਵਿਚ ਬੁੱਧ ਨੇ ਕਿਹਾ ਅਤੇ ਜਿਸਨੂੰ ਉਹਨਾਂ ਨੇ ਸੁਣਿਆ ਉਹ ਵੱਖਰਾ ਸੀ, ਇਸ ਪ੍ਰਕਾਰ ਦੇ ਵਚਨਾਂ ਦਾ ਪ੍ਰਭਾਵ ਅਨੇਕ ਭਿੱਖੂਆਂ ਤੇ ਪਿਆ ਹੋਵੇਗਾ, ਜਿਸਦਾ ਪ੍ਰਤੱਖ ਰੂਪ ਭਗਵਾਨ ਬੁੱਧ ਦੇ ਮਹਾਪਰਿਨਿਰਵਾਣ ਦੇ ਲਗਭਗ ਸੋ ਜਾਂ ਇੱਕ ਸੋ ਦਸ ਵਰ੍ਹਿਆਂ ਬਾਅਦ ਦੂਜੀ ਸੰਗਤ" ਤੋਂ ਪਤਾ ਚਲਦਾ ਹੈ।

ਪਾਲੀ ਵਿਨਯ ਪੀਟਕ ਅਨੁਸਾਰ ਉਸ ਸਮੇਂ ਭਗਵਾਨ ਦੇ ਮਹਾਪਰਿਨਿਰਵਾਣ ਦੇ ਸੋ ਸਾਲ ਬੀਤਣ ਤੇ ਵੈਸ਼ਾਲੀ ਨਿਵਾਸੀ ਵੱਜਿਪੁੱਤਕ ਭਿੱਖੂ ਦਾ ਵਸਤੂਆਂ ਦਾ ਪ੍ਰਚਾਰ ਕਰਦੇ ਸਨ -

1. ਪ੍ਰਿੰਗੀਲਵਣ ਕਲਪ ਵਿਧੀ ਅਨੁਸਾਰ ਹੈ।

2. ਦ੍ਵਿ-ਅੰਗੁਲ ਕਲਪ ਵਿਧੀ ਅਨੁਸਾਰ ਹੈ।

3. ਗ੍ਰਾਮਾਂਤਰ ਕਲਪ ਵਿਧੀ ਅਨੁਸਾਰ ਹੈ।

4. ਆਵਾਸ ਕਲਪ ਵਿਧੀ ਅਨੁਸਾਰ ਹੈ।

5. ਅਨੁਮਤੀ ਕਲਪ ਵਿਧੀ ਅਨੁਸਾਰ ਹੈ।

6. ਆਚੀਰਣ ਕਲਪ ਵਿਧੀ ਅਨੁਸਾਰ ਹੈ।

7. ਅਮੀਥਤ ਕਲਪ ਵਿਧੀ ਅਨੁਸਾਰ ਹੈ।

8. ਜਲੋਗੀਪਾਨ ਕਲਪ ਵਿਧੀ ਅਨੁਸਾਰ ਹੈ।

9. ਅਦਸਕ-ਨਿਸਿਦਨ ਕਲਪ ਵਿਧੀ ਅਨੁਸਾਰ ਹੈ।

10. ਜਾਤ-ਰੂਪ-ਰਜਤ ਕਲਪ ਵਿਧੀ ਅਨੁਸਾਰ ਹੈ।

ਉਪਰੋਕਤ ਦਸ ਗੱਲਾਂ ਨੂੰ ਅਨੇਕ ਥਾਵਾਂ ਤੇ 'ਦਸ ਵਥੁਨੀ" ਕਿਹਾ ਗਿਆ ਹੈ ਜਿਸਦਾ ਵਰਣਨ ਦੀਪ ਵੰਸ, ਮਹਾਵੰਸ ਆਦਿ ਗ੍ਰੰਥਾਂ ਵਿੱਚ ਵੀ ਮਿਲਦਾ ਹੈ, ਇਹ ਸਾਰੀਆਂ ਦੱਸ ਗੱਲਾਂ ਭਗਵਾਨ ਬੁੱਧ ਦੇ ਨਿਯਮ ਦੇ ਅਨੁਕੂਲ ਸਨ ਜਾਂ ਪ੍ਰਤੀਕੂਲ, ਇਸਦੇ ਨਿਗਕਰਣ ਲਈ ਦੂਜੀ ਸੰਗਤ ਬੁਲਾਈ ਗਈ। ਸੰਗਤ ਦੇ ਅੰਤ ਵਿੱਚ ਨਿਰਣਾ ਹੋਇਆ ਕਿ ਉਪਰੋਕਤ ਸਾਰੀਆਂ ਗੱਲਾਂ ਵਿਨਯ ਦੇ ਵਿਰੁੱਧ ਹਨ, ਪਰੰਤੂ ਵੈਸ਼ਾਲੀ ਦੇ ਵੱਜਿਪੁੱਤਕ ਭਿੱਖੂਆਂ ਅਤੇ ਕਈ ਹੋਰ ਭਿੱਖੂਆਂ ਨੇ ਇਸ ਨਿਰਣ ਨੂੰ ਸਵੀਕਾਰ ਨਹੀਂ ਕੀਤਾ ਜਿਸਦਾ ਨਤੀਜਾ ਹੋਇਆ, ਬੁੱਧ ਧਰਮ ਦਾ ਪਹਿਲਾ ਵਿਭਾਜਨ ਜਾਂ ਇੱਕ ਨਵੀਂ ਸੰਪਰਦਾ ਪ੍ਰਤੱਖ ਜਨਮ।

ਸਧਾਰਨ ਤੌਰ ਤੇ ਕਿਸੇ ਸੰਪਰਦਾ ਜਾਂ ਪੰਥ ਦੇ ਸਥਾਪਿਤ ਹੋਣ ਦੇ ਹੇਠ ਲਿਖੇ ਕਾਰਣ ਹੋ ਸਕਦੇ ਹਨ :

1. ਕੁਝ ਵਿਅਕਤੀਆਂ ਜਾਂ ਗੁੱਟਾਂ ਦੇ ਪ੍ਰਤਿ ਵਿਅਕਤੀਗਤ ਲਗਾਵ।

2. ਸਹਿਵਾਸ

3. ਅਧਿਐਨ

4. ਭੂਗੋਲਿਕ ਪ੍ਰਦੇਸ਼

5. ਸਮਾਂ ਪਰਿਵਰਤਨ ਆਦਿ

ਵੈਸ਼ਾਲੀ ਦੇ ਬਾਲੁਕਾਰਾਮ ਵਿੱਚ ਹੋਈ ਦੂਜੀ ਸੰਗਤ ਦਾ ਨਿਰਣਾ ਪੁਰਾਤਨ ਪੰਥੀ ਭਿੱਖੂਆਂ ਦੇ ਪੱਖ ਵਿੱਚ ਸੀ। ਇਸ ਲਈ ਵੈਸ਼ਾਲੀ ਦੇ ਵੱਕਿਪੁੱਤਕ ਭਿੱਖੂ ਸਥਵਿਰ ਅਰਹੱਤਾਂ ਦੇ ਇਲਾਵਾ ਇਕ ਹੋਰ ਸਭਾ ਜਾਂ ਸੰਗਤ ਬੁਲਾਈ ਅਤੇ ਉਥੇ ਆਪਣੇ ਮਤ

ਦੇ ਅਨੁਕੂਲ ਨਿਰਣਾ ਕੀਤਾ। ਇਸ ਸਭਾ ਵਿੱਚ ਦੱਸ ਹਜਾਰ ਭਿੱਖੂਆਂ ਨੇ ਭਾਗ ਲਿਆ ਸੀ, ਇਸ ਲਈ ਇਹ ਸਭਾ ਮਹਾ ਸੰਘ ਜਾਂ ਮਹਾਸੰਗਤ ਕਹੀ ਜਾਂਦੀ ਹੈ। ਮਹਾਂ ਸੰਘ ਜਾਂ ਮਹਾ ਸੰਗਤ ਦੇ ਕਾਰਨ ਇਹ ਭਿੱਖ ਮਹਾਂਸ਼ੰਘਿਕ ਅਖਵਾਏ ਅਤੇ ਇਸ ਤੋਂ ਵੱਖ ਹੋਏ ਭਿੱਖੂਆਂ ਦੇ ਸੰਪਰਦਾ ਥਰੇਵਾਦੀ ਅਖਵਾਏ। ਮਹਾਂਸੰਗਤ ਦੇ ਸਬੰਧ ਵਿੱਚ ਦੀਪਵੰਸ਼ ਵਿੱਚ ਕਿਹਾ ਗਿਆ ਹੈ।

"ਮਹਾਂਸੰਗਤ ਦੇ ਭਿੱਖਿਆਂ ਨੇ ਬੱਧ ਸ਼ਾਸਨ ਨੂੰ ਬਿਲਕਲ ਵਿਪਰੀਤ ਕਰ ਦਿੱਤਾ। ਮੂਲ ਸੰਘ ਵਿੱਚ ਭੇਦ ਪੈਦਾ ਕਰਕੇ ਉਹਨਾਂ ਨੇ ਇੱਕ ਨਵਾਂ ਸੰਘ ਖੜਾ ਕਰ ਦਿੱਤਾ। ਮੌਲਿਕ ਧਰਮ ਨੂੰ ਨਸ਼ਟ ਕਰਕੇ ਉਹਨਾਂ ਨਵਾਂ ਹੀ ਸ਼ਤਰਾਂ ਦਾ ਸੰਗ੍ਰਹਿ ਕੀਤਾ। ਪਰਿਵਾਰ ਅਭਿਧਮ, ਪਟਿਮੰਧੁਦਾ ਨਿੱਦੇਸ ਅਤੇ ਜਾਤਕਾਂ ਦੇ ਕੁਝ ਅੰਸ਼ਾਂ ਨੂੰ ਸਵੀਕਾਰ ਨਹੀਂ ਕੀਤਾ।"

ਵੈਸ਼ਾਲੀ ਵਿੱਚ ਹੋਏ ਭਿੱਖੂ ਸੰਘ ਦੀ ਵੰਡ ਨਾਲ ਬੁੱਧ ਧਰਮ ਰੂਪੀ ਰੁੱਖ ਤੋਂ ਇੱਕ ਅਲੱਗ ਸ਼ਾਖਾ ਦਾ ਨਿਰਮਾਣ ਹੋਇਆ ਅਤੇ ਪ੍ਰਾਚੀਨ ਇਤਿਹਾਸ ਦੇ ਪ੍ਰਸਿੱਧ ਸ਼ਾਸਕ ਅਸ਼ੋਕ ਦੇ ਸਮੇਂ ਤਕ ਸ਼ਾਖਾਵਾਂ ਦੀ ਸੰਖਿਆ ਅਠਾਰਾਂ ਹੋ ਗਈ। ਇਹਨਾਂ ਅਠਾਰਾਂ ਸ਼ਾਖਾਵਾਂ ਜਾਂ ਸੰਪਰਦਾਵਾਂ ਵਿੱਚ ਮਹਾਸੰਘਿਕਾ ਦੇ ਛੇ ਸੰਪਰਦਾ ਸਨ ਜਿਹਨਾਂ ਦੇ ਨਾਮ ਹੇਠ ਲਿਖੇ ਹਨ (ਇਸਦਾ ਵਰਣਨ ਭਰਤ ਸਿੰਘ ਉਪਾਧਿਆਇ ਨੇ ਆਪਣੀ ਪੁਸਤਕ "ਪਾਲੀ ਸਾਹਿਤ ਦਾ ਇਤਿਹਾਸ" ਵਿੱਚ ਕੀਤਾ ਹੈ)।

1. ਮਹਾਸੰਘਿਕ

2. ਏਕਬੋਹਾਰਿਕ

3. ਗੇਵੁਲਿਕ

4. ਪਞਤਿਵਾਦੀ

5. ਬਾਹੁਲਿਕ

6. ਚੇਤਯਵਾਦੀ

ਨਾਲ ਹੀ ਸਥਵਿਰਵਾਦ ਦੇ ਬਾਰਾਂ ਸੰਪਰਦਾ ਸਨ ਜੋ ਇਸ ਪ੍ਰਕਾਰ ਹਨ -

1. ਥੇਰਵਾਦੀ

2. ਮਹਾਸੰਘਿਕ

3. ਵੱਜਿਪੁੱਤਕ

4. ਸੱਸੱਥਵਾਦੀ ਜਾਂ ਸੱਥਥੀਵਾਦੀ

5. ਧੱਮ ਗੁਤ੍ਰਿੱਕ

6. ਧੱਮ ਤੁੱਰੀਯ

7. ਛਨਾਗਰਿਕ

8. ਤਦ੍ਦਜਾਤਿਕ

9. ਸੰਭਡੀਜ

10. ਕੱਸਧਿਕ"

11. ਸੰਕ੍ਰਤਿਕ

12. ਸੁੱਤਵਾਦੀ

ਉਪਰੋਕਤ ਅਠਾਰਾਂ ਸੰਪਰਦਾਵਾਂ ਦੇ ਅਨੁਯਾਈਆਂ ਦਾ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਬੋਲਬਾਲਾ ਸੀ। ਇਹਨਾਂ ਸੰਪਰਦਾਵਾਂ ਦੀ ਪ੍ਰਭੁੱਤਾ ਅਨੇਕ ਸਦੀਆਂ ਤੱਕ ਬਣੀ ਰਹੀ। ਹਰੇਕ ਸੰਪਰਦਾ ਦੇ ਸਿਧਾਂਤ ਵੱਖ-ਵੱਖ ਸਨ, ਪਰੰਤੂ ਕੁਝ-ਕੁਝ ਸਿਧਾਂਤ ਆਪਸ ਵਿੱਚ ਸਮਾਨਤਾ ਰੱਖਦੇ ਸਨ। ਬਾਅਦ ਵਿੱਚ ਉਹਨਾਂ ਦੇ ਸਿਧਾਂਤ ਹੌਲੀ-ਹੌਲੀ ਅਲੋਪ ਹੋ ਗਏ ਪਰੰਤੂ ਉਹਨਾਂ ਦਾ ਵਰਣਨ ਬਾਅਦ ਵਿੱਚ ਰਚੇ ਗਏ ਬੋਧ ਗ੍ਰੰਥਾਂ ਦੇ ਨਾਲ-ਨਾਲ ਬ੍ਰਾਹਮਣ ਗ੍ਰੰਥਾਂ ਵਿੱਚ ਵੀ ਮਿਲਦਾ ਹੈ। ਪਰੰਤੂ ਇਹਨਾਂ ਸੰਪਰਦਾਵਾਂ ਦੇ ਨਾਮ, ਸਥਾਨ ਅਤੇ ਆਪਸੀ ਸਬੰਧਾਂ ਦੇ ਵਿਸ਼ੇ ਵਿੱਚ ਬੋਧ ਗ੍ਰੰਥਾਂ ਵਿੱਚ ਵੀ ਸਰਵ ਸੰਮਤੀ ਨਹੀਂ ਦਿਖਾਈ ਦਿੰਦੀ। ਮੋਗਲੀਪੁੱਤਰ ਤਿਸ਼ਯ ਸਥਵਿਰ ਨੇ 'ਕਥਾਵੱਥ' ਨਾਮਕ ਗ੍ਰੰਥ ਵਿੱਚ ਪ੍ਰਾਚੀਨ ਮਤਾ ਦੇ ਰਹੱਸ ਅਤੇ ਸਰੂਪ ਦਾ ਪਰਿਚੈ ਸਥਵਿਰਵਾਦੀ ਮਤ ਦੀ ਦ੍ਰਿਸ਼ਟੀ ਤੋਂ ਕੀਤਾ ਹੈ। ਦੂਜੇ ਪਾਸੇ ਅਚਾਰੀਆ ਵਸੁਮਿੱਤਰ ਨੇ ਵੀ 'ਅਸ਼ਟਾਦਸ਼ ਨਿਕਾਇ ਸ਼ਾਸਤ੍ਰ" ਦੀ ਰਚਨਾ ਕਰਕੇ ਇਹਨਾਂ ਸੰਪਰਦਾਵਾਂ ਦੇ ਸਿਧਾਂਤਾਂ ਦਾ ਖੁੱਲ੍ਹ ਕੇ ਵਰਣਨ ਕੀਤਾ ਹੈ। ਦੋਵੇਂ ਗ੍ਰੰਥਕਾਰਾਂ ਦੀ ਦ੍ਰਿਸ਼ਟੀ ਵਿੱਚ ਕਾਫੀ ਭੇਦ ਹੈ। ਮੋਗਲੀਪੁੱਤਰ ਤਿਸ਼ਯ ਥੇਰਵਾਦੀ ਹਨ ਅਤੇ ਅਚਾਰੀਆ ਵਸੁਮਿੱਤਰ ਸਰਵਸਮਤੀਵਾਦੀ। ਦ੍ਰਿਸ਼ਟੀ ਦੀ ਭਿੰਨਤਾ ਕਰਕੇ ਅਲੋਚਨਾ ਵਿੱਚ ਭੇਦ ਹੋਣਾ ਸੁਭਾਵਿਕ ਹੀ ਹੈ, ਪਰੰਤੂ ਦੋਹਾਂ ਵਿਚ ਆਮ ਕਰਕੇ ਇੱਕ ਸਮਾਨ ਸਿਧਾਂਤਾਂ

ਦਾ ਹੀ ਨਿਰਦੇਸ਼ ਕੀਤਾ ਗਿਆ ਹੈ ਜਿਸ ਨਾਲ ਇਹਨਾਂ ਸਿਧਾਂਤਾਂ ਦੀ ਇਹ ਪ੍ਰਸਿੱਧੀ ਅਤੇ ਪ੍ਰਮਾਣਿਕਤਾ ਦੇ ਵਿਸ਼ੇ ਵਿੱਚ ਕਿਸੇ ਪ੍ਰਕਾਰ ਦਾ ਸ਼ੱਕ ਨਹੀਂ ਰਹਿ ਜਾਂਦਾ।

ਉਪਰੋਕਤ ਅਠਾਰਾਂ ਸੰਪਰਦਾਵਾਂ ਦਾ ਵਰਗੀਕਰਣ ਭਰਤ ਸਿੰਘ ਉਪਾਧਿਆਇ ਤੋਂ ਪਹਿਲਾਂ ਅਨੇਕ ਗ੍ਰੰਥਾਂ ਵਿੱਚ ਅਨੇਕ ਵਿਦਵਾਨਾਂ ਦੁਆਰਾ ਕੀਤਾ ਗਿਆ ਹੈ ਜਿਸਦੀ ਕ੍ਰਮਵਾਰ ਸੂਚੀ ਇਸ ਪ੍ਰਕਾਰ ਹੈ :-

ਅਠਾਰਾਂ ਸੰਪਰਦਾਵਾਂ ਦੇ ਕਈ ਪ੍ਰਕਾਰ ਦੇ ਵਰਗੀਕਰਣਾਂ ਤੋਂ ਸਪਸ਼ਟ ਹੈ ਕਿ ਸਾਰਿਆਂ ਅਨੁਸਾਰ ਗਿਣਤੀ ਤਾਂ ਅਠਾਰਾਂ ਹੀ ਹੈ ਪਰੰਤੂ ਸੂਚੀ ਵਿੱਚ ਕੁਝ ਨਾਵਾਂ ਵਿੱਚ ਅੰਤਰ ਹੈ। ਇਹਨਾਂ ਸੰਪਰਦਾਵਾਂ ਦੀ ਉਤਪਤੀ ਵਿਕਾਸ ਆਦਿ ਕਿਵੇਂ ਹੋਇਆ, ਇਸਦਾ ਵਿਸ਼ਲੇਸ਼ਣ ਵੱਖ-ਵੱਖ ਸ੍ਰੋਤਾਂ ਵਿੱਚ ਇਸ ਪ੍ਰਕਾਰ ਮਿਲਦਾ ਹੈ –

ਸਥਵਿਰਵਾਦ ਜਾਂ ਥੇਰਵਾਦ

ਭਗਵਾਨ ਬੁੱਧ ਦੇ ਜੀਵਨ ਕਾਲ ਵਿੱਚ ਬੁੱਧ ਧਰਮ ਦੀ ਕੋਈ ਵੰਡ ਨਹੀਂ ਹੋਈ ਸੀ। ਇਸ ਲਈ ਕੇਵਲ ਇਕ ਹੀ ਵਾਦ ਅਰਥਾਤ ਬੁੱਧਵਾਦ ਸੀ; ਦੂਜੀ ਸੰਗਤ ਤੋਂ ਬਾਅਦ ਭਗਵਾਨ ਬੁੱਧ ਦੇ ਸਿਧਾਂਤਾਂ ਨੂੰ ਜਿਉਂ ਦਾ ਤਿਉਂ ਮੰਨਣ ਵਾਲੇ ਸਥਵਿਰਵਾਦੀ ਅਖਵਾਏ ਅਤੇ ਉਹਨਾਂ ਦਾ ਸੰਪਰਦਾ ਸਥਵਿਰਵਾਦ। ਇਸ ਲਈ ਸਥਵਿਰਵਾਦ ਦੀ ਉਤਪਤੀ ਭਗਵਾਨ ਬੁੱਧ ਦੁਆਰਾ ਹੀ ਹੋ ਗਈ ਸੀ।

ਸਥਵਿਰਵਾਦੀਆਂ ਦੇ ਬੋਧ-ਗ੍ਰੰਥਾਂ ਦਾ ਨਾਮ ਪਾਲੀ ਤ੍ਰਿਪੀਟਕ (ਸੁੱਤਪੀਟਕ, ਵਿਨਯ ਪੀਟਕ, ਅਭਿਧਮ ਪੀਟਕ) ਸਾਹਿਤ ਹੈ। ਸਥਵਿਰਵਾਦੀ ਵਿਚਾਰਾਧਾਰਾ ਅਨੁਸਾਰ ਭਗਵਾਨ ਬੁੱਧ ਦੀ ਪ੍ਰਕਿਰਤੀ ਮਾਨਵੀ ਸੀ। ਫੇਰ ਵੀ ਕਿੱਧਰੇ-ਕਿੱਧਰੇ ਅਤਿਮਾਨਵੀ ਗੁਣ ਵੀ ਦਿਖਾਏ ਗਏ ਹਨ। ਕੁਝ ਸੂਤਰਾਂ ਵਿੱਚ ਉਹਨਾਂ ਨੂੰ ਦੇਵਾ ਦੇ ਦੇਵ, ਸਾਰੇ ਮਨੁੱਖਾਂ ਅਤੇ ਦੇਵਾਂ ਦੇ ਭਗਵਾਨ (ਸੱਬਦੇ ਵਮਨੁੱਸਾਨੰ ਬੁੱਧੋਭਗਵਾ) ਆਦਿ ਕਿਹਾ ਗਿਆ ਹੈ। ਸਾਧਾਰਨ ਮਨੁੱਖ ਦੇ ਰੂਪ ਵਿੱਚ ਉਹਨਾਂ ਦਾ ਕਥਨ ਮਹਾਪਰਿਨਿਰਵਾਣ ਸੁੱਤ ਵਿੱਚ ਮਿਲਦਾ ਹੈ ਜਿਸ ਵਿੱਚ ਉਹ ਕਹਿੰਦੇ ਹਨ - ਮੇਰੀ ਪੀਠ ਵਿੱਚ ਦਰਦ ਹੈ ਜਾਂ ਮੇਰੀ ਉਮਰ ਅੱਸੀ ਵਰ੍ਹਿਆਂ ਦੀ ਹੈ। ਜਿਵੇਂ ਪੁਰਾਣੀ ਗੱਡੀ ਜੋੜ-ਤੋੜ ਕੇ ਕੰਮ ਵਿੱਚ ਲਿਆਂਦੀ ਜਾਂਦੀ ਹੈ, ਉਹੀ ਸਥਿਤੀ ਮੇਰੀ ਹੈ।

ਸਥਵਿਰਵਾਦੀ ਵਿਚਾਰਧਾਰਾ ਦੇ ਅਨੁਸਾਰ ਭਗਵਾਨ ਬੁੱਧ ਦੇ ਉਪਦੇਸ਼ ਕਾਫੀ ਸਰਲ ਹਨ। ਭਿੱਖੂਆਂ ਲਈ ਦਸਸ਼ੀਲ ਅਤੇ ਗ੍ਰਹਿਸਥਾਂ ਲਈ ਪੰਚਸ਼ੀਲ ਦਾ ਉਪਦੇਸ਼ ਅਤਿਅੰਤ ਸਰਲ ਹੈ। ਉਹਨਾਂ ਦੇ ਸਿਧਾਂਤਾਂ ਵਿੱਚ ਸ਼ੀਲ ਸਮਾਧੀ ਅਤੇ ਪ੍ਰਗਿਆ ਤੇ ਮੁੱਖ ਰੂਪ ਵਿੱਚ ਧਿਆਨ ਦਿੱਤਾ ਜਾਂਦਾ ਹੈ। ਸਥਵਿਰਵਾਦੀਆਂ ਦਾ ਇਕ ਹੋਰ ਪ੍ਰਮੁਖ ਸਿਧਾਂਤ ਚਾਰ ਆਰੀਆ ਸਤਿਆ ਦਾ ਹੈ।

ਪਹਿਲਾ ਆਰੀਆ ਸਤਿਆ

ਦੁੱਖ ਆਰੀਆ ਸਤਿਆ ਅਰਥਾਤ ਸਭ ਦੁੱਖ ਹੈ।

ਦੂਜਾ ਆਰੀਆ ਸਤਿਆ

ਦੁੱਖ ਸਮੁਦਾਇ ਸਤਿਆ ਅਰਥਾਤ ਦੁੱਖ ਦਾ ਕਾਰਣ ਚੈ।

ਤੀਜਾ ਆਰੀਆ ਸਤਿਆ

ਦੁੱਖ ਨਿਰੋਧ ਸਤਿਆ ਅਰਥਾਤ ਦੁੱਖ ਦਾ ਨਿਰੋਧ ਹੈ।

ਚੌਥਾ ਆਰੀਆ ਸਤਿਆ

ਦੁੱਖ ਨਿਰੋਧ ਗਾਮਿਨੀ ਪ੍ਰਤੀਪਦਾ ਅਰਥਾਤ ਦੁੱਖ ਨਿਰੋਧ ਵੱਲ ਲੈ ਜਾਣ ਵਾਲਾ ਮਾਰਗ ਵੀ ਹੈ ਜਿਸਨੂੰ ਮੱਧ-ਮਾਰਗ ਜਾਂ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਇਹ ਅੱਠ ਇਸ ਪ੍ਰਕਾਰ ਹਨ- ਸੱਚੀ ਦ੍ਰਿਸ਼ਟੀ, ਸੱਚਾ ਸੰਕਲਪ, ਸੱਚੀ ਬਾਣੀ, ਸੱਚਾ ਕਰਮ, ਸੱਚੀ ਜੀਵਿਜ, ਸੱਚੀ ਵਿਆਯਾਮ, ਸੱਚੀ ਸਿਮਰਤੀ, ਸੱਚੀ ਸਮਾਧੀ।

ਸਥਵਿਰਵਾਦੀਆ ਦੇ ਹੋਰ ਪ੍ਰਮੁਖ ਸਿੱਧਾਂਤ ਪ੍ਰਤੀਤਯਸਮੁੱਤਪਾਦ ਅਰਥਾਤ ਕਾਰਣਵਾਦ, ਕਰਮ ਅਤੇ ਪੁਨਰਜਨਮ, ਅਨਿਤੱਤਾ, ਦੁੱਖ, ਅਨਾਤਮ, ਅਨੀਸ਼ਵਰਵਾਦ, ਸੈਂਤੀ (37) ਬੁੱਧਪੱਖੀ ਧਰਮ ਆਦਿ ਹਨ। ਜੀਵਨ ਦਾ ਉਦੇਸ਼ ਨਿਰਵਾਣ ਹੈ। ਨਿਰਵਾਣ ਦੀ ਪ੍ਰਾਪਤੀ ਚਾਰ ਆਰੀਆ ਸਤਿਆ ਦੀ ਜਾਣਕਾਰੀ, ਪ੍ਰਤੀਤਯਾਸਮੁੱਤਪਾਦ ਦੀ ਸਮਝ ਅਤੇ ਅਸ਼ਟਾਂਗ ਮਾਰਗ ਦਾ ਸਹੀ ਪਾਲਨ ਜਾਂ ਸ਼ੀਲ, ਸਮਾਧੀ, ਪ੍ਰਗਯਾ ਦੇ ਅਨੁਸਰਣ ਨਾਲ ਹੋਵੇਗੀ। ਅਨੁਸ਼ਾਸਨ ਅਤੇ ਸਾਧਕ ਜੀਵਨ ਦੇ ਸੰਬੰਧ ਵਿਚ ਭਗਵਾਨ ਬੁੱਧ ਦਾ ਕਹਿਣਾ ਹੈ - "ਸਾਰੇ ਪਾਪਾਂ ਨੂੰ ਨਾਸ ਕਰਨਾ, ਕੁਸ਼ਲ ਕੰਮਾਂ ਨੂੰ ਕਰਨਾ, ਚਿੱਤ ਨੂੰ ਪਰਿਸ਼ੁੱਧ ਰੱਖਣਾ, ਇਹੀ ਬੁੱਧ ਦਾ ਸ਼ਾਸਨ ਹੈ।

ਮਹਾਸੰਘਕ

ਦੂਜੀ ਸੰਗਤ ਦੇ ਸਮੇਂ ਵੈਸ਼ਾਲੀ ਦੇ ਵੱਜੀਪੁੱਤਕ ਭਿੱਖੂਆਂ ਨੇ 'ਦਸ ਵਥੂਨੀ' ਨੂੰ ਵਿਨਯ ਵਿਪਰੀਤ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਦੱਸ ਹਜਾਰ (10000) ਭਿੱਖੂਆਂ ਸਹਿਤ ਕੇਸਾਂਭੀ ਜਾ ਕੇ ਵੱਖਰੀ ਸੰਗਤ ਕੀਤੀ ਅਤੇ ਉਹਨਾਂ ਨੇ ਆਪਣੀ ਸੰਪਰਦਾ ਦਾ ਨਾਮ ਮਹਾਸੰਘਕ ਰੱਖਿਆ । ਅਸ਼ੋਕ ਦੇ ਕਾਲ ਤੱਕ ਆਉਂਦੇ ਆਉਂਦੇ ਮਹਾਂਸੰਘਕ ਸੰਪਰਦਾ ਤੋਂ ਪੰਜ ਹੋਰ ਸੰਪਰਦਾ ਨਿਕਲੇ ਪਰੰਤੂ ਫੇਰ ਵੀ ਮਹਾਸੰਘਕ ਦੀ ਆਪਣੀ ਹੋਂਦ ਬਣੀ ਰਹੀ। ਮਹਾਂਸੰਘਕ ਨੇ ਵਿਨਯ ਦੇ ਤਤਕਾਲੀ ਪ੍ਰਚਲਿਤ ਨਿਯਮਾਂ ਨੂੰ ਆਪਣੇ ਸਿਧਾਂਤਾਂ ਤੇ ਲਾਗੂ ਕੀਤਾ ਅਤੇ ਨਵੇਂ ਨਿਯਮ ਵੀ ਬਣਾਏ । ਮਹਾਵਸਤੂ ਤੋਂ ਪਤਾ ਚਲਦਾ ਹੈ ਕਿ ਮਹਾਸੰਘਕ ਲੋਕ ਉੱਤਰਵਾਦੀ ਬੋਧੀਸੱਤਵ ਨੂੰ ਉਤਪਾਦਕ ਅਰਥਾ ਸੈਭੰ : ਨਾ ਕਿ ਮਾਤਾ ਪਿਤਾ ਤੋਂ ਉਤਪੰਨ ਮੰਨਦੇ ਹਨ । ਬੋਧੀਸੱਤਵ ਦੀ ਗਰਭਕ੍ਰਾਂਤੀ 'ਨਿਰਮਤ' ਸਫੈਦ ਹਾਥੀ ਦੇ ਰੂਪ ਵਿੱਚ ਹੁੰਦੀ ਹੈ ਅਤੇ ਉਹਨਾਂ ਦੀ ਦੇਹ ਦਾ ਵਿਕਾਸ ਗਰਭ ਦੀ ਸਾਧਾਰਨ ਅਵਸਥਾਵਾਂ ਤੋਂ ਨਹੀਂ ਹੁੰਦਾ । ਬੋਧੀਸੱਤਵ ਗਰਭ ਵਿੱਚ ਰਹਿੰਦਿਆਂ ਵੀ ਕਈ ਦੇਵਤਿਆਂ ਨੂੰ ਉਪਦੇਸ਼ ਦਿੰਦੇ ਹਨ। ਬੋਧੀਸੱਤਵ ਹਮੇਸ਼ਾਂ ਨਿਸ਼ਕਾਮ ਹੈ, ਇਸ ਲਈ ਜੇ ਕਰ ਉਹਨਾਂ ਦੀ ਕੋਈ ਸੰਤਾਨ ਹੁੰਦੀ ਹੈ ਤਾਂ ਉਸ ਨੇ ਵੀ ਉਤਪਾਦਕ ਮੰਨਣਾ ਚਾਹੀਦਾ ਹੈ।" ਸਮਿਅਕ ਸੰਬੰਧ ਦਾ ਕੋਈ ਵੀ ਧਰਮ ਲੌਕਿਕ ਧਰਮਾ ਦੇ ਸਮਾਨ ਨਹੀਂ ਹੈ, ਉਹਨਾਂ ਦਾ ਸੁਭਾਅ ਲੋਕ ਤੋਂ ਪਰੇ ਹੈ । ਮਹਾਸੰਘਿਕ ਅਨੁਸਾਰ ਬੁੱਧ ਇਕੋ ਸਮੇਂ ਅਨੇਕ ਲੋਕਾਂ ਵਿੱਚ ਪ੍ਰਗਟ ਹੁੰਦੇ ਹਨ। ਵਸੁਮਿੱਤਰ ਦੇ ਵਰਣਨ ਵਿਚ ਵੀ ਬੁੱਧ ਦੀ ਲੋਕੋਤਰ ਅਤੇ ਅਨੇਕ ਹੋਰ ਮਹਾਸੰਘਿਕ ਸਿਧਾਂਤ ਦਿੱਤੇ ਗਏ ਹਨ। ਬੁੱਧ ਸਾਰੇ ਧਰਮਾਂ ਨੂੰ ਇਕ ਖਿਣ ਵਿੱਚ ਹੀ ਜਾਣਦੇ ਹੋਇਆਂ ਸਰਵੱਗ ਹੁੰਦੇ ਹਨ । ਬੁੱਧ ਦੇ ਸਰੀਰ ਦਾ ਨਿਰਮਾਣ ਅਠਾਰਾਂ (18) ਧਾਤੂਆਂ ਤੋਂ ਹੈ ਅਤੇ ਉਹ ਸਾਰੀਆਂ ਅਠਾਰਾਂ ਧਾਤੂਆਂ ਅਸ਼ੁੱਧੀਆਂ ਤੋਂ ਮੁਕਤ ਹਨ ਅਤੇ ਉਹਨਾਂ ਧਾਤੂਆਂ ਦਾ ਆਸ਼ਵਾਂ ਨਾਲ ਕੋਈ ਸਬੰਧ ਨਹੀਂ ਹੈ ।20 ਬੁੱਧ ਪ੍ਰਸ਼ਨਾਂ ਦਾ ਉੱਤਰ ਦੇਣ ਵਿੱਚ ਤਰਕ-ਵਿਤਰਕ ਨਹੀਂ ਕਰਦੇ ਹਨ। ਬੁੱਧ ਕੁਝ ਬੋਲਦੇ ਹੀ ਨਹੀਂ ਕਿਉਂਕਿ ਸ਼ਾਸਵਤ ਸਮਾਧੀ ਵਿੱਚ ਸਥਿਤ ਹੁੰਦੇ ਹਨ। ਪਰਿਨਿਰਵਾਣ ਵਿੱਚ ਪ੍ਰਵੇਸ਼ ਕਰਨ ਤੱਕ ਬੁੱਧ ਭਗਵਾਨ ਦਾ ਨਾਸ਼ਵਾਨ ਗਿਆਨ ਅਤੇ ਪੈਦਾ ਹੋਣ ਦਾ ਗਿਆਨ ਲਗਾਤਾਰ ਬਣਿਆ ਰਹਿੰਦਾ ਹੈ। ਬੁੱਧ ਸਭ ਦਿਸ਼ਾਵਾਂ ਵਿੱਚ ਸਥਿਤ ਰਹਿੰਦੇ ਹਨ। ਬੁੱਧ ਧਰਮ ਦੇ 2500 ਵਰ੍ਹਿਆਂ ਦੇ ਮਹਾਸੰਘਿਕਾ ਦੇ ਕੁਝ ਵਿਸ਼ਵਾਸ ਹੇਠ ਪ੍ਰਕਾਰ ਹਨ ।

1. ਪੰਜ ਵਿਗਿਆਨ ਰਾਗ ਸਹਿਤ ਅਤੇ ਵਿਰਾਗ ਦੋਵੇਂ ਪ੍ਰਕਾਰ ਦੇ ਹੁੰਦੇ ਹਨ।

2. ਰੂਪ ਇੰਦ੍ਰੀਆਂ ਕੇਵਲ ਸਰੀਰਕ ਹੁੰਦੇ ਹਨ, ਉਹ ਆਪਣੇ ਆਪ ਵਿੱਚ ਇੰਦ੍ਰੀਆਂ ਦੇ ਵਿਗਿਆਨ ਨੂੰ ਨਹੀਂ ਪਛਾਣ ਸਕਦੇ ।

3. ਪ੍ਰਗਿਆ ਦੁਆਰਾ ਦੁੱਖ ਦੀ ਪੂਰਨ ਸਮਾਪਤੀ ਅਤੇ ਨਿਰਵਾਣ ਸੰਭਵ ਹੈ।

4. ਸ੍ਰੋਤਾਪੰਨ ਪਿੱਛੇ ਮੁੜ ਕੇ ਜਾ ਸਕਦਾ ਹੈ ਪਰੰਤੂ ਅਰਹੱਤ ਨਹੀਂ । ਉਹ ਆਪਣਾ

ਚਿੱਤ ਅਤੇ ਚੈਤਸਿਕ ਧਰਮਾਂ ਦੁਆਰਾ ਜਾਣ ਸਕਦਾ ਹੈ।

5. ਕੁਝ ਵੀ ਵਿਆਖਿਆ ਤੋਂ ਪਰੇ ਨਹੀਂ ਹੈ ।

6. ਮਨ ਦਾ ਮੂਲ ਸੁਭਾਅ ਪਵਿੱਤਰ ਹੁੰਦਾ ਹੈ, ਉਹ ਕਲੇਸ਼ ਨਾਲ ਜੁੜ ਕੇ ਵਿਗੜ ਜਾਂਦਾ ਹੈ।

7. ਮੌਤ ਉਪਰੰਤ ਅਤੇ ਪੁਨਰ ਜਨਮ ਤੋਂ ਪਹਿਲਾਂ ਜੀਵ ਦੀ ਕੋਈ ਹੋਂਦ ਨਹੀਂ ਹੁੰਦੀ।

ਸਰਵ ਅਤਿਵਾਦ (ਸਰਵਹੋਂਦਵਾਦ)

'ਸੱਬੰ ਅਥਿ' (ਪਾਲੀ) ਜਾਂ ਸਰਬੰ ਅਸਤਿ (ਸੰਸਕ੍ਰਿਤ) ਅਰਥਾਤ 'ਸਭ ਚੀਜ਼ਾਂ ਦੀ ਹੋਂਦ ਵਿੱਚ ਜਦੋਂ ਸਥਵਿਰਵਾਦੀਆਂ ਦਾ ਸਮੂਹ ਪਤਨ ਵੱਲ ਜਾਣ ਲੱਗਿਆ । ਉਸ ਸਮੇਂ ਮਹਾਯਾਨ ਪੰਥ ਦੇ ਲੋਕਾਂ ਨੇ ਸਰਵਅਸਤਿਵਾਦਿਨ ਦਾ ਕਾਫੀ ਵਿਰੋਧ ਕੀਤਾ ਕਿਉਂਕਿ ਸਥਿਵਰਵਾਦੀ ਦੇ ਸਮਾਨ ਸਰਵਅਸਤਿਵਾਦੀ ਵੀ ਬੋਧ ਧਰਮ ਦੇ ਵਾਸਤਵਵਾਦੀ ਜਾਂ ਯਥਾਰਥਵਾਦੀ ਦੇ ਸਮਾਨ ਹੈ' ਅਜਿਹਾ ਵਿਸ਼ਵਾਸ ਕਰਨ ਵਾਲੇ ਪੰਥ ਜਾਂ ਸੰਪਰਦਾ ਨੂੰ ਬੁੱਧ ਧਰਮ ਵਿੱਚ ਸਰਵਅਸਤਿਵਾਦਿਨ ਨਾਮ ਨਾਲ ਜਾਣਿਆ ਜਾਂਦਾ ਹੈ । ਅਨੇਕ ਬੁੱਧ ਪੰਥਾਂ ਨੇ ਆਪਣੇ ਗ੍ਰੰਥਾਂ ਲਈ ਸੰਸਕ੍ਰਿਤ ਭਾਸ਼ਾ ਦਾ ਪ੍ਰਯੋਗ ਕੀਤਾ, ਉਹਨਾਂ ਵਿੱਚੋਂ ਸਰਵਅਸਤਿਵਾਦਿਨ ਸਥਵਿਰਵਾਦੀਆਂ ਦੇ ਨੇੜੇ ਹੈ। ਭਾਰਤਵਰਸ਼ ਸਨ । ਉਹਨਾਂ ਦਾ ਵਿਸ਼ਵਾਸ ਸੀ ਕਿ ਵਸਤੂਆਂ ਦੀ ਹੋਂਦ ਵਰਤਮਾਨ ਤੱਕ ਹੀ ਸੀਮਤ ਨਹੀਂ ਹੈ ਦੀ ਅਤਿ ਮਾਨਵੀ ਸ਼ਕਤੀਆਂ ਨੂੰ ਨਹੀਂ ਮੰਨਦੇ ਸਨ । ਜਦਕਿ ਮਹਾਂਸੰਘਿਕਾਂ ਦਾ ਵਿਸ਼ਵਾਸ ਸੀ ਕਿ ਅਤਿ ਮਾਨਵੀ ਸ਼ਕਤੀਆਂ ਬੁੱਧ ਅਤੇ ਬੋਧੀਸੱਤਵ ਵਿੱਚ ਵਿਦਮਾਨ ਹਨ। ਉਹਨਾਂ ਦੀ ਸ਼ਰਧਾ ਸੀ ਕਿ ਦੇਵਤਿਆਂ ਲਈ ਪਵਿੱਤਰ ਜੀਵਨ ਸੰਭਵ ਹੈ ਅਤੇ ਅਵਿਸ਼ਵਾਸੀ ਲੋਕਾਂ ਵਿੱਚ ਵੀ ਅਤਿ ਬਲਕਿ ਭੂਤ ਅਤੇ ਅਨਾਗਤ (ਭਵਿੱਖ) ਵਿੱਚ ਵੀ ਰਹਿੰਦੀ ਹੈ । ਭੂਤ ਅਤੇ ਅਨਾਗਤ ਵਰਤਮਾਨ ਦੀ ਹੀ ਪਰੰਪਰਾ ਵਿੱਚ ਹੁੰਦੇ ਹਨ । ਸਥਵਿਰਵਾਦੀਆਂ ਦੇ ਸਮਾਨ ਸਰਵਅਸਤਿਵਾਦੀ ਵੀ ਬੁੱਧ ਮਾਨਵੀ ਸ਼ਕਤੀਆਂ ਹੋ ਸਕਦੀਆਂ ਹਨ ਉਹ ਅੰਤਰਾਭਵ (ਇਸ ਜੀਵਨ ਅਤੇ ਅਗਲੇ ਜੀਵਨ ਵਿੱਚ) ਹੋਂਦ ਵਿੱਚ ਵਿਸ਼ਵਾਸ ਕਰਦੇ ਸਨ। ਉਹ ਇਹ ਵੀ ਮੰਨਦੇ ਸਨ ਕਿ ਬੋਧੀਸੱਤਵ ਅਲੱਗ ਵਿਅਕਤੀ

ਸਨ ਅਤੇ ਅਰਹਤ ਵੀ ਆਪਣੇ ਪੁਰਾਣੇ ਕਰਮਾਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਸਨ ਅਤੇ ਉਹਨਾਂ ਨੂੰ ਕੁਝ ਨਾ ਕੁਝ ਸਿੱਖਣਾ ਬਾਕੀ ਸੀ। ਉਹਨਾਂ ਦਾ ਵਿਸ਼ਵਾਸ ਨਿਰਾਤਮ ਵਿੱਚ ਸੀ। ਉਹਨਾਂ ਦਾ ਵਿਸ਼ਵਾਸ ਵਿਸ਼ਵ ਵਿੱਚ ਤੱਤਾਂ ਦੀ ਅਨੇਕਤਾ ਵਿੱਚ ਸੀ। ਉਹਨਾਂ ਅਨੁਸਾਰ ਤੱਤ 75 (ਪਚਹੱਤਰ) ਸਨ। ਇਹਨਾਂ ਵਿੱਚੋਂ 72 ਸੰਸਕ੍ਰਿਤ ਅਤੇ ਤਿੰਨ ਅਸੰਸਕ੍ਰਿਤ ਸਨ।

ਇਹ ਤਿੰਨ ਅਸੰਸਕ੍ਰਿਤ ਅਕਾਸ਼, ਪ੍ਰਤਿਸੰਖਿਆ ਨਿਰੋਧ ਅਤੇ ਅਪ੍ਰਤਿਸੰਖਿਆ ਨਿਰੋਧ ਸਨ। 72 ਸੰਸਕ੍ਰਿਤ ਧਰਮਾਂ ਦੀ ਵੰਡ ਚਾਰ ਖੰਡਾਂ ਵਿੱਚ ਕੀਤੀ ਗਈ ਸੀ ਜਿਸ ਵਿੱਚ ਰੂਪ 11 ਪ੍ਰਕਾਰ ਦਾ ਸੀ, 46 ਧਰਮ ਚਿੱਤ ਨਾਲ ਸੰਬੰਧਿਤ ਸਨ ਅਤੇ 14 ਧਰਮ ਚਿੱਤ ਵਿਸ਼ੇਸ਼ ਰੂਪ ਨਾਲ ਜੁੜੇ ਸਨ।

ਅੰਤਮ ਧਰਮ ਸੀ ਇੱਕ ਨਵੀਨ ਪ੍ਰਕਾਰ ਦੇ ਤੱਤਾਂ ਦਾ ਵਰਗ ਜੋ ਨਾ ਤਾਂ ਮਾਨਸਿਕ ਕਹੇ ਜਾ ਸਕਦੇ ਸਨ ਅਤੇ ਨਾ ਬੋਧਿਕ। ਫਿਰ ਵੀ ਮਾਨਸਿਕ ਜਾਂ ਬੋਧਿਕ ਆਧਾਰ ਤੋਂ ਬਿਨਾਂ ਉਹ ਕ੍ਰਿਆਸ਼ੀਲ ਨਹੀਂ ਹੋ ਸਕਦੇ ਸਨ। ਇਹ 75 ਤੱਤ ਕਾਰਣ-ਕਾਰਜ ਨਾਲ ਬੰਨੇ ਹੋਏ ਸਨ। ਉਹਨਾਂ ਵਿੱਚ ਛੇ ਹੇਤੂ ਅਤੇ ਚਾਰ ਪ੍ਰਤਿਅ ਸਨ।

ਕਾਸ਼ਪੀਅ

ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਾਸ਼ਪੀਅ ਸੰਪਰਦਾ ਦਾ ਜਨਮ ਭਗਵਾਨ ਬੁੱਧ ਦੇ ਮਹਾਪਰਿਨਿਰਵਾਣ ਦੇ ਲਗਭਗ 300 ਸਾਲਾਂ ਬਾਅਦ ਹੋਇਆ। ਹੁਣ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹਨਾਂ ਦਾ ਮੂਲ ਸਥਵਿਰਵਾਦ ਨਿਕਾਇ ਸੀ ਜਾਂ ਸਰਵਅਸਤਿਵਾਦ ਨਿਕਾਇ।

ਕਾਸ਼ਪੀਅ ਸਰਵਅਸਤਿਵਾਦੀਆਂ ਅਤੇ ਧਰਮ ਗੁਪਤਕਾਂ ਤੋਂ ਕਈ ਗੌਣ ਗੱਲਾਂ ਵਿੱਚ ਅਲੱਗ ਸਨ ਅਤੇ ਸਥਵਿਰਵਾਦੀਆਂ ਦੇ ਨੇੜੇ ਸਨ। ਇਸ ਲਈ ਇਹ ਸੰਭਵ ਹੈ ਕਿ ਇਹਨਾਂ ਦੀ ਉਤਪੱਤੀ ਸਰਵਅਸਤਿਵਾਦੀਆਂ ਤੋਂ ਹੋਈ ਹੈ ਪਰੰਤੂ ਸਥਵਿਰਵਾਦੀ ਪ੍ਰਭਾਵ ਦੇ ਕਾਰਨ ਇਹ ਵੀ ਸੰਭਵ ਹੈ ਕਿ ਸਥਵਿਰਾਂ ਤੋਂ ਇਹਨਾਂ ਦੀ ਉਤਪਤੀ ਸਰਵਅਸਤਿਵਾਦੀ ਪ੍ਰਭਾਵ ਕਾਰਨ ਹੋਈ ਹੋਏ।

ਸਥਵਿਰਵਾਦੀਆਂ ਦੀ ਨੇੜਤਾ ਕਰਕੇ ਇਹਨਾਂ ਨੂੰ ਸਥਾਵਰੀਯ ਵੀ ਕਿਹਾ ਜਾਂਦਾ ਹੈ। ਤਿੱਬਤੀ ਸ੍ਰੋਤਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਹਨਾਂ ਨੂੰ ਸੁਵਰਸ਼ਕ ਜਾਂ ਸਧਰਮਵਰਸ਼ਕ ਵੀ ਕਿਹਾ ਜਾਂਦਾ ਹੈ। ਅਭਿਲੇਖਾਂ ਅਤੇ ਚੀਨੀ ਪਾਤਰੀਆਂ ਦੇ ਵੇਰਵੇ ਤੋਂ ਪ੍ਰਤੀਤ ਹੁੰਦਾ ਹੈ ਕਿ ਇਹਨਾਂ ਦਾ ਨਿਵਾਸ ਖੇਤਰ ਉਤਰਾਪਥ ਵਿੱਚ ਸੀ। ਇਹ ਯਾਦ ਰੱਖਣ ਯੋਗ ਹੈ ਕਿ ਪਾਲੀ

ਪਰੰਪਰਾ ਅਤੇ ਸਾਂਚੀ ਦੇ ਅਭਿਲੇਖਾਂ ਤੋਂ ਇਹ ਪਤਾ ਚਲਦਾ ਹੈ ਕਿ ਕਾਸ਼ਯਪ ਗੋਤਰ ਦੇ ਭਿੱਖੂ ਸਾਰੇ ਹੈਮਵਤਾਂ ਦੇ ਅਚਾਰੀਆ ਸਨ। ਹੈਮਵਤਾਂ ਦੇ ਅਚਾਰੀਆ ਹੋਣ ਦਾ ਪ੍ਰਮਾਣ ਚੀਨੀ ਭਾਸ਼ਾ ਵਿੱਚ ਉਪਲਬਧ ਵਿਨਯ ਮਾਤ੍ਰਿਕਾ ਨਾਮਕ ਗ੍ਰੰਥ ਵਿੱਚ ਵੀ ਮਿਲਦਾ ਹੈ। ਇਸ ਲਈ ਅਜਿਹੀ ਸੰਭਾਵਨਾ ਕੀਤੀ ਜਾ ਸਕਦੀ ਹੈ ਕਿ ਕਾਸ਼ਪੀਅ ਅਤੇ ਹੈਮਵਤ ਸ਼ੁਰੂ ਵਿੱਚ ਇੱਕ ਹੀ ਹੋਣਗੇ ਕਿਉਂਕਿ ਹੈਮਵਤਾਂ ਦੀ ਉੱਤਪਤੀ ਹਿਮਵਤਸ ਪ੍ਰਦੇਸ਼ ਵਿੱਚ ਅਸ਼ੋਕ ਦੇ ਸਮੇਂ ਧਰਮ ਪ੍ਰਚਾਰ ਤੋਂ ਪ੍ਰਤੀਤ ਹੁੰਦੀ ਹੈ। ਭਵ ਦੀ ਕਸ਼ਮੀਰੀ ਪਰੰਪਰਾ ਦੇ ਅਨੁਸਾਰ ਹੈਮਵਤ ਸਥਵਿਰਾਂ ਤੋਂ ਵੱਖ ਨਹੀਂ ਸਨ। ਕਾਸ਼ਪੀਆਂ ਦਾ ਵਿਸ਼ਵਾਸ ਸੀ ਕਿ ਉਹ ਜੋ ਬੀਤ ਚੁੱਕਿਆ, ਜਿਸਦਾ ਫਲ ਮਿਲ ਚੁੱਕਿਆ, ਉਹ ਸਮਾਪਤ ਹੋ ਚੁੱਕਿਆ ਹੈ ਅਤੇ ਜਿਸਦਾ ਫਲ ਮਿਲਣਾ ਬਾਕੀ ਹੈ ਉਹ ਅਜੇ ਜੀ ਰਿਹਾ ਹੈ। ਕਾਸ਼ਪੀਆਂ ਲਈ ਕਿਹਾ ਜਾਂਦਾ ਹੈ ਕਿ ਉਹਨਾਂ ਨੇ ਸਰਅਸਤੀਵਾਦੀ ਅਤੇ ਵਿਭੱਜ-ਵਾਦੀਆਂ ਵਿਚਕਾਰ ਸਮਝੌਤਾ ਕੀਤਾ। ਕਾਸ਼ਪੀਅ ਸੰਪਰਦਾ ਦਾ ਆਪਣਾ ਇੱਕ ਤ੍ਰਿਪੀਟਕ ਵੀ ਹੈ।

ਬਹੁਸ਼ਰੁਤੀਅ

ਬਹੁਸ਼ਰੁਤੀਅ ਮਤ ਦਾ ਜ਼ਿਕਰ ਆਂਧਰਾ ਪ੍ਰਦੇਸ਼ ਦੇ ਅਮਰਾਵਤੀ ਅਤੇ ਨਾਗਾਰਜੁਨ ਕੰਡਾ ਦੇ ਸ਼ਿਲਾਲੇਖਾਂ ਵਿੱਚ ਮਿਲਦਾ ਹੈ ਅਤੇ ਪ੍ਰਤੀਤ ਹੁੰਦਾ ਹੈ ਕਿ ਇਹ ਮਤ ਗੰਧਾਰ ਵਿੱਚ ਵੀ ਪ੍ਰਚਲਿਤ ਸੀ। ਇਹ ਮਹਾਂਸੰਘਿਕ ਦੀ ਇੱਕ ਬਾਅਦ ਦੀ ਧਾਰਾ ਸੀ। ਇਸਦਾ ਆਰੰਭ ਇਕ ਅਜਿਹੇ ਅਚਾਰੀਆ ਦੁਆਰਾ ਹੋਇਆ ਜੋ ਬੋਧ ਧਰਮਾਂ ਦੇ ਸੂਤਰਾਂ ਵਿੱਚ ਬਹੁਸਰੁਤ ਸੀ। ਪਰਮਾਰਥ ਦੇ ਅਨੁਸਾਰ ਅਰਹੱਤ ਯਾਗਵਲਕਯ ਉਹਨਾਂ ਦੇ ਪਰਵਰਤਕ ਸਨ ਅਤੇ ਉਹਨਾਂ ਨੇ ਸੂਤਰਾਂ ਵਿੱਚ ਨੀਤਾਰਥ ਅਤੇ ਨੇਆਰਥ ਦਾ ਭੇਦ ਮੰਨਿਆ। ਹਰਿਵਰਮਨ ਦਾ 'ਸਤਿਆ-ਸਿੱਧੀ-ਸ਼ਾਸਤਰ ਵੀ ਇਸੇ ਸੰਪਰਦਾ ਨਾਲ ਸਬੰਧ ਰੱਖਦਾ ਹੈ। ਇਹ ਸ਼ਾਸਤ੍ਰ ਵਿੱਚ ਪੰਜ ਪਟਿਕਾਂ ਦਾ ਵਰਣਨ ਮਿਲਦਾ ਹੈ।2 ਜਿਵੇਂ 1. ਸੂਤਰ ਪੀਟਕ 2. ਵਿਨਯ ਪੀਟਕ 3. ਅਭਿਧਮ ਪੀਟਕ 4. ਸੰਯੁਕਤ ਪੀਟਕ।

ਵਸੂਮਿੱਤਰ ਅਨੁਸਾਰ, ਬਹੁਸ਼ਰੁਤੀਅ ਸੰਪਰਦਾ ਵਿੱਚ ਬੁੱਧ ਦੇ 'ਪੰਜ ਸਵਰ' ਦੇਸ਼ਨਾ ਦੀਆਂ ਪੰਜ ਵਸਤੂਆਂ ਸ਼ਾਂਤ ਜਾਂ ਲੋਕ ਉੱਤਰ ਮੰਨੀਆਂ ਜਾਂਦੀਆਂ ਸਨ।" 1. ਅਨਿੱਤਤਾ 2. ਦੁੱਖ 3. ਸੁਨਯਤਾ 4. ਅਨਾਤਮ 5. ਨਿਰਵਾਣ। ਇਹ ਵਸਤੂਆਂ ਮੁਕਤੀ ਮਾਰਗ ਤੇ ਪਹੁੰਚਾਉਂਦੀਆਂ ਹਨ। ਮਹਾਦੇਵ ਦੀ ਅਰਹੱਤ ਵਿਸ਼ਯਕ ਪੰਜ ਵਸਤੂਆਂ ਇਸ ਸੰਪਰਦਾ ਵਿੱਚ ਸਵੀਕਾਰੀਆ ਜਾਂਦੀਆਂ ਸਨ।" ਭਵ ਦੇ ਅਨੁਸਾਰ ਨਿਰਯਾਣਿਕ ਮਾਰਗ ਇਹਨਾਂ ਦੇ ਮਤ ਵਿੱਚ ਨਿਰਵਿਚਾਰ ਹੈ। ਦੁੱਖ

ਸਤਿਆ, ਸੰਵਰਿਤੀ ਸਤਿਆ ਅਤੇ ਆਰੀਆ ਸਤਿਆ ਸੱਚ ਹੈ। ਸਮਾਪੱਤਿ ਦਾ ਲਾਭ ਸੰਸਕਾਰ ਦੁੱਖ ਦੇ ਬੋਧ ਤੋਂ ਹੁੰਦਾ ਹੈ, ਦੁੱਖ-ਦੁੱਖਤਾ ਅਤੇ ਪਰਿਣਾਮ ਦੁੱਖਤਾ ਦਾ ਬੋਧ ਦੁਆਰਾ ਨਹੀਂ। ਕੁਝ ਸਿਧਾਂਤਕ ਮਾਮਲਿਆਂ ਵਿੱਚ ਸ਼ੈਲ ਸਾਖਾਵਾਂ ਵਿੱਚ ਅਤੇ ਇਹਨਾਂ ਵਿੱਚ ਬਹੁਤ ਕੁਝ ਇਕੋ ਜਿਹਾ ਸੀ ਅਤੇ ਬਾਕੀ ਮਾਮਲਿਆਂ ਵਿੱਚ ਉਹ ਸਰਵਅਸਤਿਵਾਦੀਆਂ ਦੇ ਨੇੜੇ ਸਨ। ਬੁੱਧ ਦੇ ਉਪਦੇਸ਼ਾਂ ਨੂੰ ਉਹ ਲੋਕੋਤਰ ਮੰਨਦੇ ਸਨ ਕਿਉਂਕਿ ਉਹਨਾਂ ਦੁਆਰਾ ਮੁਕਤੀ ਮਿਲਦੀ ਹੈ।

ਬਹੁਸ਼ਰਤੀਆਂ ਨੂੰ 'ਕੱਟਰ ਅਤੇ ਮਹਾਯਾਨ ਮਤ ਦੇ ਵਿਚਕਾਰ ਪੁੱਲ' ਮੰਨਿਆ ਜਾਂਦਾ ਹੈ ਕਿਉਂਕਿ ਉਹਨਾਂ ਨੇ ਦੋਹਾਂ ਦੇ ਉਪਦੇਸ਼ਾਂ ਨੂੰ ਮਿਲਾਉਣ ਦਾ ਯਤਨ ਕੀਤਾ। ਹਰੀਵਰਮਨ ਆਤਮ, ਨਿਰਾਤਮ ਅਤੇ ਧਰਮ-ਨਿਰਾਤਮ ਵਿੱਚ ਵਿਸ਼ਵਾਸ ਕਰਦੇ ਸਨ। ਕੱਟਰ ਵਿਚਾਰ ਧਾਰਾਵਾਂ ਦੀ ਤਰ੍ਹਾਂ ਉਹ ਵਿਸ਼ਵ ਦੀ ਅਨੇਕਰੂਪਤਾ ਵਿੱਚ ਵਿਸ਼ਵਾਸ ਕਰਦੇ ਸਨ, ਉਹਨਾਂ ਅਨੁਸਾਰ ਉਸ ਵਿੱਚ ਚੁਰਾਸੀ ਤੱਤ ਮੌਜੂਦ ਸਨ। ਮਹਾਯਾਨ- ਵਾਦੀਆਂ ਦੀ ਤਰ੍ਹਾਂ ਉਹਨਾਂ ਦਾ ਵਿਸ਼ਵਾਸ ਸੀ ਕਿ ਦੋ ਪ੍ਰਕਾਰ ਦੇ ਸਤਿਆ ਹਨ - 1. ਸੰਵਰਤੀ 2. ਪਰਮਾਰਥ। ਪਰਮਸੱਤ ਦੇ ਦ੍ਰਿਸ਼ਟੀਕੋਣ ਤੋਂ ਵਿਸ਼ਵ ਦੇ ਚੁਰਾਸੀ ਤੱਤ ਸਰਵਸੁਨਤਾ ਸਨ। ਤ੍ਰਿਕਾਇ ਬੁੱਧਕਾਇ ਅਤੇ ਧਰਮਕਾਇ ਦੇ ਸਿਧਾਂਤਾਂ ਵਿੱਚ ਵਿਸ਼ਵਾਸ ਰੱਖਦੇ ਸਨ। ਇਸਦਾ ਸਪਸ਼ਟੀਕਰਨ ਦਿੰਦਿਆਂ ਉਹ ਕਹਿੰਦੇ ਸਨ ਕਿ ਸ਼ੀਲ, ਸਮਾਧੀ, ਪ੍ਰਗਿਆ, ਵਿਮੁਕਤੀ ਗਿਆਨ ਦਰਸਨ ਆਦਿ ਵਿੱਚ ਇਹ ਧਰਮਕਾਇ ਬਣੇ ਹਨ। ਭਾਵੇਂ ਬੁੱਧ ਦੇ ਪਰਮ ਅਤਿਮਾਨਵੀ ਸੁਭਾਅ ਵਿੱਚ ਉਹਨਾਂ ਦਾ ਵਿਸ਼ਵਾਸ ਨਹੀਂ ਸੀ, ਫੇਰ ਵੀ ਬੁੱਧ ਦੀਆਂ ਵਿਸ਼ੇਸ਼ ਸ਼ਕਤੀਆਂ ਵਿੱਚ ਉਹਨਾਂ ਦਾ ਵਿਸ਼ਵਾਸ ਸੀ। ਜਿਵੇਂ-ਦਸ ਬਲ, ਚਾਰ ਇਸ਼ਾਰਦ। ਉਹਨਾਂ ਦਾ ਵਿਸ਼ਵਾਸ ਵਰਤਮਾਨ ਵਿੱਚ ਸੀ। ਭੂਤ ਅਤੇ ਭਵਿੱਖ ਨੂੰ ਉਹ ਨਿਰਹੋਂਦ ਮੰਨਦੇ ਸਨ।

ਲੋਕੋਤੱਰਵਾਦ

ਵਸੂਮਿੱਤਰ ਦੇ ਅਨੁਸਾਰ ਬੁੱਧ ਪਰਿਨਿਰਵਾਣ ਦੇ ਦੂਜੀ ਸਦੀ ਵਿੱਚ ਇਕਵਿਹਾਰਿਕਾਂ ਅਤੇ ਗੋਕੁਲਿਕਾਂ ਦੇ ਨਾਲ ਲੋਕੋਤੱਰਵਾਦੀਆਂ ਦਾ ਵੀ ਮਹਾਸੰਘਿਕਾ ਦੇ ਮੱਧ ਤੋਂ ਉਦਗਮ ਹੋਇਆ। ਥੇਰਵਾਦੀ ਅਤੇ ਸੰਮਤੀਆ ਪਰੰਪਰਾਵਾਂ ਵਿੱਚ ਕੇਵਲ ਇਕਵਿਹਾਰਿਕਾਂ ਅਤੇ ਗੋਕੁਲਿਕਾਂ ਦਾ ਉਲੇਖ ਹੈ। ਵਿਨੀਤਦੇਵ ਵਿੱਚ ਕੇਵਲ ਲੋਕੋਂਤੱਰ-ਵਾਦੀਆਂ ਦਾ ਉਲੇਖ ਹੈ। ਭਵ ਦੀ ਮਹਾਸੰਘਿਕਾ ਦੀ ਸੂਚੀ ਵਿੱਚ ਕੇਵਲ ਮਹਾਂਸੰਘਿਕਾ ਅਤੇ ਗੋਕੁਲਿਕਾਂ ਦਾ ਉਲੇਖ ਹੈ। ਤਾਰਾਨਾਥ ਅਨੁਸਾਰ ਲੋਕੋਤੱਰਵਾਦੀ ਗੋਕੁਲਿਕਾਂ ਤੋਂ ਵੱਖ ਨਹੀਂ ਸਨ ਅਤੇ ਇਕਵਿਹਾਰਿਕ ਮਹਾਸੰਘਿਕਾਂ ਤੋਂ ਵੱਖ ਨਹੀਂ ਸਨ ।

ਲੋਕੋਤੱਰਵਾਦੀ ਜਿਵੇਂ ਕਿ ਇਸਦੇ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਸ ਸੰਪਰਦਾ ਦੇ ਲੋਕ ਬੁੱਧ ਅਤੇ ਬੋਧੀਸੱਤਵ ਦੀ ਲੋਕੇਤੱਰਤਾ ਵਿੱਚ ਵਿਸ਼ਵਾਸ ਕਰਦੇ ਸਨ। ਇਸ ਸਿਧਾਂਤ ਦਾ ਸਮਰਥਨ ਮਹਾਵਸਤੂ ਨਾਮਕ ਗ੍ਰੰਥ ਤੋਂ ਵੀ ਹੁੰਦਾ ਹੈ। ਨਿਦਾਨ ਕਥਾ ਦੇ ਸਮਾਨ ਮਹਾਵਸਤੂ ਵਿੱਚ ਬੁੱਧ-ਚਰਿਤ ਦਾ ਤਿੰਨ ਵਿਭਾਗਾਂ ਵਿੱਚ ਵਰਣਨ ਦਿੱਤਾ ਗਿਆ ਹੈ - (1) ਇਸ ਵਿੱਚ ਦੀਪੰਕਰ ਬੁੱਧ ਦੇ ਸਮੇਂ ਦੇ ਬੋਧੀਸੱਤਵ ਚਰਿਆ ਦਾ ਵਰਣਨ ਹੈ। (2) ਇਸ ਵਿੱਚ ਤੁਸਿਤ ਸਵਰਗ ਅਤੇ ਬੋਧੀਸੱਤਵ ਦੀ ਗਰਭ ਪ੍ਰਵੇਸ਼ ਤੋਂ ਲੈ ਕੇ ਸੰਬੋਧੀ ਤੱਕ ਦਾ ਵਰਣਨ ਹੈ। (3) ਇਸ ਵਿੱਚ ਧਰਮ ਚੱਕਰ ਪਰਿਵਰਤਨ ਕੇਵਲ ਸੰਘ ਦੇ ਜਨਮ ਦਾ ਮਹਾਵੱਗ ਨਾਲ ਤੁਲਨਾਤਮਿਕ ਵਰਣਨ ਹੈ। ਅਨੇਕ ਜਾਤਕਾਂ, ਅਵਦਾਨ ਸੁਤਰਾਂ ਅਤੇ ਗਾਥਾਵਾਂ ਦੇ ਯੋਗ ਨੇ ਇਸ ਗ੍ਰੰਥ ਨੂੰ ਵੱਡਾ ਆਕਾਰ ਦੇ ਦਿੱਤਾ ਹੈ। ਬੋਧੀਸੱਤਵ ਦੀ ਲੋਕੋਤੱਰਤਾ ਅਤੇ ਉਹਨਾਂ ਦੇ ਅਧਿਆਤਮਿਕ ਵਿਕਾਸ ਦੀ ਭੂਮਿਕਾ ਦਾ ਇਸ ਵਿੱਚ ਵਰਣਨ ਕੀਤਾ ਗਿਆ ਹੈ।

ਪਰਮਾਰਥ ਦੇ ਅਨੁਸਾਰ ਲੋਕੋਤੱਰਵਾਦੀ ਲੌਕਿਕ ਧਰਮਾਂ ਨੂੰ ਵਾਸਤਵਿਕ ਨਹੀਂ ਮੰਨਦੇ ਸਨ ਕਿਉਂਕਿ ਉਹ ਕਰਮ ਤੋਂ ਪੈਦਾ ਹੁੰਦੇ ਹਨ ਅਤੇ ਕਰਮ ਆਪ ਕਾਰਣ (ਵਿਪਾਕ) ਤੋਂ ਉਤਪੰਨ ਹੁੰਦਾ ਹੈ। ਲੋਕੋਤੱਰ ਧਰਮ ਪਰਮਾਰਥਿਕ ਹੈ। ਮਾਰਗ ਅਤੇ ਮਾਰਗ ਫਲ ਪਰਮਾਰਥਿਕ ਹੈ। ਮਾਰਗ ਫਲ ਵਿੱਚ ਦੇ ਸ਼ੂਨਯਤਾਵਾਂ ਸੰਗ੍ਰਹਿਤ ਹਨ। ਦੋ ਸ਼ੂਨਯਤਾਵਾਂ ਦੇ ਟੀਚੇ ਤੱਕ ਪਹੁੰਚਾਉਣ ਵਾਲੀ ਪ੍ਰਗਿਆ ਹੀ ਮਾਰਗ ਹੈ। ਸ਼ੂਨਯਤਾ ਹੀ ਪਰਮਾਰਥ ਹੈ ਅਤੇ ਉਸਦਾ ਬੋਧ ਵੀ।

ਚੈਤਯਕ

ਮਹਾਂਸੰਘਿਕਾ ਦੇ ਵਿੱਚੋਂ ਹੀ ਦੂਜੇ ਮਹਾਦੇਵ ਦੇ ਕਾਰਨ ਚੈਤਯਕ ਸੰਪਰਦਾ ਦੀ ਉਤਪੱਤੀ ਹੋਈ ਹੈ। ਦੂਜੇ ਮਹਾਦੇਵ ਇਕ ਵਿਦਵਾਨ ਸਾਧੂ ਸੀ ਜਿਸਨੂੰ ਮਹਾਂਸੰਘਿਕ ਸੰਘ ਵਿੱਚ ਦੀਕਸ਼ਾ ਮਿਲੀ ਸੀ। ਹਾਲਾਂਕਿ ਉਹ ਪਹਿਲੇ ਮਹਾਦੇਵ ਦੇ ਅਰਹਤ ਸਬੰਧੀ ਪੰਜ ਸਿਧਾਂਤਾਂ ਨੂੰ ਮੰਨਦੇ ਸਨ, ਫੇਰ ਵੀ ਉਹਨਾਂ ਨੇ ਇਕ ਨਵਾਂ ਪੰਥ ਜਾਂ ਸੰਘ ਚਲਾਇਆ। ਉਹਨਾਂ ਦਾ ਅਤੇ ਉਹਨਾਂ ਦੇ ਚੇਲਿਆਂ ਦਾ ਨਿਵਾਸ ਸਥਾਨ ਜਿਸ ਪਰਬਤ ਤੇ ਸੀ ਉਥੇ ਇਕ ਚੈਤਯ ਸੀ। ਇਸੇ ਕਾਰਣ ਉਹਨਾਂ ਦੇ ਅਨੁਯਾਈ ਜਾਂ ਸੰਪਰਦਾ ਦਾ ਨਾਮ ਚੈਤਯਕ ਪਿਆ। ਚੈਤਯਕ ਸੰਪਰਦਾ ਦੀ ਪ੍ਰਮਾਣਿਕਤਾ ਅਮਰਾਵਤੀ ਅਤੇ ਨਾਗਾਰਜੁਨਕੋਂਡਾ ਦੇ ਸ਼ਿਲਾਲੇਖਾਂ ਤੋਂ ਵੀ ਹੁੰਦੀ ਹੈ।

ਚੈਤਯਕ ਸੰਪਰਦਾ ਮਹਾਦੇਵ ਦੇ ਪੰਜ ਸਿਧਾਂਤਾਂ ਨੂੰ ਮੰਨਦੇ ਸਨ ਫੇਰ ਵੀ ਕੁਝ ਗੱਲਾਂ ਵਿੱਚ ਉਹ ਮਹਾਸੰਘਿਕਾਂ ਤੋਂ ਵੱਖ ਵਿਚਾਰ ਰੱਖਦੇ ਸਨ। ਚੈਤਯਕ ਸੰਪਰਦਾ ਸਿਧਾਂਤ ਹੇਠ ਲਿਖੇ ਹਨ - ਚੈਤਿਯਾਂ ਦੇ ਨਿਰਮਾਣ, ਅਲੰਕਰਣ ਅਤੇ ਪੂਜਾ ਨਾਲ ਬੜਾ ਪੁੰਨ ਮਿਲਦਾ ਹੈ, ਚੈਤਿਯਾਂ ਦੀ ਪਰਿਕਰਮਾ ਵੀ ਪੁੰਨ ਕਾਰਕ ਹੁੰਦੀ ਹੈ। ਚੈਤਿਯਾਂ ਨੂੰ ਫੂਲ-ਮਾਲਾਵਾਂ, ਸੁਗੰਧ ਆਦਿ ਚੜਾਉਣਾ ਪੁੰਨਦਾਇਕ ਹੁੰਦਾ ਹੈ।

ਭੇਟ ਚੜਾਉਣ ਨਾਲ ਧਾਰਮਿਕ ਪੁੰਨ ਮਿਲ ਸਕਦਾ ਹੈ। ਅਜਿਹੇ ਪੁੰਨ ਆਪਣੇ ਮਿੱਤਰਾਂ ਅਤੇ ਸਕੇ ਸਬੰਧੀਆਂ ਨੂੰ ਅਸੀਂ ਉਹਨਾਂ ਦੇ ਸੁੱਖਾਂ ਲਈ ਦੇ ਸਕਦੇ ਹਾਂ -ਇਹ ਵਿਚਾਰ ਆਦਿ ਬੋਧ ਧਰਮ ਲਈ ਅਗਿਆਤ ਸੀ ਪਰੰਤੂ ਮਹਾਯਾਨ ਵਿੱਚ ਪ੍ਰਚਲਿਤ ਸੀ। ਇਹਨਾਂ ਮਾਨਤਾਵਾਂ ਨੇ ਬੋਧ ਧਰਮ ਨੂੰ ਜਨ ਸਾਧਾਰਨ ਵਿੱਚ ਲੋਕਪ੍ਰਿਯ ਬਣਾਇਆ।

ਬੁੱਧ ਤ੍ਰਿਸ਼ਨਾ, ਈਰਖਾ, ਦਵੇਖ ਅਤੇ ਭਰਮ ਤੋਂ ਮੁਕਤ ਹਨ। ਉਹ ਰਾਸ, ਦੋਸ਼, ਮੋਹ ਦੇ ਵਿਜੇਤਾ ਹੈ। ਉਹ ਅਰਹਤਾਂ ਤੋਂ ਉਪਰ ਹਨ ਕਿਉਂਕਿ ਉਹਨਾਂ ਕੋਲ ਦਸ-ਬਲ ਹਨ।

ਸੰਮਿਅਕ ਦ੍ਰਿਸ਼ਟੀ ਵਾਲਾ ਵਿਅਕਤੀ ਦਵੇਖ ਮੁਕਤ ਨਹੀਂ ਹੋ ਸਕਦਾ ਅਤੇ ਇਸੇ ਕਾਰਨ ਉਹ ਹੱਤਿਆ ਦੇ ਪਾਪ ਦੇ ਖਤਰੇ ਤੋਂ ਮੁਕਤ ਨਹੀਂ ਹੁੰਦਾ। ਨਿਰਵਾਣ ਇਕ 'ਅਮ੍ਰਿਤ ਧਾਤੁ' ਅਵਸਥਾ ਹੈ।

ਵਸੂਮਿੱਤਰ ਦੇ ਚੀਨੀ ਅਨੁਵਾਦ ਦੇ ਅਨੁਸਾਰ ਬੋਧੀਸੱਤਵ ਲਈ ਸਵੈਇਛਿਤ ਗਤੀ ਪ੍ਰਾਪਤੀ ਸੰਭਵ ਹੈ। ਸਤੂਪ ਦੀ ਪੂਜਾ ਨਾਲ ਮਹਾਫਲ ਨਹੀਂ ਹੁੰਦਾ ਅਤੇ ਪਹਿਲੇ ਮਹਾਦੇਵ ਦੀਆਂ ਪੰਜ ਵਸਤੂਆਂ ਸਵੀਕਾਰ ਕੀਤੀਆਂ ਜਾਂਦੀਆਂ ਹਨ। ਬੁੱਧ ਅਤੇ ਬੋਧੀਸੱਤਵ ਨੂੰ ਦੇਵਤਾ-ਰੂਪ ਦੇਣ ਵਾਲਾ ਇਹ ਪਹਿਲਾ ਮਤਵਾਦ ਸੀ। ਉਹਨਾਂ ਦੇ ਸੰਭੋਗਕਇ ਦੇ ਸਿਧਾਂਤ ਤੋਂ ਤ੍ਰਿਕਾਇ ਸਿਧਾਂਤ ਬਣਿਆ।

ਵਾਤਸੀ ਪੁੱਤਰੀਆ (ਵੱਜੀਪੁੱਤਰਕ)

ਦੂਜੀ ਸੰਗਤ ਦੇ ਵਿਭਾਜਨ ਦੇ ਫਲਸਰੂਪ ਮਹਾਂਸੰਘਿਕ ਮਹਾਯਾਨਿਕ ਸੁਨਤਾ ਅਤੇ ਲੋਕੋਂ ਤੱਰਵਾਦ ਬੁੱਧ ਅਤੇ ਬੋਧੀਸੱਤਵ ਵੱਲ ਵਧੇ ਅਤੇ ਦੂਜੀ ਸੰਪਰਦਾ ਸਥਵਿਰਵਾਦ, ਜੋ ਆਪਣੇ ਆਪ ਨੂੰ ਮੂਲ ਮੰਨਦੇ ਸਨ, ਅਨੇਕ ਧਰਮਾਂ ਦੀ ਵੱਖ-ਵੱਖ ਸੱਤਾ ਦੇ ਸਮਰਥਕ ਬਣ ਗਏ ਅਤੇ ਅਭਿਧਰਮ ਦੇ ਮੂਲ ਸਿਧਾਂਤਾਂ ਨੂੰ ਵਿਕਸਿਤ ਕਰਦੇ ਰਹੇ। ਬੁੱਧ ਪਰਿਵਾਣ ਦੀ ਦੂਜੀ ਸਦੀ ਵਿੱਚ ਸਥਵਿਰਾਂ ਦੇ ਮੁੱਖ ਕੇਂਦਰ ਕੋਸ਼ਾਂਭੀ ਮਥੁਰਾ ਅਤੇ ਅਵੰਤੀ ਸਨ। ਕਦੀ ਵਤਸ ਦੇਸ਼ ਦੀ ਰਾਜਧਾਨੀ ਕੋਸ਼ਾਂਭੀ ਦੇ ਨੇੜੇ ਹੀ

ਵਾਤਸੀ ਪੁੱਤਰੀਆ ਦਾ ਜਨਮ ਹੋਇਆ ਹੈ। ਸਥਵਿਰਵਾਦੀਆਂ ਦੇ ਵਿੱਚੋਂ ਜੋ ਸ਼ਾਖਾਵਾਂ ਨਿਕਲੀਆਂ ਉਸ ਵਿੱਚ ਸਭ ਤੋਂ ਪਹਿਲੀ ਵਾਤਸੀ ਪੁੱਤਰੀਆ ਹੀ ਸੀ। ਇਸ ਸੰਪਰਦਾ ਦੇ ਭਿੱਖੂ ਪੁਦਗਲਵਾਦੀ ਸਨ। ਤੀਜੀ ਸੰਗਤ ਦੇ ਵਰਣਨ ਦੇ ਆਧਾਰ ਤੇ 'ਡਾ. ਗੋਵਿੰਦ ਚੰਦਰ ਪਾਂਡੇ ਅਨੁਸਾਰ ਤੀਜੀ ਸੰਗਤ ਦੇ ਅਧਿਅਕਸ਼ ਮੋਗੱਲੀਪੁਤ ਤਿੱਸ ਨੇ ਪ੍ਰਧਾਨ ਰੂਪ ਨਾਲ ਪੁਦਗਲਵਾਦੀਆਂ ਅਥਵਾ ਵਾਤਸੀ ਪੁੱਤਰੀਆ ਦਾ ਹੀ ਖੰਡਨ ਕੀਤਾ।"

ਵਾਤਸੀ ਪੁੱਤਰੀਆ ਸੰਪਰਦਾ ਨੇ ਤਤਕਾਲੀ ਬੋਧ ਸੁੱਤਾਂ ਤੋਂ ਉਹ ਸਭ ਇਕੱਠਾ ਕੀਤਾ ਜਿਸ ਵਿਚ ਪੁਦਗਲ ਸ਼ਬਦ ਸੀ ਅਤੇ ਉਹਨਾਂ ਨੇ ਇਹ ਮੰਨ ਲਿਆ ਕਿ ਅਜਿਹੇ ਪੁਦਗਲ ਦੇ ਬਿਨਾਂ ਪੁਨਰ ਜਨਮ ਸੰਭਵ ਨਹੀਂ ਹੈ। ਅਭਿਧਰਨ ਕੋਸ਼ ਵਿਚ ਬਸੂਬੰਧੂ ਨੇ ਪੁਸਤਕ ਦੇ ਅੰਤ ਵਿੱਚ ਇੱਕ ਵਿਸ਼ੇਸ਼ ਅਧਿਆਇ ਵਿੱਚ, ਉਪ-ਦ੍ਰਿਸ਼ਟੀਕੋਣ ਦਾ ਵਿਰੋਧ ਕਰਨ ਦਾ ਯਤਨ ਕੀਤਾ। ਵਾਤਸੀ ਪੁੱਤਰੀਆ ਦੇ ਅਨੁਸਾਰ ਪੁਦਗਲ ਨਾ ਤਾਂ ਸੰਕਧਾ ਵਰਗਾ ਸੀ ਨਾ ਉਸ ਤੋਂ ਵੱਖਰਾ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਅਰਹਤ ਦਾ ਪਤਨ ਹੋ ਸਕਦਾ ਹੈ ਅਤੇ ਅਵਿਸ਼ਵਾਸੀ ਚਮਤਕਾਰ ਵੀ ਦਿਖਾ ਸਕਦੇ ਹਨ।

ਵਾਤਸੀ ਪੁੱਤਰੀਆ ਦਾ ਅਭਿੱਧਮਪੀਟਕ ਸਾਰਿਪੁਤਰ ਅਭਿਧਰਮ ਜਾਂ ਪਰਮ ਲੱਛਣ ਅਭਿਧਰਮ ਅਖਵਾਉਂਦਾ ਹੈ ਅਤੇ ਉਸਦੇ ਨੌ ਭਾਗ ਸਨ। ਵਾਤਸੀ ਪੁੱਤਰੀਆ ਤੋਂ ਧਰਮ ਉਤਰੀਆ, ਭੱਦਰਯਾਨੀਆ, ਛੰਨਾਗਰਿਕ ਅਤੇ ਸੰਮਤੀਆ ਨਾਮ ਦੀਆਂ ਸ਼ਾਖਾਵਾਂ ਨਿਕਲੀਆਂ ਜਿਸ ਵਿੱਚੋਂ ਸੰਮਤੀਆ ਨੂੰ ਸਭ ਤੋਂ ਜ਼ਿਆਦਾ ਮਹੱਤਵ ਪ੍ਰਾਪਤ ਹੋਇਆ। ਵਸੂਮਿੱਤਰ ਅਨੁਸਾਰ ਇਕ ਗਾਥਾ ਦੇ ਵਿਆਖਿਆਨ ਤੇ ਵਿਵਾਦ ਦੇ ਕਾਰਨ ਸ਼ਾਖਾਵਾਂ ਪ੍ਰਗਟ ਹੋਈਆਂ।

ਮਹੀਸ਼ਾਸਕ

ਮਹੀਸ਼ਾਸਕ ਸੰਪਰਦਾ ਦੇ ਦੋ ਗੁਣ ਸਨ ਜੋ ਸਮੇਂ-ਸਮੇਂ ਪ੍ਰਸਿੱਧ ਹੋਏ। ਇਹਨਾਂ ਵਿੱਚੋਂ ਕਿਹੜਾ ਮੂਲ ਸੀ, ਇਸਦੇ ਨਿਰਣੈ ਲਈ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਮਤ ਪ੍ਰਗਟ ਕੀਤੇ। ਦੱਤ ਅਨੁਸਾਰ ਪੂਰਵ ਮਹੀਸ਼ਾਸਕ ਸਰਵਅਸਤੀਵਾਦੀਆਂ ਤੋਂ ਪ੍ਰਾਚੀਨ ਸਨ ਅਤੇ ਉੱਤਰ ਮਹੀਸ਼ਾਸਕ ਉਹਨਾਂ ਤੋਂ ਬਾਅਦ ਦੇ ਸਨ। ਪ੍ਰਿਲੁਸਕੀ ਸਾਹਿਬ ਅਨੁਸਾਰ ਪੂਰਵ ਮਹੀਸ਼ਾਸਕ ਪੁਰਾਣ ਦੇ ਅਨੁਗਾਮੀ ਸਨ ਜਿਸਨੇ ਪਹਿਲੀ ਸੰਗਤ ਵਿੱਚ ਸ਼ਾਮਿਲ ਹੋਣ ਅਤੇ ਉਸਦੀ ਕਾਰਵਾਈ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। " ਮਹੀਸ਼ਾਸਕਾਂ ਦੇ ਨਾਮ ਨੂੰ ਮਹੇਸ਼ ਮੰਡਲ ਨਾਲ ਸੰਬੰਧਿਤ ਦਸਿਆ ਗਿਆ ਹੈ। ਅਭਿਧਰਮ ਲੇਖਕਾਂ ਨਾਲ ਉਹਨਾਂ ਦਾ ਵਨਵਾਸੀਆਂ ਨਾਲ ਸਬੰਧ ਸਿੱਧ ਹੁੰਦਾ ਹੈ। ਚੀਨੀ ਯਾਤਰੀ ਫਾਹਿਯਾਨ ਨੇ ਉਹਨਾਂ ਦਾ ਵਿਨਯ ਪੰਦ ਸਿਹਲ (ਸ੍ਰੀ

ਲੰਕਾ) ਯਾਤਰਾ ਦੇ ਕੇ ਕ੍ਰਮ ਵਿੱਚ ਪ੍ਰਾਪਤ ਕੀਤਾ ਸੀ । ਈ-ਚਿੰਗ ਨੇ ਉਹਨਾਂ ਨੂੰ ਭਾਰਤ ਵਿੱਚ ਕਿੱਧਰੇ ਨਹੀਂ ਦੇਖਿਆ। ਜਾਤਕ ਅੱਠਕਥਾ ਦੇ ਆਰੰਭਿਕ ਸਲੋਕ ਵਿੱਚ ਇਹ ਕਿਹਾ ਗਿਆ ਹੈ ਕਿ ਉਸਦੇ ਲੇਖਕ ਨੇ ਮਹੀਸ਼ਾਸਕ ਪਰੰਪਰਾ ਵਿੱਚ ਜਨਮੇ ਹੋਏ ਆਪਣੇ ਇੱਕ ਮਿੱਤਰ ਬੁੱਧ ਦੇਵ ਦੇ ਕਹਿਣ ਤੇ ਲਿਖੀ । ਥੇਰਵਾਦੀਆ ਸਮਾਨ ਆਰੰਭਿਕ ਮਹੀਸ਼ਾਸਕ ਵੀ ਇਕੱਠੇ ਚਾਰ ਆਰੀਆ ਸਤਿਆ ਵਿੱਚ ਵਿਸ਼ਵਾਸ ਕਰਦੇ ਸਨ । ਉਹਨਾਂ ਦੇ ਨੌਂ ਅਸੰਸਕ੍ਰਿਤ ਧਰਮ ਸਨ - (1) ਪ੍ਰਤਿਸੰਖਿਆ ਨਿਰੋਧ, ਗਿਆਨ ਦੁਆਰਾ ਸਮਾਪਤ ਕਰਨਾ (2) ਅਪ੍ਰਤਿ ਸੰਖਿਆ ਨਿਰੋਧ, ਅਗਿਆਨ ਦੁਆਰਾ ਸਮਾਪਤ ਕਰਨਾ ਜਾਂ ਕਾਰਣ ਦਾ ਸੁਭਾਵਿਕ ਰੂਪ ਨਾਲ ਸਮਾਪਤ ਹੋਣਾ (3) ਅਕਾਸ (4) ਸਥਿਰਤਾ (5) ਕੁਸ਼ਲ ਧਰਮ ਸਬੰਧੀ (6) ਅਕੁਸ਼ਲ ਧਰਮ ਸਬੰਧੀ (7) ਅਕੱਥ ਧਰਮ ਸਬੰਧੀ (8) ਮਾਰਗ ਸਬੰਧੀ ਅਤੇ (9) ਪ੍ਰਤੀਤਯਸਮੁਤਪਾਦ ਸਬੰਧੀ । ਇਹਨਾਂ ਪ੍ਰਤੀਤਯਸਮੁਤਪਾਦ ਸਬੰਧੀ ਧਰਮ ਮਹਾਸੰਘਿਕਾਂ ਦੀ ਸੂਚੀ ਵਿੱਚ ਵੀ ਹਨ।

ਬਾਅਦ ਦੇ ਮਹੀਸ਼ਾਸਕਾਂ ਨੇ ਇਸ ਪੰਥ ਦੇ ਪਹਿਲੇ ਮੰਨਣ ਵਾਲਿਆਂ ਤੋਂ ਵੱਖ ਹੋਰ ਵਿਰੋਧੀ ਮਤ ਰੱਖੇ । ਸਰਵਅਸਤੀਵਾਦੀਆਂ ਦੀ ਤਰ੍ਹਾਂ ਇਹਨਾਂ ਦਾ ਵੀ ਗਤ (ਭੂਤ), ਅਗਤ (ਭਵਿੱਖ) ਅਤੇ ਅੰਤਰਭਾਵ (ਵਰਤਮਾਨ) ਵਿੱਚ ਵਿਸ਼ਵਾਸ ਸੀ ਅਤੇ ਉਹ ਮੰਨਦੇ ਸਨ ਕਿ ਸਕੰਧ, ਆਇਤਨ ਅਤੇ ਧਾਤੂ ਬੀਜਾਂ ਦੇ ਰੂਪ ਵਿੱਚ ਵੱਸਦੇ ਹਨ।

ਧਰਮਗੁਪਤਿਕ

ਨਿਕਾਇ ਭੇਦ ਦੀਆਂ ਸਾਰੀਆਂ ਪਰੰਪਰਾਵਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਧਰਮਗੁਪਤਿਕਾਂ ਦੀ ਉਤਪੱਤੀ ਮਹੀਸ਼ਾਸਕਾਂ ਜਾਂ ਮਹੀਸ਼ਾਸਕ ਅਨੁਯਾਈਆਂ ਦੇ ਟੁੱਟਣ ਕਰਕੇ ਹੋਈ । ਬੋਧ ਧਰਮ ਵਿੱਚ ਬੁੱਧ ਅਤੇ ਸੰਘ ਨੂੰ ਦਿੱਤੇ ਗਏ ਭੇਟਾਂ ਜਾਂ ਦਾਨ ਦੇ ਸਰੂਪ ਵਿੱਚ ਮਤਭੇਦ ਹੋਣ ਕਰਕੇ ਮਹੀਸ਼ਾਸਕੀ ਤੋਂ ਵੱਖ ਹੋ ਕੇ ਕੁਝ ਭਿੱਖੂਆਂ ਨੇ ਅਲੱਗ ਗੁੱਟ ਬਣਾਏ ਜਿਸਦਾ ਨਾਮ ਧਰਮਗੁਪਤਿਕ ਪਿਆ। ਪਰਮਾਰਥ ਦੇ ਅਨੁਸਾਰ ਧਰਮਗੁਪਤਿਕ ਸੰਪਰਦਾ ਦਾ ਪਰਵਰਤਨ ਮਹਾਮੋਗਲਾਨ ਦੇ ਚੇਲੇ ਧਰਮ ਗੁਪਤ ਨੇ ਕੀਤਾ ਸੀ । ਪ੍ਰਿਲੁਸਕੀ ਅਤੇ ਫਰਾਉਵਾਲ ਇਸ ਧਰਮ ਗੁਪਤ ਦਾ ਅਪਰਾਂਤ ਖੇਤਰ ਦੇ ਧਰਮ ਪ੍ਰਚਾਰਕ ਯੋਨਕ ਧਰਮਰਖਸ਼ਕ ਦੇ ਨਾਲ ਅਭੇਦ ਦੱਸਦੇ ਹਨ। ਇਹਨਾਂ ਦੇ ਵਿਨਯ ਨਿਯਮਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਉਹਨਾਂ ਦਾ ਪ੍ਰਧਾਨ ਧਰਮ ਬੁੱਧ ਨੂੰ ਭੇਟ ਚੜਾਉਣਾ ਅਤੇ ਸਤੂਪਾਂ ਦੀ ਸ਼ਰਧਾ ਕਰਨਾ ਸੀ । ਉਹਨਾਂ ਦਾ ਵਿਸ਼ਵਾਸ ਸੀ ਕਿ ਅਰਹਤ ਪਾਪ ਜਮਨਾਵਾਂ ਤੋਂ ਮੁਕਤ ਸੀ ਅਤੇ ਨਾਸਤਿਕ ਅਤੇ ਅਵਿਨਵਾਸੀ ਅਤਿ ਮਾਨਵੀ ਜਾਂ ਚਮਤਕਾਰ ਕਰਨ ਦੀ

ਮੁਕਤੀ ਨਹੀਂ ਪ੍ਰਾਪਤ ਕਰਦੇ ਸਨ । ਧਰਮਗੁਪਤਿਕਾਂ ਦਾ ਆਪਣਾ ਸੁੱਤਰ, ਵਿਨਯ ਅਤੇ ਅਭਿਧਮ ਸਾਹਿਤ ਸੀ । ਬਾਅਦ ਵਿੱਚ ਧਰਮਗੁਪਤਿਕ ਆਪਣੇ ਉਪੀਦਕ ਵਿੱਚ ਇੱਕ ਬੋਧੀਸੱਤਵ ਪੀਟਕ ਅਤੇ ਇਕ ਧਾਰਣੀਪੀਟਕ ਜਾਂ ਮੰਤਰਪੀਟਕ ਵੀ ਮੰਨਦੇ ਸਨ। ਇਹਨਾਂ ਦੇ ਵਿਸ਼ੇਸ਼ ਪ੍ਰਾਤਿਮੋਕਸ਼ ਦੇ ਨਿਯਮ ਚੀਨ ਦੇ ਮੱਠਾਂ ਵਿੱਚ ਪਾਲਨ ਕੀਤੇ ਜਾਂਦੇ ਸਨ। ਕਿਸੇ ਵੀ ਭਾਰਤੀ ਅਭਿਲੇਖ ਵਿੱਚ ਧਰਮਗੁਪਤਿਕਾਂ ਦਾ ਉਲੇਖ ਪ੍ਰਾਪਤ ਨਹੀਂ ਹੁੰਦਾ ਹੈ। ਸ਼ਵਾਨਚਵਾਂਗ (ਚੀਨੀ ਯਾਤਰੀ) ਅਤੇ ਈ-ਚਿੰਗ ਨੇ ਵੀ ਇਸਨੂੰ ਉਡਿਯਾਨ ਅਤੇ ਮੱਧ ਏਸ਼ੀਆ ਵਿੱਚ ਦੇਖਿਆ ਸੀ। ਇਸ ਮਤ ਨੂੰ ਮੱਧ ਏਸ਼ੀਆ ਅਤੇ ਚੀਨ ਵਿਚ ਹੀ ਕਾਫੀ ਲੋਕਪ੍ਰਿਯਤਾ ਮਿਲ ਸਕੀ ।

ਹੈਮਵਤ

ਇਸਦੇ ਨਾਮ ਦੇ ਵਿਸ਼ਲੇਸ਼ਣ ਤੋਂ ਪ੍ਰਤੀਤ ਹੁੰਦਾ ਹੈ ਕਿ ਹੈਮਵਤ ਦੀ ਉਤਪੱਤੀ ਹੈਮਵਤ ਪ੍ਰਦੇਸ਼ ਜਾਂ ਹਿਮਾਲਾ ਪ੍ਰਦੇਸ਼ ਵਿੱਚ ਅਸ਼ੋਕ ਦੇ ਸਮੇਂ ਵਿੱਚ ਹੋਈ ਹੋਵੇਗੀ । ਅਠਾਰਾਂ ਨਿਕਾਇਆ ਤੇ ਰਚੇ 'ਅਸ਼ਟਾਦਸ ਨਿਕਾਇ ਸ਼ਾਸਤ' ਵਿੱਚ ਵਸੂਮਿੱਤਰ ਕਹਿੰਦੇ ਹਨ, "ਹੈਮਵਤ ਸਥਵਿਰਵਾਦੀਆਂ ਦੇ ਵੰਸ਼ਕਾ ਸਨ ਪਰੰਤੂ ਭੱਟ ਅਤੇ ਵਿਨੀਤ ਦੇਵ ਇਸਨੂੰ ਮਹੀਸ਼ਾਸ਼ਕਾਂ ਦੀ ਇੱਕ ਸ਼ਾਖਾ ਮੰਨਦੇ ਹਨ।" ਕੁਝ ਆਧੁਨਿਕ ਵਿਦਵਾਨ ਸਿੰਹਲ (ਸ੍ਰੀਲੰਕਾ) ਦੇ ਸਥਵਿਰਵਾਦੀਆਂ ਨੂੰ ਮੂਲ ਸਥਵਿਰਾਂ ਤੋਂ ਨਿਕਲੀ ਇਕ ਧਰਵਰਤੀ ਸ਼ਾਖਾ ਮਾਤਰ ਮੰਨਦੇ ਹਨ, ਪਰੰਤੂ ਇਹਨਾਂ ਸਥਵਿਰਾਂ ਦੀ ਪਰੰਪਰਾ ਪ੍ਰਾਚੀਨ ਅਤੇ ਮੂਲ ਸਥਵਿਰਾਂ ਵਿੱਚ ਨਾਲ ਮੇਲ ਖਾਂਦੀ ਹੈ। ਪਾਲੀ ਪਰੰਪਰਾ ਅਤੇ ਸਾਂਚੀ ਦੇ ਅਭਿਲੇਖਾਂ ਤੋਂ ਇਹ ਪਤਾ ਚਲਦਾ ਹੈ ਕਿ ਕਾਸਪੀਅ ਗੋਤਰ ਦੇ ਭਿੱਖੂ ਸਾਰੇ ਹੈਮਵਤਾਂ ਦੇ ਅਚਾਰੀਆ ਸਨ।" ਚੀਨੀ ਭਾਸ਼ਾ ਵਿੱਚ ਉਪਲਬਧ ਵਿਨਯ ਪਤ੍ਰਿਕਾ ਨਾਮਕ ਗ੍ਰੰਥ ਤੋਂ ਕਾਸ਼ਅਪ ਹੈਮਵਤਾਂ ਦੇ ਅਚਾਰੀਆ ਪ੍ਰਤੀਤ ਹੁੰਦੇ ਹਨ। ਸਥਵਿਰਵਾਦੀਆਂ ਦੀ ਤਰ੍ਹਾਂ ਹੈਮਵਤਾਂ ਦਾ ਵਿਸ਼ਵਾਸ ਸੀ ਕਿ ਬੋਧਸੱਤਵਾਂ ਦਾ ਕੋਈ ਵਿਸ਼ੇਸ਼ ਸਥਾਨ ਨਹੀਂ ਹੈ ਪਰੰਤੂ ਉਹਨਾਂ ਦੇ ਵਿਰੁੱਧ ਉਹ ਲੋਕ ਕਹਿੰਦੇ ਸਨ ਕਿ ਦੇਵਤਾ ਬ੍ਰਹਮਚਰਜ ਦਾ ਪਵਿੱਤਰ ਜੀਵਨ ਨਹੀਂ ਬਿਤਾ ਸਕਦੇ ਸਨ ਅਤੇ ਗੈਰ-ਸ਼ਰਧਾਲੂ ਲੋਕਾਂ ਵਿੱਚ ਚਮਤਕਾਰੀ ਸ਼ਕਤੀ ਨਹੀਂ ਹੋ ਸਕਦੀ ਸੀ।

## ਯੂਨਿਟ 8. ਯਹੂਦੀ ਧਰਮ: ਹਸੀਡਿਅਨ, ਆਰਥੋਡਾਕਸ, ਕੰਜ਼ਰਵੇਟਿਵ

### ਹਸੀਡਿਅਨ

ਉਦੇਸ਼:- "ਹਸੀਡਿਅਨ" (Hasideans ਜਾਂ Assideans) ਦਾ ਸਮੂਹ ਮੱਕਬੀ ਬਗਾਵਤ (Maccabean Revolt) ਦੇ ਸਮੇਂ ਉੱਭਰਿਆ ਸੀ, ਜਦੋਂ ਯਹੂਦੀ ਧਰਮ ਉੱਤੇ ਹੇਲੇਨਿਸਟਿਕ (Hellenistic) ਰਾਜਾਂ ਦਾ ਪ੍ਰਭਾਵ ਵੱਧ ਰਿਹਾ ਸੀ। ਹਸੀਡਿਅਨ ਨੇ ਧਾਰਮਿਕ ਸੱਚਾਈ, ਰਸਮਾਂ ਦੀ ਪਵਿੱਤਰਤਾ ਅਤੇ ਰੱਬ ਨਾਲ ਸਿੱਧੀ ਰੂਹਾਨੀ ਜੋੜ ਨੂੰ ਆਪਣੀ ਪਹਿਚਾਣ ਬਣਾਇਆ। ਇਹ ਅਧਿਐਨ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਕਿ ਹਸੀਡਿਅਨ ਕੌਣ ਸਨ, ਉਹਨਾਂ ਦਾ ਉਤਪੱਤੀ ਸੰਦਰਭ ਕੀ ਸੀ ਅਤੇ ਆਧੁਨਿਕ ਯਹੂਦੀ ਧਰਮ 'ਚ ਉਨ੍ਹਾਂ ਦੀ ਕੀ ਵਿਰਾਸਤ ਰਹੀ ਹੈ।

ਜਾਣ-ਪਛਾਣ:

ਯਹੂਦੀ ਧਰਮ ਦੇ ਇਤਿਹਾਸ ਵਿੱਚ ਕਈ ਸਮੂਹਾਂ ਨੇ ਆਪਣੇ ਸਮੇਂ ਦੀਆਂ ਧਾਰਮਿਕ ਅਤੇ ਰਾਜਨੀਤਿਕ ਪਰਿਸਥਿਤੀਆਂ ਅਨੁਸਾਰ ਆਪਣੀ ਵੱਖਰੀ ਪਛਾਣ ਬਣਾਈ। ਇਨ੍ਹਾਂ ਵਿਚੋਂ ਇੱਕ ਮਹੱਤਵਪੂਰਨ ਸਮੂਹ ਸੀ "ਹਸੀਡਿਅਨ" (Hasideans), ਜਿਨ੍ਹਾਂ ਦਾ ਉਭਾਰ ਦੂਜੀ ਸਦੀ ਈਸਾ ਪੂਰਵ (2nd Century BCE) ਵਿੱਚ ਯਹੂਦਾ (Judea) ਵਿੱਚ ਹੋਇਆ।

ਉਸ ਸਮੇਂ ਸੀਰੀਆਈ-ਯੂਨਾਨੀ ਰਾਜਾ ਐਂਟਿਓਖਸ IV ਇਪੀਫਾਨੀਸ (Antiochus IV Epiphanes) ਨੇ ਯਹੂਦੀ ਧਰਮ ਦੇ ਰਸਮ-ਰਿਵਾਜਾਂ 'ਤੇ ਪਾਬੰਦੀ ਲਗਾ ਕੇ ਗ੍ਰੀਕ ਸੰਸਕ੍ਰਿਤੀ ਨੂੰ ਥੋਪਣਾ ਸ਼ੁਰੂ ਕੀਤਾ ਸੀ। ਇਸ ਸੰਸਕ੍ਰਿਤਿਕ ਦਬਾਅ ਦੇ ਖ਼ਿਲਾਫ਼ ਉਭਰੀ ਆਵਾਜ਼ ਹੀ "ਹਸੀਡਿਅਨ" ਦੀ ਸ਼ੁਰੂਆਤ ਮੰਨੀ ਜਾਂਦੀ ਹੈ।

2. ਸ਼ਬਦ 'ਹਸੀਡਿਅਨ' ਦੀ ਉਤਪੱਤੀ (Etymology and Meaning):

"Hasideans" ਸ਼ਬਦ ਇਬਰਾਨੀ (Hebrew) ਸ਼ਬਦ חסיד (Ḥasid) ਤੋਂ ਆਇਆ ਹੈ, ਜਿਸਦਾ ਅਰਥ ਹੈ "ਧਰਮੀ", "ਪਵਿੱਤਰ ਮਨੁੱਖ" ਜਾਂ "ਰੱਬ ਦਾ ਸੱਚਾ ਭਗਤ"।

ਇਸ ਸ਼ਬਦ ਦਾ ਬਹੁਵਚਨ ਰੂਪ ਹੈ חֲסִידִים (Ḥasidim) — ਜਿਹੜਾ ਗ੍ਰੀਕ ਭਾਸ਼ਾ ਵਿੱਚ "Ἀσιδαῖοι (Asidaioi)" ਤੇ ਲਾਤੀਨੀ ਵਿੱਚ "Assideans" ਬਣ ਗਿਆ।

ਇਸ ਸ਼ਬਦ ਦੇ ਅਰਥ ਅਨੁਸਾਰ, ਇਹ ਲੋਕ ਉਹ ਸਨ ਜੋ ਰੱਬ ਦੀ ਆਗਿਆ ਅਨੁਸਾਰ ਪਵਿੱਤਰ ਜੀਵਨ ਜੀਉਂਦੇ ਸਨ, ਜਿਹੜੇ ਨੈਤਿਕਤਾ, ਆਤਮਕ ਸ਼ੁੱਧਤਾ ਅਤੇ ਧਾਰਮਿਕ ਕਾਨੂੰਨ ਦੀ ਪਾਲਣਾ 'ਤੇ ਵਿਸ਼ਵਾਸ ਰੱਖਦੇ ਸਨ।

3. ਇਤਿਹਾਸਕ ਪ੍ਰਸੰਗ (Historical Context):

ਦੂਜੀ ਸਦੀ ਈਸਾ ਪੂਰਵ ਵਿੱਚ ਯਹੂਦਾ ਖੇਤਰ 'ਸੀਰੀਆਈ ਯੂਨਾਨੀ ਰਾਜ' ਦੇ ਕਬਜ਼ੇ ਹੇਠ ਸੀ। Antiochus IV Epiphanes ਨੇ ਯਹੂਦੀ ਧਰਮ ਦੀਆਂ ਰਸਮਾਂ 'ਤੇ ਰੋਕ ਲਾ ਦਿੱਤੀ — ਜਿਵੇਂ ਕਿ ਖਤਨਾ (circumcision), ਸ਼ਬਤ ਮਨਾਉਣਾ, ਮੰਦਰ ਵਿੱਚ ਬਲੀ ਚੜ੍ਹਾਉਣਾ ਆਦਿ। ਉਹ ਲੋਕਾਂ ਨੂੰ ਗ੍ਰੀਕ ਦੇਵਤਿਆਂ ਦੀ ਪੂਜਾ ਕਰਨ ਲਈ ਮਜਬੂਰ ਕਰ ਰਿਹਾ ਸੀ। ਇਸ ਤਣਾਅ ਵਾਲੇ ਸਮੇਂ ਵਿੱਚ ਕੁਝ ਯਹੂਦੀ ਨੇਤਾ ਉੱਭਰੇ ਜਿਨ੍ਹਾਂ ਨੇ ਕਿਹਾ —

"ਰੱਬ ਦੀ ਕਾਨੂੰਨ ਨਾਲ ਸਮਝੌਤਾ ਕਰਨਾ ਪਾਪ ਹੈ।"

ਇਹੀ ਲੋਕ ਹਸੀਡਿਅਨ ਸਨ — ਯਹੂਦੀ ਧਰਮ ਦੇ ਸਭ ਤੋਂ ਪਵਿੱਤਰ ਰੱਖਿਅਕ। ਉਹਨਾਂ ਦਾ ਮੰਨਣਾ ਸੀ ਕਿ ਰੱਬ ਦਾ ਹੁਕਮ ਮਨੁੱਖੀ ਜੀਵਨ ਦਾ ਸਰਬਉੱਚ ਨਿਯਮ ਹੈ, ਜਿਸਦੀ ਰੱਖਿਆ ਲਈ ਜਾਨ ਵੀ ਕੁਰਬਾਨ ਕੀਤੀ ਜਾ ਸਕਦੀ ਹੈ।

4. ਹਸੀਡਿਅਨ ਦੀ ਵਿਸ਼ੇਸ਼ਤਾਵਾਂ (Main Characteristics):

ਹਸੀਡਿਅਨ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇਹ ਸਨ —

1. ਧਾਰਮਿਕ ਪਵਿੱਤਰਤਾ (Religious Purity): ਉਹ ਮੰਨਦੇ ਸਨ ਕਿ ਸਿਰਫ਼ ਪਵਿੱਤਰ ਜੀਵਨ ਹੀ ਰੱਬ ਨਾਲ ਜੋੜ ਸਕਦਾ ਹੈ।

2. ਧਰਮਕ ਨਿਭਰਤਾ (Devotion to Law): ਉਹ ਯਹੂਦੀ ਕਾਨੂੰਨ (Halakha) ਦਾ ਕਰੜਾ ਪਾਲਣ ਕਰਦੇ ਸਨ — ਕੋਈ ਵਿਦੇਸ਼ੀ ਰੀਤਿ ਨਹੀਂ ਅਪਣਾਉਂਦੇ ਸਨ।

3. ਆਤਮਕ ਅਨੁਸ਼ਾਸਨ (Spiritual Discipline): ਪ੍ਰਾਰਥਨਾ, ਉਪਵਾਸ ਅਤੇ ਧਾਰਮਿਕ ਅਧਿਐਨ ਉਨ੍ਹਾਂ ਦੇ ਜੀਵਨ ਦਾ ਕੇਂਦਰ ਸਨ।

4. ਅਹਿੰਸਾ ਪਰ ਮਜ਼ਬੂਤੀ (Pacifism with Courage): ਸ਼ੁਰੂ ਵਿੱਚ ਉਹ ਹਿੰਸਾ ਤੋਂ ਦੂਰ ਰਹਿੰਦੇ ਸਨ ਪਰ ਜਦੋਂ ਧਰਮ ਦੀ ਰੱਖਿਆ ਦੀ ਗੱਲ ਆਈ, ਉਹ ਮੱਕਬੀਆਂ ਨਾਲ ਮਿਲ ਕੇ ਯੁੱਧ ਵਿੱਚ ਵੀ ਸ਼ਾਮਲ ਹੋਏ।

5. ਮੱਕਬੀ ਬਗਾਵਤ ਵਿੱਚ ਭੂਮਿਕਾ (Role in Maccabean Revolt): ਹਸੀਡਿਅਨਾਂ ਨੇ ਮੱਕਬੀਆਂ (Maccabees) ਦਾ ਸਾਥ ਦਿੱਤਾ ਜਦੋਂ ਉਨ੍ਹਾਂ ਨੇ ਯਹੂਦੀ ਧਰਮ ਨੂੰ ਬਚਾਉਣ ਲਈ ਸੀਰੀਆਈ ਸੈਨਾ ਦੇ ਖ਼ਿਲਾਫ਼ ਹਥਿਆਰ ਚੁੱਕੇ। ਪਰ ਜਦੋਂ ਬਗਾਵਤ ਦੇ ਰਾਜਨੀਤਿਕ ਪੱਖ ਵੱਧਣ ਲੱਗੇ ਅਤੇ ਮੱਕਬੀ ਨੇਤਾ ਰਾਜ ਸਥਾਪਨਾ ਵੱਲ ਵਧਣ ਲੱਗੇ, ਤਦ ਕਈ ਹਸੀਡਿਅਨਾਂ ਨੇ ਖੁਦ ਨੂੰ ਹਟਾ ਲਿਆ ਕਿਉਂਕਿ ਉਹ ਧਰਮ ਦੀ ਸਫ਼ਾਈ ਨੂੰ ਰਾਜਨੀਤੀ ਤੋਂ ਉੱਪਰ ਮੰਨਦੇ ਸਨ। ਬਾਅਦ ਵਿੱਚ ਕੁਝ ਹਸੀਡਿਅਨਾਂ ਨੂੰ ਅਲਕਿਮਸ (Alcimus) ਨਾਂ ਦੇ ਪੁਜਾਰੀ ਨੇ ਧੋਖਾ ਦੇ ਕੇ ਮਾਰ ਦਿੱਤਾ। ਇਹ ਘਟਨਾ ਉਨ੍ਹਾਂ ਦੀ ਆਖਰੀ ਪ੍ਰਮਾਣਿਤ ਇਤਿਹਾਸਕ ਉਪਸਥਿਤੀ ਮੰਨੀ ਜਾਂਦੀ ਹੈ।

6. ਹਸੀਡਿਅਨ ਦਾ ਦਰਸ਼ਨ (Philosophy and Thought): ਹਸੀਡਿਅਨ ਦੇ ਦਰਸ਼ਨ ਦਾ ਕੇਂਦਰ ਧਰਮ ਦੀ ਆਤਮਾ ਸੀ। ਉਹ ਮੰਨਦੇ ਸਨ ਕਿ ਮਨੁੱਖ ਦਾ ਉਦੇਸ਼ ਰੱਬ ਨਾਲ "ਸਿੱਧਾ ਜੋੜ" ਬਣਾਉਣਾ ਹੈ — ਬਿਨਾਂ ਕਿਸੇ ਮਧਿਅਸਤ ਦੇ। ਉਨ੍ਹਾਂ ਲਈ ਧਰਮ ਰਸਮ ਨਹੀਂ, ਸਗੋਂ ਆਤਮਕ ਅਨੁਭਵ ਸੀ। ਉਹਨਾਂ ਦੀ ਜੀਵਨ ਰੀਤ ਅਹੰਕਾਰ ਰਹਿਤ, ਸਾਫ-ਸੁਥਰੀ ਅਤੇ ਰੱਬ-ਕੇਂਦਰਿਤ ਸੀ। ਇਸ ਤਰ੍ਹਾਂ ਉਹ ਯਹੂਦੀ ਧਰਮ ਦੇ ਪਹਿਲੇ ਆਤਮਕ ਸੁਧਾਰਕਾਂ ਵਿੱਚੋਂ ਇੱਕ ਮੰਨੇ ਜਾਂਦੇ ਹਨ।

7. ਸਮਾਜਿਕ ਤੇ ਧਾਰਮਿਕ ਪ੍ਰਭਾਵ (Social and Religious Influence): ਹਸੀਡਿਅਨ ਦਾ ਪ੍ਰਭਾਵ ਬਾਅਦ ਦੇ ਯਹੂਦੀ ਸਮੂਹਾਂ ਜਿਵੇਂ ਕਿ ਫੈਰੀਸੀ (Pharisees) ਅਤੇ ਏਸਸੀਨੀ (Essenes) 'ਤੇ ਸਾਫ਼ ਤੌਰ 'ਤੇ ਵੇਖਿਆ ਗਿਆ। ਉਨ੍ਹਾਂ ਦੀ ਧਾਰਮਿਕ ਨਿਸ਼ਠਾ ਨੇ ਯਹੂਦੀ ਧਰਮ ਨੂੰ ਇੱਕ ਨੈਤਿਕ ਤੇ ਆਤਮਕ ਮਜ਼ਬੂਤੀ ਦਿੱਤੀ। ਕੁਝ ਇਤਿਹਾਸਕਾਰ ਮੰਨਦੇ ਹਨ ਕਿ ਉਨ੍ਹਾਂ ਨੇ ਯਹੂਦੀ ਰੂਹਾਨੀ ਚਿੰਤਨ ਦੇ ਵਿਕਾਸ ਲਈ ਬੁਨਿਆਦ ਰੱਖੀ, ਜਿਸ ਨੇ ਅੱਗੇ ਜਾ ਕੇ ਕਬਾਲਾ (Kabbalah) ਤੇ ਹਸੀਦਿਕ ਅੰਦੋਲਨ ਨੂੰ ਪ੍ਰੇਰਿਤ ਕੀਤਾ।

8. ਆਧੁਨਿਕ ਸਮੇਂ ਵਿੱਚ ਹਸੀਡਿਅਨ ਦੀ ਵਿਰਾਸਤ (Modern Relevance): ਅੱਜ "Hasidim" ਸ਼ਬਦ ਆਧੁਨਿਕ ਹਸੀਦਿਕ ਯਹੂਦੀਆਂ (Hasidic Jews) ਲਈ ਵਰਤਿਆ ਜਾਂਦਾ ਹੈ, ਜੋ 18ਵੀਂ ਸਦੀ ਵਿੱਚ ਬਾਲ ਸ਼ੇਮ ਟੋਵ (Baal Shem Tov) ਦੁਆਰਾ ਸ਼ੁਰੂ ਕੀਤੇ ਗਏ "Hasidic Movement" ਨਾਲ ਜੁੜੇ ਹਨ। ਹਾਲਾਂਕਿ ਇਹ ਦੋਵੇਂ (ਪ੍ਰਾਚੀਨ Hasideans ਤੇ ਆਧੁਨਿਕ Hasidim) ਇਤਿਹਾਸਕ ਤੌਰ 'ਤੇ ਵੱਖਰੇ ਹਨ, ਪਰ ਉਨ੍ਹਾਂ ਦੀ ਆਤਮਕ ਰੂਹ ਇੱਕੋ ਜਿਹੀ ਹੈ — ਰੱਬ ਨਾਲ ਪ੍ਰੇਮ, ਨਮ੍ਰਤਾ ਤੇ ਭਗਤੀ। ਅੱਜ ਦੇ ਸਮੇਂ ਵਿੱਚ ਹਸੀਦਿਕ ਸਮੂਹ ਦੁਨੀਆ ਭਰ ਵਿੱਚ ਮੌਜੂਦ ਹਨ — ਖ਼ਾਸ ਤੌਰ 'ਤੇ ਅਮਰੀਕਾ,

ਇਸਰਾਇਲ, ਪੋਲੈਂਡ, ਅਤੇ ਯੂਕਰੇਨ ਵਿੱਚ। ਉਹ ਆਪਣੀ ਵਿਲੱਖਣ ਪਹਿਰਾਵੇ, ਸੰਗੀਤ, ਨਾਚ, ਅਤੇ ਰੱਬੀ (Rebbe) ਪ੍ਰਣਾਲੀ ਲਈ ਜਾਣੇ ਜਾਂਦੇ ਹਨ।

੭. ਵਿਦਵਾਨੀ ਚਰਚਾ (Scholarly Discussion):

ਕਈ ਵਿਦਵਾਨ ਮੰਨਦੇ ਹਨ ਕਿ Hasideans ਇੱਕ "ਧਾਰਮਿਕ ਸੰਪਰਦਾਇ" ਨਹੀਂ ਸਗੋਂ ਇੱਕ "ਆਤਮਕ ਗਰੁੱਪ" ਸਨ ਜੋ ਰੱਬ ਦੇ ਪ੍ਰਤੀ ਅਤਿ ਨਿਸ਼ਠਾ ਰੱਖਦਾ ਸੀ।

ਕੁਝ ਹੋਰਾਂ ਦਾ ਮੰਨਣਾ ਹੈ ਕਿ ਉਹ ਫੈਰੀਸੀ ਸੰਪਰਦਾਇ ਦੇ ਪੂਰਵਜ ਸਨ। ਇਤਿਹਾਸਕ ਤੌਰ 'ਤੇ ਉਨ੍ਹਾਂ ਦੀ ਉਪਸਥਿਤੀ ਦਾ ਸਬੂਤ 1 ਅਤੇ 2 ਮੱਕਬੀ ਪੁਸਤਕਾਂ ਤੋਂ ਮਿਲਦਾ ਹੈ। ਹਾਲਾਂਕਿ ਉਨ੍ਹਾਂ ਬਾਰੇ ਜਾਣਕਾਰੀ ਸੀਮਿਤ ਹੈ, ਪਰ ਉਨ੍ਹਾਂ ਦੀ ਆਤਮਕ ਅਨੁਸ਼ਾਸਨ ਤੇ ਧਰਮਕ ਜ਼ਿਦ ਨੇ ਯਹੂਦੀ ਇਤਿਹਾਸ 'ਚ ਡੂੰਘਾ ਪ੍ਰਭਾਵ ਛੱਡਿਆ।

ਸਾਰ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਹਸੀਡਿਅਨ ਯਹੂਦੀ ਧਰਮ ਦੀ ਆਤਮਕ ਰੂਹ ਦਾ ਪ੍ਰਤੀਕ ਸਨ — ਉਹ ਲੋਕ ਜਿਨ੍ਹਾਂ ਨੇ ਧਰਮ ਦੀ ਰੱਖਿਆ ਲਈ ਆਪਣੀ ਜਾਨ ਤੱਕ ਦਾਓ 'ਤੇ ਲਾ ਦਿੱਤੀ। ਉਨ੍ਹਾਂ ਦੀ ਸਿੱਖਿਆ ਸੀ ਕਿ ਧਰਮ ਸਿਰਫ਼ ਵਿਦਿਆ ਨਹੀਂ, ਸਗੋਂ ਜੀਵਨ ਦੀ ਆਤਮਕ ਅਵਸਥਾ ਹੈ। ਉਨ੍ਹਾਂ ਦੀ ਵਿਰਾਸਤ ਨੇ ਯਹੂਦੀ ਧਰਮ ਨੂੰ ਕੇਵਲ ਬਚਾਇਆ ਨਹੀਂ, ਸਗੋਂ ਉਸਨੂੰ ਆਤਮਕ ਤੌਰ 'ਤੇ ਗਹਿਰਾਈ ਦਿੱਤੀ। ਇਸ ਤਰ੍ਹਾਂ, ਹਸੀਡਿਅਨ ਸਿਰਫ਼ ਇਤਿਹਾਸ ਦਾ ਹਿੱਸਾ ਨਹੀਂ, ਸਗੋਂ ਆਤਮਕ ਵਿਰਾਸਤ ਦਾ ਜੀਵੰਤ ਪ੍ਰਤੀਕ ਹਨ।

**"ਆਰਥੋਡੋਕਸ (Orthodox )"**

ਆਰਥੋਡੋਕਸ ਯਹੂਦੀਆਂ ਯਹੂਦੀ ਧਰਮ ਦੀ ਸਭ ਤੋਂ ਪਰੰਪਰਾਵਾਦੀ ਧਾਰਾ ਹੈ, ਜੋ ਕਿ ਲਿਖਤੀ ਅਤੇ ਮੌਖਿਕ ਤੋਰਾਹ ਦੇ ਅਟੱਲ ਸਿਧਾਂਤਾਂ ਤੇ ਆਧਾਰਤ ਹੈ। ਇਹ ਫਿਰਕਾ ਆਪਣੀ ਜੀਵਨ ਪ੍ਰਣਾਲੀ, ਰੋਜ਼ਾਨਾ ਆਚਾਰਾਂ, ਅਤੇ ਧਾਰਮਿਕ ਕਾਨੂੰਨਾਂ (ਹਲਾਖਾ) ਦੀ ਪੂਰੀ ਪਾਲਣਾ ਕਰਦਾ ਹੈ। ਜਿੱਥੇ ਹੋਰ ਧਾਰਾਵਾਂ — ਜਿਵੇਂ ਰਿਫਾਰਮ ਜਾਂ ਕਨਜ਼ਰਵੇਟਿਵ ਯਹੂਦੀਆਂ — ਸਮਕਾਲੀ ਸਥਿਤੀਆਂ ਅਨੁਸਾਰ ਬਦਲਾਵਾਂ ਨੂੰ ਸਵੀਕਾਰਦੇ ਹਨ, ਉਥੇ ਆਰਥੋਡੋਕਸ ਯਹੂਦੀਆਂ ਧਾਰਮਿਕ ਰੂਪ ਦੀ ਸ਼ੁੱਧਤਾ ਅਤੇ ਅਸਲੀਅਤ ਨੂੰ ਬਣਾਈ ਰੱਖਣ ਦੇ ਪੱਖ 'ਚ ਰਹਿੰਦਾ ਹੈ। ਇਸ ਅਧਿਆਇ ਵਿੱਚ ਆਰਥੋਡੋਕਸ ਯਹੂਦੀਆਂ ਦੇ ਇਤਿਹਾਸਕ ਵਿਕਾਸ, ਵਿਸ਼ਵਾਸ ਪ੍ਰਣਾਲੀ, ਜੀਵਨ ਧਾਰਾ ਅਤੇ ਆਧੁਨਿਕ ਚੁਣੌਤੀਆਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਗਿਆ ਹੈ।

**ਜਾਣ-ਪਛਾਣ**

ਯਹੂਦੀ ਧਰਮ ਵਿਸ਼ਵ ਦੇ ਸਭ ਤੋਂ ਪੁਰਾਣੇ ਇਕਈਸ਼ਵਰੀ ਧਰਮਾਂ ਵਿੱਚੋਂ ਇੱਕ ਹੈ। ਇਸ ਧਰਮ ਦੇ ਅੰਦਰ ਸਮੇਂ ਦੇ ਨਾਲ ਕਈ ਫਿਰਕੇ ਉਭਰੇ — ਜਿਵੇਂ ਕਿ ਰਿਫਾਰਮ ਯਹੂਦੀਆਂ, ਕਨਜ਼ਰਵੇਟਿਵ ਯਹੂਦੀਆਂ, ਅਤੇ ਆਰਥੋਡੋਕਸ ਯਹੂਦੀਆਂ। "ਆਰਥੋਡੋਕਸ" ਸ਼ਬਦ ਦਾ ਅਰਥ ਹੁੰਦਾ ਹੈ — ਸਹੀ ਵਿਸ਼ਵਾਸ ਵਾਲਾ ਜਾਂ ਸਹੀ ਧਾਰਾ ਦਾ ਪਾਲਣ ਕਰਨ ਵਾਲਾ। ਇਹ ਸ਼ਬਦ ਗ੍ਰੀਕ ਭਾਸ਼ਾ ਦੇ "Orthos" (ਸਹੀ) ਅਤੇ "Doxa" (ਵਿਸ਼ਵਾਸ) ਤੋਂ ਆਇਆ ਹੈ। ਇਸ ਲਈ "ਆਰਥੋਡੋਕਸ ਯਹੂਦੀਆਂ" ਦਾ ਅਰਥ ਹੈ — ਉਹ ਯਹੂਦੀ ਜੋ ਆਪਣੀ ਪਰੰਪਰਾਵਾਂ ਤੇ ਮੂਲ ਧਾਰਮਿਕ ਕਾਨੂੰਨਾਂ ਨੂੰ ਅਟੱਲ ਮੰਨਦੇ ਹਨ ਅਤੇ ਉਨ੍ਹਾਂ ਵਿਚ ਕੋਈ ਰਿਆਇਤ ਨਹੀਂ ਕਰਦੇ। ਇਹ ਫਿਰਕਾ ਆਪਣੀ ਪਹਿਚਾਣ ਤੌਰਾਹ (Torah) ਅਤੇ ਹਲਾਖਾ (Halakha) — ਯਹੂਦੀ ਕਾਨੂੰਨ — ਨਾਲ ਜੁੜੇ ਰਹਿਣ ਵਿੱਚ ਦੇਖਦਾ ਹੈ। ਔਰਥੋਡਾਕਸ ਯਹੂਦੀ ਮੰਨਦੇ ਹਨ ਕਿ ਤੌਰਾਹ ਸਿੱਧੇ ਪ੍ਰਭੂ ਦੁਆਰਾ ਮੂਸਾ ਨਬੀ ਨੂੰ ਪ੍ਰਾਪਤ ਹੋਈ ਸੀ ਅਤੇ ਇਸ ਦੀ ਹਰ ਆਗਿਆ ਅੱਜ ਵੀ ਬਰਾਬਰ ਲਾਗੂ ਹੈ।

2. ਇਤਿਹਾਸਕ ਪਿਛੋਕੜ (Historical Background)

ਆਰਥੋਡੋਕਸ ਯਹੂਦੀਆਂ ਦਾ ਵਿਕਾਸ 18ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਹੋਇਆ, ਜਦੋਂ ਯੂਰਪ ਵਿੱਚ "ਯਹੂਦੀ ਸੁਧਾਰ ਚਲਹੇ" (Reform Judaism Movement) ਉੱਭਰੇ। ਇਹ ਸੁਧਾਰਵਾਦੀ ਯਹੂਦੀ ਧਾਰਾ ਯਹੂਦੀ ਰਸਮਾਂ ਤੇ ਕਾਨੂੰਨਾਂ ਨੂੰ ਆਧੁਨਿਕ ਸਮਾਜ ਅਨੁਕੂਲ ਬਦਲਣਾ ਚਾਹੁੰਦਾ ਸੀ। ਪਰੰਤੂ ਕਈ ਧਾਰਮਿਕ ਵਿਦਵਾਨਾਂ ਅਤੇ ਰੱਬੀਆਂ ਨੇ ਇਸ ਬਦਲਾਅ ਦਾ ਵਿਰੋਧ ਕੀਤਾ ਤੇ ਘੋਸ਼ਣਾ ਕੀਤੀ ਕਿ ਤੋਰਾਹ ਅਤੇ ਟਾਲਮੁਡ ਦੇ ਨਿਯਮ ਪ੍ਰਭੂ ਵੱਲੋਂ ਦਿੱਤੇ ਗਏ ਹਨ — ਇਨ੍ਹਾਂ ਵਿਚ ਬਦਲਾਅ ਮਨੁੱਖੀ ਹੱਕ ਨਹੀਂ। ਇਸੇ ਵਿਚਾਰਧਾਰਾ ਤੋਂ "ਆਰਥੋਡੋਕਸ ਯਹੂਦੀਆਂ" ਦਾ ਜਨਮ ਹੋਇਆ। ਇਸ ਫਿਰਕੇ ਨੇ 19ਵੀਂ ਸਦੀ ਦੌਰਾਨ ਯੂਰਪ, ਖ਼ਾਸਕਰ ਜਰਮਨੀ, ਪੋਲੈਂਡ ਅਤੇ ਰੂਸ ਵਿੱਚ ਆਪਣੇ ਪੱਕੇ ਢਾਂਚੇ ਬਣਾਏ। ਬਾਅਦ ਵਿੱਚ ਇਹ ਯਹੂਦੀ ਸਮੁਦਾਇ ਅਮਰੀਕਾ ਅਤੇ ਇਜ਼ਰਾਇਲ ਵਿੱਚ ਵੀ ਵੱਡੇ ਪੱਧਰ 'ਤੇ ਵੱਸ ਗਏ, ਜਿੱਥੇ ਆਰਥੋਡੋਕਸ ਧਾਰਾ ਅੱਜ ਵੀ ਬਹੁਤ ਪ੍ਰਭਾਵਸ਼ਾਲੀ ਹੈ।

3. ਮੁੱਖ ਵਿਸ਼ਵਾਸ (Core Beliefs)

1. ਇਕ ਪ੍ਰਭੂ 'ਤੇ ਵਿਸ਼ਵਾਸ: ਆਰਥੋਡੋਕਸ ਯਹੂਦੀ ਇਕੋ ਪਰਮਾਤਮਾ (Yahweh) ਨੂੰ ਸਾਰਾ ਸ੍ਰਿਸ਼ਟੀਕਾਰ ਮੰਨਦੇ ਹਨ।

2. ਤੋਰਾਹ ਦੀ ਪਵਿੱਤਰਤਾ: ਮੰਨਿਆ ਜਾਂਦਾ ਹੈ ਕਿ ਤੋਰਾਹ — ਮੋਸੇ ਨੂੰ ਸਿੱਧਾ ਪ੍ਰਭੂ ਵੱਲੋਂ ਮਿਲੀ — ਅਬਦਿ ਅਬਾਦੀ ਹੈ ਅਤੇ ਉਸ ਦੇ ਕਾਨੂੰਨ ਕਦੇ ਨਹੀਂ ਬਦਲ ਸਕਦੇ।

3. ਮੌਖਿਕ ਤੋਰਾਹ (Oral Torah): ਲਿਖਤੀ ਤੋਰਾਹ ਤੋਂ ਇਲਾਵਾ, ਇਕ ਮੌਖਿਕ ਪਰੰਪਰਾ ਵੀ ਮੌਜੂਦ ਹੈ ਜੋ ਟਾਲਮੁਡ ਵਿੱਚ ਦਰਜ ਹੈ। ਇਹ ਮੌਖਿਕ ਤੋਰਾਹ ਵੀ ਰੱਬੀ ਪ੍ਰਮਾਣ ਮੰਨੀ ਜਾਂਦੀ ਹੈ।

4. ਹਲਾਖਾ (Halakha): ਇਹ ਉਹ ਕਾਨੂੰਨੀ ਪ੍ਰਣਾਲੀ ਹੈ ਜੋ ਤੋਰਾਹ ਅਤੇ ਟਾਲਮੁਡ ਦੇ ਆਧਾਰ 'ਤੇ ਜੀਵਨ ਦੇ ਹਰ ਪੱਖ ਨੂੰ ਨਿਰਧਾਰਤ ਕਰਦੀ ਹੈ — ਖਾਣਾ-ਪੀਣਾ, ਪਹਿਰਾਵਾ, ਵਿਹਾਰ ਅਤੇ ਸਮਾਜਿਕ ਸੰਬੰਧ ਆਦਿ।

5. ਧਾਰਮਿਕ ਪਾਲਣਾ: ਰੋਜ਼ਾਨਾ ਪ੍ਰਾਰਥਨਾ, ਸ਼ਬਬਤ (ਸਬਤ ਦਾ ਦਿਨ), ਕੋਸ਼ਰ ਖਾਣ-ਪੀਣ ਦੇ ਨਿਯਮ ਅਤੇ ਸਿੱਖਿਆ ਦਾ ਪੂਰਾ ਆਚਰਣ ਕਰਨਾ।

4. ਜੀਵਨ ਸ਼ੈਲੀ ਅਤੇ ਧਾਰਮਿਕ ਅਭਿਆਸ (Lifestyle and Practices)

ਸ਼ਬਬਤ (Shabbat): ਹਫ਼ਤੇ ਦਾ ਸਭ ਤੋਂ ਪਵਿੱਤਰ ਦਿਨ — ਸ਼ੁੱਕਰਵਾਰ ਸ਼ਾਮ ਤੋਂ ਸ਼ਨੀਵਾਰ ਸ਼ਾਮ ਤੱਕ। ਇਸ ਦੌਰਾਨ ਕੋਈ ਕੰਮ ਨਹੀਂ ਕੀਤਾ ਜਾਂਦਾ; ਸਿਰਫ਼ ਪ੍ਰਾਰਥਨਾ, ਪਰਿਵਾਰਕ ਮਿਲਣ ਤੇ ਧਾਰਮਿਕ ਪਾਠ ਹੁੰਦੇ ਹਨ।

ਕੋਸ਼ਰ (Kosher) ਖਾਣਾ: ਆਰਥੋਡੋਕਸ ਯਹੂਦੀ ਉਹੀ ਖੁਰਾਕ ਲੈਂਦੇ ਹਨ ਜੋ ਤੋਰਾਹ ਅਨੁਸਾਰ ਪਵਿੱਤਰ ਮੰਨੀ ਗਈ ਹੈ। ਮਾਸ ਤੇ ਦੁੱਧ ਇਕੱਠੇ ਨਹੀਂ ਖਾਏ ਜਾਂਦੇ, ਅਤੇ ਜਾਨਵਰਾਂ ਦੀ ਹਲਾਲ ਵਿਧੀ "ਸ਼ੇਖਿਤਾ" ਅਨੁਸਾਰ ਕੀਤੀ ਜਾਂਦੀ ਹੈ।

ਪਹਿਨਾਵਾ: ਪੁਰਸ਼ ਕਿਪਾ (ਛੋਟੀ ਟੋਪੀ), ਤਜ਼ਿਯਿਤ (ਧਾਗੇ ਵਾਲਾ ਚੋਗਾ) ਅਤੇ ਕਈ ਵਾਰ ਕਾਲਾ ਕੋਟ ਤੇ ਟੋਪੀ ਪਾਉਂਦੇ ਹਨ। ਮਹਿਲਾਵਾਂ ਆਮ ਤੌਰ 'ਤੇ ਸ਼ਰੀਰ ਢੱਕ ਕੇ ਰੱਖਦੀਆਂ ਹਨ ਅਤੇ ਵਿਆਹ ਤੋਂ ਬਾਅਦ ਸਿਰ ਢੱਕਦੀਆਂ ਹਨ।

ਪ੍ਰਾਰਥਨਾ ਤੇ ਅਧਿਐਨ: ਤਿੰਨ ਵਾਰ ਦਿਨ ਵਿਚ ਪ੍ਰਾਰਥਨਾ — ਸਵੇਰ, ਦੁਪਹਿਰ, ਤੇ ਸ਼ਾਮ। ਪਾਠ ਅਕਸਰ ਇਬਰਾਨੀ ਭਾਸ਼ਾ ਵਿੱਚ ਹੁੰਦਾ ਹੈ। ਟੋਰਾਹ ਅਤੇ ਟਾਲਮੁਡ ਦਾ ਨਿੱਤ ਅਧਿਐਨ ਆਰਥੋਡੋਕਸ ਜੀਵਨ ਦਾ ਕੇਂਦਰ ਹੈ।

ਲਿੰਗ ਅਲੱਗਾਵ: ਧਾਰਮਿਕ ਸਥਾਨਾਂ, ਜਿਵੇਂ ਸਿਨਾਗੋਗ ਵਿੱਚ, ਮਹਿਲਾਵਾਂ ਤੇ ਪੁਰਸ਼ ਵੱਖ-ਵੱਖ ਬੈਠਦੇ ਹਨ।

5. ਆਰਥੋਡੋਕਸ ਯਹੂਦੀਆਂ ਦੇ ਉਪ-ਫਿਰਕੇ (Sub-Groups)

1. ਮਾਡਰਨ ਆਰਥੋਡੋਕਸ (Modern Orthodox):

ਇਹ ਸਮੁਦਾਇ ਧਾਰਮਿਕ ਪਾਲਣਾ ਕਰਦਾ ਹੈ ਪਰ ਸਿੱਖਿਆ, ਵਿਗਿਆਨ, ਅਤੇ ਆਧੁਨਿਕ ਜੀਵਨ ਨਾਲ ਸੰਤੁਲਨ ਬਣਾਉਂਦਾ ਹੈ। ਇਹਨਾਂ ਦਾ ਮਤ ਹੈ ਕਿ ਪਰਮਾਤਮਾ ਨੇ ਮਨੁੱਖ ਨੂੰ ਬੁੱਧੀ ਦਿੱਤੀ ਹੈ ਜਿਸ ਨਾਲ ਸੰਸਾਰਕ ਜੀਵਨ ਤੇ ਧਾਰਮਿਕ ਜੀਵਨ ਦੋਵੇਂ ਸੰਭਾਲੇ ਜਾ ਸਕਦੇ ਹਨ।

2. ਹਰੇਡੀ ਜਾਂ ਅਲਟਰਾ-ਆਰਥੋਡੋਕਸ (Haredi / Ultra-Orthodox):

ਇਹ ਸਭ ਤੋਂ ਰੂੜੀ ਅਤੇ ਪਰੰਪਰਾਵਾਦੀ ਗਰੁੱਪ ਹੈ। ਇਹ ਸੰਸਾਰਕ ਪ੍ਰਭਾਵ ਤੋਂ ਦੂਰ ਰਹਿੰਦੇ ਹਨ, ਆਪਣੀ ਭਾਸ਼ਾ (ਯਿਦਿਸ਼) ਤੇ ਕੱਪੜੇ ਸੰਭਾਲਦੇ ਹਨ ਅਤੇ ਆਧੁਨਿਕ ਤਕਨੀਕ ਤੋਂ ਜ਼ਿਆਦਾਤਰ ਦੂਰ ਰਹਿੰਦੇ ਹਨ।

3. ਓਪਨ ਆਰਥੋਡੋਕਸ (Open Orthodoxy):

ਇੱਕ ਨਵੀਂ ਧਾਰਾ ਜੋ ਧਾਰਮਿਕ ਨਿਯਮਾਂ ਨਾਲ ਜੁੜੀ ਰਹਿੰਦੀ ਹੈ ਪਰ ਕੁਝ ਸਮਾਜਿਕ ਖੁਲ੍ਹੇਪਣ ਨੂੰ ਸਵੀਕਾਰਦੀ ਹੈ — ਜਿਵੇਂ ਕਿ ਮਹਿਲਾਵਾਂ ਦੀ ਧਾਰਮਿਕ ਭਾਗੀਦਾਰੀ।

6. ਆਧੁਨਿਕ ਸਥਿਤੀ ਅਤੇ ਚੁਣੌਤੀਆਂ (Contemporary Status and Challenges)

ਆਰਥੋਡੋਕਸ ਯਹੂਦੀ ਸਮੁਦਾਇ ਅੱਜ ਵੀ ਦੁਨੀਆ ਭਰ ਵਿੱਚ ਪ੍ਰਭਾਵਸ਼ਾਲੀ ਹੈ, ਖ਼ਾਸਕਰ ਇਜ਼ਰਾਇਲ ਅਤੇ ਅਮਰੀਕਾ ਵਿੱਚ। ਪਰੰਤੂ ਇਸ ਧਾਰਾ ਨੂੰ ਕਈ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ —

ਤਕਨੀਕ ਅਤੇ ਮਾਡਰਨ ਸਿੱਖਿਆ ਨਾਲ ਸੰਤੁਲਨ

ਕਈ ਆਰਥੋਡੋਕਸ ਪਰਿਵਾਰ ਆਪਣੇ ਬੱਚਿਆਂ ਨੂੰ ਵਿਗਿਆਨਕ ਸਿੱਖਿਆ ਦੇਣ ਤੋਂ ਹਿਚਕਿਚਾਉਂਦੇ ਹਨ, ਪਰ ਸਮਕਾਲੀ ਸਮਾਜ ਵਿੱਚ ਜੀਵਨ ਬਿਤਾਉਣ ਲਈ ਇਹ ਲਾਜ਼ਮੀ ਹੋ ਗਿਆ ਹੈ।

ਮਹਿਲਾਵਾਂ ਦੀ ਭੂਮਿਕਾ:

ਨਵੀਂ ਪੀੜ੍ਹੀ ਵਿੱਚ ਮਹਿਲਾਵਾਂ ਵਧੇਰੇ ਅਧਿਕਾਰ ਤੇ ਸਿੱਖਿਆ ਦੀ ਮੰਗ ਕਰ ਰਹੀਆਂ ਹਨ। ਇਸ ਨਾਲ ਕੁਝ ਧਾਰਮਿਕ ਮੰਡਲਾਂ ਵਿੱਚ ਵਿਰੋਧ ਦੇ ਸੁਨੇਹੇ ਮਿਲਦੇ ਹਨ।

ਰਾਜਨੀਤਿਕ ਪ੍ਰਭਾਵ:

ਇਜ਼ਰਾਇਲ ਦੀ ਰਾਜਨੀਤਿਕ ਪ੍ਰਣਾਲੀ ਵਿੱਚ ਆਰਥੋਡੋਕਸ ਪਾਰਟੀਆਂ ਦਾ ਵੱਡਾ ਪ੍ਰਭਾਵ ਹੈ। ਇਹ ਧਾਰਮਿਕ ਕਾਨੂੰਨ ਨੂੰ ਰਾਜਨੀਤਿਕ ਨੀਤੀਆਂ ਦਾ ਹਿੱਸਾ ਬਣਾਉਣ ਦੀ ਮੰਗ ਕਰਦੀਆਂ ਹਨ।

**ਕੰਜ਼ਰਵੇਟਿਵ**

ਕੰਜ਼ਰਵੇਟਿਵ ਯਹੂਦੀਆਂ (Conservative Judaism), ਜਿਸਨੂੰ ਮਾਸੋਰਤੀ ਯਹੂਦੀਆਂ ਵੀ ਕਿਹਾ ਜਾਂਦਾ ਹੈ, ਯਹੂਦੀ ਧਰਮ ਦਾ ਇੱਕ ਮੁੱਖ ਧਾਰਾ ਹੈ ਜੋ ਆਰਥੋਡਾਕਸ ਅਤੇ ਰਿਫਾਰਮ ਧਾਰਾਵਾਂ ਦੇ ਵਿਚਕਾਰ ਮੱਧਮ ਰਸਤੇ ਨੂੰ ਅਪਣਾਉਂਦਾ ਹੈ। ਇਸ ਧਾਰਾ ਦਾ ਮੁੱਖ ਉਦੇਸ਼ ਯਹੂਦੀ ਕਾਨੂੰਨ (ਹਲਾਖਾ) ਅਤੇ ਰਵਾਇਤਾਂ ਨੂੰ ਆਧੁਨਿਕ ਸਮਾਜਿਕ ਅਤੇ ਵਿਗਿਆਨਕ ਹਕੀਕਤਾਂ ਨਾਲ ਜੋੜਨਾ ਹੈ, ਤਾਂ ਜੋ ਧਰਮਿਕ ਜੀਵਨ ਜ਼ਿੰਦਗੀ ਦੇ ਹਰ ਪੱਖ ਨਾਲ ਸੰਗਤ ਹੋਵੇ।

2. ਇਤਿਹਾਸਕ ਪਿਛੋਕੜ

ਕੰਜ਼ਰਵੇਟਿਵ ਧਾਰਾ ਦੀ ਸ਼ੁਰੂਆਤ 19ਵੀਂ ਸਦੀ ਵਿੱਚ ਜਰਮਨੀ ਵਿੱਚ ਹੋਈ। ਜਰਮਨ ਰਬੀ ਜ਼ਾਖਾਰੀਆ ਫ੍ਰਾਂਕੇਲ (Zacharias Frankel) ਨੇ "ਪੋਜ਼ੀਟਿਵ-ਹਿਸਟੋਰੀਕਲ ਯਹੂਦੀਆਂ" ਦੇ ਵਿਚਾਰਧਾਰਾ ਨੂੰ ਵਿਕਸਿਤ ਕੀਤਾ, ਜਿਸ ਵਿੱਚ ਉਹ ਯਹੂਦੀ ਕਾਨੂੰਨ ਅਤੇ ਰਵਾਇਤਾਂ ਨੂੰ ਇਤਿਹਾਸਕ ਪ੍ਰਕਿਰਿਆ ਦੇ ਰੂਪ ਵਿੱਚ ਦੇਖਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਯਹੂਦੀ ਧਰਮ ਸਮੇਂ ਦੇ ਨਾਲ ਵਿਕਸਿਤ ਹੋ ਸਕਦਾ ਹੈ ਅਤੇ ਇਸ ਵਿੱਚ ਆਧੁਨਿਕਤਾ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਫ੍ਰਾਂਕੇਲ ਦੀ ਅਗਵਾਈ ਵਿੱਚ 1854 ਵਿੱਚ ਯੂਡਿਸਚ-ਥਿਓਲੋਜਿਸ਼ ਸੈਮੀਨਰੀ (Jewish Theological Seminary) ਦੀ ਸਥਾਪਨਾ ਕੀਤੀ ਗਈ, ਜੋ ਕਿ ਬ੍ਰੈਸਲਾਊ, ਜਰਮਨੀ ਵਿੱਚ ਸਥਿਤ ਸੀ ਅਤੇ ਇਸ ਸੈਮੀਨਰੀ ਨੇ ਇਤਿਹਾਸਕ ਯਹੂਦੀ ਧਰਮ ਦੇ ਅਧਿਐਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

3. ਵਿਸ਼ਵਾਸ ਅਤੇ ਪ੍ਰਥਾਵਾਂ

ਕੰਜ਼ਰਵੇਟਿਵ ਯਹੂਦੀਆਂ ਹਲਾਖਾ ਨੂੰ ਬੰਨ੍ਹਣਯੋਗ ਅਤੇ ਇਤਿਹਾਸਕ ਵਿਕਾਸ ਦੇ ਅਧੀਨ ਸਮਝਦੇ ਹਨ। ਇਸ ਦਾ ਅਰਥ ਹੈ ਕਿ ਹਲਾਖਾ ਸਮੇਂ ਦੇ ਨਾਲ ਬਦਲ ਸਕਦੀ ਹੈ, ਪਰ ਇਸ ਵਿੱਚ ਰਵਾਇਤਾਂ ਅਤੇ ਧਾਰਮਿਕ ਮੁਲਾਂਕਣਾਂ ਦੀ ਪਾਲਣਾ ਜਰੂਰੀ ਹੈ। ਕੁਝ ਮੁੱਖ ਵਿਸ਼ਵਾਸ ਅਤੇ ਪ੍ਰਥਾਵਾਂ ਵਿੱਚ ਸ਼ਾਮਲ ਹਨ:

ਸ਼ਬਬਤ ਦੀ ਪਾਲਣਾ: ਸ਼ਬਬਤ ਨੂੰ ਪਵਿੱਤਰ ਦਿਨ ਮੰਨਿਆ ਜਾਂਦਾ ਹੈ ਅਤੇ ਇਸ ਦਿਨ ਵਿਸ਼ੇਸ਼ ਧਾਰਮਿਕ ਸੇਵਾਵਾਂ ਅਤੇ ਵਿਸ਼ੇਸ਼ ਖਾਣ-ਪੀਣ ਦੀਆਂ ਪ੍ਰਥਾਵਾਂ ਦੀ ਪਾਲਣਾ ਕੀਤੀ ਜਾਂਦੀ ਹੈ।

ਕੋਸ਼ਰ ਖਾਣ-ਪੀਣ: ਕੋਸ਼ਰ ਖਾਣ-ਪੀਣ ਦੀਆਂ ਰਹਿਤਾਂ ਦੀ ਪਾਲਣਾ ਕੀਤੀ ਜਾਂਦੀ ਹੈ, ਪਰ ਕੁਝ ਹਾਲਾਤਾਂ ਵਿੱਚ ਲਚਕੀਲਾਪਣ ਦਿਖਾਇਆ ਜਾਂਦਾ ਹੈ।

ਲਿੰਗ ਸਮਾਨਤਾ: ਮਹਿਲਾਵਾਂ ਨੂੰ ਰਬੀ ਬਣਨ ਦੀ ਆਗਿਆ ਦਿੱਤੀ ਜਾਂਦੀ ਹੈ ਅਤੇ ਉਹ ਧਾਰਮਿਕ ਸੇਵਾਵਾਂ ਵਿੱਚ ਭਾਗ ਲੈਂਦੀਆਂ ਹਨ।

ਲਿਟਰਜੀ ਅਤੇ ਪ੍ਰਾਰਥਨਾ: ਪ੍ਰਾਰਥਨਾ ਵਿੱਚ ਹਿਬਰੂ ਅਤੇ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਧਾਰਮਿਕ ਅਨੁਭਵ ਸਾਰੇ ਭਾਗੀਆਂ ਲਈ ਸਮਝਣਯੋਗ ਹੋਵੇ।

੪. ਸੰਸਥਾਵਾਂ ਅਤੇ ਆਯੋਗ

ਕੰਜ਼ਰਵੇਟਿਵ ਯਹੂਦੀਆਂ ਦੀਆਂ ਕੁਝ ਮੁੱਖ ਸੰਸਥਾਵਾਂ ਅਤੇ ਆਯੋਗ ਹਨ:

ਜਿਊਇਸ਼ ਥਿਓਲੋਜੀਕਲ ਸੈਮੀਨਰੀ (Jewish Theological Seminary): ਇਹ ਸੰਸਥਾ ਰਬੀਆਂ ਦੀ ਤਾਲੀਮ ਅਤੇ ਧਾਰਮਿਕ ਅਧਿਐਨ ਵਿੱਚ ਅਹੰਕਾਰਪੂਰਕ ਭੂਮਿਕਾ ਨਿਭਾਉਂਦੀ ਹੈ।

ਰੈਬਿਨਿਕ ਐਸੈਂਬਲੀ (Rabbinical Assembly): ਇਹ ਸੰਸਥਾ ਰਬੀਆਂ ਦਾ ਅੰਤਰਰਾਸ਼ਟਰੀ ਸੰਗਠਨ ਹੈ ਜੋ ਧਾਰਮਿਕ ਨਿਰਣੇ ਅਤੇ ਸਿੱਧਾਂਤਾਂ ਨੂੰ ਤੈਅ ਕਰਦੀ ਹੈ।

ਮਾਸੋਰਤੀ ਓਲਾਮੀ (Masorti Olami): ਇਹ ਸੰਸਥਾ ਵਿਸ਼ਵ ਭਰ ਵਿੱਚ ਮਾਸੋਰਤੀ ਯਹੂਦੀਆਂ ਨੂੰ ਜੋੜਨ ਅਤੇ ਉਨ੍ਹਾਂ ਦੀਆਂ ਧਾਰਮਿਕ ਜ਼ਿੰਦਗੀ ਨੂੰ ਸਮਰਥਿਤ ਕਰਨ ਲਈ ਕੰਮ ਕਰਦੀ ਹੈ।

5. ਆਧੁਨਿਕ ਚੁਣੌਤੀਆਂ ਅਤੇ ਸਥਿਤੀ

ਕੰਜ਼ਰਵੇਟਿਵ ਯਹੂਦੀਆਂ ਅੱਜ ਦੇ ਸਮੇਂ ਵਿੱਚ ਕੁਝ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ:

ਮੈਂਬਰਸ਼ਿਪ ਵਿੱਚ ਘਟਾਅ: ਅਮਰੀਕਾ ਵਿੱਚ ਕੰਜ਼ਰਵੇਟਿਵ ਸਿੰਯਾਗੋਗਾਂ ਵਿੱਚ ਮੈਂਬਰਸ਼ਿਪ ਵਿੱਚ ਘਟਾਅ ਦੇਖਿਆ ਗਿਆ ਹੈ। ਉਦਾਹਰਨ ਵੱਜੋਂ, ਬੇਥ ਟਜ਼ੇਡੇਕ ਸਿੰਯਾਗੋਗ ਵਿੱਚ 2010 ਦੇ ਦਹਾਕੇ ਵਿੱਚ ਮੈਂਬਰਸ਼ਿਪ ਵਿੱਚ ਲਗਭਗ 25% ਦੀ ਘਟਾਅ ਹੋਈ ਹੈ।

ਜਵਾਨ ਪੀੜ੍ਹੀ ਦਾ ਦਿਲਚਸਪੀ ਘਟਣਾ: ਜਵਾਨ ਪੀੜ੍ਹੀ ਧਾਰਮਿਕ ਸੰਸਥਾਵਾਂ ਵਿੱਚ ਘੱਟ ਰੁਚੀ ਦਿਖਾ ਰਹੀ ਹੈ, ਜਿਸ ਕਾਰਨ ਸੰਸਥਾਵਾਂ ਨੂੰ ਆਪਣੇ ਕਾਰਜਾਂ ਅਤੇ ਸੇਵਾਵਾਂ ਨੂੰ ਨਵੀਂ ਢੰਗ ਨਾਲ ਪੇਸ਼ ਕਰਨ ਦੀ ਜ਼ਰੂਰਤ ਹੈ।

ਸੰਸਥਾਵਿਕ ਸੰਸਾਧਨਾਂ ਦੀ ਘਾਟ: ਮੈਂਬਰਸ਼ਿਪ ਵਿੱਚ ਘਟਾਅ ਦੇ ਨਾਲ, ਸੰਸਥਾਵਾਂ ਨੂੰ ਆਪਣੇ ਸਕੂਲਾਂ, ਯੂਥ ਗਰੁੱਪਾਂ ਅਤੇ ਹੋਰ ਕਾਰਜਾਂ ਲਈ ਸੰਸਾਧਨਾਂ ਦੀ ਘਾਟ ਮਹਿਸੂਸ ਹੋ ਰਹੀ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੰਜ਼ਰਵੇਟਿਵ ਯਹੂਦੀਆਂ ਇੱਕ ਐਸੀ ਧਾਰਾ ਹੈ ਜੋ ਰਵਾਇਤਾਂ ਅਤੇ ਆਧੁਨਿਕਤਾ ਦੇ ਵਿਚਕਾਰ ਸੰਤੁਲਨ ਬਣਾਉਂਦੀ ਹੈ। ਇਸ ਧਾਰਾ ਦੀਆਂ ਪ੍ਰਥਾਵਾਂ ਅਤੇ ਵਿਸ਼ਵਾਸ ਸਮਾਜਿਕ ਅਤੇ ਧਾਰਮਿਕ ਤੌਰ 'ਤੇ ਸਮਰਥਿਤ ਹਨ। ਹਾਲਾਂਕਿ, ਆਧੁਨਿਕ ਸਮਾਜ ਵਿੱਚ ਕੁਝ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਕੰਜ਼ਰਵੇਟਿਵ ਯਹੂਦੀਆਂ ਨੂੰ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਜੋੜਨ ਲਈ ਨਵੇਂ ਤਰੀਕੇ ਅਪਣਾਉਣ ਦੀ ਜ਼ਰੂਰਤ ਹੈ।

ਅਭਿਆਸ ਲਈ ਪੁਸਤਕਾਂ (References):


1. Encyclopaedia Britannica, “Orthodox Judaism,” 2024 Edition, Encyclopaedia Britannica, Inc.

2. Jewish Virtual Library, “Orthodox Judaism,” American-Israeli Cooperative Enterprise, 2023

3. BBC Religion & Ethics, “Judaism: Orthodox Judaism,” British Broadcasting Corporation, 2022.

4. The Jewish Encyclopedia, Vol. IX, Funk and Wagnalls Company, New York, 1901–1906.

5. World History Encyclopedia, “Orthodox Judaism,” Edited by Joshua J. Mark, 2023

6. My Jewish Learning, “What Is Orthodox Judaism?”, 2023

7. Rabbi Irving Greenberg, The Jewish Way: Living the Holidays, New York: Simon & Schuster, 1988.

8. Norman Lamm, Torah Umadda, New York: Ktav Publishing House, 1990.

## ਯੂਨਿਟ 9. ਈਸਾਈ ਧਰਮ : ਕੈਥੋਲਿਕ ਅਤੇ ਪ੍ਰੋਟੈਸਟੈਂਟ ਸੰਪਰਦਾ

ਪੁਰਾਣੇ ਅਹਿਦਨਾਮੇ ਵਿੱਚ ਇੱਕ ਮਸੀਹੇ ਦੇ ਆਉਣ ਦੀ ਭਵਿੱਖਬਾਣੀ ਕੀਤੀ ਹੋਈ ਮਿਲਦੀ ਹੈ। ਉਹ ਭਵਿੱਖ ਬਾਣੀ ਪੂਰੀ ਹੋਈ ਅਤੇ ਅੱਜ ਤੋਂ ਵੀਹ ਸਦੀਆਂ ਪਹਿਲਾਂ ਇਸਰਾਇਲ ਦੇ ਛੋਟੇ ਜਿਹੇ ਕਸਬੇ ਬੈਤਲਹਮ ਵਿੱਚ ਇੱਕ ਮਸੀਹੇ ਨੇ ਜਨਮ ਲਿਆ। ਯਿਸੂ ਨਾਮੀ ਇਸ ਮਸੀਹੇ ਨੇ ਖ਼ੁਦ ਨੂੰ ਪਰਮਾਤਮਾ ਦਾ ਪੁੱਤਰ ਅਤੇ ਯਹੂਦੀਆਂ ਦਾ ਰਾਜਾ ਕਿਹਾ।

ਉਸਨੇ ਧਰਤੀ ਉੱਪਰ ਸੁਰਗ ਦੇ ਰਾਜ ਦੇ ਆਉਣ ਦੀ ਗੱਲ ਕੀਤੀ। ਉਸ ਦਾ ਸੰਦੇਸ਼ ਸਿੱਧਾ ਸਾਦਾ ਸੀ-ਪਾਪਾਂ ਤੋਂ ਤੌਬਾ ਕਰੋ, ਪਰਮਾਤਮਾ ਅਤੇ ਉਸਦੇ ਬੰਦਿਆਂ ਨਾਲ ਪ੍ਰੇਮ ਕਰੋ। ਪਰ ਮੌਕੇ ਦੇ ਰਾਜਨੀਤਿਕ ਅਤੇ ਧਾਰਮਿਕ ਨਿਜ਼ਾਮਾਂ ਨੂੰ ਇਹ ਰਾਸ ਨਾ ਆਇਆ ਅਤੇ ਉਸ ਮਸੀਹੇ ਨੂੰ ਸਲੀਬ ਉੱਤੇ ਟੰਗ ਕੇ ਮਾਰ ਦਿੱਤਾ ਗਿਆ। ਉਸਦੇ ਪੈਰੋਕਾਰਾਂ ਉੱਪਰ ਵੀ ਅੰਨ੍ਹਾਂ ਤਸ਼ੱਦਦ ਕੀਤਾ ਗਿਆ, ਪਰ ਉਨ੍ਹਾਂ ਦਾ ਸਿਦਕ ਅਤੇ ਵਿਸ਼ਵਾਸ ਅਟੁੱਟ ਰਿਹਾ। ਇਸ ਸਿਰੜ ਕਰਕੇ ਹੀ ਸੰਨ 311 ਈ. ਵਿੱਚ ਰੋਮਨ ਸਮਰਾਟ ਨੇ ਇਸ ਮੱਤ ਨੂੰ ਖੁੱਲ੍ਹ ਦੇ ਦਿੱਤੀ ਅਤੇ ਵਧਦਾ-ਵਧਦਾ ਇਹ ਮੱਤ ਈਸਾਈ ਧਰਮ ਦੇ ਰੂਪ ਵਿੱਚ ਅੱਜ ਦੁਨੀਆਂ ਦੀ ਆਬਾਦੀ ਦੇ ਸਭ ਤੋਂ ਵੱਡੇ (ਤੀਜੇ) ਹਿੱਸੇ ਦਾ ਧਰਮ ਬਣ ਗਿਆ ਹੈ। ਯਹੂਦੀ ਪਰੰਪਰਾ ਵਿੱਚੋਂ ਜਨਮੇ ਇਸ ਧਰਮ ਦੀ ਪਵਿੱਤਰ ਪੁਸਤਕ ਬਾਈਬਲ ਹੈ ਜਿਸਦੇ ਦੋ ਹਿੱਸਿਆਂ ਵਿੱਚੋਂ ਪਹਿਲਾ "ਪੁਰਾਣਾ ਅਹਿਦਨਾਮਾ" ਯਹੂਦੀ ਧਰਮ ਗ੍ਰੰਥ ਹੀ ਹੈ ਅਤੇ ਦੂਸਰੇ ਹਿੱਸੇ "ਨਵਾਂ ਅਹਿਦਨਾਮਾ" ਵਿੱਚ ਯਿਸੂ ਦੇ ਜੀਵਨ ਅਤੇ ਈਸਾਈ ਮਤ ਦੇ ਸ਼ੁਰੂਆਤੀ ਪ੍ਰਚਾਰ ਦਾ ਬ੍ਰਿਤਾਂਤ ਹੈ। ਚਰਚ ਨਾਮੀ ਮੰਦਿਰ ਵਾਲੇ ਇਸ ਧਰਮ ਦੇ ਆਗੂ ਬਿਸ਼ਪ, ਪੋਪ, ਪ੍ਰੈਸਬਾਈਟਸ, ਡੀਕਨ ਅਤੇ ਪਾਦਰੀ ਆਦਿ ਹਨ। ਸਲੀਬ ਇਸ ਦਾ ਪਵਿੱਤਰ ਨਿਸ਼ਾਨ ਹੈ। ਸ਼ੁਰੂ ਤੋਂ ਹੀ ਇਸਦਾ ਮੰਤਵ ਪਰਮਾਤਮਾ, ਉਸਦੇ ਪੁੱਤਰ ਯਿਸੂ, ਪਵਿੱਤਰ ਆਤਮਾ ਅਤੇ ਰਸੂਲਾਂ ਪ੍ਰਤੀ ਨਿਸ਼ਠਾਵਾਨ ਰਹਿਣਾ ਅਤੇ ਦੁਨੀਆ ਨੂੰ ਇਸ ਤੋਂ ਜਾਣੂ ਕਰਵਾਉਣਾ ਹੈ। ਇਹ ਇੱਕ ਮਿਸ਼ਨਰੀ ਧਰਮ ਹੈ। ਹਰ ਧਰਮ ਵਾਂਗ ਇਸ ਧਰਮ ਦਾ ਸਰੂਪ ਵੀ ਸਮੇਂ-ਸਮੇਂ ਬਦਲਦਾ ਰਿਹਾ, ਹਾਲਾਂਕਿ ਮੂਲਭੂਤ ਢਾਂਚਾ ਅਤੇ ਵਿਸ਼ਵਾਸ ਤਕਰੀਬਨ ਉਹੀ ਰਹੇ। ਅੱਜ ਇਸਦੇ 400 ਤੋਂ ਵੀ ਵੱਧ ਫਿਰਕੇ ਹਨ, ਪਰ ਤਿੰਨ ਸੰਪ੍ਰਦਾਇ ਮੁੱਖ ਮੰਨੇ ਜਾਂਦੇ ਹਨ। ਇਹ ਹਨ-ਸੰਨ 1054 ਵਿੱਚ ਅਲੱਗ ਹੋਏ ਪੂਰਵੀ ਪਰੰਪਰਾਵਾਦੀ (Eastern Orthodox) ਚਰਚ, ਰੋਮਨ ਕੈਥੋਲਿਕ ਚਰਚ ਅਤੇ ਫਿਰ ਸੋਲਵੀਂ ਸਦੀ ਵਿੱਚ ਰੋਮਨ ਕੈਥੋਲਿਕ ਚਰਚ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਵਿਰੋਧ (Protest) ਵਿੱਚ ਪੈਦਾ ਹੋਇਆ ਪ੍ਰੋਟੈਸਟੈਂਟ ਚਰਚ। ਇਸ ਖੋਜ ਪੇਪਰ

ਰਾਹੀਂ ਅਸੀਂ ਇਨ੍ਹਾਂ ਸੰਪ੍ਰਦਾਵਾਂ ਦੀ ਉਤਪੱਤੀ ਦੇ ਕਾਰਨਾਂ ਅਤੇ ਉਨ੍ਹਾਂ ਵਿਚਲੇ ਵਿਸ਼ਵਾਸਾਂ ਅਤੇ ਵਿਧੀ-ਵਿਧਾਨਾਂ ਦੇ ਫਰਕ ਨੂੰ ਸਮਝਣ ਦਾ ਯਤਨ ਕਰਾਂਗੇ।

ਯਹੂਦੀ ਸਮਾਜ ਦਾ ਧਾਰਮਿਕ ਪਿਛੋਕੜ

ਜਦੋਂ ਯਿਸੂ ਪੈਦਾ ਹੋਇਆ ਉਸ ਵੇਲੇ ਇਸਰਾਇਲ ਵਿੱਚ ਰੋਮਨ ਰਾਜ ਸੀ। ਯਹੂਦੀ ਧਰਮ ਤੋਂ ਇਲਾਵਾ ਕਈ ਹੋਰ ਧਰਮ ਪ੍ਰਚੱਲਿਤ ਸਨ ਯਹੂਦੀ ਇਨ੍ਹਾਂ ਨੂੰ ਕਾਫ਼ਰ (Pagan) ਧਰਮ ਕਹਿੰਦੇ ਸਨ। ਯਹੂਦੀ ਧਰਮ ਨਿਰੋਲ ਇੱਕ ਈਸ਼ਵਰਵਾਦੀ ਧਰਮ ਹੈ। ਜਿਸ ਵਿੱਚ ਮੂਰਤੀ ਪੂਜਾ, ਝਾੜ-ਫੂਕ, ਮਹੂਰਤ ਆਦਿ ਦੇ ਵਹਿਮਾਂ-ਭਰਮਾਂ ਅਤੇ ਜਾਦੂ ਆਦਿ ਦਾ ਪੂਰਨ ਨਿਖੇਧ ਹੈ। ਪਰ ਯਿਸੂ ਦੇ ਸਮੇਂ ਤੱਕ ਜਿਥੇ ਕਈ ਬੁਰਾਈਆਂ ਇਸ ਧਰਮ ਵਿੱਚ ਆ ਵੜੀਆਂ ਸਨ ਉਥੇ ਯਹੂਦੀ ਲੋਕ ਵੱਖੋ-ਵੱਖਰੇ ਫਿਰਕਿਆਂ ਵਿੱਚ ਵੀ ਵੰਡੇ ਗਏ ਸਨ। ਇਸ ਵੰਡ ਦਾ ਆਧਾਰ ਨਿਰੋਲ ਧਾਰਮਿਕ ਨਾ ਹੋ ਕੇ ਰਾਜਨੀਤਿਕ ਵੀ ਸੀ। ਪੰਜ ਮੁੱਖ ਧਾਰਮਿਕ ਜੱਥੇਬੰਦੀਆਂ ਸਨ: (1) ਫ਼ਰੀਸੀ (2) ਸਾਦੂਸੀ (3) ਇਸੈਨ (4) ਹੈਰੋਦੀ (5) ਜੇਲੱਟ। ਸਾਦੂਸੀ ਕਿਆਮਤ ਅਤੇ ਰੂਹਾਂ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਸਨ ਕਰਦੇ। ਇਹ ਅਮੀਰ ਅਤੇ ਰਾਜ ਸ਼ਕਤੀ ਦੇ ਨੇੜੇ ਸਨ। ਇਨ੍ਹਾਂ ਦਾ ਯਹੂਦੀਆਂ ਦੀ ਸਨਹੇਡ੍ਰਿਨ ਨਾਂ ਦੀ ਨਯਾਇਕ, ਧਾਰਮਿਕ ਅਤੇ ਪ੍ਰਸ਼ਾਸਨਿਕ ਕਾਉਂਸਿਲ ਉੱਪਰ ਕਬਜ਼ਾ ਸੀ। ਹੈਰੋਡਿਅਨ ਉਹ ਸਨ ਜੋ ਮੌਕੇ ਦੇ ਰਾਜੇ ਹੈਰੋਡ ਦੇ ਪੱਖੀ ਸਨ। ਇਹ ਵੀ ਅਮੀਰ ਤੇ ਅਸਰ-ਰਸੂਖ ਵਾਲੇ ਸਨ।

ਉਪਰੋਕਤ ਦੋਨੋਂ ਗਰੁੱਪ ਯਥਾਸਥਿਤੀ ਰੱਖਣਾ ਚਾਹੁੰਦੇ ਸਨ ਤਾਂ ਕਿ ਉਨ੍ਹਾਂ ਦਾ ਰੁਤਬਾ ਬਰਕਰਾਰ ਰਹੇ। ਜੇਲੱਟ ਜੱਥੇਬੰਦੀ ਹਿੰਸਾ ਰਾਹੀਂ ਰੋਮਨ ਰਾਜ ਨੂੰ ਖ਼ਤਮ ਕਰਕੇ ਫਿਲੀਸਤੀਨ ਵਿੱਚ ਯਹੂਦੀਆਂ ਦਾ ਰਾਜ ਸਥਾਪਤ ਕਰਨਾ ਚਾਹੁੰਦੀ ਸੀ। ਫ਼ਰੀਸੀ ਇੱਕ ਰੂੜੀਵਾਦੀ ਸੰਪ੍ਰਦਾਇ ਸੀ ਜੋ ਤੋਰਾਹ (ਪੁਰਾਣੇ ਅਹਿਦਨਾਮੇ ਵਿੱਚ ਯਹੂਦੀਆਂ ਦਾ ਕਾਨੂੰਨ ਅਤੇ ਵਿਧੀ-ਵਿਧਾਨ) ਦੇ ਪਰੰਪਾਰਿਕ ਅਰਥਾਂ ਮੁਤਾਬਿਕ ਹੀ ਚੱਲਣਾ ਚਾਹੁੰਦੇ ਸਨ। ਥੋੜ੍ਹੇ ਜਿਹੇ ਵੀ ਫੇਰ-ਬਦਲ ਨੂੰ ਉਹ ਬਰਦਾਸ਼ਤ ਨਹੀਂ ਸਨ ਕਰਦੇ। ਯਿਸੂ ਨੇ ਇਨ੍ਹਾਂ ਨੂੰ ਵਾਰ-ਵਾਰ ਮਕਰੋ ਕਿਹਾ ਅਤੇ ਨਿੰਦਿਆ। ਇਸੈਨ ਵੀ ਬਹੁਤ ਧਾਰਮਿਕ ਸਨ, ਪਰ ਇਹ ਸਮਾਜ ਤੋਂ ਵੱਖਰੇ ਰਹਿ ਕੇ ਇਬਾਦਤ ਅਤੇ ਪੜ੍ਹਨ-ਪੜ੍ਹਾਉਣ ਦਾ ਕੰਮ ਕਰਦੇ ਸਨ। ਇਸ ਲਈ ਯਹੂਦੀ ਸਮਾਜ ਵਿੱਚ ਇਨ੍ਹਾਂ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਸੀ।

ਯਿਸੂ ਦਾ ਜੀਵਨ ਬ੍ਰਿਤਾਂਤ

ਯਿਸੂ 4 ਈ. ਪੂ. ਵਿੱਚ ਰੋਮ ਸਾਮਰਾਜ ਦੇ ਗਰੀਬੜੇ ਜਿਹੇ ਜੂਡੀਆ ਰਾਜ ਦੇ ਇੱਕ ਛੋਟੇ ਜਿਹੇ ਕਸਬੇ ਬੈਤਲਹਮ ਵਿੱਚ ਮੈਰੀ ਨਾਂ ਦੀ ਲੜਕੀ ਅਤੇ ਉਸਦੇ ਮੰਗੇਤਰ ਜੋਸੇਫ਼ ਦੇ ਘਰ ਪੈਦਾ ਹੋਇਆ। ਮੈਰੀ ਨੇ ਕੁਆਰੀ ਨੇ ਹੀ ਪਵਿੱਤਰ ਆਤਮਾ ਰਾਹੀਂ ਗਰਭਧਾਰਣ ਕੀਤਾ ਸੀ । ਯਿਸੂ ਨਾਮੀ ਇਸ ਬਾਲਕ ਦੇ ਮੁੱਢਲੇ ਜੀਵਨ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ ਹੈ । ਜਦ ਉਹ ਤੀਹ ਸਾਲ ਦਾ ਹੋਇਆ ਤਾਂ ਬਪਤਿਸਮਾ ਲੈਣ ਲਈ ਯੂਹੰਨਾ ਨਾਮੀ ਧਾਰਮਿਕ ਮੁਖੀ ਕੋਲ ਗਿਆ । (ਬਪਤਿਸਮਾ (Baptism) ਗ੍ਰੀਕ ਸ਼ਬਦ ਤੋਂ ਬਣਿਆ ਹੈ, ਜਿਸਦਾ ਅਰਥ ਹੈ ਡੁਬਕੀ ਲਗਾਉਣੀ ਅਤੇ ਇਹ ਨਵੇਂ ਬੰਦੇ ਨੂੰ ਧਰਮ ਵਿੱਚ ਸ਼ਾਮਿਲ ਕਰਨ ਦੀ ਰਸਮ ਹੈ।) ਅੱਜ-ਕਲ ਆਮ ਤੌਰ 'ਤੇ ਬੱਚੇ ਨੂੰ ਪਾਣੀ ਦੇ ਛਿੱਟੇ ਮਾਰ ਕੇ ਬਪਤਿਸਮਾ ਦਿੱਤਾ ਜਾਂਦਾ ਹੈ । ਯੂਹੰਨਾ ਯਰਦਨ ਨਦੀ ਦੇ ਪਾਣੀ ਨਾਲ ਯਹੂਦੀਆਂ ਨੂੰ ਬਪਤਿਸਮਾ ਦਿੰਦਾ ਸੀ ਯੂਹੰਨਾ ਨੇ ਇਸ ਮਸੀਹੇ ਨੂੰ ਪਛਾਣ ਲਿਆ ਅਤੇ ਕਿਹਾ ਕਿ ਸਗੋਂ ਉਸਨੂੰ ਯਿਸੂ ਕੋਲੋਂ ਬਪਤਿਸਮਾ ਲੈਣਾ ਚਾਹੀਦਾ ਹੈ । ਪਰ ਯਿਸੂ ਦੇ ਜ਼ੋਰ ਦੇਣ 'ਤੇ ਯੂਹੰਨਾ ਨੇ ਉਸਨੂੰ ਬਪਤਿਸਮਾ ਦੇ ਦਿੱਤਾ। ਉਸ ਸਮੇਂ ਯਿਸੂ ਦੇ ਪਰਮਾਤਮਾ ਦਾ ਪੁੱਤਰ ਹੋਣ ਬਾਰੇ ਦੇਵਵਾਣੀ ਹੋਈ ਅਤੇ ਪਵਿੱਤਰ ਆਤਮਾ ਚਿੱਟੇ ਕਬੂਤਰ ਦੇ ਰੂਪ ਵਿੱਚ ਉਸਦੇ ਸਿਰ ਉੱਪਰ ਆਣ ਬੈਠੀ । ਬਪਤਿਸਮਾ ਲੈਣ ਤੋਂ ਬਾਅਦ ਯਿਸੂ 40 ਦਿਨ ਵਰਤ ਰੱਖ ਕੇ ਉਜਾੜ ਵਿੱਚ ਘੁੰਮਦਾ ਰਿਹਾ। ਇੱਥੇ ਸ਼ੈਤਾਨ ਨੇ ਉਸਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਪਰ ਯਿਸੂ ਨੇ ਹਰ ਵਾਰ ਮੋੜਵਾਂ ਜਵਾਬ ਦੇ ਕੇ ਉਸਨੂੰ ਨਿਰੁੱਤਰ ਕਰ ਦਿੱਤਾ। ਯਿਸੂ ਦੇ ਵਿਵਹਾਰ ਤੋਂ ਪ੍ਰਗਟ ਹੋਣ ਲੱਗਾ ਕਿ ਇਹ ਸਧਾਰਣ ਮਨੁੱਖ ਨਹੀਂ ਹੈ ।

ਇਸ ਤੋਂ ਬਾਅਦ ਯਿਸੂ ਨੇ ਪ੍ਰਚਾਰ ਸ਼ੁਰੂ ਕੀਤਾ ਅਤੇ ਕਿਹਾ ਕਿ ਭਈ ਤੋਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ (ਮੱਤੀ 4:17) ਇਹ ਰਾਜ ਸਮਾਜ ਦੇ ਗ਼ਰੀਬ ਅਤੇ ਦੱਬੇ -ਕੁਚਲੇ ਲੋਕਾਂ ਵਾਸਤੇ ਸੀ । ਉਸਦੇ ਚੇਲੇ ਸਿੱਧੇ-ਸਾਦੇ ਅਨਪੜ੍ਹ ਲੋਕ ਸਨ । ਇਸ ਕਰਕੇ ਉਸਦੇ ਉਪਦੇਸ਼ ਵੀ ਸਿੱਧੇ ਅਤੇ ਸਰਲ ਸਨ। ਉਹ ਅਕਸਰ ਨੀਤੀ ਕਥਾਵਾਂ ਅਤੇ ਦ੍ਰਿਸ਼ਟਾਂਤ ਸੁਣਾ ਕੇ ਆਪਣੀ ਗੱਲ ਸਮਝਾਉਂਦਾ ਹੋਇਆ ਲੋਕਾਂ ਨੂੰ ਸਿੱਧੇ ਰਾਹੇ ਪਾਉਂਦਾ ਸੀ । ਬਾਈਬਲ ਵਿੱਚ ਯਿਸੂ ਰਾਹੀਂ ਕੀਤੇ ਗਏ ਕ੍ਰਿਸ਼ਮਿਆਂ ਦਾ ਵੀ ਜ਼ਿਕਰ ਹੈ।

ਯਿਸੂ ਦੇ 12 ਚੇਲੇ ਸਨ । ਉਸ ਨੇ ਉਨ੍ਹਾਂ ਨੂੰ ਬਿਲਕੁਲ ਸਾਦਗੀ ਵਿੱਚ ਰਹਿ ਕੇ ਇਸਰਾਇਲ ਦੀਆਂ ਗੁਆਚੀਆਂ ਹੋਈਆਂ ਭੇਡਾਂ (ਯਹੂਦੀਆਂ) ਕੋਲ ਜਾ ਕੇ ਪ੍ਰਚਾਰ ਕਰਨ ਲਈ ਰਿਹਾ (ਪੱਕੀ 10.6) 1 ਉਹ ਸਰਦੀਆਂ ਤੋਂ ਇਲਾਵਾ ਹੋਰ ਲੋਕਾਂ ਵਿੱਚ ਵੀ

ਆਪਣਾ ਪਵਿੱਤਰ ਸੰਦੇਸ਼ ਦੇਣਾ ਚਾਹੁੰਦਾ ਸੀ। ਕਿਉਂਕਿ ਉਸ ਨੇ ਕਿਹਾ, "ਅਤੇ ਮੇਰੀਆਂ ਹੋਰ ਵੀ ਭੇਡਾਂ ਹਨ ਜਿਹੜੀਆਂ ਇਸ ਬਾੜੇ ਦੀਆਂ ਨਹੀਂ। ਮੈਨੂੰ ਚਾਹੀਦਾ ਹੈ ਜੋ ਉਨ੍ਹਾਂ ਨੂੰ ਵੀ ਲਿਆਵਾਂ ਅਰ ਉਹ ਮੇਰੀ ਆਵਾਜ਼ ਸੁਣਨਗੀਆਂ ਅਤੇ ਇੱਕੋ ਇੱਜੜ ਅਤੇ ਇੱਕੋ ਅਯਾਲੀ ਹੋਵੇਗਾ।"

ਯਿਸੂ ਦੀਆਂ ਗੱਲਾਂ, ਕ੍ਰਿਸ਼ਮਿਆਂ ਅਤੇ ਉਸਦੇ ਮਗਰ ਲੱਗੀ ਭੀੜ ਦੇ ਵਾਧੇ ਨੂੰ ਦੇਖ ਦੇ ਯਹੂਦੀਆਂ ਦੇ ਧਾਰਮਿਕ ਆਗੂ ਈਰਖਾ ਕਰਨ ਲੱਗ ਪਏ । ਉਸਦੇ ਸਬਤ ਦੇ ਦਿਨ ਕੰਮ ਨਾ ਕਰਨ ਦੇ ਨੇਮ ਤੋਂ ਇਨਕਾਰੀ ਹੋਣ ਅਤੇ ਆਪਣੇ ਆਪ ਨੂੰ ਪਰਮੇਸ਼ਰ ਕਹਿਣ ਕਰਕੇ ਉਸਨੂੰ ਕਾਫ਼ਰ ਕਿਹਾ ਗਿਆ। ਉਸਦੇ ਚੇਲਿਆਂ ਵਿੱਚੋਂ ਬਹੁਤੇ ਪਿਛਾਂਹ ਨੂੰ ਫਿਰ ਗਏ ਅਤੇ ਮੁੜ ਉਹਦੇ ਨਾਲ ਨਾ ਚੱਲ (ਯੂਹੰਨਾ 6:66) । ਉਸਦੇ ਸ਼ੁਰੂ ਵਾਲੇ 12 ਚੇਲੇ ਉਸਦੇ ਨਾਲ ਹੀ ਰਹੇ। ਯਿਸੂ ਆਪਣੇ-ਆਪ ਨੂੰ ਯਹੂਦੀਆਂ ਦਾ ਰਾਜਾ ਕਹਿੰਦਾ ਸੀ - ਇਸ ਲਈ ਵਿਰੋਧੀਆਂ ਨੇ ਇਸ ਨੂੰ ਰੋਮਨ ਰਾਜ ਦੇ ਖ਼ਿਲਾਫ਼ ਵਿਦਰੋਹ ਦੇ ਤੌਰ 'ਤੇ ਪੇਸ਼ ਕੀਤਾ। ਯਿਸੂ ਨੂੰ ਪਹਿਲਾਂ ਹੀ ਚਾਨਣ ਸੀ ਕਿ ਕੀ ਵਾਪਰਨਾ ਹੈ। ਯਹੂਦੀਆਂ ਦੇ ਪਸਾਹ ਤਿਉਹਾਰ (Passover) (ਜੋ ਮੂਸਾ ਦੇ ਯਹੂਦੀਆਂ ਨੂੰ ਮਿਸਰ ਦੀ ਕੈਦ ਵਿੱਚੋਂ ਛੁਡਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ) 'ਤੇ ਸ਼ੁਕਰਾਨੇ ਦੇ ਭੋਜ ਵਿੱਚ ਜਦ ਉਸਦੇ 12 ਚੇਲੇ ਮੌਜੂਦ ਸਨ ਤਾਂ ਉਸਨੇ ਰੋਟੀ ਦਾ ਟੁਕੜਾ ਤੋੜ ਕੇ ਕਿਹਾ ਕਿ ਇਹ ਮੇਰਾ ਸਰੀਰ ਹੈ ਅਤੇ ਸ਼ਰਾਬ (Wine) ਦੇ ਕੇ ਕਿਹਾ ਕਿ ਇਹ ਮੇਰਾ ਖ਼ੂਨ ਹੈ ਮੈਂ ਬਹੁਤਿਆਂ ਦੇ ਪਾਪਾਂ ਦੀ ਮਾਫ਼ੀ ਖ਼ਾਤਰ ਦਿੰਦਾ ਹਾਂ । ਸਾਰੇ ਈਸਾਈ ਇਸ ਭੋਜ ਦੀ ਯਾਦ ਵਿੱਚ ਅੱਜ ਵੀ ਯੂਕੇਰਿਸਟ (ਜਾਂ ਮਾਸ-Mass) ਮਨਾਉਂਦੇ ਹਨ, ਇਸ ਦਾ ਸੰਖੇਪ ਜ਼ਿਕਰ ਅਸੀਂ ਅੱਗੇ ਜਾ ਕੇ ਵੀ ਕਰਾਂਗੇ ।

ਇਸ ਤੋਂ ਛੇਤੀ ਬਾਅਦ ਹੀ ਯਿਸੂ ਦੇ ਚੇਲੇ ਯਹੂਦਾ ਇਸਕਰਿਯੋਤੀ ਨੇ ਉਸਦਾ ਟਿਕਾਣਾ ਦੁਸ਼ਮਣਾਂ ਨੂੰ ਦੱਸ ਕੇ ਗ੍ਰਿਫ਼ਤਾਰ ਕਰਵਾ ਦਿੱਤਾ । ਯਹੂਦੀਆਂ ਦੀ ਪੰਚਾਇਤ ਸਨਹੇਡਿਨ ਨੇ ਉਸਨੂੰ ਦੋਸ਼ੀ ਕਰਾਰ ਦਿੱਤਾ ਅਤੇ ਮੌਕੇ ਦੇ ਰੋਮਨ ਹਾਕਮ ਪਿਲਾਤੁਸ (Pontius Pilate) ਨੇ ਯਿਸੂ ਨੂੰ ਮੌਤ ਦੀ ਸਜ਼ਾ ਸੁਣਾਈ। ਫਿਰ ਯਿਸੂ ਦੇ ਸਿਰ ਉੱਪਰ ਕੰਡਿਆਂ ਦਾ ਤਾਜ ਰੱਖ ਕੇ ਦੋ ਹੋਰ ਮੁਜ਼ਰਮਾਂ ਨਾਲ, ਯਰੂਸ਼ਲਮ ਦੇ ਬਾਹਰ ਗੋਲਗੋਥਾ ਨਾਂ ਦੀ ਜਗ੍ਹਾ 'ਤੇ ਉਸ ਨੂੰ ਸਲੀਬ ਉੱਤੇ ਟੰਗ ਦਿੱਤਾ ਗਿਆ । ਬਾਈਬਲ ਵਿੱਚ ਜ਼ਿਕਰ ਆਉਂਦਾ ਹੈ ਕਿ ਤੀਸਰੇ ਦਿਨ ਯਿਸੂ ਕਬਰ ਵਿੱਚੋਂ ਜੀ ਉੱਠਿਆ ਅਤੇ ਆਪਣੇ 11 ਚੇਲਿਆਂ ਅਤੇ ਹੋਰ ਸੇਵਕਾਂ ਨੂੰ ਕਈ ਵਾਰ ਦਰਸ਼ਨ ਦੇਣ ਤੋਂ ਬਾਅਦ ਸੁਰਗ ਨੂੰ ਚਲਾ ਗਿਆ । ਇੱਥੇ ਇਹ ਜ਼ਿਕਰਯੋਗ ਹੈ ਕਿ ਯਹੂਦਾ ਨੇ ਧ੍ਰੋਹ ਕਰਨ ਤੋਂ ਬਾਅਦ ਫਾਹਾ ਲੈ ਲਿਆ ਸੀ। ਯਿਸੂ ਦੀ ਚੇਲਿਆਂ ਨੂੰ ਆਖ਼ਰੀ ਤਾਕੀਦ ਸੀ, "ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ

ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ" (ਮੱਤੀ 28:18-20)। ਯਿਸੂ ਨੂੰ ਸ਼ੁੱਕਰਵਾਰ ਨੂੰ ਸੂਲੀ ’ਤੇ ਚੜਾਇਆ ਗਿਆ ਸੀ। ਅੱਜ ਵੀ ਹਰ ਸਾਲ ਇਹ ਗੁੱਡ ਫਰਾਈਡੇ ਦੇ ਨਾਮ ਨਾਲ ਸੋਗ ਦਾ ਦਿਨ ਹੁੰਦਾ ਹੈ। ਰੋਮਨ ਕੈਥੋਲਿਕ ਸੰਪ੍ਰਦਾਇ ਵਿੱਚ ਇਸ ਸ਼ੁੱਕਰਵਾਰ ਅਤੇ ਅਗਲੇ ਦਿਨ (ਸ਼ਨੀਵਾਰ) Mass (ਯੂਕੇ ਰਿਸਟ) ਨਹੀਂ ਮਨਾਈ ਜਾਂਦੀ। ਦੂਸਰੇ ਚਰਚਾਂ ਵਿੱਚ ਵੀ ਸਾਦਗੀ ਪੂਰਨ ਪ੍ਰਾਰਥਨਾ ਹੀ ਹੁੰਦੀ ਹੈ। ਪਰ ਗੁੱਡ ਫਰਾਈਡੇ ਤੋਂ ਬਾਅਦ ਵਾਲਾ ਐਤਵਾਰ, ਯਿਸੂ ਦੇ ਕਬਰ ਵਿੱਚੋਂ ਉੱਠਣ ਦੀ ਖੁਸ਼ੀ ਵਿੱਚ ਧੂਮ-ਧਾਮ ਨਾਲ ਈਸਟਰ ਤਿਉਹਾਰ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਈਸਟਰ ਦਾ ਦਿਨ ਬਸੰਤ (21 ਮਾਰਚ) ਤੋਂ ਬਾਅਦ ਵਾਲੀ ਪਹਿਲੀ ਪੂਰਨਮਾਸ਼ੀ ਤੋਂ ਬਾਅਦ ਪਹਿਲੇ ਐਤਵਾਰ ਨੂੰ ਹੁੰਦਾ ਹੈ।

ਨਵਾਂ ਧਰਮ

ਉਪਰੋਕਤ ਆਦੇਸ਼ ਤੋਂ ਤੁਰੰਤ ਬਾਅਦ ਧਰਮ ਪ੍ਰਚਾਰ ਦਾ ਕੰਮ ਸ਼ੁਰੂ ਨਾ ਹੋਇਆ ਕਿਉਂਕਿ ਯਿਸੂ ਨੇ ਕਿਹਾ ਸੀ ਕਿ ਪਵਿੱਤਰ ਆਤਮਾ ਆ ਕੇ ਉਨ੍ਹਾਂ ਦੀ ਅਗਵਾਈ ਕਰੇਗਾ (ਯੂਹੰਨਾ 16:13)। ਜਦ ਪੈਂਤਾਂ ਕੋਸਤ (ਸਬਤ ਤੋਂ ਬਾਅਦ ਪੰਜਾਵਾਂ ਦਿਨ-Pentecost) ਦਾ ਦਿਨ ਆਇਆ ਤਾਂ ਉਹ ਸਭ ਯੇਰੂਸ਼ਲਮ ਵਿਖੇ ਇੱਕ ਥਾਂ ਇਕੱਠੇ ਹੋਏ। ਅਚਾਨਕ ਅਕਾਸ਼ ਤੋਂ ਇੱਕ ਗੂੰਜ ਆਈ ਜਿਵੇਂ ਵੱਡੀ ਭਾਰੀ ਹਨ੍ਹੇਰੀ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ ਭਰ ਗਿਆ। ਉਨ੍ਹਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ-ਵੱਖਰੀਆਂ ਹੁੰਦੀਆਂ ਦਿਖਾਈ ਦਿੱਤੀਆਂ ਅਤੇ ਉਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ। ਤਦ ਉਹ ਸਾਰੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਅਜੀਬੋ ਗਰੀਬ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ (ਚੇਲਿਆਂ ਦੇ ਕਰਤੱਬ 2:1-4)। ਇਸ ਤੋਂ ਛੇਤੀ ਬਾਅਦ ਹੀ ਪਤਰਸ (Peter) ਨੇ ਪਹਿਲਾ ਪ੍ਰਵਚਨ ਕੀਤਾ ਜਿਸ ਵਿੱਚ ਇਸਾਈ ਧਰਮ ਦੀ ਰੂਪ-ਰੇਖਾ ਪੇਸ਼ ਕੀਤੀ ਗਈ ਅਤੇ ਐਲਾਨ ਕੀਤਾ ਕਿ ਯਿਸੂ ਹੀ ਉਹ ਮਸੀਹਾ ਸੀ ਜਿਸਦੇ ਦੁਨੀਆਂ 'ਤੇ ਆਉਣ ਦੇ ਬਚਨ ਪਹਿਲਾਂ ਹੀ ਹੋ ਚੁੱਕੇ ਸਨ, ਪਰ ਧਾਰਮਿਕ ਆਗੂਆਂ ਨੇ ਉਸ ਨੂੰ ਸਲੀਬ 'ਤੇ ਚੜ੍ਹਾ ਕੇ ਮਰਵਾ ਦਿੱਤਾ। ਇਸ ਲਈ ਉਹ ਵਿਸ਼ਵਾਸਘਾਤ ਦੇ ਦੋਸ਼ੀ ਸਨ। ਕਬਰ ਵੀ ਯਿਸੂ ਨੂੰ ਨਾ ਜਿੱਤ ਸਕੀ ਅਤੇ ਪਰਮੇਸ਼ਵਰ ਨੇ ਉਸਨੂੰ

ਜਿਉਂਦਾ ਉਠਾਇਆ। ਪਰਮੇਸ਼ਵਰ ਨੇ ਯਿਸੂ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ। ਇਸ ਲਈ ਜਿਹੜਾ ਯਿਸੂ ਵਿੱਚ ਵਿਸ਼ਵਾਸ ਕਰੇਗਾ ਅਤੇ ਪ੍ਰਭੂ ਦਾ ਨਾਮ ਲਵੇਗਾ ਬਚਾਇਆ ਜਾਵੇਗਾ। ਪਹਿਲੇ ਹੀ ਦਿਨ ਪਤਰਸ ਨੇ ਤਿੰਨ ਕੁ ਹਜ਼ਾਰ ਲੋਕਾਂ ਨੂੰ ਬਪਤਿਸਮਾ ਦਿੱਤਾ ।

ਯਿਸੂ ਦੇ ਚੇਲਿਆਂ ਦੇ ਪ੍ਰਵਚਨਾਂ ਅਤੇ ਕਾਰਜਾਂ ਨੇ ਯਹੂਦੀਆਂ ਦੇ ਧਾਰਮਿਕ ਆਗੂਆਂ ਦੇ ਗੁੱਸੇ ਨੂੰ ਬਹੁਤ ਭੜਕਾ ਦਿੱਤਾ, ਪਰ ਨਵੇਂ ਵਿਸਵਾਸ਼ੀ ਤਾਂ ਸਿਰਫ਼ ਇੱਕ ਹੀ ਗੱਲ 'ਤੇ ਕਾਇਮ ਸਨ ਕਿ ਉਹ ਪਰਮਾਤਮਾ ਤੋਂ ਇਲਾਵਾ ਹੋਰ ਕਿਸੇ ਨੂੰ ਨਹੀਂ ਸਨ ਮੰਨਦੇ ਅਤੇ ਯਿਸੂ ਵੀ ਪ੍ਰਭੂ ਸੀ । ਉਨ੍ਹੀਂ ਦਿਨੀਂ ਚੇਲਿਆਂ ਨੇ ਆਪਣੀ ਮੱਦਦ ਲਈ ਕੁੱਝ ਸੇਵਕ ਰੱਖੇ ਜਿਨ੍ਹਾਂ ਨੂੰ ਡੀਕਨ ਕਹਿੰਦੇ ਸਨ। ਸਤੀਫ਼ਨ (Stephen) ਨਾਂ ਦਾ ਇੱਕ ਨੌਜਵਾਨ ਅਜਿਹਾ ਪਹਿਲਾ ਸੇਵਕ ਸੀ ਜੋ ਬੜੇ ਜੋਸ਼ ਨਾਲ ਨਵੇਂ ਪੰਥ ਦਾ ਪ੍ਰਚਾਰ ਕਰਦਾ ਸੀ । ਉਸ ਨੂੰ ਯਹੂਦੀਆਂ ਦੀ ਮਹਾਂਸਭਾ (Sanhedrin) ਦੇ ਸਾਹਮਣੇ ਪੇਸ਼ ਕੀਤਾ ਗਿਆ । ਉਸਨੇ ਅਬਰਾਹਮ ਤੋਂ ਲੈ ਕੇ ਯਿਸੂ ਤੀਕਰ ਯਹੂਦੀਆਂ ਦੇ ਇਤਿਹਾਸ ਨੂੰ ਇੱਕ ਨਵੇਂ ਢੰਗ ਨਾਲ ਬਿਆਨਿਆ ਜਿਸ ਤੋਂ ਖ਼ਫ਼ਾ ਹੋ ਕੇ ਸਭਾ ਨੇ ਉਸਨੂੰ ਪੱਥਰ ਮਾਰ-ਮਾਰ ਕੇ ਕਤਲ ਕੀਤੇ ਜਾਣ ਦਾ ਹੁਕਮ ਦਿੱਤਾ (ਰਸੂਲਾਂ ਦੇ ਕਰਤੱਬ :7) । ਇਹ ਪਹਿਲਾ ਈਸਾਈ ਸ਼ਹੀਦ ਸੀ । ਇਸ ਸ਼ਹਾਦਤ ਨੇ ਇਸ ਨਵੇਂ ਧਰਮ ਦੀਆਂ ਜੜ੍ਹਾਂ ਹੋਰ ਮਜ਼ਬੂਤ ਕਰ ਦਿੱਤੀਆਂ ।

ਜਦੋਂ ਸਤੀਫ਼ਨ ਨੂੰ ਮਾਰਿਆ ਜਾ ਰਿਹਾ ਸੀ ਤਾਂ ਉੱਥੇ ਇੱਕ ਸੌਲਸ (Saul) ਨਾਮੀ ਨੌਜਵਾਨ ਯਹੂਦੀ ਵੀ ਮੌਜੂਦ ਸੀ । ਇਹ ਅੰਤਾਂ ਦਾ ਕੱਟੜ ਸੀ ਅਤੇ ਨਵੇਂ ਧਰਮ ਵਾਲਿਆਂ ਨਾਲ ਬਹੁਤ ਬੁਰੀ ਕਰਦਾ ਸੀ । ਨਵੇਂ ਧਰਮ ਦੇ ਨਾਸ਼ ਦੀ ਮਨਸ਼ਾ ਮਨ ਵਿੱਚ ਲੈ ਕੇ ਜਦ ਉਹ ਦੰਮਿਸ਼ਕ ਸ਼ਹਿਰ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਇੱਕ ਚਕਾਚੌਂਧ ਕਰਨ ਵਾਲੀ ਰੌਸ਼ਨੀ ਹੋਈ ਅਤੇ ਯਿਸੂ ਦੀ ਆਵਾਜ਼ ਆਈ। ਉਹ ਭੁੰਜੇ ਡਿੱਗ ਗਿਆ ਅਤੇ ਅੰਨ੍ਹਾ ਹੋ ਗਿਆ ਪਰ ਉਸਦੀ ਅੰਦਰਲੀ ਅੱਖ ਖੁੱਲ੍ਹ ਗਈ। ਦਮਿਸ਼ਕ ਜਾ ਕੇ ਉਸਨੇ ਬਪਤਿਸਮਾ ਲਿਆ।

ਅਤੇ ਸੁਜਾਖ਼ਾ ਹੋ ਗਿਆ । ਉਸਨੇ ਗੈਰ-ਯਹੂਦੀਆਂ ਵਿੱਚ ਧਰਮ ਪ੍ਰਚਾਰ ਕੀਤਾ । ਬਾਅਦ ਵਿੱਚ ਉਸ ਦਾ ਨਾਂ ਪੌਲੁਸ (Paul) ਪੈ ਗਿਆ । ਜਿਵੇਂ-ਜਿਵੇਂ ਧਰਮ ਫੈਲਿਆ, ਬਾਹਰ ਅੱਤਿਆਚਾਰ ਦੇ ਨਾਲ-ਨਾਲ ਅੰਦਰੂਨੀ ਭਰਮ-ਭੁਲੇਖੇ ਵੀ ਤੰਗ ਕਰਨ ਲੱਗੇ । ਪੌਲੁਸ ਜਦ ਆਪਣੇ ਸਾਥੀ ਬਰਨਬਾਸ ਨਾਲ ਸੀਰੀਆ ਦੇ ਸ਼ਹਿਰ ਅੰਤਾਕਿਆ ਵਿੱਚ ਸੀ ਤਾਂ ਸੁੰਨਤ ਦੇ ਬਾਰੇ ਬਹਿਸ ਹੋਣ ਲੱਗੀ । ਮੂਸਾ ਦਾ ਕਾਨੂੰਨ ਸੁੰਨਤੀ ਬੰਦੇ ਨੂੰ ਹੀ ਮੁਕਤੀ ਦਾ ਹੱਕਦਾਰ ਸਮਝਦਾ ਸੀ । ਪਰ ਨਵੇਂ ਧਰਮ ਵਿੱਚ ਤਾਂ ਗੈਰ ਯਹੂਦੀ

ਵੀ ਸ਼ਾਮਲ ਹੋ ਰਹੇ ਸਨ ਅਤੇ ਪੌਲੁਸ ਇਹ ਕੰਮ ਬਾਖ਼ੂਬੀ ਕਰ ਰਿਹਾ ਸੀ। ਇਹ ਮਸਲਾ ਯੇਰੁਸ਼ਲਮ ਵਿਖੇ ਚੇਲਿਆਂ ਅਤੇ ਵਡੇਰਿਆਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਕਾਫ਼ੀ ਬਹਿਸ ਤੋਂ ਬਾਅਦ ਪੌਲੁਸ ਦਾ ਇਹ ਵਿਚਾਰ ਕਿ ਗੈਰ-ਯਹੂਦੀਆਂ ਨੂੰ ਨਵੇਂ ਧਰਮ ਵਿੱਚ ਦਾਖ਼ਲ ਹੋਣ ਵਾਸਤੇ ਸੁੰਨਤ ਕਰਵਾਉਣ ਦੀ ਲੋੜ ਨਹੀਂ, ਮੰਨ ਲਿਆ ਗਿਆ। ਪੌਲੁਸ ਨੇ ਨਵੇਂ ਧਰਮ ਦਾ ਬਹੁਤ ਪ੍ਰਚਾਰ ਕੀਤਾ। ਉਸਨੇ ਯੂਰਪ ਜਾ ਕੇ ਮਕਦੂਨੀਆਂ ਦੇ ਫਿਲਿਪੀ ਸ਼ਹਿਰ ਵਿੱਚ ਪਹਿਲਾ ਚਰਚ ਬਣਾਇਆ ਅਤੇ ਲਿਡੀਆ ਨਾਂ ਦੀ ਇੱਕ ਅਮੀਰ ਵਪਾਰੀ ਔਰਤ ਪਹਿਲੀ ਈਸਾਈ ਬਣੀ। ਨਵੇਂ ਅਹਿਦਨਾਮੇ ਜਿਸ ਵਿੱਚ ਸ਼ੁਰੂਆਤੀ ਈਸਾਈ ਧਰਮ ਦੀ ਰੂਪ-ਰੇਖਾ ਨਜ਼ਰ ਆਉਂਦੀ ਹੈ। ਇਸ ਵਿੱਚ ਪੌਲੁਸ ਦਾ ਯੋਗਦਾਨ ਸਭ ਤੋਂ ਵੱਧ ਨਜ਼ਰ ਆਉਂਦਾ ਹੈ। ਕੁੱਲ 27 ਕਿਤਾਬਾਂ ਵਿੱਚੋਂ 13 ਕਿਤਾਬਾਂ ਇਕੱਲੇ ਪੱਲਸ ਦੁਆਰਾ ਲਿਖੀਆਂ ਹਨ। ਉਸਨੇ ਚਰਚ ਨੂੰ ਇੱਕ ਯਹੂਦੀ ਸੰਪ੍ਰਦਾਇ ਤੋਂ ਅੰਤਰਰਾਸ਼ਟਰੀ ਧਰਮ ਬਣਾ ਦਿੱਤਾ। ਇਸੇ ਕਰਕੇ ਉਸਨੂੰ ਈਸਾਈ ਧਰਮ ਦਾ ਦੂਸਰਾ ਸੰਸਥਾਪਕ ਵੀ ਕਿਹਾ ਜਾਂਦਾ ਹੈ। ਪਤਰਸ (Peter) ਜਿਸਨੇ ਯੇਰੂਸ਼ਲਮ ਵਿਖੇ ਪਹਿਲਾ ਪ੍ਰਵਚਨ ਕੀਤਾ ਸੀ, ਰੋਮ ਦੇ ਚਰਚ ਦਾ ਪਹਿਲਾ ਬਿਸ਼ਪ ਬਣਿਆ। ਰੋਮ ਦੇ ਬਿਸ਼ਪ ਦੀ ਇਹੀ ਪਦਵੀ ਬਾਅਦ ਵਿੱਚ ਪੋਪ ਦੇ ਰੂਪ ਵਿੱਚ ਚੱਲੀ ਅਤੇ ਅੱਜ ਤੀਕਰ ਕਾਇਮ ਹੈ (Pope ਸ਼ਬਦ ਗ੍ਰੀਕ ਦੇ Papa ਸ਼ਬਦ ਤੋਂ ਬਣਿਆ ਹੈ ਜਿਸਦਾ ਅਰਥ ਹੈ 'ਪਿਤਾ')। ਹੋਰ ਰਸੂਲਾਂ ਨੇ ਵੀ ਧਰਮ ਪ੍ਰਚਾਰ ਦਾ ਕੰਮ ਕੀਤਾ ਅਤੇ ਫਿਰ ਬਹੁਤ ਸਾਰੇ ਨਵੇਂ ਪ੍ਰਚਾਰਕ ਵੀ ਇਸ ਕੰਮ ਵਿੱਚ ਲੱਗ ਗਏ।

ਜ਼ੁਲਮ ਅਤੇ ਅੱਤਿਆਚਾਰ

ਸ਼ੁਰੂਆਤੀ ਦੌਰ ਵਿੱਚ ਈਸਾਈ ਧਰਮ ਨੂੰ ਬਹੁਤ ਵਿਰੋਧ ਅਤੇ ਅੱਤਿਆਚਾਰ ਦਾ ਸਾਹਮਣਾ ਕਰਨਾ ਪਿਆ। ਇੱਕ ਪਾਸੇ ਯਹੂਦੀ ਸਨ ਜੋ ਨਵੇਂ ਧਰਮ ਨੂੰ ਕੁਫ਼ਰ ਮੰਨਦੇ ਸਨ। ਦੂਜੇ ਪਾਸੇ ਰੋਮ ਦਾ ਰਾਜ ਸੀ। ਜੂਲਿਅਸ ਸੀਜ਼ਰ ਤੋਂ ਰਾਜਿਆਂ ਦੀ ਪੂਜਾ ਸ਼ੁਰੂ ਹੋ ਗਈ ਸੀ, ਪੁਰਖਿਆਂ ਅਤੇ ਹੋਰ ਦੇਵੀ-ਦੇਵਤਿਆਂ ਦੀ ਪੂਜਾ ਤਾਂ ਪਹਿਲਾਂ ਤੋਂ ਹੀ ਜਾਰੀ ਸੀ। ਈਸਾਈ ਇਨ੍ਹਾਂ ਵਿੱਚੋਂ ਕਿਸੇ ਵੀ ਪੂਜਾ ਵਿੱਚ ਸ਼ਾਮਲ ਨਹੀਂ ਸਨ ਹੁੰਦੇ। ਹਾਲ ਤਾਂ ਯਹੂਦੀਆਂ ਦਾ ਵੀ ਅਜਿਹਾ ਹੀ ਸੀ, ਪਰ ਉਹ ਪੁਰਾਣਾ ਧਰਮ ਹੋਣ ਕਰਕੇ ਬਹੁਤਾ ਨਜ਼ਰਾਂ ਵਿੱਚ ਨਹੀਂ ਸੀ। ਈਸਾਈ ਧਰਮ ਨਵਾਂ ਸੀ। ਇਸ ਲਈ ਇਸ ਦੇ ਪੈਰੋਕਾਰਾਂ ਵੱਲੋਂ ਰੋਮਨ ਰਾਜ ਦੀ ਕੋਈ ਵੀ ਹੁਕਮ ਅਦੂਲੀ ਬਰਦਾਸ਼ਤ ਨਹੀਂ ਸੀ ਕੀਤੀ ਜਾਂਦੀ, ਈਸਾਈ ਹੋਣ ਦਾ ਮਤਲਬ ਹੀ ਬਗ਼ਾਵਤ ਸਮਝਿਆ ਜਾਂਦਾ ਸੀ। ਸੰਨ 64ਈ. ਵਿੱਚ ਰਾਜਾ ਨੀਰੋ ਨੇ ਰੋਮ ਨੂੰ ਅੱਗ ਲਗਵਾ ਦਿੱਤੀ, ਪਰ ਜਾਣ-ਬੁੱਝ ਕੇ ਇਸਦਾ ਇਲਜ਼ਾਮ ਇਸਾਈਆਂ ਦੇ ਮੱਥੇ

ਮੜ੍ਹ ਦਿੱਤਾ। ਬਹੁਤ ਸਾਰੇ ਇਸਾਈ ਸੂਲੀ 'ਤੇ ਚੜ੍ਹਾ ਦਿੱਤੇ ਗਏ, ਕਈਆਂ ਨੂੰ ਕੁੱਤਿਆਂ ਤੋਂ ਪੜਵਾਇਆ ਗਿਆ ਅਤੇ ਕਈ ਜਿਉਂਦੇ ਸਾੜ ਦਿੱਤੇ ਗਏ। ਪਰ ਅਜਿਹੇ ਤਸ਼ੱਦਦ ਦੇ ਬਾਵਜੂਦ ਵੀ ਧਰਮ ਪ੍ਰਚਾਰ ਮੱਠਾ ਨਹੀਂ ਪਿਆ। ਚੇਲਿਆਂ ਤੋਂ ਬਾਅਦ ਉਨ੍ਹਾਂ ਰਾਹੀਂ ਚੁਣੇ ਹੋਏ ਬਿਸ਼ਪਾਂ ਨੇ ਇਹ ਕੰਮ ਸੰਭਾਲ ਲਿਆ ਅਤੇ ਅੱਗੇ ਤੋਂ ਅੱਗੇ ਜਾਰੀ ਰੱਖਿਆ।

ਧਾਰਮਿਕ ਆਜ਼ਾਦੀ

ਲਗਭਗ ਢਾਈ ਸਦੀਆਂ ਦੇ ਤਸ਼ੱਦਦ ਤੋਂ ਬਾਅਦ ਆਖ਼ਰਕਾਰ ਸੰਨ 311 ਈ. ਵਿੱਚ ਇਸਾਈ ਧਰਮ ਨੂੰ ਧਾਰਮਿਕ ਆਜ਼ਾਦੀ ਮਿਲ ਗਈ। ਜਦੋਂ ਰੋਮਨ ਸਾਮਰਾਜ ਦੇ ਪੱਛਮੀ ਹਿੱਸੇ ਦੇ ਸ਼ਾਸਕ ਕੌਂਸਤਨਤਾਈਨ ਨੇ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਅਪਣਾਈ। ਫਿਰ ਸੰਨ 313 ਈ. ਵਿੱਚ ਉਸਨੇ ਪੂਰਵ ਦੇ ਰਾਜੇ ਲਿਸੀਨਿਅਸ ਨੂੰ ਮਿਲਕੇ ਇਟਲੀ ਦੇ ਮਿਲਾਨ ਸ਼ਹਿਰ ਵਿੱਚ ਧਾਰਮਿਕ ਸਹਿਣਸ਼ੀਲਤਾ ਦਾ ਫਰਮਾਨ ਜਾਰੀ ਕੀਤਾ। ਫਿਰ ਸੰਨ 324 ਈ. ਵਿੱਚ ਪੂਰਵੀ ਹਿੱਸਾ ਵੀ ਉਸਨੇ ਜਿੱਤ ਲਿਆ ਅਤੇ ਕੌਂਸਤਨਤਾਈਨੋਪਲ (Constantinople) ਸ਼ਹਿਰ (ਮਜੂਦਾ ਇਸਤੰਬੂਲ) ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਈਸਾਈ ਧਰਮ ਦੀ ਨੁਹਾਰ ਬਦਲ ਦਿੱਤੀ। ਉਸਨੇ ਚਰਚ ਨੂੰ ਵੀ ਸਰਕਾਰੀ ਪ੍ਰਸ਼ਾਸਨਿਕ ਢਾਂਚੇ ਵਾਂਗ ਇਲਾਕਿਆਂ ਵਿੱਚ ਵੰਡ ਦਿੱਤਾ। ਹਰ ਇਲਾਕੇ ਨੂੰ ਡਾਇਓਸੀਜ਼ ਕਿਹਾ ਜਾਂਦਾ ਜਿਸਦਾ ਨਿਗਰਾਨ ਬਿਸ਼ਪ ਹੁੰਦਾ ਸੀ (Bishop ਸ਼ਬਦ ਗ੍ਰੀਕ ਸ਼ਬਦ episkopos ਤੋਂ ਬਣਿਆ ਹੈ ਜਿਸਦਾ ਅਰਥ ਹੈ ਨਿਗਰਾਨ)। ਬਿਸ਼ਪ ਦੇ ਬੈਠਣ ਵਾਲੀ ਜਗ੍ਹਾ ਨੂੰ ਕੈਥੇਡਲ ਕਿਹਾ ਜਾਂਦਾ ਸੀ (Latin ਵਿੱਚ Cathedra ਦਾ ਮਤਲਬ ਹੈ ਕੁਰਸੀ)। ਉਸਨੇ ਬਿਸ਼ਪਾਂ ਨੂੰ ਸਿਨੇਟਰਾਂ ਦੇ ਬਰਾਬਰ ਦਾ ਰੁਤਬਾ ਦੇ ਕੇ ਇੱਕ ਤਰ੍ਹਾਂ ਰਾਜ ਅਧਿਕਾਰੀ ਬਣਾ ਦਿੱਤਾ ਉਸਤੋਂ ਬਾਅਦ ਰੋਮਨ ਸਾਮਰਾਜ ਦੇ ਫਿਰ ਦੋ ਹਿੱਸੇ ਹੋ ਗਏ। ਸੰਨ 380 ਈ. ਵਿੱਚ ਪੂਰਵੀ ਹਿੱਸੇ ਦੇ ਸਮਰਾਟ ਫਲੇਵਿਅਸ ਥਿਓਡੋਸਿਅਸ (ਰਾ. 379-95 ਈ.) ਨੇ ਈਸਾਈ ਧਰਮ ਨੂੰ ਰਾਜ ਧਰਮ ਬਣਾ ਦਿੱਤਾ ਅਤੇ ਫਿਰ ਸੰਨ 391 ਈ. ਵਿੱਚ ਹੋਰ ਸਾਰੇ ਕਾਫ਼ਰ (Pagan) ਮੰਦਿਰ ਬੰਦ ਕਰਵਾ ਦਿੱਤੇ। ਇਸ ਤੋਂ ਬਾਅਦ ਇਸ ਧਰਮ ਨੇ ਬਹੁਤ ਤਰੱਕੀ ਕੀਤੀ ਭਾਵੇਂ ਮੁਸ਼ਕਿਲਾਂ ਅਤੇ ਵਿਰੋਧ ਬਾਅਦ ਵਾਲੇ ਸਮੇਂ ਵਿੱਚ ਵੀ ਆਏ।

ਫੁੱਟ ਦੇ ਸ਼ੁਰੂਆਤੀ ਬੀਜ

ਸਮੇਂ ਦੇ ਨਾਲ-ਨਾਲ ਈਸਾਈ ਧਰਮ ਵਿੱਚ ਬਹੁਤ ਸਾਰੇ ਵੱਖੋ-ਵੱਖਰੇ ਪਿਛੋਕੜਾਂ ਵਾਲੇ ਲੋਕ ਆ ਗਏ, ਜਿਨ੍ਹਾਂ ਦੇ ਪੁਰਾਣੇ ਰੀਤੀ-ਰਿਵਾਜ ਅਤੇ ਵਿਸ਼ਵਾਸ ਨਵੇਂ ਵਿਸ਼ਵਾਸ ਦੇ ਰਸਤੇ ਵਿੱਚ ਆ ਖਲੋਂਦੇ। ਯੂਨਾਨੀ ਫਲਸਫ਼ੇ ਦੇ ਪ੍ਰਭਾਵ ਹੇਠ ਵੀ ਧਰਮ ਦੀਆਂ

ਗੁੰਝਲਾਂ ਨੂੰ ਵਿਸ਼ਵਾਸ ਦੀ ਬਜਾਇ ਤਰਕ ਦੀ ਕਸੌਟੀ 'ਤੇ ਰੱਖ ਕੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ। ਇਸ ਵਾਸਤੇ ਅਜਿਹੇ ਸੁਲਝੇ ਪ੍ਰਚਾਰਕਾਂ ਦੀ ਲੋੜ ਸੀ ਜੋ ਨਵੇਂ ਧਰਮ ਦੇ ਸਾਹਮਣੇ ਦਰਪੇਸ਼ ਮੁਸ਼ਕਿਲਾਂ ਦੇ ਬਾਵਜੂਦ ਇਸਦੇ ਜ਼ਰੂਰੀ ਤੱਤਾਂ ਅਤੇ ਸਰੂਪ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਹੋਣ। ਨਵੇਂ ਅਹਿਦਨਾਮੇ ਇਸਦੇ ਜ਼ਰੂਰੀ ਤੱਤਾਂ ਅਤੇ ਸਰੂਪ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਹੋਣ। ਨਵੇਂ ਅਹਿਦਨਾਮੇ ਦੀਆਂ ਪਹਿਲੀਆਂ ਚਾਰ ਪੁਸਤਕਾਂ Gospels (ਅੰਗਰੇਜ਼ੀ ਦਾ ਪੁਰਾਣਾ ਸ਼ਬਦ ਜੋ ਗ੍ਰੀਕ ਦੇ eusngelion ਸ਼ਬਦ ਦਾ ਤਰਜ਼ਮਾ ਹੈ ਜਿਸ ਦਾ ਅਰਥ ਹੈ ਅੱਛੀ ਖ਼ਬਰ) ਵਿੱਚੋਂ ਮੱਤੀ, ਮਰਕੁਸ ਅਤੇ ਲੂਕਾ ਦੀਆਂ ਅੰਜੀਲਾਂ ਵਿੱਚ ਯਿਸੂ ਦੀ ਮਨੁੱਖਤਾ ਉੱਪਰ ਜ਼ੋਰ ਹੈ ਜਦੋਂ ਕਿ ਚੌਥੀ, ਯੂਹੰਨਾ ਦੀ ਅੰਜੀਲ ਵਿੱਚ ਉਸ ਦੀ ਈਸ਼ਵਰਤਾ ਉੱਪਰ ਜ਼ੋਰ ਹੈ । ਯਿਸੂ ਦੀ ਮਨੁੱਖਤਾ ਅਤੇ ਈਸ਼ਵਰਤਾ ਵਿੱਚ ਸਤੁੰਲਨ ਦਾ ਮਸਲਾ ਬਹੁਤ ਗੰਭੀਰ ਰਿਹਾ ਹੈ।

ਏਰੀਅਨਵਾਦ ਅਤੇ ਆਮ ਸਭਾਵਾਂ

ਅਜਿਹਾ ਇੱਕ ਮਸਲਾ ਸੰਨ 319 ਈ: ਵਿੱਚ ਮਿਸਰ ਦੇ ਅਲੈਗਜੈਂਡਰੀਆ ਸ਼ਹਿਰ ਵਿੱਚ ਪੈਦਾ ਹੋਇਆ । ਏਰਿਅਸ (256-336 ਈ.) ਨਾਂ ਦੇ ਇੱਕ ਪਾਦਰੀ ਨੇ ਤ੍ਰਿਏਕਤਾ (Trinity) ਬਾਰੇ ਪਰੰਪਰਾ ਤੋਂ ਹਟ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ। ਉਸਨੇ ਕਿਹਾ ਕਿ ਜੇ ਪਿਤਾ ਨੇ ਪੁੱਤਰ ਪੈਦਾ ਕੀਤਾ ਤਾਂ ਜੋ ਪੈਦਾ ਹੋਇਆ ਉਸਦੀ ਹੋਂਦ ਦੀ ਇੱਕ ਸ਼ੁਰੂਆਤ ਸੀ । ਇੱਕ ਸਮਾਂ ਸੀ ਜਦੋਂ ਪੁੱਤਰ ਨਹੀਂ ਸੀ । ਯਾਨੀ ਕਿ ਪੁੱਤਰ (ਯਿਸੂ) ਸਦੀਵੀ ਨਹੀਂ ਜਦੋਂਕਿ ਪ੍ਰਭੂ ਤਾਂ ਸਦੀਵੀ ਹੈ । ਸੋ ਯਿਸੂ ਪ੍ਰਭੂ ਨਹੀਂ । ਇਸ ਮਸਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਹੋਰ ਭੁੱਖ ਉੱਠਿਆ। ਇਸ ਦੇ ਹੱਲ ਲਈ ਰਾਜਾ ਕੌਂਸਤਨਤਾਈਨ ਨੇ ਨਾਈਸੀਆ ਨਾਂ ਦੀ ਜਗ੍ਹਾ ਉੱਪਰ ਸੰਨ 325ਈ. ਵਿੱਚ ਪਹਿਲੀ ਆਮ ਸਭਾ ਬੁਲਾਈ। ਇੱਥੇ ਏਰੀਅਸ ਨੂੰ ਨਿੰਦਿਆ ਗਿਆ ਅਤੇ ਇੱਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਕਿਹਾ ਗਿਆ, "ਅਸੀਂ ਵਿਸ਼ਵਾਸ ਕਰਦੇ ਹਾਂ-ਇੱਕ ਪਰਮਾਤਮਾ ਵਿੱਚ ਜੋ ਸਰਵਸ਼ਕਤੀਮਾਨ ਪਿਤਾ, ਸਭ ਦਿੱਖ-ਅਦਿੱਖ ਵਸਤਾਂ ਦਾ ਕਰਤਾ ਅਤੇ ਇੱਕ ਮਾਲਕ ਯਿਸੂ ਮਸੀਹ ਵਿੱਚ ਜੋ ਪਰਮਾਤਮਾ ਦਾ ਪੁੱਤਰ ਹੈ, ਪਿਤਾ ਤੋਂ ਪੈਦਾ ਹੋਇਆ, ਪ੍ਰਕਾਸ਼ਾਂ ਦਾ ਪ੍ਰਕਾਸ਼ ਹੈ, ਉਸ ਪਰਮਾਤਮਾ ਦਾ ਹੀ ਪਰਮਾਤਮਾ ਹੈ ਜੋ ਪੈਦਾ ਹੋਇਆ, ਬਣਾਇਆ ਨਹੀਂ ਗਿਆ, ਜੋ ਪਿਤਾ ਨਾਲ ਇੱਕ ਤੱਤ ਹੈ ਅਤੇ ਪਵਿੱਤਰ ਆਤਮੇ ਨਾਲ ਵੀ ।" ਇਸ ਨੂੰ ਨਾਈਸੀਅਨ ਮਤ ਕਿਹਾ ਗਿਆ। ਸਿਕੰਦਰੀਆ ਦੇ ਬਿਸ਼ਪ ਦੇ ਅਥਨੇਸੀਅਸ (C. 293-374 ਈ.) ਨਾਮੀ ਸੈਕਟਰੀ ਨੇ ਇਸ ਵਿੱਚ ਕਾਫ਼ੀ ਯੋਗਦਾਨ ਪਾਇਆ । (ਇਸਨੇ ਹੀ ਅੱਜ ਦੇ ਨਵੇਂ ਅਹਿਦਨਾਮੇ ਵਿੱਚ ਸ਼ਾਮਿਲ 27 ਲਿਖਤਾਂ ਨੂੰ ਉਸ ਸਮੇਂ ਪ੍ਰਚੱਲਿਤ ਬਹੁਤ ਸਾਰੀਆਂ ਲਿਖਤਾਂ ਵਿੱਚੋਂ

ਛਾਂਟਿਆ ਜਿਸਨੂੰ ਪੋਪ ਦਮਾਸਸ ਨੇ ਸੰਨ 382 ਈ. ਵਿੱਚ ਰੋਮ ਦੀ ਸਭਾ ਵਿੱਚ ਮੰਨ ਲਿਆ ।) ਏਰੀਅਨਵਾਦ ਖ਼ਤਮ ਨਾ ਹੋਇਆ। ਫਿਰ ਸੰਨ 381 ਈ. ਵਿੱਚ ਕੌਂਸਤਨਤਾਈਨੋਪਲ ਦੇ ਰਾਜੇ ਥਿਓਡੋਸਿਅਸ ਨੇ ਆਪਣੇ ਮਹਿਲ ਵਿੱਚ ਦੂਸਰੀ ਸਭਾ ਬੁਲਾਈ । ਇਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਇੱਕੋ ਸਮੇਂ ਬਰਾਬਰ ਵੀ ਹਨ ਅਤੇ ਅਲੱਗ ਵੀ। ਫਿਰ ਨੇਸਟੋਰੀਅਸ ਨਾਮੀ ਪਾਦਰੀ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਯਿਸੂ ਵਿੱਚ ਦੋ ਸਖ਼ਸ਼ ਹਨ-ਇੱਕ ਈਸ਼ਵਰੀ ਅਤੇ ਇੱਕ ਮਨੁੱਖੀ । ਉਸਨੇ ਯਿਸੂ ਦੇ ਮਨੁੱਖ ਦੇ ਤੌਰ 'ਤੇ ਕੀਤੇ ਕਰਤੱਬਾਂ ਅਤੇ ਭੋਗੇ ਗਏ ਕਸ਼ਟਾਂ ਨੂੰ ਈਸ਼ਵਰੀ ਮੰਨਣੋ ਇਨਕਾਰ ਕਰ ਦਿੱਤਾ । ਉਸ ਨੇ ਕਿਹਾ ਕਿ ਮਰਿਅਮ ਨੂੰ ਪ੍ਰਭੂ ਦੀ ਮਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਯਿਸੂ ਨਾਮੀ ਮਨੁੱਖ ਦੀ ਮਾਂ ਸੀ । ਇਸ ਮਸਲੇ ਉੱਪਰ ਸੰਨ 431 ਈ. ਵਿੱਚ ਇਫੇਸਸ ਦੀ ਸਭਾ ਹੋਈ ਜਿਸ ਵਿੱਚ ਨੇਸਟੋਰਿਅਸ ਨੂੰ ਨਿੰਦਿਆ ਗਿਆ ਅਤੇ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਪਰੰਪਰਾਵਾਦੀ ਵਿਸ਼ਵਾਸ ਦੁਹਰਾਇਆ ਗਿਆ ਕਿ ਯਿਸੂ ਇੱਕੋ ਸਮੇਂ ਪ੍ਰਭੂ ਵੀ ਹੈ ਤੇ ਮਨੁੱਖ ਵੀ । ਇਸ ਤੋਂ ਉਲਟ ਯਿਸੂ ਦੀ ਈਸ਼ਵਰਤਾ ਨੂੰ ਹੀ ਬਹੁਤ ਵਧਾ-ਚੜ੍ਹਾ ਕੇ ਪ੍ਰਚਾਰ ਕਰਨ ਵਾਲੇ ਪਾਦਰੀ ਇਯੁਟੀਚੇਜ਼ ਕਰਕੇ ਸੰਨ 451 ਈ. ਵਿੱਚ ਪੂਰਵੀ ਰਾਜੇ ਮਾਰਸਿਓਨ ਨੇ ਚੈਲਸੀਡੋਨ ਵਿਖੇ ਚੌਥੀ ਸਭਾ ਬੁਲਾਈ। ਇਸ ਮਸਲੇ ਦਾ ਨਿਪਟਾਰਾ ਰੋਮ ਦੇ ਬਿਸ਼ਪ ਲਿਓ ਨੇ ਇੱਕ ਪੱਤਰ ਰਾਹੀਂ ਕੀਤਾ । ਉਸ ਕਿਹਾ ਕਿ ਯਿਸੂ ਵਿੱਚ ਮਨੁੱਖੀ ਅਤੇ ਈਸ਼ਵਰੀ ਦੋ ਬਰਾਬਰ ਦੇ ਸੁਭਾਓ ਹਨ ਅਤੇ ਜੇ ਅਜਿਹਾ ਨਾ ਮੰਨੀਏ ਤਾਂ ਲੱਗੇਗਾ ਕਿ ਈਸ਼ਵਰੀ ਯਿਸੂ ਨੇ ਮਨੁੱਖੀ ਮੁਖੌਟਾ ਪਾਇਆ ਹੋਇਆ ਹੈ । ਇੱਥੇ ਇਹ ਕਿਹਾ ਗਿਆ ਕਿ ਜਿੱਥੋਂ ਤੀਕਰ ਈਸ਼ਵਰਤਾ ਦਾ ਸਬੰਧ ਹੈ ਪਰਮ ਪਿਤਾ ਨੇ ਯਿਸੂ ਨੂੰ ਸਮੇਂ ਦੇ ਵੀ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਪੈਦਾ ਕਰ ਲਿਆ ਸੀ, ਪਰ ਸਾਡੀ ਮੁਕਤੀ ਵਾਸਤੇ ਇਸੀ ਯਿਸੂ ਨੇ ਮਰਿਅਮ ਦੀ ਕੁੱਖੋਂ ਜਨਮ ਲਿਆ । ਮਾਨਵੀ ਸਰੂਪ ਵਿੱਚ ਉਹ ਸਾਡੇ ਵਾਂਗ ਹੀ ਹੈ, ਪਰ ਹੈ ਪਾਪ ਰਹਿਤ। ਉਸਦੇ ਦੋਨੋਂ ਸੁਭਾਵਾਂ ਵਿੱਚ ਕੋਈ ਮੁਗਾਲਤਾ, ਕੋਈ ਪਰਿਵਰਤਨ, ਕੋਈ ਵੰਡ ਅਤੇ ਕੋਈ ਅਲਗਾਓ ਨਹੀਂ । ਉਹ ਦੋਨੋਂ ਸੁਭਾਅ ਰੱਖਦਿਆਂ ਹੋਇਆਂ ਵੀ ਉਹੀ ਇੱਕ ਪੁੱਤਰ ਹੈ ਜੋ ਆਦ ਸ਼ਬਦ ਦਾ ਦੇਹ ਰੂਪ, ਪ੍ਰਭੂ ਯਿਸੂ ਮਸੀਹ ਹੈ। ਅੱਜ ਵੀ ਇਹ ਵਿਚਾਰ ਈਸਾਈ ਪਰੰਪਰਾ ਦਾ ਹਿੱਸਾ ਹੈ।

ਵਿਧੀ-ਵਿਧਾਨਾਂ ਦੀ ਪਕਿਆਈ

ਰਾਜਸੀ ਸਹਾਇਤਾ ਮਿਲਣ ਨਾਲ ਧਰਮ ਪ੍ਰਚਾਰ ਤੇਜ਼ ਹੋਇਆ, ਬੜੇ ਸ਼ਾਨਦਾਰ ਚਰਚ ਬਣਾਏ ਗਏ, ਪਰ ਇਸ ਵਧਦੀ ਸ਼ਾਨੋ-ਸ਼ੌਕਤ ਕਰਕੇ ਚਰਚ ਦੀਆਂ ਪਦਵੀਆਂ ਲਈ ਝਗੜੇ ਵੀ ਸ਼ੁਰੂ ਹੋ ਗਏ। ਚਰਚ ਅਤੇ ਰਾਜਤੰਤਰ ਦੇ ਆਪਸੀ ਰਿਸ਼ਤਿਆਂ ਵਿੱਚ

ਵੀ ਬਦਲਾਅ ਨਜ਼ਰ ਆਉਣ ਲੱਗੇ। ਕਈ ਵਾਰ ਇੱਕ-ਦੂਜੇ ਉੱਪਰ ਹਾਵੀ ਹੋਣ ਦੀ ਰੱਸਾਕਸ਼ੀ ਖੁੱਲ੍ਹ ਕੇ ਨਜ਼ਰ ਆਉਂਦੀ। ਇਸ ਸਮੇਂ ਵਿੱਚ ਜਿੱਥੇ ਚਰਚ ਦੇ ਵਿਧੀ-ਵਿਧਾਨਾਂ ਵਿੱਚ ਵਾਧਾ ਹੋਇਆ, ਉੱਥੇ ਬਹੁਤ ਸਾਰੀਆਂ ਮਾਨਤਾਵਾਂ ਵਿੱਚ ਵੀ ਪਕਿਆਈ ਆਈ ਜੋ ਅੱਜ ਤੀਕਰ ਚੱਲਦੀ ਆ ਰਹੀ ਹੈ। ਇਟਲੀ ਦੇ ਮਿਲਾਨ ਸ਼ਹਿਰ ਦਾ ਬਿਸ਼ਪ ਐਂਬਰੋਜ (339-97) ਬਹੁਤ ਹੀ ਕੁਸ਼ਲ ਪ੍ਰਬੰਧ ਕਰਤਾ ਅਤੇ ਅੰਜੀਲ ਦਾ ਨਿਪੁੰਨ ਪ੍ਰਚਾਰਕ ਹੋਇਆ। ਉਸਨੇ ਸੰਤ ਅਗਸਤਾਈਨ ਦਾ ਧਰਮ ਪਰਿਵਰਤਨ ਕਰਵਾਇਆ ਸੀ। ਪੂਰਵੀ ਯੂਰਪ ਤੋਂ ਭਿਖੁ ਬੁਲਵਾਏ ਜਿਨ੍ਹਾਂ ਨੇ ਮਠਾਂ ਦੀ ਸਥਾਪਨਾ ਕੀਤੀ। ਪਵਿੱਤਰ ਮਹਾਂਪੁਰਸ਼ਾਂ ਦੀਆਂ ਨਿਸ਼ਾਨੀਆਂ (Relics) ਦੀ ਪੂਜਾ ਸ਼ੁਰੂ ਕੀਤੀ। ਉਸਨੇ ਕਿਹਾ ਕਿ ਬਿਸ਼ਪਾਂ ਨੂੰ ਕੁਆਰੇ ਰਹਿਣਾ ਚਾਹੀਦਾ ਹੈ ਮਤੇ ਪਾਦਰੀਆਂ ਦੇ ਖ਼ਾਨਦਾਨ ਸ਼ੁਰੂ ਹੋ ਜਾਣ। ਮਿਲਾਨ ਦੇ ਚਰਚ ਵਿੱਚ ਰੋਜ਼ਾਨਾਂ ਯੂਕੇਰਿਸਟ ਮਨਾਉਣਾ ਸ਼ੁਰੂ ਕੀਤਾ। ਇਸਨੂੰ Mass ਕਿਹਾ (ਲੈਟਿਨ ਸ਼ਬਦ Missa ਤੋਂ ਜਿਸਦਾ ਮਤਲਬ ਹੈ ਭੇਜਣਾ ਜਾਂ ਖਾਰਜ ਕਰਨਾ-ਪ੍ਰਾਰਥਨਾ ਦੀ ਸਮਾਪਤੀ)। ਦਿਨ ਵਿੱਚ ਕਈ ਵਾਰ ਪ੍ਰਾਰਥਨਾ ਕੀਤੀ ਜਾਂਦੀ ਅਤੇ ਸੰਤਾਂ ਦੇ ਦਿਨ ਵੀ ਮਨਾਉਣੇ ਸ਼ੁਰੂ ਕੀਤੇ। ਇਹ ਸਭ ਵਿਧਾਨ ਬਾਅਦ ਵਿੱਚ ਵੀ ਜਾਰੀ ਰਹੇ। ਜਦੋਂ ਰਾਜਾ ਥਿਓਡੋਸਿਅਸ ਨੇ ਹਜ਼ਾਰਾਂ ਨਾਗਰਿਕ ਇੱਕ ਜਗ੍ਹਾ 'ਤੇ ਮਾਰ ਦਿੱਤੇ ਤਾਂ ਐਂਬਰੋਜ ਨੇ ਉਸਨੂੰ ਧਰਮ ਵਿੱਚੋਂ ਕੱਢ ਦਿੱਤਾ ਅਤੇ ਉਸਦੇ ਧਾਰਮਿਕ ਦੰਡ (Penance) ਭੋਗਣ ਤੋਂ ਬਾਅਦ ਹੀ ਉਸਨੂੰ ਧਰਮ ਵਿੱਚ ਵਾਪਸ ਲਿਆ। ਪਹਿਲਾਂ ਕਦੀ ਕਿਸੇ ਰਾਜੇ ਨੇ ਅਜਿਹਾ ਨਹੀਂ ਸੀ ਕੀਤਾ। ਪਾਪ, ਪ੍ਰਾਸਚਿਤ ਅਤੇ ਮਾਫ਼ੀ ਦਾ ਇਹ ਸਿਲਸਿਲਾ ਯਹੂਦੀ ਧਰਮ ਵਿੱਚ ਵੀ ਸੀ। ਯਹੋਵਾਹ ਸੁਲੇਸਾਨ ਨੂੰ ਕਹਿੰਦਾ ਹੈ, "ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ ’ਤੇ ਅਖਵਾਉਂਦੀ ਹੈ ਅਧੀਨ ਹੋ ਕੇ ਪ੍ਰਾਰਥਨਾ ਕਰੇ ਅਤੇ ਮੇਰੇ ਦਰਸ਼ਨ ਦੀ ਚਾਹਵੰਦ ਹੋਵੇ ਅਤੇ ਭੈੜੇ ਰਾਹ ਤੋਂ ਮੁੜੇ ਤਾਂ ਮੈਂ ਸੁਰਗ ਉੱਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ" (ਇਤਿਹਾਸ 2-7:14)। ਈਸਾਈ ਧਰਮ ਵਿੱਚ ਪਾਪ ਕਬੂਲਣ ਦੀ ਬੜੀ ਮਹੱਤਤਾ ਹੈ। ਯਾਕੂਬ ਕਹਿੰਦਾ ਹੈ, "ਤੁਸੀਂ ਆਪੋ ਵਿੱਚੀਂ ਆਪਣੇ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰੋ। ਤੁਸੀਂ ਨਰੋਏ ਹੋ ਜਾਉ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ” (ਯਾਕੂਬ 5:16)। ਇਸ ਸਮੇਂ ਵਿੱਚ ਲੋਕ ਪਾਦਰੀਆਂ ਨੂੰ ਇਕੱਲੇ ਮਿਲ ਕੇ ਆਪਣੇ ਪਾਪਾਂ ਦਾ ਇਕਰਾਰ ਕਰਨ ਲੱਗ ਪਏ। ਪਾਦਰੀ ਉਨ੍ਹਾਂ ਨੂੰ ਪ੍ਰਾਸਚਿਤ ਦੀ ਸੌਂਹ ਖਵਾਉਂਦੇ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਦੇ।

ਪੰਜਵੀਂ ਸਦੀ ਵਿੱਚ ਹੀ ਉੱਤਰੀ ਅਫ਼ਰੀਕਾ ਵਿੱਚ ਹਿਪੋ ਸ਼ਹਿਰ ਦਾ ਬਿਸ਼ਪ ਸੰਤ ਅਗਸਤਾਈਨ ਹੋਇਆ। ਇਸ ਦਾ ਮੁੱਖ ਜ਼ੋਰ ਪਰਮਾਤਮਾ ਦੀ ਮਿਹਰ (Grace) ਉੱਪਰ ਸੀ ਕਿਉਂਕਿ ਪੌਲੁਸ ਨੇ ਕਿਹਾ ਸੀ ਕਿ ਆਦਮ ਦੇ ਪਹਿਲੇ ਪਾਪ ਤੋਂ ਮੌਤ ਦੁਨੀਆਂ ਵਿੱਚ ਆਈ ਪਰ ਯਿਸੂ ਮਸੀਹ ਤੋਂ ਜੀਵਨ ਮਿਲਿਆ, "ਪਰਮੇਸ਼ਵਰ ਦੀ ਕਿਰਪਾ ਅਤੇ ਉਹ ਬਖ਼ਸ਼ੀਸ਼ ਜਿਹੜੀ ਇੱਕੋ ਮਨੁੱਖ ਅਰਥਾਤ ਯਿਸੂ ਮਸੀਹ ਦੀ ਕਿਰਪਾ ਦੇ ਕਾਰਨ ਸੀ, ਬਹੁਤਿਆਂ ਲੋਕਾਂ ਲਈ ਵਾਫ਼ਰ ਪ੍ਰਗਟ ਹੋਈ" (ਰੋਮੀਆ ਨੂੰ 5:15)। ਜਦੋਂ ਰੋਮ ਰਾਜ ਉੱਪਰ ਵੰਡਾਲ, ਫਰੈਂਕ, ਹੂਣ, ਵਿਜਿਗੋਥ ਆਦਿ ਪੂਰਵੀ ਕਬੀਲਿਆਂ ਨੇ ਹਮਲੇ ਕੀਤੇ ਤਾਂ ਅਗਸਤਾਈਨ ਦੇ ਈਸਾਈਆਂ ਦੀ ਪਾਰੰਪਰਿਕ ਉਦਾਸੀਨਤਾ ਦੇ ਖ਼ਿਲਾਫ਼ ਬੋਲਦਿਆਂ ਧਰਮ ਯਧ ਦਾ ਮਤ ਦਿੱਤਾ ਅਤੇ ਕਿਹਾ ਕਿ ਜਦੋਂ ਆਪਣੇ ਹੱਕਾਂ ਦੀ ਰਾਖੀ ਦੇ ਹੋਰ ਤਰੀਕੇ ਫੇਲ੍ਹ ਹੋ ਜਾਣ ਤਾਂ ਹਮਲਾਵਰ ਨੂੰ ਮਾਰ ਦੇਣਾ ਜਾਇਜ਼ ਹੈ। ਉਸ ਨੇ ਕਿਹਾ ਕਿ ਰੱਬ ਲਈ ਕੋਮਲ ਪਿਆਰ ਅਤੇ ਉਸਨੂੰ ਜਾਨਣ ਲਈ ਤੀਬਰ ਇੱਛਾ ਦਾ ਮੇਲ ਹੀ ਸੱਚਾ ਵਿਸ਼ਵਾਸ ਹੈ।

ਬਦਲੇ ਹਾਲਾਤਾਂ ਵਿੱਚ ਚਰਚ ਅਤੇ ਸ਼ਾਹੀ ਤੰਤਰ ਦੇ ਸਬੰਧ

ਪੱਛਮ ਵਿੱਚ ਉੱਤਰੀ ਯੂਰਪ ਦੇ ਕਬਾਇਲੀ ਲੋਕਾਂ ਦੇ ਹਮਲਿਆਂ ਕਰਕੇ ਪੁਰਾਣਾ ਰੋਮਨ ਰਾਜ ਖ਼ਤਮ ਹੋ ਗਿਆ। ਇਹ ਨਵੇਂ ਸ਼ਾਸਕ ਰੋਮਨ ਸੰਸਕ੍ਰਿਤੀ ਤੋਂ ਬਹੁਤ ਪ੍ਰਭਾਵਿਤ ਹੋਏ। ਈਸਾਈ ਧਰਮ ਨੂੰ ਵੀ ਉਨ੍ਹਾਂ ਅਪਣਾ ਲਿਆ। ਦਰਸਅਲ ਧਾਰਮਿਕ ਆਗੂਆਂ ਦੇ ਯੋਗਦਾਨ ਨਾਲ ਲੋਕਾਂ ਨੂੰ ਕਾਬੂ ਕਰਨਾ ਜ਼ਿਆਦਾ ਸੌਖਾ ਸੀ। ਮੁਆਵਜ਼ੇ ਵਿੱਚ ਚਰਚ ਨੂੰ ਜਗੀਰਾਂ ਮਿਲਣੀਆਂ ਸ਼ੁਰੂ ਹੋ ਗਈਆਂ। ਈਸਾਈ ਧਾਰਮਿਕ ਆਗੂ ਅਤੇ ਖ਼ਾਸ ਕਰ ਰੋਮ ਦਾ ਪੋਪ ਤਾਕਤ ਫੜਨ ਲੱਗੇ। ਪਰ ਪੂਰਵੀ ਹਿੱਸੇ ਵਿੱਚ ਹਾਲੀ ਵੀ ਰਾਜਾ ਹਾਵੀ ਸੀ ਅਤੇ ਧਾਰਮਿਕ ਮਾਮਲਿਆਂ ਵਿੱਚ ਅੰਤਮ ਫੈਸਲਾ ਉਸਦਾ ਹੀ ਹੁੰਦਾ ਸੀ। ਮੁਸਲਿਮ ਧਰਮ ਪੈਦਾ ਹੋਣ ਨਾਲ ਪੁਰਾਣੇ ਰੋਮਨ ਰਾਜ ਦੇ ਪੱਛਮੀ ਅਤੇ ਪੂਰਵੀ ਭਾਗਾਂ ਵਿੱਚ ਤਾਲਮੇਲ ਘਟਣ ਲੱਗਾ। ਕੋਨਸਟਾਂਸ (ਰਾ. 641-68) ਪੂਰਵ ਦਾ ਆਖ਼ਰੀ ਰਾਜਾ ਸੀ ਜੋ ਰੋਮ ਗਿਆ ਅਤੇ ਪੋਪ ਗ੍ਰੇਗੋਰੀ ਤੀਜਾ (ਰਾ. 713-41) ਆਖ਼ਰੀ ਪੋਪ ਸੀ ਜਿਸਨੇ ਪੂਰਵ ਤੋਂ ਸਹਿਮਤੀ ਲਈ। ਈਸਾਈ ਧਰਮ ਯੂਰਪ ਦੇ ਬਾਕੀ ਹਿੱਸਿਆ ਵਿੱਚ ਫੈਲਣ ਲੱਗਾ ਅਤੇ ਪੋਪ ਸਥਾਨਕ ਰਾਜਿਆਂ ਵੱਲ ਮੁਖ਼ਾਤਬ ਹੋਏ।

ਸੰਨ 800 ਈ. ਦੇ ਕ੍ਰਿਸਮਸ ਵਾਲੇ ਦਿਨ ਪੋਪ ਲਿਓ ਤੀਜੇ ਰੋਮ ਦੇ ਸੰਤ ਪਤਰਸ (St. Peter) ਚਰਚ ਵਿੱਚ ਉਸ ਸਮੇਂ ਯੂਰਪ ਦੇ ਇੱਕ ਵੱਡੇ ਹਿੱਸੇ ਦੇ ਸ਼ਾਸਕ ਚਾਰਲਮੇਗਨੇ ਦੀ ਪਵਿੱਤਰ ਰੋਮਨ ਸਾਮਰਾਜ ਦੇ ਸਮਰਾਟ ਦੇ ਤੌਰ 'ਤੇ ਤਾਜਪੋਸ਼ੀ ਕੀਤੀ।

ਇਸ ਨਾਲ ਰਾਜ ਤੰਤਰ ਵਿੱਚ ਪੋਪ ਦੀ ਅਹਿਮੀਅਤ ਬਹੁਤ ਵੱਧ ਗਈ। ਪਰ ਇਸਨੇ ਪੋਪ ਦੀ ਪਦਵੀ ਨੂੰ ਲੜਾਈ ਦੀ ਜੜ੍ਹ ਵੀ ਬਣਾ ਦਿੱਤਾ। ਸੰਨ 882ਈ. ਵਿੱਚ ਕਤਲ ਕੀਤਾ ਗਿਆ ਪੋਪ ਜਾਨ ਅੱਠਵਾਂ ਅਜਿਹਾ ਪਹਿਲਾ ਪੋਪ ਸੀ ਜੋ ਇਸ ਖਿੱਚੋਤਾਣ ਵਿੱਚ ਕਤਲ ਹੋਇਆ। ਮਗਰੋਂ ਹੋਰ ਵੀ ਕਈ ਕਤਲ ਹੋਏ।

ਪੱਛਮੀ ਅਤੇ ਪੂਰਵੀ ਚਰਚ ਦਾ ਅਤਿੰਮ ਅਲਗਾਓ

ਸੰਨ 589 ਵਿੱਚ ਤੋਲੇਦੇ (Toledo) ਦੀ ਸਭਾ ਵਿੱਚ ਨਾਈਸਿਅਨ ਮੱਤ ਵਿੱਚ ਤਿੰਨ ਸ਼ਬਦਾਂ ਦਾ ਵਾਧਾ ਕੀਤਾ ਗਿਆ ਸੀ। ਇਹ ਸਨ "and the son" ਅਤੇ ਹੁਣ ਪ੍ਰਾਰਥਨਾ ਸੀ, "ਮੈਂ ਪਵਿੱਤਰ ਆਤਮਾ ਵਿੱਚ ਵਿਸ਼ਵਾਸ ਕਰਦਾ ਹਾਂ ਜੋ ਕਿ ਪਿਤਾ ਅਤੇ ਪੁੱਤਰ ਤੋਂ ਨਿਕਲਦਾ ਹੈ।" ਨੌਵੀਂ ਸਦੀ ਵਿੱਚ ਕੋਨਸਤਾਈਨੋਪਲ ਦੇ ਪ੍ਰਧਾਨ ਬਿਸ਼ਪ ਫੋਟੀਅਸ (810-95) ਨੇ "ਅਤੇ ਪੁੱਤਰ" ਸ਼ਬਦਾਂ ਉੱਪਰ ਵਿਰੋਧ ਜਤਾਇਆ ਅਤੇ ਇਸਨੂੰ ਪਰੰਪਰਾ ਦੇ ਉਲਟ ਦੱਸ ਕੇ ਇਸਨੂੰ ਮੰਨਣ ਵਾਲਿਆਂ ਨੂੰ ਧਰਮ ਦੇ ਦੋਖੀ ਕਰਾਰ ਦਿੱਤਾ। ਪੋਪ ਨੇ ਫੋਟੀਅਸ ਦੀ ਨਿਯੁਕਤੀ ਨੂੰ ਹੀ ਰੱਦ ਕਰ ਦਿੱਤਾ ਜਿਸਨੂੰ ਇੱਕ ਗੈਰ ਜ਼ਰੂਰੀ ਦਖ਼ਲ ਸਮਝਿਆ ਗਿਆ। ਈਸਟਰਨ ਓਰਥੋਡੋਕਸ ਇਸ ਪ੍ਰਾਰਥਨਾ ਵਿੱਚ "ਪਿਤਾ ਅਤੇ ਪੁੱਤਰ ਤੋਂ" ਦੀ ਬਜਾਇ "ਪਿਤਾ ਤੋਂ ਪੁੱਤਰ ਰਾਹੀਂ" ਸ਼ਬਦ ਵਰਤਦੇ ਹਨ।

ਪੁਰਾਣੇ ਅਹਿਦਨਾਮੇ ਵਿੱਚ ਕਿਸੇ ਵੀ ਤਰ੍ਹਾਂ ਦੀ ਬੁੱਤ ਪੂਜਾ ਦਾ ਨਿਖੇਧ ਕੀਤਾ ਗਿਆ ਹੈ (ਕੂਚ 24:4)। ਪਰ ਈਸਾਈ ਧਰਮ ਵਿੱਚ ਯਿਸੂ, ਮਰਿਅਮ ਜਾਂ ਸੰਤਾਂ ਦੀਆਂ ਮੂਰਤੀਆਂ ਦੀ ਪੂਜਾ ਕੀਤੀ ਜਾਣ ਲੱਗੀ। ਫਿਰ ਸੱਤਵੀਂ ਸਦੀ ਵਿੱਚ ਪੈਦਾ ਹੋਇਆ ਮੁਸਲਿਮ ਧਰਮ ਵੀ ਮੂਰਤੀਪੂਜਾ ਦਾ ਕੱਟੜ ਵਿਰੋਧੀ ਸੀ ਅਤੇ ਸ਼ਾਇਦ ਇਸ ਮਿਲੇ-ਜੁਲੇ ਅਸਰ ਕਰਕੇ ਕੋਨਸਤਾਈਨੋਪਲ ਦੇ ਰਾਜੇ ਲਿਓ ਤੀਜੇ ਨੇ ਸੰਨ 726 ਵਿੱਚ ਸ਼ਹਿਰ ਦੇ ਦਰਵਾਜ਼ੇ 'ਤੇ ਲਟਕਦੀ ਯਿਸੂ ਦੀ ਵਿਸ਼ਾਲ ਮੂਰਤੀ ਭੰਨ ਦਿੱਤੀ, ਨਾਲ ਹੋਰ ਵੀ ਬਹੁਤ ਸਾਰੀਆਂ ਮੂਰਤੀਆਂ ਤੋੜ ਦਿੱਤੀਆਂ। ਇਹ ਮਸਲਾ ਸੰਨ 787 ਈ. ਵਿੱਚ ਨਾਈਸਿਆ ਦੀ ਦੂਜੀ ਸਭਾ ਵਿੱਚ ਸੁਲਝਾ ਲਿਆ ਗਿਆ ਅਤੇ ਪਵਿੱਤਰ ਮੂਰਤੀਆਂ ਦਾ ਪ੍ਰਯੋਗ ਬਹਾਲ ਕਰ ਦਿੱਤਾ ਗਿਆ, ਪਰ ਨਾਲ ਤਾਕੀਦ ਕੀਤੀ ਕਿ ਇਨ੍ਹਾਂ ਦਾ ਸਿਰਫ਼ ਸਨਮਾਨ ਕਰਨਾ ਹੈ, ਪੂਜਾ ਨਹੀਂ। ਇਸ ਮਸਲੇ ਦੇ ਸੁਲਝਾਓ ਦੀ ਯਾਦ ਵਿੱਚ ਆਰਥੋਡੋਕਸ ਚਰਚਾਂ ਵਿੱਚ ਅੱਜ ਵੀ ਸਲਾਨਾ ਭੋਜ ਹੁੰਦਾ ਹੈ। ਰੋਮਨ ਕੈਥੋਲਿਕ ਮੂਰਤੀਆਂ ਨਹੀਂ ਰੱਖਦੇ, ਪਰ ਕੰਧ ਚਿੱਤਰਾਂ ਰਾਹੀਂ ਬਾਈਬਲ ਦੀਆਂ ਘਟਨਾਵਾਂ

ਦਿਖਾਉਣ 'ਤੇ ਮਨਾਹੀ ਨਹੀਂ । ਇੱਕ ਹੋਰ ਫਰਕ ਭਾਸ਼ਾ ਦੇ ਪ੍ਰਯੋਗ ਨਾਲ ਜੁੜਿਆ ਸੀ । ਪੱਛਮੀ ਚਰਚ ਦਾ ਲੈਟਿਨ ਭਾਸ਼ਾ ਉੱਪਰ ਜ਼ੋਰ ਸੀ ਜਦੋਂਕਿ ਪੂਰਵੀ ਚਰਚ ਗ੍ਰੀਕ ਭਾਸ਼ਾ ਦਾ ਪ੍ਰਯੋਗ ਕਰਦਾ ਸੀ ।

ਪੋਪ ਲਿਓ ਨੌਵੇਂ (ਰਾ. 1049-1054ਈ.) ਨੇ ਪੂਰਵੀ ਚਰਚ ਦੇ ਅਧੀਨ ਆਉਂਦੇ ਸਿਸਿਲੀ (ਇਟਲੀ) ਦੇ ਇਲਾਕੇ ਦੇ ਚਰਚਾਂ ਵਿੱਚ ਕੁੱਝ ਸੁਧਾਰ ਲਿਆਂਦੇ ਅਤੇ ਉੱਥੇ ਇੱਕ ਨਵਾਂ ਆਰਕਬਿਸ਼ਪ ਲਗਾ ਦਿੱਤਾ । ਇਸ ਤੋਂ ਖਿਝ ਕੇ ਕੋਨਸਤਾਈਨੋਪਲ ਦੇ ਮੁੱਖ ਬਿਸ਼ਪ ਮਾਈਕੇਲ ਸੈਰੂਲੇਰਿਅਸ ਨੇ ਆਪਣੇ ਇਲਾਕੇ ਵਿੱਚੋਂ ਪੱਛਮੀ ਚਰਚ ਬੰਦ ਕਰਵਾ ਦਿੱਤੇ ਅਤੇ ਪਾਦਰੀ ਬਾਹਰ ਕੱਢ ਦਿੱਤੇ । ਪੋਪ ਨੇ ਆਪਣਾ ਨੁਮਾਇੰਦਾ ਭੇਜਿਆ। 16 ਜੁਲਾਈ, 1054 ਨੂੰ ਕਾਰਡੀਨਲ ਹੰਬਰਟ ਡੀਸਿਲਵਾ ਕੈਂਡਿਡਾ ਨਾਮੀ ਇਹ ਨੁਮਾਇੰਦਾ ਸ਼ਹਿਰ ਦੇ ਮੁੱਖ ਚਰਚ ਹੈਗੀਆ ਸੋਫ਼ੀਆ ਵਿੱਚ ਜਾ ਵੜਿਆ ਅਤੇ ਮਾਈਕੇਲ ਨੂੰ ਧਰਮ ਵਿੱਚੋਂ ਕੱਢਣ ਦਾ ਪੋਪ ਦਾ ਫਤਵਾ ਜਾਰੀ ਕਰ ਦਿੱਤਾ (ਹਾਲਾਂਕਿ ਪੋਪ ਅਪ੍ਰੈਲ ਵਿੱਚ ਹੀ ਮਰ ਚੁੱਕਾ ਸੀ) । ਪੂਰਵੀ (ਗ੍ਰੀਕ) ਚਰਚ ਨੇ ਵੀ ਬਰਾਬਰ ਦਾ ਜਵਾਬ ਦਿੱਤਾ ਅਤੇ ਚਰਚ ਦੇ ਸਦਾ ਲਈ ਦੋ ਹਿੱਸੇ ਹੋ ਗਏ । ਫਿਰ ਸੰਨ 1204ਈ. ਵਿੱਚ ਚੌਥੇ ਕਰੂਸੇਡ (ਧਰਮਯੁੱਧ) ਵੇਲੇ ਕਰੂਸੇਡਰਾਂ ਨੇ ਕੋਨਸਤਾਈਨੋਪਲ ਉੱਪਰ ਹਮਲਾ ਕਰਕੇ ਲੁੱਟਮਾਰ ਕੀਤਾ ਤਾਂ ਫਿਰ ਮੇਲ ਦੀ ਕੋਈ ਆਸ ਨਾ ਰਹੀ।

ਅੱਜ ਵੀ ਪੂਰਵੀ ਆਰਥੋਡੋਕਸ (ਪਰੰਪਰਾਵਦੀ) ਚਰਚ ਪੋਪ ਨੂੰ ਇੱਜ਼ਤ ਤਾਂ ਦਿੰਦਾ ਹੈ ਪਰ ਉਸਦੀ ਅਧੀਨਗੀ ਨਹੀਂ ਮੰਨਦਾ । ਸੰਨ 1582ਈ. ਤੀਕਰ ਯੂਰਪ ਵਿੱਚ ਜੂਲੀਅਸ ਸੀਜ਼ਰ ਦੁਆਰਾ ਚਲਾਇਆ ਗਿਆ ਜੂਲੀਅਨ ਕਲੈਂਡਰ ਚਲਦਾ ਸੀ, ਪਰ ਪੋਪ ਗ੍ਰਿਗੋਰੀ ਤੇਰ੍ਹਵੇਂ ਨੇ ਇਸ ਨੂੰ ਸੋਧ ਕੇ ਨਵਾਂ ਕਲੈਂਡਰ (ਗ੍ਰਿਗੋਰੀਅਨ) ਬਣਾਇਆ ਜੋ ਪਹਿਲੇ ਕਲੈਂਡਰ ਤੋਂ 13 ਦਿਨ ਅੱਗੇ ਹੈ। ਆਰਥੋਡੋਕਸ ਈਸਾਈ ਅੱਜ ਵੀ ਜਲੀਅਨ ਕਲੈਂਡਰ ਨੂੰ ਮੰਨਦੇ ਹਨ ਅਤੇ ਆਪਣੇ ਪਵਿੱਤਰ ਦਿਹਾੜੇ ਪੱਛਮ ਨਾਲੋਂ ਲਗਭਗ ਦੋ ਹਫ਼ਤੇ ਪਿਛੋਂ ਮਨਾਉਂਦੇ ਹਨ । ਆਰਥੋਡੋਕਸ ਪਵਿੱਤਰ ਮੂਰਤੀਆਂ (Icons) ਵਰਤਦੇ ਹਨ। ਇਨ੍ਹਾਂ ਦੇ ਪਾਦਰੀ ਵਿਆਹ ਕਰ ਸਕਦੇ ਹਨ, ਪਰ ਬਿਸ਼ਪ ਕੁਆਰੇ ਹੀ ਹੁੰਦੇ ਹਨ। ਜਦੋਂਕਿ ਰੋਮਨ ਕੈਥੋਲਿਕ ਮੂਰਤੀਆਂ ਨਹੀਂ ਵਰਤਦੇ ਅਤੇ ਪੋਪ ਅਤੇ ਸਾਰੇ ਪਾਦਰੀ ਕੁਆਰੇ ਹੁੰਦੇ ਹਨ । ਉਪਰੋਕਤ ਫਰਕਾਂ ਦੇ ਬਾਵਜੂਦ ਸਿਧਾਂਤਕ ਅਤੇ ਅਮਲੀ ਤੌਰ 'ਤੇ ਹਾਲੀਂ ਵੀ ਇਹ ਨੇੜੇ ਹਨ। ਪਵਿੱਤਰ ਬਾਈਬਲ ਵਿੱਚ ਵਿਸ਼ਵਾਸ, ਚਰਚਾ ਦਾ ਉਹੀ ਮੁੱਢ ਕਦੀਮੀ ਢਾਂਚਾ, ਸੱਤ ਪਵਿੱਤਰ ਪ੍ਰਤੀਕ ਅਤੇ ਸੰਸਕਾਰ [ਜਿਨ੍ਹਾਂ ਵਿੱਚ ਬਪਤਿਸਮਾ, ਯੂਕੇਰਿਸਟ, ਕਨਫਰਮੇਸ਼ਨ ਧਾਰਮਿਕ ਦੰਡ (Penance), ਆਖਰੀ ਮਾਲਸ਼ (Extreme Unction ਮੌਤ ਦੀ ਤਿਆਰੀ), ਵਿਆਹ ਅਤੇ ਪਾਦਰੀਆਂ ਦੇ ਵਿਧਾਨ ਜਾਂ ਆਦੇਸ਼ ਹਨ], ਸੰਤਾ ਦੇ ਦਿਨ ਅਤੇ ਹੋਰ ਤਿਉਹਾਰ

ਮਨਾਉਣੇ ਅਤੇ ਯਿਸੂ ਦੀ ਮਾਂ ਮਰਿਅਮ ਦਾ ਸਤਿਕਾਰ ਆਦਿ ਦੋਨਾਂ ਚਰਚਾਂ ਦੇ ਵਿਸ਼ਵਾਸ ਵਿੱਚ ਸ਼ਾਮਲ ਹਨ। ਇਸ ਲੇਖ ਦੇ ਸ਼ੁਰੂ ਵਿੱਚ ਦਿੱਤੀ ਗਈ ਪ੍ਰਾਰਥਨਾ ਸਾਰੇ ਈਸਾਈ ਕਰਦੇ ਹਨ । ਬਪਤਿਸਮਾ ਦੇਣ ਵੇਲੇ ਜਾਂ ਧਰਮ ਪਰਿਵਰਤਨ ਕਰਕੇ ਈਸਾਈ ਬਣਨ ਵਾਲੇ ਨੂੰ ਵੀ ਇਹੀ ਪ੍ਰਾਰਥਨਾ ਬੋਲਣੀ ਪੈਂਦੀ ਹੈ । ਸੋਲ੍ਹਵੀਂ ਸਦੀ ਤੀਕਰ ਇਸਨੂੰ "Our Father" ਕਹਿੰਦੇ ਸਨ ਪਰ ਪ੍ਰੋਟੈਸਟੈਂਟ ਮਤ ਵਾਲਿਆਂ ਨੇ ਇਸਨੂੰ "The Lord's Prayer" ਕਹਿਣਾ ਸ਼ੁਰੂ ਕਰ ਦਿੱਤਾ ਅਤੇ ਇਸ ਵਿੱਚ ਇਹ ਸ਼ਬਦ ਹੋਰ ਜੋੜ ਦਿੱਤੇ, "ਕਿਉਂਕਿ ਰਾਜ, ਸ਼ਕਤੀ ਅਤੇ ਸ਼ੋਭਾ ਹਮੇਸ਼ਾ ਵਾਸਤੇ ਤੇਰੇ ਹੀ ਹਨ-ਆਮੀਨ ।"

ਪੱਛਮੀ (ਰੋਮਨ ਕੈਥੋਲਿਕ) ਚਰਚ ਦਾ ਵਿਕਾਸ

ਪੋਪ ਦੇ ਵੱਧ ਰਹੇ ਅਧਿਕਾਰਾਂ ਕਰਕੇ ਰੋਮ ਦੇ ਰਾਜ ਪਰਿਵਾਰ ਇਸ ਪਦਵੀ ਉੱਪਰ ਕਬਜ਼ਾ ਰੱਖਣਾ ਚਾਹੁੰਦੇ ਸਨ ਜਿਸਨੂੰ ਨਜਿੱਠਣ ਲਈ ਸੰਨ 1059 ਈ. ਵਿੱਚ ਪੋਪ ਨਿਕੋਲਸ ਦੂਜੇ ਨੇ ਫਰਮਾਨ ਜਾਰੀ ਕੀਤਾ ਕਿ ਰੋਮ ਅਤੇ ਇਸਦੇ ਆਸ-ਪਾਸ ਦੇ ਚਰਚਾਂ ਦੇ ਕਾਰਡੀਨਲ ਹੀ ਪੋਪ ਦੀ ਚੋਣ ਕਰ ਸਕਣਗੇ । ਕਾਰਡੀਨਲ ਪੋਪ ਦੀ ਮੱਦਦ ਵਾਸਤੇ ਨਿਯੁਕਤ ਕੀਤੇ ਜਾਂਦੇ ਸਨ । ਅੱਜ ਤੱਕ ਇਹੀ ਇੰਤਜਾਮ ਚੱਲ ਰਿਹਾ ਹੈ, ਹਾਲਾਂਕਿ ਕਾਰਡੀਨਲਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ । ਫੇਰ ਵੀ ਪੋਪ ਦੀ ਪਦਵੀ ਲਈ ਬਹੁਤ ਲੜਾਈਆਂ ਝਗੜੇ ਹੁੰਦੇ ਰਹੇ । ਫਿਰ ਮੁਸਲਿਮ ਧਰਮ ਦੇ ਫੈਲਾਅ ਨਾਲ ਇਸਾਈਆਂ ਦੇ ਪੁਰਾਣੇ ਪਵਿੱਤਰ ਸਥਾਨ ਉਨ੍ਹਾਂ ਦੇ ਕਬਜ਼ੇ ਵਿੱਚ ਚਲੇ ਗਏ ਅਤੇ ਉਨ੍ਹਾਂ ਦੀ ਆਜ਼ਾਦੀ ਲਈ ਸੰਨ 1099ਈ. ਤੋਂ ਲੈ ਕੇ ਤੇਹਰਵੀਂ ਸਦੀ ਦੇ ਮੱਧ ਤੀਕਰ ਕਈ ਧਰਮਯੁੱਧ (Crusades) ਲੜੇ ਗਏ । ਇਸ ਨਾਲ ਪੋਪ ਦੀ ਮਹੱਤਤਾ ਵਧੀ । ਕਈ ਨਵੇਂ ਚਰਚ ਬਣੇ ਪਰ ਖਰਚਾ ਵੀ ਵਧ ਗਿਆ । ਪਾਦਰੀਆਂ ਨੇ ਆਪਣੇ ਇਲਾਕਿਆਂ ਵਿੱਚੋਂ ਟੈਕਸ ਦੀ ਉਗਰਾਹੀ ਸ਼ੁਰੂ ਕਰ ਦਿੱਤੀ । ਅਜਿਹੇ ਮੌਕੇ ਵੀ ਆਏ ਜਦੋਂ ਦੋ-ਦੋ ਜਾਂ ਤਿੰਨ-ਤਿੰਨ ਪੋਪ ਬਣੇ । ਕੋਈ ਵੀ ਵਿਰੋਧੀ ਆਵਾਜ਼ ਪੁੱਛ-ਪੜਤਾਲ (Inquisition) ਦੇ ਨਾਂ 'ਤੇ ਜ਼ਬਰਨ ਦਬਾ ਦਿੱਤੀ ਜਾਂਦੀ । ਸੰਨ 1483 ਤੋਂ 1498ਈ. ਤੱਕ 'ਕੱਲੇ ਸਪੇਨ ਵਿੱਚ ਤਕਰੀਬਨ 2,000 ਲੋਕ ਪੁੱਛ-ਪੜਤਾਲ ਦੇ ਨਾਂ 'ਤੇ ਜਿਉਂਦੇ ਸਾੜ ਦਿੱਤੇ ਗਏ । ਰੋਮ ਵਿੱਚ ਸੰਤ ਪਤਰਸ ਦਾ ਨਵਾਂ ਕੈਥੇਡਲ ਬਣਾਉਣ ਲਈ ਪੈਸਾ ਚਾਹੀਦਾ ਸੀ । ਇੱਕ ਨਵਾਂ ਤਰੀਕਾ ਸੀ ਬੰਦ ਖਲਾਸੀ (Indulgence) ਵੇਚਣ ਦਾ । ਦਰਅਸਲ ਜਦੋਂ ਧਰਮਯੁੱਧ ਸ਼ੁਰੂ ਹੋਏ ਤਾਂ ਪੋਪ ਨੇ ਕਿਹਾ ਕਿ ਸਾਰੇ ਧਰਮ ਯੋਧੇ ਆਪਣੇ ਪਾਪਾਂ ਤੋਂ ਮੁਕਤ ਹੋ ਜਾਣਗੇ । ਫਿਰ ਇਹ ਮੁਆਫ਼ੀ ਦੇਣ ਲਈ ਹੌਲੀ-ਹੌਲੀ ਪੈਸੇ ਲੈਣੇ ਸ਼ੁਰੂ ਕਰ ਦਿੱਤੇ ਗਏ । ਬੰਦ-ਖਲਾਸੀ ਖਾਸ ਤੌਰ 'ਤੇ ਆਸ਼ੀਰਵਾਦ ਪ੍ਰਾਪਤ ਮੈਡਲਾਂ, ਸਲੀਬਾਂ ਜਾਂ ਮਾਲਾਵਾਂ ਦੇ ਰੂਪ ਵਿੱਚ ਵੇਚੀ ਜਾਂਦੀ ਸੀ ।

ਪਰ ਇਸ ਸਮੇਂ ਵਿੱਚ ਸਭ ਕੁੱਝ ਗ਼ਲਤ ਨਹੀਂ ਹੋਇਆ। ਇਸਲਾਮ ਧਰਮ ਨਾਲ ਮੇਲ-ਮਿਲਾਪ ਤੋਂ ਯੂਰਪ ਵਿੱਚ ਸਦੀਆਂ ਪਹਿਲਾਂ ਤੋਂ ਗੁਆਚੇ ਪੁਰਾਤਨ ਗ੍ਰੀਕ ਫਲਸਫੇ ਦੀ ਆਮਦ ਹੋਈ। ਅਰਸਤੂ ਦੇ ਪ੍ਰਭਾਓ ਹੇਠ ਈਸਾਈ ਫਲਸਫੇ ਵਿੱਚ ਬਹੁਤ ਤਰੱਕੀ ਹੋਈ ਜੋ ਕਿ ਸੰਤ ਥਾਮਸ ਐਕਵਿਨਾਸ (1225-74ਈ.) ਆਦਿ ਵਿਦਵਾਨਾਂ ਦੀਆਂ ਲਿਖਤਾਂ ਵਿੱਚ ਪ੍ਰਤੱਖ ਨਜ਼ਰ ਆਉਂਦੀ ਹੈ। ਉਸਨੇ ਤਰਕ ਅਤੇ ਵਿਸ਼ਵਾਸ ਨੂੰ ਇਕੱਠਾ ਕਰਨ ਦਾ ਯਤਨ ਕੀਤਾ। ਇਸੇ ਸਮੇਂ ਯੂਰਪ ਵਿੱਚ ਵਿਸ਼ਵਵਿਦਿਆਲੇ ਵੀ ਹੋਂਦ ਵਿੱਚ ਆਏ। ਸੰਤ ਬੈਨੇਡਿਕਟ ਆਫ ਨੁਰਸੀਆ (480-550ਈ.) ਨੇ ਮਠਾਂ ਦਾ ਸਿਲਸਿਲਾ ਸ਼ੁਰੂ ਕੀਤਾ ਸੀ ਅਤੇ ਉਸਦੇ ਲਿਖੇ ਨੇਮ ਅੱਜ ਵੀ ਮਠਾਂ ਵਿੱਚ ਸੌਂਣ, ਕੰਮ ਕਰਨ, ਪੜ੍ਹਨ ਅਤੇ ਖਾਣੇ ਦੇ ਸਮੇਂ ਦੇ ਨਿਰਧਾਰਨ ਲਈ ਵਰਤੇ ਜਾਂਦੇ ਹਨ। ਤੇਰ੍ਹਵੀਂ ਸਦੀ ਵਿੱਚ ਮਠਾਂ ਵਿੱਚ ਸੁਧਾਰਾਂ ਕਰਕੇ ਡੋਮੀਨਿਕਨ ਅਤੇ ਫ੍ਰਾਂਸਿਸਕਨ ਫਿਰਕੇ ਹੋਂਦ ਵਿੱਚ ਆਏ ਜੋ ਯਿਸੂ ਅਤੇ ਉਸਦੇ ਚੇਲਿਆਂ ਵਾਂਗ ਗ਼ਰੀਬੜੇ ਰਹਿ ਕੇ, ਮੰਗ ਕੇ ਖਾਂਦੇ ਸਨ ਅਤੇ ਧਰਮ ਪ੍ਰਚਾਰ ਕਰਦੇ ਸਨ। ਇਸ ਸਮੇਂ ਤੱਕ ਸੱਤ ਵੱਜਰ ਪਾਪ- ਹੰਕਾਰ, ਲੋਭ, ਕਾਮ, ਕ੍ਰੋਧ, ਪੇਟੂਪੁਣਾ, ਈਰਖਾ ਅਤੇ ਆਲਸ ਮੰਨੇ ਜਾਣ ਲੱਗ ਪਏ ਸਨ। ਸੱਤ ਹੀ ਜ਼ਰੂਰੀ ਗੁਣ ਸਨ ਜੋ ਇੱਕ ਈਸਾਈ ਨੂੰ ਪਾਪ ਤੋਂ ਬਚਾਉਂਦੇ ਸਨ। ਇਸ ਵਿੱਚ ਚਾਰ-ਸਮਝਦਾਰੀ, ਸੰਜਮ, ਸਹਿਣਸ਼ਕਤੀ ਅਤੇ ਨਿਆਂ ਮੁੱਖ ਸੰਸਾਰਕ ਗੁਣ ਹਨ ਜਦੋਂ ਕਿ ਬਾਕੀ ਤਿੰਨ-ਵਿਸ਼ਵਾਸ, ਆਸ ਅਤੇ ਪਿਆਰ ਈਸਾਈ ਪੰਥ ਲਈ ਸਭ ਤੋਂ ਜਰੂਰੀ ਗੁਣ ਹਨ ਜੋ ਸਭ ਮਤਾਂ ਵਾਲੇ ਮੰਨਦੇ ਹਨ।

ਚਰਚ ਦੇ ਸੁਧਾਰ ਅਤੇ ਦੂਜੀ ਵੰਡ

ਪੰਦਰਵੀਂ ਸਦੀ ਦੇ ਰਾਜਨੀਤਿਕ ਵਿਚਾਰਕ ਮੈਕਿਆਵੈਲੀ ਨੇ ਕਿਹਾ, "ਅਸੀਂ ਇਟਲੀ ਵਾਸੀ ਹੋਰਾਂ ਨਾਲੋਂ ਵਧੇਰੇ ਭ੍ਰਿਸ਼ਟ ਅਤੇ ਅਧਾਰਮਿਕ ਹਾਂ ਕਿਉਂਕਿ ਸਾਡੇ ਸਾਹਮਣੇ ਚਰਚ ਅਤੇ ਇਸ ਦੇ ਪ੍ਰਤੀਨਿਧਾਂ ਦਾ ਸਭ ਤੋਂ ਮਾੜਾ ਉਦਾਹਰਣ ਹੈ।" ਛਾਪੇ ਦੀ ਖੋਜ ਨੇ ਪ੍ਰਚਾਰ ਦਾ ਕੰਮ ਸੁਖਾਲਾ ਕਰ ਦਿੱਤਾ। ਉਧਰ ਚਰਚ ਦੇ ਭ੍ਰਿਸ਼ਟਾਚਾਰ ਦੇ ਬਾਵਜੂਦ ਲੋਕਾਂ ਵਿੱਚ ਵਿੱਦਿਆ ਦੇ ਪਸਾਰੇ ਵਿੱਚ ਇਸਦਾ ਕਾਫ਼ੀ ਯੋਗਦਾਨ ਰਿਹਾ। ਕਈ ਪੜ੍ਹੇ-ਲਿਖੇ ਪਾਦਰੀ ਚਰਚ ਦਾ ਕੰਮ ਕਰ ਰਹੇ ਸਨ। ਅਜਿਹੇ ਇਕ ਪਾਦਰੀ ਮਾਰਟਿਨ ਲੂਥਰ ਨੇ 31 ਅਕਤੂਬਰ, 1517 ਈ. ਨੂੰ ਜਰਮਨੀ ਦੇ ਵਿਟਨਬਰਗ ਸ਼ਹਿਰ ਵਿੱਚ ਆਪਣੇ ਚਰਚ ਦੇ ਦਰਵਾਜ਼ੇ ਉੱਪਰ 95 ਨੁਕਤੀਆਂ ਵਾਲਾ ਇਸ਼ਤਿਹਾਰ ਲਗਾ ਦਿੱਤਾ। ਇਸ ਇਸ਼ਤਿਹਾਰ ਵਿੱਚ ਕੁੱਝ ਗੱਲਾਂ ਇਸ ਤਰ੍ਹਾਂ ਸਨ - ਆਤਮਸੁਧੀ

ਕਰਨ ਦੀ ਤਾਕਤ ਸਿਰਫ਼ ਪੋਪ ਵਿੱਚ ਹੀ ਨਹੀਂ ਸਗੋਂ ਕਿਸੇ ਵੀ ਪਾਦਰੀ ਜਾਂ ਬਿਸ਼ਪ ਵਿੱਚ ਹੋ ਸਕਦੀ ਹੈ। ਸੱਚਾ ਪ੍ਰਾਸ਼ਚਿਤ ਕਰਕੇ ਕੋਈ ਵੀ ਪਾਪ ਤੋਂ ਮੁਕਤ ਹੋ ਸਕਦਾ ਹੈ। ਕਿਸੇ ਗ਼ਰੀਬ ਜਾਂ ਲੋੜਵੰਦ ਦੀ ਮੱਦਦ ਕਰਨੀ ਬੰਦ ਖਲਾਸੀ ਖਰੀਦਣ ਨਾਲੋਂ ਵਧੀਆ ਕਰਮ ਹੈ। ਇਸ ਤਰ੍ਹਾਂ ਲੂਥਰ ਨੇ ਉਸ ਸਮੇਂ ਦੇ ਭ੍ਰਿਸ਼ਟ ਚਰਚ ਦਾ ਵਿਰੋਧ ਕਰਕੇ ਇੱਕ ਨਵੇਂ ਸੰਪ੍ਰਦਾਇ ਦੀ ਨੀਂਹ ਰੱਖੀ ਹਾਲਾਂਕਿ ਉਸਦਾ ਇਰਾਦਾ ਸਿਰਫ਼ ਅਜੋਕੇ ਚਰਚ ਵਿੱਚ ਸੁਧਾਰ ਲਿਆਉਣਾ ਹੀ ਸੀ। ਸੰਨ 1518 ਵਿੱਚ ਪੋਪ ਦੇ ਪੁੱਛ-ਪੜਤਾਲ ਵਾਲੇ ਅਧਿਕਾਰੀ ਸਿਲਵੈਸਟਰ ਪ੍ਰੀਰੀਅਸ ਨੇ ਕੁਫ਼ਰ ਤੋਲਣ ਦੇ ਦੋਸ਼ ਵਿੱਚ ਉਸਨੂੰ ਰੋਮ ਬੁਲਾਇਆ, ਪਰ ਲੂਥਰ ਨੇ ਹੁਕਮ ਮੰਨਣੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਸਿਰਫ਼ ਯਿਸੂ ਦੀ ਸੱਤਾ ਨੂੰ ਹੀ ਜਵਾਬਦੇਹ ਸੀ, ਉਸ ਇਹ ਵੀ ਕਿਹਾ ਕਿ ਪੋਪ ਨਹੀਂ, ਸਗੋਂ ਸਿਰਫ਼ ਬਾਈਬਲ ਹੀ ਅਤੁੱਲਣਹਾਰ ਹੈ। ਪੋਪ ਨੇ ਲੂਥਰ ਨੂੰ ਜੰਗਲੀ ਸੂਰ ਕਿਹਾ ਜੋ ਪ੍ਰਭੂ ਦੇ ਅੰਗੂਰਾਂ ਦੇ ਖੇਤ ਵਿੱਚ ਵੜ ਗਿਆ ਸੀ। ਲੂਥਰ ਨੂੰ ਧਮਕੀ ਦਿੱਤੀ ਕਿ ਉਹ 60 ਦਿਨਾਂ ਵਿੱਚ ਜਵਾਬ ਦੇਵੇ ਨਹੀਂ ਤਾਂ ਉਸਨੂੰ ਧਰਮ ਵਿੱਚ ਬਾਹਰ ਕੱਢ ਦਿੱਤਾ ਜਾਵੇਗਾ। 10 ਦਸੰਬਰ, 1520 ਨੂੰ ਲੂਥਰ ਨੇ ਇਹ ਹੁਕਮ ਸ਼ਰੇਆਮ ਸਾੜ ਦਿੱਤਾ। ਇਹ ਖ਼ਬਰ ਸੁਣ ਕੇ ਪੋਪ ਨੇ ਆਪਣੀ ਧਮਕੀ ਅੰਜਾਮ ਦੇ ਦਿੱਤੀ।

1519 ਵਿੱਚ ਪਵਿੱਤਰ ਰੋਮਨ ਸਾਮਰਾਜ ਦੇ ਨਵੇਂ ਬਣੇ ਰਾਜੇ ਚਾਰਲਸ ਪੰਜਵੇਂ ਨੇ ਪੋਪ ਦੀ ਇਹ ਮੰਗ ਕਿ ਲੂਥਰ ਨੂੰ ਕਾਫ਼ਰ ਗਰਦਾਨ ਕੇ ਜਿਉਂਦਾ ਸਾੜ ਦਿੱਤਾ ਜਾਵੇ, ਠੁਕਰਾ ਦਿੱਤੀ।

18 ਅਪ੍ਰੈਲ, 1521 ਨੂੰ ਵੋਰਮਸ ਵਿਖੇ ਸਭਾ ਸੱਦੀ ਗਈ। ਦੂਜੇ ਪਾਸੇ ਨਰਮਪੰਥੀ ਕੈਥੋਲਿਕਾਂ ਨੇ ਲੂਥਰ ਨੂੰ ਝੁਕ ਜਾਣ ਲਈ ਕਿਹਾ, ਪਰ ਉਸ ਨੇ ਕਿਹਾ ਕਿ ਉਸਨੂੰ ਰੱਬ 'ਤੇ ਭਰੋਸਾ ਹੈ। ਰਾਜੇ ਨੇ ਲੂਥਰ, ਉਸ ਦੀਆਂ ਲਿਖਤਾਂ ਅਤੇ ਉਸਦੇ ਹਿਮਾਇਤੀਆਂ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ। ਉਸਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਪਰ ਰਾਜਕੁਮਾਰ ਫਰੈਡਰਿਕ ਨੇ ਉਸਨੂੰ ਲੁਕਾ ਲਿਆ। ਫਿਰ ਲੂਥਰ ਵਿਟਨਬਰਗ ਵਾਪਸ ਆ ਕੇ ਰਹਿਣ ਲੱਗਾ। ਰਾਜੇ ਨੂੰ ਹੋਰ ਕੰਮਾਂ ਤੋਂ ਵਿਹਲ ਨਹੀਂ ਸੀ ਕਿ ਲੂਥਰ ਨੂੰ ਫੜ ਕੇ ਫਾਂਸੀ ਦਿੰਦਾ। ਅਗਲੇ 25 ਸਾਲ ਗ੍ਰਹਿਸਥੀ ਜੀਵਨ ਜੀ ਕੇ 1546 ਈ. ਵਿੱਚ ਉਸਦੀ ਮੌਤ ਹੋ ਗਈ। 1525 ਈ. ਵਿੱਚ ਇੱਕ ਪਹਿਲਾਂ ਨਨ ਰਹੀ ਔਰਤ ਨਾਲ ਵਿਆਹ ਤੋਂ ਉਸਦੇ ਛੇ ਬੱਚੇ ਹੋਏ। ਜਰਮਨੀ ਵਿੱਚ ਕਈ ਰਾਜਕੁਮਾਰ ਲੂਥਰ ਦਾ ਪੱਖ ਪੂਰਦੇ ਸਨ। ਨਵੇਂ ਸੰਪ੍ਰਦਾਇ "ਪ੍ਰੋਟੈਸਟੈਂਟ" ਅਤੇ ਕੈਥੋਲਿਕਾਂ ਵਿਚਾਲੇ ਜੰਗ ਛਿੜ ਗਈ ਜੋ 1555 ਈ. ਵਿੱਚ ਉਸਬਰਗ ਦੀ ਸ਼ਾਂਤੀ ਸੰਧੀ ਨਾਲ ਖ਼ਤਮ ਹੋਈ। ਫੈਸਲਾ ਹੋਇਆ ਕਿ ਰਾਜਕੁਮਾਰ ਆਪਣੀ ਮਰਜ਼ੀ ਨਾਲ ਆਪਣੇ ਇਲਾਕੇ

ਵਿੱਚ ਕੈਥੋਲਿਕ ਚਰਚ ਰੱਖਣ ਜਾਂ ਪ੍ਰੋਟੈਸਟੈਂਟ। ਇਸ ਤਰ੍ਹਾਂ ਲੂਥਰ ਦੀ ਮੌਤ ਤੋਂ ਨੌ ਸਾਲ ਬਾਅਦ ਹੀ ਪਵਿੱਤਰ ਰੋਮਨ ਸਾਮਰਾਜ ਵਿੱਚ ਲੂਥਰਵਾਦ ਨੂੰ ਕਾਨੂੰਨੀ ਮਾਨਤਾ ਮਿਲ ਗਈ। ਫਿਰ ਇਹ ਹੌਲੀ-ਹੌਲੀ ਹੋਰ ਦੇਸ਼ਾਂ ਵਿੱਚ ਫੈਲ ਗਿਆ। ਇਸਨੇ ਇੰਗਲੈਂਡ, ਇਟਲੀ ਅਤੇ ਸਪੇਨ ਵਿੱਚ ਵੀ ਸੁਧਾਰਾਂ ਲਈ ਪ੍ਰੇਰਣਾ ਦਿੱਤੀ। ਲੂਥਰ ਨੇ ਪ੍ਰਚਾਰ ਕੀਤਾ ਕਿ ਜੋ ਬਾਈਬਲ ਨੇ ਕਿਹਾ ਉਹੀ ਸੱਚ ਹੈ, ਬਾਕੀ ਸਭ ਮਨੁੱਖ ਦੀਆਂ ਕਾਢਾਂ ਹਨ। ਉਸ ਸਮੇਂ ਤੀਕਰ ਲੈਟਿਨ ਭਾਸ਼ਾ ਸਿਰਫ਼ ਪੜ੍ਹਿਆਂ-ਲਿਖਿਆਂ ਦੀ ਭਾਸ਼ਾ ਰਹਿ ਗਈ ਸੀ ਅਤੇ ਬਾਈਬਲ ਸਿਰਫ਼ ਲੈਟਿਨ ਵਿੱਚ ਹੀ ਉਪਲੱਬਧ ਸੀ। ਮਾਰਟਿਨ ਲੂਥਰ ਨੇ ਸੰਨ 1522 ਈ. ਵਿੱਚ ਨਵੇਂ ਅਹਿਦਨਾਮੇ ਦਾ ਜਰਮਨ ਵਿੱਚ ਤਰਜੁਮਾ ਛਪਵਾਇਆ। ਸੰਨ 1582 ਈ. ਵਿੱਚ ਇਹ ਫਰੈਂਚ ਵਿੱਚ ਛਪਿਆ। ਅੰਗਰੇਜ਼ੀ ਵਿੱਚ ਰਾਜਾ ਜੇਮਜ਼ ਪਹਿਲੇ ਦੇ ਉੱਦਮਾਂ ਨਾਲ ਤਰਜੁਮਾ ਹੋਇਆ ਜੋ King James Version ਕਰਕੇ ਅੱਜ ਵੀ ਮਸ਼ਹੂਰ ਹੈ। ਇਨ੍ਹਾਂ ਯਤਨਾਂ ਦਾ ਹੀ ਸਿੱਟਾ ਹੈ ਕਿ ਅੱਜ ਬਾਈਬਲ 2,000 ਤੋਂ ਵੀ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

(Ulrich Zwingli) (1484-1531) ਪ੍ਰਚਾਰਕ ਸਵਿਟਜਰਲੈਂਡ ਵਿੱਚ ਹੋਇਆ ਜਿਸਨੇ ਲੂਥਰ ਵਾਂਗ ਬਾਈਬਲ ਦੀ ਸੱਤਾ ਉੱਪਰ ਜ਼ੋਰ ਦਿੱਤਾ। ਉਸਨੇ ਕਿਹਾ ਕਿ ਸੰਤਾਂ ਦਾ ਸਤਿਕਾਰ, ਮਠਾਂ ਵਾਲੇ ਫਿਰਕੇ, ਪੋਪ ਦੀ ਚੌਧਰ, ਬੰਦ-ਖਲਾਸੀ ਅਤੇ ਚੰਗੇ ਕਰਮਾਂ ਦੀ ਸ਼ਲਾਘਾ ਸਭ ਮਨੁੱਖ ਦੀਆਂ ਕਾਢਾਂ ਹਨ। ਉਸਨੇ ਕਿਹਾ ਕਿ ਪਵਿੱਤਰ ਨਿਸ਼ਾਨੀਆਂ ਸਲੀਬਾਂ ਅਤੇ ਬੱਤ ਹਟਾ ਦਿਉ। ਗਾਉਣਾ ਅਤੇ ਘੰਟੀਆਂ ਵਜਾਉਣਾ ਬੰਦ ਕਰੋ।

ਲੂਥਰ ਅਤੇ ਜ਼ਵਿੰਗਲੀ ਵਿੱਚ ਪ੍ਰਭੂ ਭੇਜ (Lord's Supper) ਬਾਰੇ ਮਤਭੇਦ ਸਨ। ਲੂਥਰ ਮੰਨਦਾ ਸੀ ਕਿ ਭੋਜ ਵਿੱਚ ਯਿਸੂ ਰੋਟੀ ਅਤੇ ਸ਼ਰਾਬ ਦੇ ਰੂਪ ਵਿੱਚ ਹਾਜ਼ਰ ਹੁੰਦਾ ਹੈ, ਜਦੋਂਕਿ ਜ਼ਵਿੰਗਲੀ ਦਾ ਕਹਿਣਾ ਸੀ ਕਿ ਇਹ ਇੱਕ ਯਾਦਗਾਰ ਮਾਤਰ ਹੈ। ਈਸਾਈ ਧਰਮ ਵਿੱਚ ਪ੍ਰਭੂ ਭੋਜ (ਯੂਕੇਰਿਸਟ ਜਾਂ ਮਾਸ) ਬਾਰੇ ਬਹੁਤ ਮਤਭੇਦ ਹੈ। ਰੋਮਨ ਕੈਥੋਲਿਕ, ਈਸਟਰਨ ਓਰਥੋਡੋਕਸ ਅਤੇ ਕੁੱਝ ਐਂਜਲਿਕਨ ਸੰਪ੍ਰਦਾਇ ਇਹ ਮੰਨਦੇ ਹਨ ਕਿ ਜਦੋਂ ਪ੍ਰਭੂ ਭੋਜ ਦੌਰਾਨ ਪਾਦਰੀ ਪਵਿਤਰੀਕਰਣ ਕਰਦਾ ਹੈ ਤਾਂ ਵਿਸ਼ਵਾਸਕਾਂ ਵਿੱਚ ਵੰਡੀ ਜਾਣ ਵਾਲੀ ਰੋਟੀ ਅਤੇ ਸ਼ਰਾਬ ਸੱਚੀਂ-ਮੁੱਚੀਂ ਯਿਸੂ ਦੇ ਮਾਸ ਅਤੇ ਖ਼ੂਨ ਵਿੱਚ ਬਦਲ ਜਾਂਦੀਆਂ ਹਨ। ਇਸਨੂੰ ਤੱਤ ਪਰਿਵਰਤਨ (Transubstantiation) ਕਿਹਾਜਾਂਦਾ ਹੈ। ਲੂਥਰ ਦਾ ਉਪਰੋਕਤ ਵਿਚਾਰ ਈਸਾ ਦੀ ਹਾਜ਼ਰ-ਨਾਜ਼ਰੀ (Consubstantiation) ਕਹਿਲਾਉਂਦਾ ਹੈ। ਬਾਕੀ ਸਭ ਜ਼ਵਿੰਗਲੀ ਵਾਲ ਮਤ ਰੱਖਦੇ ਹਨ। ਰੋਮਨ

ਕੈਥੋਲਿਕ ਅਤੇ ਈਸਟਰਨ ਓਰਥੋਡੋਕਸ ਸੰਪ੍ਰਦਾਵਾਂ ਵਿੱਚ ਸਿਰਫ਼ ਬਪਤਿਸਮਾ ਪ੍ਰਾਪਤ ਮਨੁੱਖ ਹੀ ਯੂਕੇਰਿਸਟ ਵਿੱਚ ਹਿੱਸਾ ਲੈ ਸਕਦੇ ਹਨ।

ਜ਼ਵਿੰਗਲੀ ਦੀ ਮੌਤ ਤੋਂ ਬਾਅਦ ਧਰਮ ਸੁਧਾਰ ਲਹਿਰ ਵਿੱਚ ਉਸਦਾ ਅਸਰ ਮੱਧਮ ਪੈ ਗਿਆ ਕਿਉਂਕਿ ਫਰਾਂਸ ਵਿੱਚ ਜਨਮੇ ਜਾਨ ਕਾਲਵਿਨ (1509-64 ਈ.) ਨਾਂ ਦੇ ਸੁਧਾਰਕ ਨੇ ਸਾਰਾ ਧਿਆਨ ਖਿੱਚ ਲਿਆ। ਸੰਨ 1532 ਈ. ਤੋਂ ਬਾਅਦ ਕਾਲਵਿਨ ਨੂੰ ਆਤਮਿਕ ਗਿਆਨ ਪ੍ਰਾਪਤ ਹੋਇਆ। ਉਸਨੇ ਸੰਨ 1534 ਈ. ਵਿੱਚ ਰੋਮਨ ਕੈਥੋਲਿਕ ਧਰਮ ਨਾਲੋਂ ਨਾਤਾ ਤੋੜ ਲਿਆ ਅਤੇ ਜਦੋਂ ਫਰਾਂਸ ਦੇ ਰਾਜੇ ਫਰਾਂਸਿਸ ਪਹਿਲੇ ਨੇ ਪ੍ਰੋਟੈਸਟੈਂਟ ਵਿਸ਼ਵਾਸਕਾਂ ਉੱਪਰ ਜ਼ੁਲਮ ਢਾਉਣੇ ਸ਼ੁਰੂ ਕਰ ਦਿੱਤੇ ਤਾਂ ਉਹ ਥੋੜ੍ਹਾ ਸਮਾਂ ਜਰਮਨੀ ਅਤੇ ਇਟਲੀ ਰਹਿ ਕੇ ਸਵਿਟਜਰਲੈਂਡ ਦੇ ਸ਼ਹਿਰ ਜੈਨੇਵਾ ਵਿਖੇ ਰਹਿਣ ਲੱਗਾ। ਉਸਨੇ ਸਾਮੂਹਿਕ ਇਬਾਦਤ (Congregational worship) ਸ਼ੁਰੂ ਕੀਤੀ। ਉਸਨੇ ਇਸ ਗੱਲ ਉੱਪਰ ਜ਼ਿਆਦਾ ਜ਼ੋਰ ਦਿੱਤਾ ਕਿ ਰੋਜ਼ਾਨਾ ਜ਼ਿੰਦਗੀ ਦਾ ਹਰ ਪਹਿਲੂ ਪਰਮਾਤਮਾ ਦੀ ਰਜ਼ਾ ਵਿੱਚ ਜੀਵਿਆ ਜਾਵੇ। ਉਸਨੇ ਕਿਹਾ ਕਿ ਚਰਚ ਅਤੇ ਰਾਜਸੀ ਪ੍ਰਬੰਧ ਦੋਨੋਂ ਯਿਸੂ ਦੇ ਅਧੀਨ ਹੋਣੇ ਚਾਹੀਦੇ ਹਨ। ਮਨੁੱਖ ਆਪਣੀ ਸੁਤੰਤਰ ਇੱਛਾ ਨਾਲ ਕੁੱਝ ਨਹੀਂ ਕਰ ਸਕਦਾ, ਜਦੋਂ ਤੀਕਰ ਪਰਮਾਤਮਾ ਦੀ ਅਡੋਲ ਇੱਛਾ ਨਾ ਹੋਵੇ। ਇਸ ਤਰ੍ਹਾਂ ਕਾਲਵਿਨਵਾਦ ਕਹਿੰਦਾ ਹੈ ਕਿ ਪਰਮਾਤਮਾ ਕੁੱਝ ਲੋਕਾਂ ਨੂੰ ਮੁਕਤੀ ਵਾਸਤੇ ਚੁਣਦਾ ਹੈ ਅਤੇ ਬਾਕੀਆਂ ਨੂੰ ਰਹਿਣ ਦਿੰਦਾ ਹੈ। ਕਾਲਵਿਨ ਨੇ ਜੈਨਵਾ ਨੂੰ ਪ੍ਰੋਟੈਸਟੈਂਟ ਧਰਮ ਦਾ ਰੋਮ ਬਣਾ ਦਿੱਤਾ।

ਪ੍ਰੋਟੈਸਟੈਂਟ ਸੁਧਾਰਾਂ ਨੇ ਯੂਰਪ ਦਾ ਰਾਜਨੀਤਿਕ ਅਤੇ ਧਾਰਮਿਕ ਨਕਸ਼ਾ ਹੀ ਬਦਲ ਦਿੱਤਾ। ਇਨ੍ਹਾਂ ਕਰਕੇ ਕਈ ਲੜਾਈਆਂ ਲੜੀਆਂ ਗਈਆਂ। ਕਈ ਹਿੱਸੇ ਆਜ਼ਾਦ ਦੇਸ਼ਾਂ ਦੇ ਰੂਪ ਵਿੱਚ ਹੋਂਦ ਵਿੱਚ ਆਏ। ਡੈਨਮਾਰਕ ਵਿੱਚ ਲੂਥਰਵਾਦ ਸੰਨ 1530 ਈ. ਵਿੱਚ ਮੰਨ ਲਿਆ ਗਿਆ। ਇਸ ਤੋਂ ਹਾਲ ਹੀ ਵਿੱਚ ਆਜ਼ਾਦ ਹੋਏ ਸਵੀਡਨ ਨੇ ਸੰਨ 1524 ਈ. ਵਿੱਚ ਰੋਮ ਨਾਲੋਂ ਨਾਤਾ ਤੋੜ ਲਿਆ ਹਾਲਾਂਕਿ ਲੂਥਰਵਾਦ ਨੂੰ ਧਰਮ ਦੇ ਤੌਰ 'ਤੇ ਸੰਨ 1593 ਈ. ਵਿੱਚ ਜਾ ਕੇ ਮੰਨਿਆ। ਇਸੇ ਤਰ੍ਹਾਂ ਫਿਨਲੈਂਡ, ਆਈਸਲੈਂਡ, ਲਾਟਵਿਆ, ਇਸਟੋਨਿਆ ਅਤੇ ਲਿਥੂਨਿਆਂ ਆਦਿ ਵਿੱਚ ਵੀ ਪ੍ਰੋਟੈਸਟੈਂਟ ਧਰਮ ਫੈਲ ਗਿਆ।

ਐਂਜਲਿਕਨ ਚਰਚ

ਇੰਗਲੈਂਡ ਦਾ ਮਾਮਲਾ ਹੋਰ ਦੇਸ਼ਾਂ ਨਾਲੋਂ ਵੱਖਰਾ ਸੀ। ਇੱਥੋਂ ਦਾ ਰਾਜਾ ਹੇਨਰੀ ਅੱਠਵਾਂ (ਰਾਜ 1509-47ਈ.) ਆਪਣੇ ਭਰਾ ਦੀ ਵਿਧਵਾ ਕੈਥਰੀਨ ਆਫ ਆਰਾਗੋਨ (ਸਪੇਨ ਵਾਸੀ) ਨਾਲ ਵਿਆਹ ਕਰਵਾਉਣ ਤੋਂ ਬਾਅਦ ਪੁੱਤਰ ਪ੍ਰਾਪਤੀ ਲਈ ਐਨੀ

ਬੋਲੇਯਨ ਨਾਂ ਦੀ ਅੰਗਰੇਜ਼ ਔਰਤ ਨਾਲ ਵਿਆਹ ਕਰਨਾ ਚਾਹੁੰਦਾ ਸੀ। ਉਸਦੀ ਤਲਾਕ ਦੀ ਅਰਜ਼ੀ ਨੂੰ ਰੋਮ ਤੋਂ ਮਨਜ਼ੂਰੀ ਨਾ ਮਿਲੀ। ਬਾਅਦ ਵਿੱਚ ਕੈਂਟਰਬਰੀ ਦੇ ਆਰਕਬਿਸ਼ਪ ਥੋਮਸ ਕਰੈਨਮਰ ਨੇ ਤਲਾਕ ਕਰਵਾ ਦਿੱਤਾ। ਇੰਗਲੈਂਡ ਨੇ ਰੋਮ ਨਾਲ ਸਬੰਧ ਤੋੜ ਲਏ ਅਤੇ ਪਾਰਲੀਮੈਂਟ ਨੇ ਇੱਕ ਐਕਟ ਪਾਸ ਕੀਤਾ ਕਿ ਇੰਗਲੈਂਡ ਦੇ ਚਰਚ ਦਾ ਜ਼ਮੀਨੀ ਮੁੱਖੀ ਇੰਗਲੈਂਡ ਦਾ ਰਾਜਾ ਹੋਏਗਾ। ਹੇਨਰੀ ਦਾ ਮਨਚਾਹਿਆ ਵਿਆਹ ਤਾਂ 1533ਈ. ਵਿੱਚ ਹੋ ਗਿਆ। ਪਰ ਉਹ ਕੈਥੋਲਿਕ ਤੋਰ ਤਰੀਕੇ ਹੀ ਮੰਨਦਾ ਰਿਹਾ ਅਤੇ ਪ੍ਰੋਟੈਸਟੈਂਟ ਧਰਮ ਨਾਲ ਖਾਰ ਖਾਂਦਾ ਰਿਹਾ। ਲੇਕਿਨ ਕਰੈਨਮਰ ਨੇ ਹੌਲੀ-ਹੌਲੀ ਪ੍ਰੋਟੈਸਟੈਂਟ ਧਰਮ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਅਤੇ ਹੇਨਰੀ ਦੀ ਮੌਤ ਤੋਂ ਬਾਅਦ ਰਾਜੇ ਐਡਵਰਡ ਛੇਵੇਂ (ਰਾਜ 1547-53 ਈ.) ਨੂੰ ਇਸ ਧਰਮ ਵਿੱਚ ਲੈ ਆਂਦਾ। ਪਰ ਐਡਵਰਡ ਦੀ ਮੌਤ ਤੋਂ ਬਾਅਦ ਕੈਥਰੀਨ ਆਫ਼ ਅਰਾਗੋਨ ਤੋਂ ਹੇਨਰੀ ਦੀ ਲੜਕੀ ਮੈਰੀ ਪਹਿਲੀ ਰਾਣੀ ਬਣੀ ਜੋ ਕੈਥੋਲਿਕ ਸੀ। ਕਰੈਨਮਰ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਅਤੇ ਪ੍ਰੋਟੈਸਟੈਂਟ ਧਰਮ ਵਾਲਿਆਂ ਉੱਪਰ ਬਹੁਤ ਜ਼ੁਲਮ ਕੀਤਾ ਗਿਆ। ਫਿਰ 1558 ਵਿੱਚ ਮੈਰੀ ਦੀ ਮੌਤ ਤੋਂ ਬਾਅਦ ਹੇਨਰੀ ਅਤੇ ਐਨੀ ਦੀ ਧੀ ਅਲਿਜਾਬੇਥ ਪਹਿਲੀ (ਰਾ. 1558-1603 ਈ.) ਰਾਣੀ ਰਹੀ। ਉਸਨੇ ਝਗੜੇ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਝਗੜਾ ਚੱਲਦਾ ਰਿਹਾ। ਸੰਨ 1642 ਈ. ਵਿੱਚ ਸਿਵਲ ਵਾਰ ਸ਼ੁਰੂ ਹੋ ਗਈ। ਇੰਗਲੈਂਡ ਦੇ ਰਾਜੇ ਚਾਰਲਸ ਪਹਿਲੇ ਦੇ ਖ਼ਿਲਾਫ਼ ਅੰਗਰੇਜ਼ੀ ਪਾਰਲੀਮੈਂਟ ਦੇ ਸਦੱਸ ਓਲੀਵਰ ਕ੍ਰੋਮਵੈਲ ਨੇ ਅੰਗਰੇਜ਼ੀ ਅਤੇ ਸਕੌਟਿਸ਼ ਫੌਜ ਦੀ ਮੱਦਦ ਨਾਲ ਜਿੱਤ ਹਾਸਿਲ ਕੀਤੀ। ਇਸ ਝਗੜੇ ਨੂੰ ਪਾਰਲੀਮੈਂਟ ਨੇ ਸੰਨ 1689ਈ. ਵਿੱਚ ਸਹਿਣਸ਼ੀਲਤਾ ਦਾ ਕਾਨੂੰਨ ਪਾਸ ਕਰਕੇ ਖ਼ਤਮ ਕੀਤਾ ਜਿਸ ਰਾਹੀਂ ਹਰ ਤਰ੍ਹਾਂ ਦੇ ਪ੍ਰੋਟੈਸਟੈਂਟ ਧਰਮ ਨੂੰ ਆਜ਼ਾਦੀ ਮਿਲ ਗਈ। ਹਾਲਾਂਕਿ ਕੈਥੋਲਿਕ ਧਰਮ ਨੂੰ ਇੰਗਲੈਂਡ ਵਿੱਚ ਇਹ ਆਜ਼ਾਦੀ ਉਨੀਂਵੀ ਸਦੀ ਵਿੱਚ ਮਿਲੀ।

ਕੈਥੋਲਿਕ ਸੁਧਾਰ

ਇਨ੍ਹਾਂ ਸੁਧਾਰਾਂ ਕਰਕੇ ਰੋਮਨ ਕੈਥੋਲਿਕ ਚਰਚ ਨੇ ਵੀ ਸੁਧਾਰ ਕੀਤੇ। ਇਟਲੀ ਦੇ ਸ਼ਹਿਰ ਟਰੈਂਟ ਵਿੱਚ ਸੰਨ 1545ਈ. ਤੀਕਰ ਪਹਿਲੀ ਸਭਾ ਹੋਈ। ਇਸ ਵਿੱਚ ਬਿਸ਼ਪਾਂ ਦੀ ਆਪਣੇ ਖੇਤਰ ਵਿੱਚ ਰਹਿਣ ਦੀ ਜ਼ਰੂਰਤ, ਨਾਈਸਿਆ ਦੇ ਮਤ ਅਤੇ ਵਿਸ਼ਵਾਸ ਦੇ ਸੱਤ ਪ੍ਰਤੀਕਾਂ ਬਾਰੇ ਗੱਲ ਕੀਤੀ ਗਈ। ਸੰਨ 1551ਈ. ਵਿੱਚ ਹੋਈ ਦੂਸਰੀ ਸਭਾ ਵਿੱਚ ਲੂਥਰਵਾਦ, ਕਾਲਵਿਨਵਾਦ ਅਤੇ ਜ਼ਵਿੰਗਲੀਵਾਦ ਨੂੰ ਨਿੰਦਿਆ ਗਿਆ। ਸੰਨ 1662ਈ. ਵਿੱਚ ਆਖ਼ਰੀ ਸਭਾ ਹੋਈ ਜਿਸ ਵਿੱਚ ਬਹੁਤ ਸਾਰੇ ਮੱਧਕਾਲੀਨ ਮਤ ਫੇਰ ਦੁਹਰਾਏ ਗਏ-ਜਿਵੇਂ ਕੁਆਰੇ ਪਾਦਰੀਆਂ ਦੀ ਲੋੜ ਅਤੇ ਸ਼ੋਧਕ ਸਥਾਨ (Purgatory) ਵਿੱਚ

ਵਿਸ਼ਵਾਸ। ਇਸ ਵਿੱਚ ਕਿਹਾ ਗਿਆ ਕਿ ਮਨੁੱਖ ਕੋਲ ਸਵਤੰਤਰ ਇੱਛਾ ਹੈ ਅਤੇ ਇਕੱਲੇ ਵਿਸ਼ਵਾਸ (Faith) ਨਾਲ ਪਾਰ ਉਤਾਰਾ ਨਹੀਂ ਹੋ ਸਕਦਾ। ਪਿਆਰ (Love) ਅਤੇ ਆਸ (Hope) ਵੀ ਮੁਕਤੀ ਲਈ ਜ਼ਰੂਰੀ ਹਨ। ਚਰਚ ਦੀਆ ਪਦਵੀਆਂ ਦੀ ਖ਼ਰੀਦੋ-ਫ਼ਰੋਖ਼ਤ ਵੀ ਬੰਦ ਕਰ ਦਿੱਤੀ ਗਈ। ਪੋਪ ਨੇ ਕੈਥੋਲਿਕ ਚਰਚ ਦੇ ਧੁਰੇ ਦੇ ਤੌਰ 'ਤੇ ਸਭਾ ਦੇ ਅੰਤ ਵਿੱਚ ਪਾਸ ਕੀਤੇ ਸਾਰੇ ਮਤਿਆਂ ਦੀ ਘੋਸ਼ਣਾ ਕੀਤੀ। ਫਿਰ ਬਸਤੀਵਾਦ ਕਰਕੇ ਈਸਾਈ ਧਰਮ ਦੁਨੀਆਂ ਦੇ ਹਰ ਕੋਨੇ ਵਿੱਚ ਪਹੁੰਚ ਗਿਆ।

ਸਲੀਬ (Cross) ਅਤੇ ਸਲੀਬ ਉੱਪਰ ਟੰਗੇ ਈਸਾ ਦੀ ਤਸਵੀਰ (Crucifix)

ਸਲੀਬ ਈਸਾਈ ਧਰਮ ਦਾ ਚਿੰਨ੍ਹ ਹੈ। ਜਿਸ ਸਲੀਬ ਉੱਪਰ ਯਿਸੂ ਨੂੰ ਟੰਗਿਆ ਗਿਆ ਸੀ ਉਸਦੇ ਕਲਬੂਤ (Shape) ਬਾਰੇ ਕੋਈ ਠੋਸ ਜਾਣਕਾਰੀ ਨਹੀਂ ਹੈ। ਸ਼ੁਰੂ ਵਿੱਚ Crucifix ਦੀ ਮੂਰਤੀਕਾਰੀ ਤੋਂ ਗੁਰੇਜ਼ ਕੀਤਾ ਜਾਂਦਾ ਸੀ, ਸਿਰਫ਼ ਜਲੂਸਾਂ ਵਿੱਚ ਸਲੀਬ ਦੀ ਵਰਤੋਂ ਹੁੰਦੀ ਸੀ। ਤੇਰ੍ਹਵੀਂ ਸਦੀ ਵਿੱਚ ਫ੍ਰਾਂਸਿਸਕਨ ਪਾਦਰੀਆਂ ਨੇ ਸਲੀਬ ਦੀ ਬਜਾਇ ਸਲੀਬ ਉੱਪਰ ਟੰਗੇ ਯਿਸੂ ਦੀ ਮੂਰਤੀ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਅੱਜ ਵੀ ਪੋਪ ਦੇ ਰਾਜ-ਡੰਡੇ ਉੱਪਰ Crucifix ਬਣਿਆ ਹੁੰਦਾ ਹੈ। ਈਸਟਰਨ ਆਰਥੋਡੋਕਸ ਚਰਚ ਦੋ ਪਸਾਰੀ ਅਤੇ ਤਿੰਨ ਪਸਾਰੀ Cross ਅਤੇ Crucifix ਵਰਤਦੇ ਹਨ। ਹਾਲਾਂਕਿ ਪ੍ਰੋਟੈਸਟੈਂਟ ਚਰਚ ਕਿਸੇ ਵੀ ਤਰ੍ਹਾਂ ਦੀ ਮੂਰਤੀਕਾਰੀ ਦੇ ਵਿਰੁੱਧ ਹੈ ਪਰ ਲੂਥਰਵਾਦੀਆਂ ਅਤੇ ਹਾਈ ਚਰਚ ਐਂਜਲਿਕਨਾਂ ਨੂੰ ਛੱਡ ਕੇ ਬਾਕੀ ਸਭ ਸਲੀਬ ਵਰਤਦੇ ਹਨ। ਪਾਦਰੀ Cross ਜਾਂ Crucifix ਆਪਣੇ ਗਲੇ ਵਿੱਚ ਵੀ ਪਹਿਨਦੇ ਹਨ। ਬੱਚੇ ਨੂੰ ਬਪਤਿਸਮਾ ਦੇਣ ਵੇਲੇ ਪਾਦਰੀ ਪਾਣੀ ਦੇ ਛਿੱਟੇ ਮਾਰਨ ਤੋਂ ਬਾਅਦ ਉਸਦੇ ਮੱਥੇ ਉੱਪਰ ਹੱਥ ਨਾਲ ਸਲੀਬ ਦਾ ਨਿਸ਼ਾਨ ਬਣਾਉਂਦਾ ਹੈ। ਕਿਸੇ ਵੀ ਇਕੱਠ, ਮਨੁੱਖ ਜਾਂ ਵਸਤ ਨੂੰ ਆਸ਼ੀਰਵਾਦ ਦੇਣ ਲਈ ਵੀ ਹੱਥ ਨਾਲ ਛਾਤੀ ਦੇ ਦੋਨੋਂ ਪਾਸੇ, ਮੱਥੇ ਅਤੇ ਧੁੰਨੀ ਨੂੰ ਛੂਹ ਕੇ ਸਲੀਬ ਦਾ ਚਿੰਨ੍ਹ ਬਣਾਇਆ ਜਾਂਦਾ ਹੈ। ਈਸਟਰਨ ਓਰਥੋਡੋਕਸ ਛਾਤੀ ਉੱਪਰ ਸੱਜੇ ਤੋਂ ਖੱਬੇ ਪਾਸੇ ਵੱਲ ਅਤੇ ਪੱਛਮੀ ਚਰਚ ਖੱਬੇ ਤੋਂ ਸੱਜੇ ਪਾਸੇ ਵੱਲ ਹੱਥ ਲਿਜਾ ਕੇ ਇਹ ਚਿੰਨ੍ਹ ਬਣਾਉਂਦੇ ਹਨ।

ਚਰਚ

ਚਰਚ (Church) ਸ਼ਬਦ ਗ੍ਰੀਕ ਸ਼ਬਦ Kuriakon ਤੋਂ ਬਣਿਆ ਹੈ ਜਿਸਦਾ ਅਰਥ ਹੈ ਪਰਮਾਤਮਾ ਦਾ (belonging to the Lord), ਇਸ ਤਰ੍ਹਾਂ ਇਹ ਜਗ੍ਹਾ ਪ੍ਰਭੂ ਯਿਸੂ ਦੀ ਉਸਤਤ ਲਈ ਹੈ। ਸ਼ੁਰੂਆਤੀ ਚਰਚ ਰੋਮਨ ਰਾਜਸੀ ਹਾਲਾਂ (Basilica)

ਵਾਂਗ ਆਇਤਾਕਾਰ ਹੁੰਦੇ ਸਨ। ਚਰਚ ਦਾ ਦਰਵਾਜ਼ਾ ਪੱਛਮ ਵੱਲ ਹੁੰਦਾ ਸੀ ਅਤੇ ਵੇਦੀ (ਪਵਿੱਤਰ ਵਸਤਾਂ ਚੱਖਣ ਜਾਂ ਪਾਦਰੀਆਂ ਦੀ ਜਗ੍ਹਾ) ਪੂਰਵ ਵੱਲ ਹੁੰਦੀ ਸੀ। ਅਜਿਹਾ ਪੂਰਵ ਦੇ ਰੌਸ਼ਨੀ ਅਤੇ ਪੱਛਮ ਦਾ ਹਨ੍ਹੇਰੇ ਅਤੇ ਮੌਤ ਦਾ ਪ੍ਰਤੀਕ ਹੋਣ ਕਰਕੇ ਸੀ। ਮੱਧ ਯੁੱਗ ਵਿੱਚ ਸਲੀਬ ਦੀ ਸ਼ਕਲ ਦੇ ਚਰਚ ਵੀ ਬਣੇ। ਈਸਟਰਨ ਓਰਥੋਡੈਕਸ ਚਰਚ ਹਮੇਸ਼ਾ ਤੋਂ ਹੀ ਵਰਗਾਕਾਰ ਅਤੇ ਗੁੰਬਦ ਵਾਲੇ ਰਹੇ ਹਨ ਅਤੇ ਇੱਥੇ ਪ੍ਰਾਰਥਨਾ ਖੜ੍ਹੇ ਹੋ ਕੇ ਕੀਤੀ ਜਾਂਦੀ ਹੈ ਪ੍ਰੋਟੈਸਟੈਂਟ ਚਰਚ ਬਹੁਤ ਸਾਦਗੀ ਵਾਲੇ ਅਤੇ ਇੱਥੇ ਦਿਸ਼ਾਵਾਂ ਦਾ ਵੀ ਕੋਈ ਵਹਿਮ ਨਹੀਂ ਹੁੰਦਾ, ਬਾਈਬਲ ਦੀਆਂ ਬਹੁਤ ਸਾਰੀਆਂ ਪੁਸਤਕਾਂ ਲੋਕਾਂ ਦੇ ਪੜ੍ਹਨ ਵਾਸਤੇ ਹੁੰਦੀਆਂ ਹਨ।

ਅਜੋਕੇ ਸਮੇਂ ਵਿੱਚ ਈਸਾਈ ਧਰਮ ਅਤੇ ਸੰਪ੍ਰਦਾਇ

ਅਗਲੇ ਚਾਰ ਸੌ ਸਾਲਾਂ ਵਿੱਚ ਇਸਾਈ ਧਰਮ ਨੇ ਵਿਗਿਆਨਕ ਖੋਜਾਂ ਕਰਕੇ ਪੁਰਾਣੇ ਵਿਸ਼ਵਾਸਾਂ ਉੱਪਰ ਹਮਲਿਆਂ, ਸਮਾਜਿਕ ਸੁਧਾਰਾਂ ਅਤੇ ਉਦਾਰਵਾਦੀ ਰਾਜਨੀਤੀ ਕਰਕੇ ਬਹੁਤ ਬਦਲਾਅ ਦੇਖਿਆ। ਨਵੇਂ ਆਜ਼ਾਦ ਹੋਏ ਦੇਸ਼ਾਂ ਨੇ ਆਪਣੇ ਚਰਚ ਵੀ ਅਲੱਗ ਬਣਾਏ। ਈਸਟਰਨ ਓਰਥੋਡੋਕਸ ਚਰਚ ਵਿੱਚ ਹਰ ਦੇਸ਼ ਦਾ ਆਪਣਾ ਚਰਚ ਹੈ ਅਤੇ ਕੋਨਸਤਾਈਨੋਪਲ ਦੇ ਮੁੱਖ ਬਿਸ਼ਪ (Patriarch) ਦੀ ਅਧੀਨਗੀ ਛੱਡ ਦਿੱਤੀ ਗਈ ਪਰ ਵਿਸ਼ਵਾਸ ਜਾਂ ਪ੍ਰਾਰਥਨਾ ਦੇ ਢੰਗ ਨਹੀਂ ਬਦਲੇ। ਸੰਨ 1861 ਈ. ਵਿੱਚ ਨਵੇਂ ਇਕੱਠੇ ਹੋਏ ਇਟਲੀ ਨੇ ਪੋਪ ਦਾ ਰਾਜ (State) ਆਪਣੇ ਵਿੱਚ ਮਿਲਾ ਲਿਆ ਅਤੇ ਸੰਨ 1870 ਈ. ਵਿੱਚ ਰੋਮ ਵੀ ਪੋਪ ਕੋਲੋਂ ਖੋਹ ਲਿਆ ਗਿਆ। ਪਰ ਇਟਲੀ ਨੇ 237 ਬਿਸ਼ਪਾਂ ਨੂੰ ਨਾਮਜ਼ਦ ਕਰਨ ਦਾ ਹੱਕ ਪੋਪ ਨੂੰ ਦੇ ਦਿੱਤਾ। ਸੰਨ 1870 ਈ. ਵਿੱਚ ਪਹਿਲੀ ਵੈਟੀਕਨ ਸਭਾ ਹੋਈ ਜਿਸ ਵਿੱਚ ਕੈਥੋਲਿਕ ਸੰਪ੍ਰਦਾਇ ਦੇ ਦੋ ਪੁਰਾਣੇ ਵਿਸ਼ਵਾਸਾਂ ਨੂੰ ਪਰਿਭਾਸ਼ਤ ਕੀਤਾ ਗਿਆ-ਪਵਿੱਤਰ ਆਤਮਾ ਚਰਚ ਨੂੰ ਜ਼ਰੂਰੀ ਵਿਸ਼ਵਾਸਾਂ ਅਤੇ ਨੈਤਿਕਤਾ ਦੇ ਮਾਮਲਿਆਂ ਵਿੱਚ ਗ਼ਲਤ ਨਹੀਂ ਹੋਣ ਦੇਵੇਗਾ ਅਤੇ ਪਵਿੱਤਰ ਆਤਮਾ ਪੋਪ ਰਾਹੀਂ ਚਰਚ ਦਾ ਮਾਰਗ ਦਰਸ਼ਨ ਕਰੇਗਾ। ਪੋਪ ਨੂੰ ਗ਼ਲਤੀਆਂ ਤੋਂ ਉਪਰ ਉਠਾਉਣ ਕਰਕੇ ਚਰਚ ਨੂੰ ਫਿਰ ਕਈ ਵਿਰੋਧਤਾਈਆਂ ਦਾ ਸਾਹਮਣਾ ਕਰਨਾ ਪਿਆ। ਪ੍ਰੋਟੈਸਟੈਂਟ ਸੰਪ੍ਰਦਾਇ ਵਿੱਚ ਫਰੈਡ੍ਰਿਕ ਸ਼ੀਲੀਮੇਕਰ (1768-1834ਈ.) ਵਰਗੇ ਵਿਦਵਾਨਾਂ ਨੇ ਹੋਰ ਉਦਾਰਵਾਦੀ ਦ੍ਰਿਸ਼ਟੀਕੋਣ ਲੈ ਆਂਦਾ ਅਤੇ ਬਹੁਤ ਸਾਰੇ ਵਿਸ਼ਵਾਸ ਨਕਾਰ ਦਿੱਤੇ ਕਿਉਂਕਿ ਇਹ ਤਰਕ ਦੀ ਕਸੌਟੀ ਉੱਪਰ ਖ਼ਰੇ ਨਹੀਂ ਸਨ ਉਤਰਦੇ। ਇਸ ਤਰ੍ਹਾਂ ਪਰੰਪਰਾਵਾਦੀ ਪ੍ਰੋਟੈਸਟੈਂਟ ਧਰਮ ਨਾਲ ਖਹਿਬੜਬਾਜ਼ੀ ਸ਼ੁਰੂ ਹੋ ਗਈ ਜਿਸ ਨਾਲ ਫਿਰਕਿਆਂ ਵਿੱਚ ਹੋਰ ਵਾਧਾ ਹੋਇਆ। ਪਹਿਲੀ ਵੱਡੀ ਜੰਗ ਨੇ ਈਸਾਈ ਲੋਕਾਂ

ਨੂੰ ਦੋ ਵੱਡੇ ਖੇਮਿਆਂ ਵਿੱਚ ਵੰਡ ਦਿੱਤਾ ਜਿੱਥੇ ਦੋਨੋਂ ਪਾਸੇ ਆਪਣੇ ਆਪ ਨੂੰ ਸਹੀ ਕਹਿ ਰਹੇ ਸਨ। ਇੱਥੇ ਪ੍ਰੋਟੈਸਟੈਂਟ ਸੰਪ੍ਰਦਾਇ ਵਿੱਚ ਨਵ-ਪਰੰਪਰਾਵਾਦ (Neo-Orthodoxy) ਨਾਂ ਹੇਠ ਇੱਕ ਲਹਿਰ ਚੱਲੀ ਜਿਸਨੂੰ ਸੰਕਟ ਕਾਲੀਨ ਧਰਮ ਸ਼ਾਸਤਰ (Crisis Theology) ਕਿਹਾ ਗਿਆ। ਕਾਰਲ ਬਾਰਥ (1886-1968 ਈ.) ਨਾਂ ਦੇ ਧਰਮ ਸ਼ਾਸਤਰੀ ਨੇ ਕਿਹਾ, "ਪਰਮਾਤਮਾ ਕੋਈ ..ਜਿਸਨੂੰ ਪਰਮਾਤਮਾ ਕਹਿੰਦੇ ਹਾਂ, ਉਹ ਇੱਕ ਪਰਮਾਤਮਾ ਹੈ। ਇਕੱਲਾ ਅਬੋਧ ਸ਼ੈ ਨਹੀਂ ਅਤੇ ਇਕਮਾਤਰ ਹੈ।"

ਕੁੱਝ ਹੋਰ ਫਰਕ ਤਕਰੀਬਨ ਸਾਰੇ ਈਸਾਈ ਸੰਪ੍ਰਦਾਇ ਸੰਤਾਂ ਨੂੰ ਮਾਨਤਾ ਅਤੇ ਸਨਮਾਨ ਦਿੰਦੇ ਹਨ।

ਈਸਟਰਨ ਓਰਥੋਡੋਕਸ ਬਹੁਤ ਥੋੜ੍ਹੇ ਸੰਤਾਂ ਨੂੰ ਮੰਨਦੇ ਹਨ, ਪ੍ਰੋਟੈਸਟੈਂਟ ਹਾਲਾਂਕਿ ਯਿਸੂ ਤੋਂ ਇਲਾਵਾ ਹੋਰ ਕਿਸੇ ਨੂੰ ਮੰਨਣ ਨੂੰ ਬੁੱਤ-ਪ੍ਰਸਤੀ ਮੰਨਦੇ ਹਨ, ਫੇਰ ਵੀ ਐਂਜਲਿਕਨ ਅਤੇ ਲੂਥਰਵਾਦੀ ਚਰਚ ਕੁੱਝ ਸੰਤਾਂ ਨੂੰ ਸ਼ੁਕਰਾਨੇ ਵਜੋਂ ਯਾਦ ਕਰਦੇ ਹਨ। ਰੋਮਨ ਕੈਥੋਲਿਕ ਚਰਚ ਵਿੱਚ ਸੰਤਾਂ ਦਾ ਬਹੁਤ ਮਹੱਤਵ ਹੈ ਹਾਲਾਂਕਿ ਇਨ੍ਹਾਂ ਦੀ ਪੂਜਾ ਨਹੀਂ ਕੀਤੀ ਜਾ ਸਕਦੀ, ਸਿਰਫ਼ ਸਨਮਾਨ ਹੀ ਦਿੱਤਾ ਜਾਂਦਾ ਹੈ। ਇੱਥੇ ਇੱਕ ਖ਼ਾਸ ਅਮਲ ਰਾਹੀਂ ਸੰਤ ਦੀ ਉਪਾਧੀ ਦਿੱਤੀ ਜਾਂਦੀ ਹੈ। ਇਸ ਅਮਲ ਨੂੰ Canonization ਕਹਿੰਦੇ ਹਨ। ਮੌਤ ਬਾਰੇ ਸਾਰੇ ਸੰਪ੍ਰਦਾਇ ਇਹ ਮੰਨਦੇ ਹਨ ਕਿ ਯਿਸੂ ਦੁਬਾਰਾ ਆਏਗਾ ਅਤੇ ਕਿਆਮਤ ਵਾਲੇ ਦਿਨ ਸਭ ਦੇ ਕਰਮਾ ਦਾ ਨਿਬੇੜਾ ਹੋਵੇਗਾ। ਰੋਮਨ ਕੈਥੋਲਿਕ ਮੰਨਦੇ ਹਨ ਕਿ ਸੋਧਣ ਸਥਾਨ (Purgatory) ਉਹ ਜਗ੍ਹਾ ਹੈ, ਜਿੱਥੇ ਉਹ ਆਤਮਾਵਾਂ ਜਾਣਗੀਆਂ ਜੋ ਪਾਪ ਰਹਿਤ ਨਹੀਂ ਹੋ ਸਕੀਆਂ, ਪਰ ਪ੍ਰੋਟੈਸਟੈਂਟ ਅਜਿਹੀ ਕੋਈ ਜਗ੍ਹਾ ਨਹੀਂ ਮੰਨਦੇ। ਨਾਰੀਵਾਦ (Feminism) ਬਾਰੇ ਵੀ ਮਤਭੇਦ ਹਨ।

ਅੱਜ ਬਹੁਤ ਸਾਰੇ ਪ੍ਰੋਟੈਸਟੈਂਟ ਚਰਚਾਂ ਵਿੱਚ ਔਰਤਾ ਪਾਦਰੀ ਹਨ ਜਦੋਂਕਿ ਰੋਮਨ ਕੈਥੋਲਿਕ ਅਤੇ ਓਰਥੋਡੋਕਸ ਇਸ ਦੇ ਵਿਰੁੱਧ ਹਨ ਸੰਨ 1895ਈ. ਵਿੱਚ ਐਲਿਜਾਬੇਥ ਕੈਡੀ ਸਟੈਨਟਨ ਅਤੇ ਉਸ ਦੀਆਂ ਸਾਥਣਾਂ ਨੇ ਪੁਰਾਣੇ ਅਤੇ ਨਵੇਂ ਅਹਿਦਨਾਮਿਆਂ ਉੱਪਰ ਟੀਕਾ ਲਿਖੀ ਜਿਸਦਾ ਨਾਮ ਸੀ The Woman's Bible. ਇਸ ਵਿੱਚ ਔਰਤਾਂ ਪ੍ਰਤੀ ਬਾਈਬਲ ਵਿੱਚ ਹੋਈਆਂ ਜ਼ਿਆਦਤੀਆਂ ਨੂੰ ਠੀਕ ਕਰਨ ਦਾ ਯਤਨ ਕੀਤਾ ਗਿਆ ਹਾਲਾਂਕਿ ਚਰਚਾਂ ਨੇ ਇਸਦੀ ਆਲੋਚਨਾ ਕੀਤੀ।

ਸੰਪ੍ਰਦਾਇਕ ਏਕਤਾ ਦੇ ਯਤਨਾਂ ਦੀ ਸ਼ੁਰੂਆਤ

ਇਸਾਈ ਧਰਮ ਨੂੰ ਅਜੋਕੇ ਹਾਲਾਤਾਂ ਮੁਤਾਬਿਕ ਹੋਰ ਲੋਕਾਂ ਨੂੰ ਸਮਝਾਉਣ ਦੇ ਯਤਨਾਂ ਦੇ ਨਾਲ-ਨਾਲ ਇਸਦੇ ਅਲੱਗ-ਅਲੱਗ ਸੰਪ੍ਰਦਾਵਾਂ ਦੇ ਆਪਸੀ ਵਿਚਾਰ-ਵਿਮਰਸ਼ ਵੀ ਸ਼ੁਰੂ ਹੋਏ ਹਨ। ਸੰਨ 1948 ਵਿੱਚ ਅਮੈਸਟਰਡਮ ਵਿੱਚ ਪ੍ਰੋਟੈਸਟੈਂਟ ਸੰਪ੍ਰਦਾਇ

ਦੀ ਵਰਲਡ ਕਾਊਂਸਿਲ ਆਫ ਚਰਚਿਜ਼ ਬਣੀ ਤਾਂ ਕਿ ਅਲੱਗ-ਅਲੱਗ ਇਸਾਈ ਫਿਰਕ ਅਤੇ ਭਾਈਚਾਰਾ ਇੱਕ-ਦੂਸਰੇ ਪ੍ਰਤੀ ਪੂਰਵ ਧਾਰਨਾਵਾਂ ਤੋਂ ਮੁਕਤ ਹੋ ਸਕਣ । ਸ਼ੁਰੂ ਵਿੱਚ ਕੈਥੋਲਿਕ ਭਾਈਚਾਰਾ ਇਸ ਪਹਿਲ ਪ੍ਰਤੀ ਸ਼ੰਕਾਵਨਾ ਰਿਹਾ, ਪਰ ਸੰਨ 1959 ਵਿੱਚ ਪੋਪ ਜਾਨ ਤੇਈਵੇਂ ਨੇ ਪ੍ਰੋਟੈਸਟੈਂਟ ਅਤੇ ਕੈਥੋਲਿਕ ਸੰਪ੍ਰਦਾਵਾਂ ਦੇ ਏਕੇ ਲਈ ਮਿਲ ਕੇ ਪ੍ਰਾਰਥਨਾ ਕਰਨ ਲਈ ਕਿਹਾ । ਸੰਨ 1962 ਵਿੱਚ ਕੈਥੋਲਿਕ ਸੰਪ੍ਰਦਾਇ ਦੀ ਦੂਸਰੀ ਵੈਟੀਕਨ ਸਭਾ ਬੁਲਾਈ ਗਈ ਜੋ ਤਿੰਨ ਸਾਲ ਚੱਲਣੀ ਸੀ । (ਵੈਟੀਕਨ-ਜੋ ਕਿ ਰੋਮਨ ਕੈਥੋਲਿਕ ਧਰਮ ਦਾ ਕੇਂਦਰ ਹੈ, ਨੂੰ ਸੰਨ 1929 ਤੋਂ 1948 ਤੱਕ ਹੋਏ ਸਮਝੌਤਿਆਂ ਤਹਿਤ ਇੱਕ ਆਜ਼ਾਦ ਦੇਸ਼ ਦਾ ਰੁਤਬਾ ਦਿੱਤਾ ਜਾ ਚੁੱਕਾ ਸੀ ।) ਇਸ ਸਭਾ ਵਿੱਚ ਪ੍ਰਾਰਥਨਾ ਲੈਟਿਨ ਦੀ ਬਜਾਇ ਸਥਾਨਕ ਭਾਸ਼ਾਵਾਂ ਵਿੱਚ ਕੀਤੇ ਜਾਣ ਦੀ ਖੁੱਲ੍ਹ ਦਿੱਤੀ ਗਈ । ਚਰਚ ਨੂੰ ਅਜੋਕੇ ਹਾਲਾਤਾਂ ਵਿੱਚ ਕਿਵੇਂ ਕੰਮ ਕਰਨਾ ਚਾਹੀਦਾ ਹੈ, ਇਸ ਉੱਪਰ ਵਿਚਾਰਾਂ ਹੋਈਆਂ । ਧਾਰਮਿਕ ਆਜ਼ਾਦੀ ਨੂੰ ਕੈਥੋਲਿਕ ਚਰਚ ਨੇ ਪਹਿਲੀ ਵਾਰ ਹੁੰਗਾਰਾ ਦਿੱਤਾ ਅਤੇ ਯਹੂਦੀਆਂ ਸਮੇਤ ਹੋਰ ਫਿਰਕਿਆਂ ਪ੍ਰਤੀ ਸਹਿਣਸ਼ੀਲਤਾ ਉੱਪਰ ਵੀ ਜ਼ੋਰ ਦਿੱਤਾ ਗਿਆ । 7 ਦਸੰਬਰ, 1965 ਨੂੰ ਪੋਪ ਪਾਲ ਛੇ ਵੇਂ ਅਤੇ ਗ੍ਰੀਕ ਓਰਥੋਡੈਕਸ ਚਰਚ ਦੇ ਮੁੱਖ ਬਿਸ਼ਪ (Patriarch) ਐਥਨਾਗੋਰਸ ਨੇ ਇੱਕ ਸਾਂਝੇ ਬਿਆਨ ਰਾਹੀਂ ਸੰਨ 1054 ਵਿੱਚ ਹੋਈ ਵੰਡ ਨੂੰ ਮੰਦਭਾਗਾ ਕਿਹਾ ਅਤੇ ਪੋਪ ਨੇ ਕਿਹਾ, "A day will come when all Christians will drink from the same chalice." 11 ਸਤੰਬਰ 2001 ਨੂੰ ਅਮਰੀਕਾ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਦੁਨੀਆਂ ਭਰ ਦੇ ਧਾਰਮਿਕ ਆਗੂਆਂ ਜਿਨ੍ਹਾਂ ਵਿੱਚ ਯਹੂਦੀ, ਮੁਸਲਮਾਨ ਅਤੇ ਹਿੰਦੂ ਵੀ ਸਨ, ਪੋਪ ਜਾਨ ਪਾਲ ਦੂਜੇ ਨਾਲ ਅਸੀਸੀ ਵਿਖੇ ਇਕੱਠੇ ਹੋਏ । 24 ਜਨਵਰੀ, 2002 ਨੂੰ ਪ੍ਰਾਰਥਨਾ ਦਾ ਦਿਨ ਮਨਾਇਆ ਗਿਆ। ਇਸ ਇਕੱਠ ਨੇ ਦੁਨੀਆਂ ਨੂੰ ਦਿਖਾ ਦਿੱਤਾ ਕਿ ਧਰਮ ਤੋੜਦਾ ਨਹੀਂ ਸਗੋਂ ਸੁਮੇਲ, ਸ਼ਾਂਤੀ ਅਤੇ ਮੇਲ-ਮਿਲਾਪ ਵੀ ਕਰਵਾ ਸਕਦਾ ਹੈ। ਸੰਨ 2007 ਦੇ ਈਸਟਰ ਜਸ਼ਨਾਂ ਸਮੇਂ ਜਦੋਂ ਪੋਪ ਬੈਨੇਡਿਕਟ ਸੋਲ੍ਹਵਾਂ ਰੱਬੀ ਭੋਜ ਸਮੇਂ ਦੀ ਪ੍ਰਾਰਥਨਾ (Mass) ਦੀ ਅਗਵਾਈ ਕਰ ਰਿਹਾ ਸੀ ਤਾਂ ਵੇਦੀ ਦੇ ਨੇੜੇ ਈਸਟਰਨ ਓਰਥੋਡੈਕਸ ਸੰਪ੍ਰਦਾਇ ਦੁਆਰਾ ਸਤਿਕਾਰੀ ਜਾਣ ਵਾਲੀ ਇੱਕ ਮੂਰਤੀ (Icon) ਵੀ ਪਈ ਸੀ, ਅਜਿਹਾ ਸੰਨ 1054 ਤੋਂ ਬਾਅਦ ਪਹਿਲੀ ਵਾਰ ਹੋਇਆ
।

## ਯੂਨਿਟ 10. ਇਸਲਾਮ ਧਰਮ : ਸ਼ੀਆ ਅਤੇ ਸੁੰਨੀ

ਸੰਸਾਰ ਦੇ ਲਗਭਗ ਸਾਰੇ ਹੀ ਵੱਡੇ ਧਰਮ ਮਨੁੱਖਾਂ ਵਿਚਕਾਰ ਭਾਈਚਾਰੇ ਨੂੰ ਉਤਸ਼ਾਹਤ ਕਰਦੇ ਹਨ ਅਤੇ ਆਪਣੇ ਮੰਨਣ ਵਾਲਿਆਂ ਨੂੰ ਏਕਤਾ 'ਤੇ ਇਕਜੁਟਤਾ ਦਾ ਉਪਦੇਸ਼ ਦਿੰਦੇ ਹਨ ਪਰੰਤੂ ਵਿਡੰਬਨਾ ਇਹ ਹੈ ਕਿ ਸੰਸਾਰ ਦੇ ਲੋਕ ਅਣਗਿਣਤ ਸੰਪ੍ਰਦਾਇਆਂ ਵਿਚ ਵੰਡੇ ਨਜ਼ਰ ਆਉਂਦੇ ਹਨ । ਆਪਣੇ ਆਪ ਨੂੰ ਧਾਰਮਿਕ ਅਖਵਾਉਣ ਵਾਲਿਆਂ ਵਿਚ ਇਹ ਵੰਡ ਹੋਰ ਵੀ ਤਿੱਖੀ ਅਤੇ ਸੰਪ੍ਰਦਾਇਆਂ ਉਪ-ਸੰਪ੍ਰਦਾਇਆਂ ਦੀ ਗਿਣਤੀ ਹੋਰਨਾਂ ਨਾਲੋਂ ਵੀ ਕਿਤੇ ਵੱਧ ਹੈ। ਕਿੰਨੀ ਹੀ ਵਾਰੀ ਇਹ ਮਤਭੇਦ ਭਿਆਨਕ ਜੰਗਾਂ ਦਾ ਰੂਪ ਲੈ ਲੈਂਦੇ ਹਨ ਅਤੇ ਹਜ਼ਾਰਾਂ ਲੱਖਾਂ ਜਾਣਾਂ ਇਨ੍ਹਾਂ ਦੀ ਭੇਂਟ ਚੜ੍ਹ ਜਾਂਦੀਆਂ ਹਨ । ਇਸਲਾਮ ਸਮੁੱਚੀ ਮਨੁੱਖ ਜਾਤੀ ਵਿਸ਼ੇਸ਼ ਕਰਕੇ ਆਪਣੇ ਮੰਨਣ ਵਾਲਿਆਂ ਵਿਚਕਾਰ ਭਰਾ-ਭਰਾ ਦਾ ਸੰਬੰਧ ਕਾਇਮ ਕਰਦਾ ਹੈ। ਕੁਰਆਨ ਆਖਦਾ ਹੈ "ਖ਼ਲਕਕੁਮ ਮਿਨ ਨਫ਼ਸਿਮ ਵਾਹਿਦਾ" (ਤੁਹਾਨੂੰ ਸਭਨਾਂ ਨੂੰ ਇਕੋ ਹੀ ਜਾਨ ਤੋਂ ਪੈਦਾ ਕੀਤਾ ਗਿਆ ਹੈ) ਅਤੇ ਹਦੀਸ ਵਿਚ ਹਜ਼ਰਤ ਮੁਹੰਮਦ ਦਾ ਫ਼ਰਮਾਨ ਹੈ "ਇਨਲ ਮੋਮਿਨੂਨ ਇਖ਼ਵਤੁਨ" (ਨਿਰਸੰਦੇਹ ਸਾਰੇ ਮੁਸਲਿਮ ਆਪਸ ਵਿਚ ਭਾਈ ਭਾਈ ਹਨ) । ਇਸਲਾਮ ਦੀ ਇਕ ਵੱਡੀ ਦੇਣ ਸੰਸਾਰ ਦੇ ਲੋਕਾਂ ਨੂੰ ਆਮ ਤੌਰ 'ਤੇ ਅਤੇ ਅਰਥਾਂ ਨੂੰ ਖ਼ਾਸ ਤੌਰ ਤੇ, ਸਦੀਆਂ ਦੀਆਂ ਲੜਾਈਆਂ ਤੋਂ ਮੁਕਤੀ ਦਿਵਾ ਕੇ, ਇਕ ਲੜੀ ਵਿਚ ਪਰੋਣਾ ਹੈ। ਕੁਰਆਨ ਵਿਚ ਅੱਲਾਹ ਤਆਲਾ ਦਾ ਆਦੇਸ਼ ਹੈ "ਵ ਅਤਸਿਮੂ ਬਿਹਬਲਿੱਲਾਹਿ ਜਮੀਅਮ ਵਲਾ ਤੱਫਰਕੂ (ਇਕ ਜੁਟ ਹੋ ਕੇ ਅਲਾਹ ਦੀ ਰੱਸੀ ਨੂੰ ਮਜ਼ਬੂਤੀ ਨਾਲ ਫੜ

ਲਵੋ 'ਤੇ ਆਪਸ ਵਖਰੇਵੇਂ ਨਾ ਪਾਓ)?। ਦੀਨ (ਧਰਮ) ਵਿਚ ਫ਼ਿਰਕਾਬੰਦੀ ਕਰਨ ਵਾਲਿਆਂ ਨੂੰ ਇੰਞ ਤਾੜਨਾ ਕੀਤੀ ਗਈ ਹੈ : ਜਿਨ੍ਹਾਂ ਨੇ ਆਪਣੇ ਦੀਨ ਵਿਚ ਤਫ਼ਰਕਾ ਪੈਦਾ ਕੀਤਾ ਅਤੇ ਖੇਰੂੰ ਖੇਰੂੰ ਹੋ ਗਏ ਉਨ੍ਹਾਂ ਦਾ ਸਾਡੇ ਨਾਲ ਕੋਈ ਸੰਬੰਧ ਨਹੀਂ। ਧਾਰਮਿਕ ਖੇਤਰ ਤੋਂ ਛੁੱਟ ਸਮਾਜਿਕ ਮਾਮਲਿਆਂ ਵਿਚ ਵੀ ਇਸਲਾਮ ਜਮਾਅਤ (ਸਮੂਹਕਤਾ, ਸੰਗਠਨ) ਦਾ ਨਿਯਮ ਪੇਸ਼ ਕਰਦਾ ਹੈ। ਨਿੱਜੀ ਆਜ਼ਾਦੀ ਅਤੇ ਰਾਏ ਦੇ ਮਤਭੇਦ ਦਾ ਅਧਿਕਾਰ ਭਾਵੇਂ ਦਿਤਾ ਗਿਆ ਪਰੰਤੂ ਸਮੂਹਕ ਮਾਮਲਿਆਂ ਨੂੰ ਨਜਿੱਠਣ ਲਈ ਆਪਸੀ ਸਲਾਹ ਮਸ਼ਵਰੇ ਦੇ ਹੱਲ ਤੇ ਜ਼ੋਰ ਦਿੱਤਾ ਗਿਆ ਤਾਂ ਜੋ ਸਮਾਜ ਵੰਡਿਆ ਨਾ ਜਾਵੇ। ਇਸ ਦੇ ਬਾਵਜੂਦ ਆਪਣੀ ਰਾਏ ਨੂੰ ਸਰਬੋਤਮ ਸਮਝਣ ਦੀ ਮਨੁੱਖੀ ਬਿਰਤੀ ਨੇ ਹੋਰਨਾਂ ਵਾਂਗ ਮੁਸਲਮਾਨਾਂ ਵਿਚ ਵੀ ਵਖਰੇਵਿਆਂ ਦੇ ਬੂਟੇ ਲਾ ਦਿੱਤੇ ਅਤੇ ਏਕਤਾ ਤੇ ਇਕਜੁਟਤਾ ਦੇ ਦਾਅਵਿਆਂ ਦੇ ਬਾਵਜੂਦ ਮੁਸਲਿਮ ਕੌਮ ਵੀ ਅਨੇਕਾਂ ਫ਼ਿਰਕਿਆਂ 'ਤੇ ਸੰਪ੍ਰਦਾਇਆਂ ਵਿਚ ਵੰਡੀ ਨਜ਼ਰ ਆਉਂਦੀ ਹੈ। ਇਨ੍ਹਾਂ ਨੂੰ ਮੋਟੇ ਤੌਰ ਤੇ ਦੋ ਮੁਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ : (ੳ) ਉਹ ਜਿਹੜੇ ਜਾਂ ਤਾਂ ਖ਼ੁਦ ਹੀ ਆਪਣੇ ਆਪ ਨੂੰ * ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਇਸਲਾਮ ਵਿਚ ਸ਼ਾਮਿਲ ਨਹੀਂ ਸਮਝਦੇ ਜਾਂ ਦੂਜੇ ਉਨ੍ਹਾਂ ਨੂੰ ਇਸਲਾਮੀ ਫ਼ਿਰਕਾ ਮੰਨਣ ਨੂੰ ਤਿਆਰ ਨਹੀਂ ਜਿਵੇਂ ਕਿ ਨਖ਼ਸ਼ਬੀ, ਬਹਾਈ, ਬਾਬੀ ਅਤੇ ਮਿਰਜ਼ਾਈ (ਕਾਦਿਆਨੀ)* ਆਦਿ (ਅ) ਉਹ ਸੰਪ੍ਰਦਾਇ ਜਿਹੜੇ ਆਪਣੇ ਆਪ ਨੂੰ ਇਸਲਾਮੀ ਅਖਵਾਉਂਦੇ ਹਨ ਅਤੇ ਦੂਜੇ ਵੀ ਉਨ੍ਹਾਂ ਦੀ ਗਿਣਤੀ ਇਸਲਾਮੀ ਸੰਪ੍ਰਦਾਇਆ ਵਿਚ ਕਰਦੇ ਹਨ। ਇਨ੍ਹਾਂ ਬਾਰੇ ਅੱਗੇ ਚੱਲ ਕੇ ਗੱਲ ਕੀਤੀ ਜਾਵੇਗੀ।

ਇਸਲਾਮੀ ਇਤਿਹਾਸ ਵਿਚ ਦੂਜੀ ਸ਼੍ਰੇਣੀ ਅਧੀਨ ਆਉਣ ਵਾਲੇ ਸੰਪ੍ਰਦਾਇਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਇਨ੍ਹਾਂ ਵਿੱਚ ਸੂਫ਼ੀਆਂ ਦੇ ਅਨੇਕਾਂ ਛੋਟੇ ਵੱਡੇ ਸੰਪ੍ਰਦਾਇਆਂ ਨੂੰ ਛੱਡ ਦੇਈਏ ਤਾਂ ਵੀ ਇਹ ਗਿਣਤੀ ਘਟਦੀ ਨਹੀਂ, ਆਮ ਤੌਰ ਤੇ ਇਹ ਸੰਪ੍ਰਦਾਇ ਕਿਸੇ ਧਾਰਮਿਕ ਸ਼ਖ਼ਸੀਅਤ ਵਿਸ਼ੇਸ਼ ਰਾਜਸੀ ਮਨੋਰਥ ਦੀ ਪੂਰਤੀ ਲਈ ਵਜੂਦ ਵਿਚ ਆਉਂਦੇ ਹਨ, ਕਈ ਵਾਰੀ ਸਮੇਂ ਨਾਲ ਹੌਲੀ ਹੌਲੀ ਅਲੋਪ ਵੀ ਹੋ ਜਾਂਦੇ ਹਨ। ਇਸੇ ਕਾਰਨ ਇਨ੍ਹਾਂ ਦੀ ਠੀਕ ਗਿਣਤੀ ਕਰਨੀ ਔਖੀ ਹੁੰਦੀ ਹੈ। ਇਤਿਹਾਸ ਦੇ ਵੱਖ ਵੱਖ ਪੜਾਵਾਂ ਵਿਚ ਉਭਰਨ ਵਾਲੇ ਕੁਝ ਪ੍ਰਮੁਖ ਸੰਪ੍ਰਦਾਇਆਂ ਵਿਚੋਂ ਖ਼ਾਰਜੀ, ਮੁਅਤਜ਼ਿਲਾ, ਕਰਾਮਤਾ, ਅਸ਼ਅਰੀਆ, ਮਰਜੀਆ, ਬਾਤਿਨੀਆ, ਮਹਦਵੀਆ, ਰੋਸ਼ਨੀਆ ਦੇ ਨਾਂ ਲਏ ਜਾ ਸਕਦੇ ਹਨ ਪਰੰਤੂ ਅੱਜ ਦੀ ਗੱਲ ਕਰਦਿਆਂ ਦੋ ਹੀ ਪ੍ਰਮੁਖ ਸੰਪ੍ਰਦਾਇ ਖ਼ਬਰਾਂ ਵਿਚ ਆਉਂਦੇ ਹਨ :

(ੳ) ਸ਼ੀਆ

(ਅ) ਸੁੰਨੀ

ਇਸੇ ਕਰਕੇ ਇਨ੍ਹਾਂ ਅਤੇ ਇਨ੍ਹਾਂ ਦੇ ਮਤਭੇਦਾਂ ਬਾਰੇ ਠੀਕ ਅਤੇ ਪ੍ਰਮਾਣਿਤ ਜਾਣਕਾਰੀ ਦੀ ਲੋੜ ਹੋਰ ਜ਼ਿਆਦਾ ਮਹਿਸੂਸ ਹੁੰਦੀ ਹੈ। ਇਹ ਤੱਥ ਧਿਆਨ ਦੇਣ ਯੋਗ ਹੈ ਕਿ ਇਸਲਾਮ ਦੇ ਮੂਲ ਸਿਧਾਂਤਾਂ ਬਾਰੇ ਦੋਵਾਂ ਵਿਚਕਾਰ ਕੋਈ ਮਤਭੇਦ ਜਿਨ੍ਹਾਂ ਮੁੱਦਿਆਂ ਤੇ ਹੈ ਉਨ੍ਹਾਂ ਦਾ ਵਰਨਣ ਅੱਗੇ ਚੱਲ ਕੇ ਕਰਾਂਗੇ। 'ਸ਼ੀਆਂ' ਦਾ ਕੋਸ਼ਗਤ ਅਰਥ ਹਮਾਇਤੀ, ਮਦਦਗਾਰ, ਤਰਫ਼ਦਾਰ ਆਦਿ ਹੈ। ਸ਼ੀਆ ਉਨ੍ਹਾਂ ਸੰਪ੍ਰਦਾਇਆਂ ਵਿਚੋਂ ਹੈ ਜਿਨ੍ਹਾਂ ਨੇ ਇਸਲਾਮੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਇਕ ਫ਼ਿਰਕੇ ਦੇ ਤੌਰ ਤੇ ਆਪਣੀ ਵੱਖਰੀ ਪਛਾਣ ਬਣਾਈ। ਖ਼ਿਲਾਫ਼ਤ ਦੇ ਮਸਲੇ ਵਿਚ, ਵਿਸ਼ੇਸ਼ ਕਰਕੇ ਚੌਥੇ ਖ਼ਲੀਫ਼ਾ (ਸ਼ੀਆਂ ਅਨੁਸਾਰ ਪਹਿਲੇ ਇਮਾਮ) ਹਜ਼ਰਤ ਅਲੀ ਅਤੇ ਅਮੀਰ ਮੁਆਵੀਆ ਵਿਚਕਾਰ ਖ਼ਿਲਾਫ਼ਤ ਦੇ ਦਾਅਵਿਆਂ ਦੇ ਮੁੱਦੇ ਤੇ ਜਿਨ੍ਹਾਂ ਲੋਕਾਂ, ਵਿਸ਼ੇਸ਼ ਕਰਕੇ ਬਨੂ ਹਾਸ਼ਿਮ (ਹਜ਼ਰਤ ਮੁਹੰਮਦ ਦੇ ਕਬੀਲੇ ਦਾ ਨਾਂ) ਨੇ ਹਜ਼ਰਤ ਅਲੀ ਦਾ ਸਾਥ ਦਿੱਤਾ, ਉਹ ਆਪਣੇ ਆਪ ਨੂੰ 'ਸ਼ੀਆਨ-ਏ-ਅਲੀ' (ਅਲੀ ਦਾ ਗੁਟ) ਆਖਦੇ ਸਨ। ਅੱਗੇ ਚਲਕੇ ਇਸ ਗੁਟ ਨੇ ਫਿਰਕੇ ਦਾ ਰੂਪ ਲਿਆ ਤਾਂ ਇਹ ਸ਼ੀਆਨ (ਸ਼ੀਆ ਦਾ ਬਹੁਵਚਨ) ਅਖਵਾਏ। ਇਸ ਤ੍ਰੇੜ ਨੂੰ ਕਰਬਲਾ ਦੀ ਲੜਾਈ ਨੇ, ਜਿਹੜੀ ਹਜ਼ਰਤ ਅਲੀ ਦੇ ਪੁੱਤਰ ਇਮਾਮ ਹੁਸੈਨ ਵਲੋਂ ਮੁਆਵੀਆ ਦੇ ਜ਼ਾਲਿਮ 'ਤੇ ਬਦ ਕਿਰਦਾਰ ਪੁੱਤਰ ਯਜ਼ੀਦ ਨੂੰ ਮੁਸਲਮਾਨਾਂ ਦਾ ਖ਼ਲੀਫ਼ਾ ਨਾ ਮੰਨੇ ਜਾਣ ਕਾਰਨ ਹੋਈ ਅਤੇ ਜਿਸ ਵਿਚ ਹਜ਼ਰਤ ਹੁਸੈਨ ਅਤੇ ਉਨ੍ਹਾਂ ਦੇ ਦੁੱਧ ਪੀਂਦੇ ਬੱਚਿਆਂ ਸਮੇਤ ਪਰਿਵਾਰ ਦੇ ਲਗਭਗ ਸਾਰੇ ਜੀਅ ਸ਼ਹੀਦ ਹੋ ਗਏ, ਹੋਰ ਵੀ ਡੂੰਘਾ ਕਰ ਦਿੱਤਾ।

ਜਿਥੇ ਤਕ ਸ਼ਬਦ ਸੁੰਨੀ ਦਾ ਸਬੰਧ ਹੈ ਤਾਂ ਇਹ 'ਅਹਿਲ-ਏ-ਸੁਨੰਤ ਵਲਜਮਾਅਤ' ਦਾ ਸੰਖੇਪ ਰੂਪ ਹੈ। ਸਯਦ ਅਮੀਰ ਅਲੀ ਅਨੁਸਾਰ ਇਕ ਧਾਰਮਿਕ ਫਿਰਕੇ ਲਈ ਇਹ ਨਾਂ ਪਹਿਲੀ ਵਾਰ ਅੱਬਾਸੀ ਖ਼ਲੀਫ਼ਾ ਮਨਸੂਰ (786-809 ਈ.) ਦੇ ਸਮੇਂ ਪ੍ਰਚਲਤ ਹੋਇਆ, ਉਨ੍ਹਾਂ ਅਨੁਸਾਰ ਪਹਿਲਾਂ ਇਮਾਮ ਅਬੂ ਹਨੀਫ਼ਾ (699-769 ਈ.) ਨੇ ਸ਼ੀਆਂ ਦੇ ਪ੍ਰਚਲਤ 'ਜਾਅਫ਼ਰੀ' ਫ਼ਿਕਹ ਸਕੂਲ ਤੋਂ ਅਲਗ ਨਵੇਂ ਫਿਕਹ ਦੀ ਨੀਂਹ ਰੱਖੀ ਫਿਰ ਉਨ੍ਹਾਂ ਦੇ ਹੀ ਪਦ-ਚਿਨ੍ਹਾਂ ਤੇ ਇਮਾਮ ਮਾਲਿਕ (ਮ. 179 ਹਿ), ਇਮਾਮ ਸਾਫ਼ਈ (ਮ. 204 ਹਿ) ਅਤੇ ਇਮਾਮ ਅਹਿਮਦ ਬਿਨ ਹੰਬਲ (ਮ. 241 ਹਿ) ਨੇ ਆਪਣੇ ਆਪਣੇ ਫ਼ਿਕਰ ਸਥਾਪਤ ਕੀਤੇ। ਪਿਛੋਂ ਇਨ੍ਹਾਂ ਸਾਰਿਆਂ ਦੇ ਪੈਰੋਕਾਰਾਂ ਨੂੰ ਅਹਿਲ-ਏ-ਸੁਨੰਤ ਵਲਜਮਾਅਤ ਆਖਿਆ ਜਾਣ ਲੱਗਾ। ਇਸ ਨਾਂ ਪਿਛੇ ਇਹ

ਵਿਚਾਰਧਾਰਾ ਹੈ ਕਿ ਫ਼ਿਕਰ ਦਾ ਆਧਾਰ ਦੋ ਤੱਤਾਂ ਤੇ ਹੈ : (ੳ) ਪੈਗ਼ੰਬਰ ਹਜ਼ਰਤ ਮੁਹੰਮਦ ਸ. ਦੀ ਸੁਨੰਤ (ਅ) ਜਮਾਅਤ ਜਾਂ (ਪਹਿਲੇ) ਚਾਰੇ ਖਲੀਫ਼ਿਆਂ ਦੀਆਂ ਲੀਹਾਂ (ਧਿਆਨਯੋਗ ਹੈ ਕਿ ਸ਼ੀਆ ਪਹਿਲੇ ਤਿੰਨ ਖ਼ਲੀਫ਼ਿਆਂ ਦੀ ਖ਼ਿਲਾਫ਼ਤ ਨੂੰ ਜਾਇਜ਼ ਨਹੀਂ ਮੰਨਦੇ) । ਵੈਸੇ ਅੱਜ ਕੱਲ੍ਹ ਇਹ ਸ਼ਬਦ ਆਮ ਤੌਰ ਤੇ ਸਾਰੇ ਗ਼ੈਰ-ਸ਼ੀਆ ਮੁਸਲਮਾਨ ਫ਼ਿਰਕੇ ਦੇ ਲੋਕਾਂ ਲਈ ਵਰਤਿਆ ਜਾਂਦਾ ਹੈ ਅਤੇ ਅਹਿਲ-ਏ-ਸੁੰਨਤ ਵਲਜਮਾਅਤ ਨਾਲ ਸੰਬੰਧਤ ਫ਼ਿਰਕਿਆਂ ਨੂੰ ਹਨਫੀ, ਮਾਲਕੀ, ਸਾਫ਼ਈ ਅਤੇ ਹੰਬਲੀ, ਦੇ ਨਾਂ ਦਿੱਤੇ ਜਾਂਦੇ ਹਨ।

ਮਤਭੇਦਾਂ ਦਾ ਕਾਰਨ ਅਤੇ ਪਿਛੋਕੜ

ਸ਼ੀਆ ਅਤੇ ਸੁੰਨੀ ਮਤਭੇਦ ਦੀ ਨਜ਼ਰੀਆਤੀ ਜੜ ਇਮਾਰਤ 'ਤੇ ਖ਼ਿਲਾਫ਼ਤ ਦਾ ਮੁੱਦਾ ਜਾਂ ਹਜ਼ਰਤ ਅਲੀ ਦੇ ਰੁਤਬੇ ਦਾ ਨਿਰਧਾਰਨ ਹੈ । ਹਜ਼ਰਤ ਅਲੀ, ਹ.ਅਬੂ ਬਕਰ, ਹ.ਉਮਰ ਅਤੇ ਹ. ਉਸਮਾਨ ਪਿਛੋਂ ਮੁਸਲਮਾਨਾਂ ਦੇ ਚੌਥੇ ਖ਼ਲੀਫ਼ਾ ਹੋਏ। ਸੁੰਨੀ ਮਾਨਤਾ ਹੈ ਕਿ ਇਹ ਇਤਿਹਾਸਕ ਕ੍ਰਮ ਹੀ ਸੁਭਾਵਕ, ਨਿਆਂ-ਸੰਗਤ ਅਤੇ ਰੱਬੀ ਮਸ਼ੀਅਤ (ਭਾਣਾ) ਦਾ ਸੂਚਕ ਹੈ, ਇਸ ਦੇ ਵਿਪਰੀਤ ਸ਼ੀਆ ਮਤ ਹੈ ਕਿ ਹਜ਼ਰਤ ਮੁਹੰਮਦ ਸ. ਪਿਛੋਂ ਹਜ਼ਰਤ ਅਲੀ ਪਹਿਲੇ ਨੰਬਰ ਤੇ ਖ਼ਿਲਾਫ਼ਤ ਜਾਂ ਇਮਾਰਤ ਦੇ ਹੱਕਦਾਰ ਸਨ ਅਤੇ ਇਹ ਕਿ ਪਹਿਲੇ ਤਿੰਨੋਂ ਖ਼ਲੀਫ਼ਿਆਂ ਵਲੋਂ ਉਨ੍ਹਾਂ ਦਾ ਹੱਕ ਮਾਰਿਆ ਗਿਆ ਸੀ । ਸ਼ੀਆ ਹਜ਼ਰਤ ਅਲੀ ਨੂੰ ਪਹਿਲਾ ਇਮਾਮ ਮੰਨਦੇ ਹਨ। ਉਨ੍ਹਾਂ ਦਾ ਤਰਕ ਇਹ ਹੈ ਕਿ ਹਜ਼ਰਤ ਅਲੀ ਦੀ ਜਾਨਸ਼ੀਨੀ ਲਈ ਆਪ ਹਜ਼ਰਤ ਮੁਹੰਮਦ ਸ. ਵਲੋਂ ਵਸੀਅਤ ਕੀਤੀ ਗਈ ਸੀ। ਇਸ ਲਈ ਉਹ ਗਦੀਰਖ਼ਮ ਦੀ ਹਦੀਸ ਨੂੰ ਆਧਾਰ ਬਣਾਉਂਦੇ ਹਨ। ਇਸ ਅਨੁਸਾਰ ਆਪਣੇ ਅੰਤਮ ਹੱਜ ਤੋਂ ਮਦੀਨੇ ਵਾਪਸੀ ਦੇ ਮੌਕੇ ਜਦੋਂ ਹਜ਼ਰਤ ਮੁਹੰਮਦ ਸ. ਗ਼ਦੀਰਖ਼ੁਮ ਦੇ ਸਥਾਨ ਤੇ ਪਹੁੰਚੇ ਤਾਂ ਉਥੇ ਉਨ੍ਹਾਂ ਤੇ ਵਹੀ ਨਾਜ਼ਲ ਹੋਈ ਜਿਸ ਵਿਚ ਉਨ੍ਹਾਂ ਨੂੰ ਹਜ਼ਰਤ ਅਲੀ ਦੀ ਜਾਨਸ਼ੀਨੀ ਦਾ ਐਲਾਨ ਕਰਨ ਦਾ ਆਦੇਸ਼ ਦਿਤਾ ਗਿਆ ਅਤੇ ਉਸ ਦੀ ਪਾਲਨਾ ਕਰਦੇ ਹੋਏ ਉਨ੍ਹਾਂ ਨੇ ਹਜ਼ਰਤ ਅਲੀ ਨੂੰ ਆਪਣਾ ਉਤਰਅਧਿਕਾਰੀ ਬਨਾਉਣ ਦਾ ਐਲਾਨ ਕਰਦੇ ਹੋਏ ਆਖਿਆ "ਅਲੀ ਦਾ ਮੇਰੇ ਨਾਲ ਉਹੀ ਸੰਬੰਧ ਹੈ ਜਿਹੜਾ ਹਾਰੂਨ ਅ. ਦਾ ਮੂਸਾ ਅ. ਨਾਲ ਸੀ । ਹੇ ਅੱਲਾਹ ! ਤੂੰ ਉਸਦੇ ਦੋਸਤਾਂ ਦਾ ਦੋਸਤ ਰਹੀਂ ਅਤੇ ਉਸ ਦੇ ਵੈਰੀਆਂ ਦਾ ਵੈਰੀ, ਜਿਹੜੇ ਲੋਕ ਉਸ ਦੀ ਮਦਦ ਕਰਨ ਤੂੰ ਉਨ੍ਹਾਂ ਦੀ ਮਦਦ ਕਰੀਂ ਤੇ ਜਿਹੜੇ ਉਸ ਨਾਲ ਗ਼ੱਦਾਰੀ ਕਰਨ ਉਨ੍ਹਾਂ ਦੀਆਂ ਉਮੰਗਾਂ ਨੂੰ ਮਲਿਆਮੇਟ ਕਰ ਦੇਈਂ। ਇਸ ਹਦੀਸ ਨੂੰ ਬਿਆਨ ਕਰਦਿਆਂ ਸੁੰਨੀ ਇਤਿਹਾਸਕਾਰਾਂ ਵਲੋਂ ਇਸ ਦਾ ਪਿਛੋਕੜ ਇਹ ਦੱਸਿਆ ਗਿਆ ਹੈ ਕਿ ਯਮਨ ਦੇ ਕੁਝ ਲੋਕਾਂ ਵਲੋਂ ਹਜ਼ਰਤ ਅਲੀ ਦੀ

ਸ਼ਿਕਾਇਤ ਕੀਤੇ ਜਾਣ ਤੇ ਉਨ੍ਹਾਂ ਨੂੰ ਢਾਰਸ ਦੇਣ ਦੇ ਮੰਤਵ ਨਾਲ ਹਜ਼ਰਤ ਮੁਹੰਮਦ ਸ. ਨੇ ਇਹ ਸ਼ਬਦ ਆਖੇ ਸਨ ਨਾ ਕਿ ਉਨ੍ਹਾਂ ਨੂੰ ਉਤਰਅਧਿਕਾਰੀ ਥਾਪਣ ਲਈ। ਆਪਣੇ ਪੱਖ ਵਿਚ ਸ਼ੀਆ ਇਕ ਦਲੀਲ ਇਹ ਦਿੰਦੇ ਹਨ ਕਿ ਹਿਜਰਤ ਦੀ ਰਾਤ ਹਜ਼ੂਰ ਵਲੋਂ ਹਜ਼ਰਤ ਅਲੀ ਨੂੰ ਹੀ ਆਪਣੀ ਥਾਂ ਬਿਸਤਰੇ ਤੇ ਲੇਟਣ ਅਤੇ ਲੋਕਾਂ ਦੀਆਂ ਅਮਾਨਤਾਂ ਉਨ੍ਹਾਂ ਦੇ ਹਵਾਲੇ ਕਰਨ ਲਈ ਚੁਣਿਆ ਗਿਆ ਸੀ। ਇਸ ਦੇ ਮੁਕਾਬਲੇ ਸੁੰਨੀਆਂ ਦਾ ਤਰਕ ਇਹ ਹੈ ਕਿ ਹਜ਼ੂਰ ਸ. ਨੇ ਆਪਣੇ ਅੰਤਮ ਦਿਨਾਂ ਵਿਚ ਬਿਮਾਰੀ ਕਾਰਣ ਆਪਣੀ ਥਾਂ ਤੇ ਨਮਾਜ਼ਾਂ ਦੀ ਇਮਾਮਤ ਲਈ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬਕਰ ਨੂੰ ਹੀ ਨਿਯਤ ਕੀਤਾ ਸੀ। ਦੂਜੇ ਸ਼ਬਦਾਂ ਵਿਚ ਸ਼ੀਆਂ ਲਈ ਰਸੂਲ ਦੀ ਜਾਨਸ਼ੀਨੀ (ਇਮਾਮਤ) ਲਈ ਆਧਾਰ ਖ਼ੂਨੀ ਸੰਬੰਧ ਹੈ ਤਾਂ ਸੁੰਨੀਆਂ ਲਈ ਇਸ (ਖ਼ਿਲਾਫ਼ਤ) ਲਈ ਖ਼ੂਨੀ ਸੰਬੰਧ ਨਹੀਂ ਸਗੋਂ ਅਧਿਆਤਮਕ ਨੇੜਤਾ ਜ਼ਰੂਰੀ ਹੈ, ਅਰਥਾਤ ਹਜ਼ੂਰ ਦੇ ਉਹ ਸਾਥੀ ਜਿਨ੍ਹਾਂ ਨੇ ਧਰਮ ਦੇ ਪ੍ਰਚਾਰ ਪ੍ਰਸਾਰ ਵਿਚ ਆਪ ਦਾ ਤਨੋਂ ਮਨੋਂ ਸਾਥ ਦਿੱਤਾ ਉਹ ਵੀ ਜਾਨਸ਼ੀਨੀ ਦੇ ਉਨੇ ਹੀ ਹੱਕਦਾਰ ਹਨ ਜਿੰਨੇ ਖ਼ੂਨੀ ਰਿਸ਼ਤੇਦਾਰ।

ਇਥੇ ਹਜ਼ਰਤ ਅਲੀ ਦੀ ਜਾਨਸ਼ੀਨੀ ਦੇ ਪੱਖ ਵਿਚ ਇਕ ਹੋਰ ਸ਼ੀਆ ਨਿਯਮ ਦਾ ਵਰਨਣ ਵੀ ਜ਼ਰੂਰੀ ਹੈ, ਡਾ. ਜਅਫ਼ਰ ਰਜ਼ਾ ਅਨੁਸਾਰ ਇਸਲਾਮ ਦੇ ਮੌਲਿਕ ਧਾਰਮਿਕ ਨਿਯਮਾਂ ਤੋਂ ਛੁਟ ਸ਼ੀਆ ਧਰਮ-ਫ਼ਿਲਾਸਫ਼ੀ ਦਾ ਆਧਾਰ "ਤੱਵਲਾ" ਅਤੇ "ਤਬੱਰਾ" ਤੇ ਹੈ। ਤਵੱਲਾ ਤੋਂ ਭਾਵ ਹਜ਼ਰਤ ਮੁਹੰਮਦ ਸ. ਦੇ ਅਹਿਲ-ਏ-ਬੈਤ (ਪਰਿਵਾਰ) ਨਾਲ ਮੁਹੱਬਤ ਹੈ ਅਤੇ ਹਜ਼ਰਤ ਅਲੀ ਹਜ਼ੂਰ ਦੀ ਪਿਆਰੀ ਸਪੁੱਤਰੀ ਹਜ਼ਰਤ ਫ਼ਾਤਿਮਾ ਦੇ ਪਤੀ ਹੋਣ ਵਜੋਂ ਇਸ ਦੇ ਸਭ ਤੋਂ ਵੱਧ ਹੱਕਦਾਰ ਹਨ। ਤਵੱਲਾ ਨਾਲ ਸੁੰਨੀਆਂ ਨੂੰ ਵੀ ਮਤਭੇਦ ਨਹੀਂ ਪਰ ਇਕ ਤਾਂ ਉਹ ਅਹਿਲ-ਏ-ਬੈਤ ਨੂੰ ਹਜ਼ਰਤ ਫ਼ਾਤਿਮਾ ਤਕ ਸੀਮਤ ਨਹੀਂ ਸਮਝਦੇ ਅਤੇ ਹਜ਼ੂਰ ਦੀਆਂ ਦੂਜੀਆਂ ਸਪੁੱਤਰੀਆਂ (ਸ਼ੀਆ ਦੂਜੀਆਂ ਸਪੁੱਤਰੀਆਂ ਦੀ ਹੋਂਦ ਨੂੰ ਹੀ ਮੰਨਦੇ) ਅਤੇ ਸੁਪਤਨੀਆਂ ਨੂੰ ਇਸ ਵਿਚ ਸ਼ਾਮਿਲ ਕਰਦੇ ਹਨ ਦੂਜੇ ਜਿਵੇਂ ਕਿ ਪਹਿਲਾਂ ਗੱਲ ਹੋਈ ਉਹ ਹਜ਼ੂਰ ਦੇ ਕਰੀਬੀ ਸਾਥੀਆਂ ਨੂੰ ਵੀ ਅਹਿਲ-ਏ-ਬੈਤ ਹੀ ਗਿਣਦੇ ਹਨ। ਇਸ ਪ੍ਰਕਾਰ ਤੱਵਲਾ ਦੇ ਸ਼ੀਆ ਦ੍ਰਿਸ਼ਟੀਕੋਣ ਅਨੁਸਾਰ ਹਜ਼ਰਤ ਉਸਮਾਨ ਦਾ ਹੱਕ ਹਜ਼ਰਤ ਅਲੀ ਤੋਂ ਵੀ ਵਧੇਰੇ ਹੈ ਕਿਉਂਕਿ ਇਕ ਇਕ ਕਰਕੇ ਹਜ਼ੂਰ ਦੀਆਂ ਦੋ ਸਪੁੱਤਰੀਆਂ ਹਜ਼ਰਤ ਰੁਕੱਯਾ ਅਤੇ ਹਜ਼ਰਤ ਉਮੰ-ਏ-ਕੁਲਸੂਮ ਉਨ੍ਹਾਂ ਦੇ ਨਿਕਾਹ ਵਿਚ ਰਹੀਆਂ।

ਤਵੱਲਾ ਦੀ ਹਦ ਤਕ ਮਤਭੇਦ ਤਾਂ ਕੇਵਲ ਅਸੂਲੀ ਹਨ ਪਰੰਤੂ ਤਬੱਰਾ ਅਰਥਾਤ ਹਜ਼ਰਤ ਅਲੀ ਦੇ ਦੁਸ਼ਮਨਾਂ (ਜਿਨ੍ਹਾਂ ਵਿਚ ਸ਼ੀਆ ਪਹਿਲੇ ਤਿੰਨ ਖ਼ਲੀਫ਼ਿਆਂ ਦੇ ਨਾਲ ਅਨੇਕਾਂ ਮਹਾਨ ਸਹਾਬੀਆਂ ਨੂੰ ਵੀ ਸ਼ਾਮਿਲ ਕਰਦੇ ਹਨ) ਤੋਂ ਨਿਖੇੜਾ ਤੇ ਨਿਖੇਧੀ ਦਾ ਨਿਯਮ ਦੋਹਾਂ ਫ਼ਿਰਕਿਆਂ ਵਿਚਕਾਰ ਲੜਾਈਆਂ, ਜਿਹੜੀਆਂ ਹਿੰਸਕ ਵੀ ਹੋ ਜਾਇਆ ਕਰਦੀਆਂ ਹਨ, ਦਾ ਕਾਰਨ ਬਣਦਾ ਹੈ।

ਸ਼ੀਆ ਅਨੁਸਾਰ ਇਮਾਮ ਦਾ ਪੈਗ਼ੰਬਰ ਦੀ ਸੰਤਾਨ ਵਿਚੋਂ ਹੋਣਾ ਵੀ ਜ਼ਰੂਰੀ ਹੈ ਇਸੇ ਕਰਕੇ ਬਾਅਦ ਵਾਲੇ ਸਾਰੇ 11 ਇਮਾਮ ਹਜ਼ਰਤ ਫ਼ਾਤਿਮਾ ਤੇ ਹਜ਼ਰਤ ਅਲੀ ਦੀ ਔਲਾਦ ਵਿਚੋਂ ਹੀ ਹਨ। ਇਸੇ ਪ੍ਰਕਾਰ ਸ਼ੀਆ 14 ਵਿਅਕਤੀਆਂ ਜਿਨ੍ਹਾਂ ਵਿਚ ਹਜ਼ਰਤ ਮੁਹੰਮਦ ਸ. ਅਤੇ ਹਜ਼ਰਤ ਫ਼ਾਤਿਮਾ ਤੋਂ ਛੁਟ ਸਾਰੇ 12 ਇਮਾਮ ਸ਼ਾਮਿਲ ਹਨ, ਨੂੰ ਮਾਸੂਮ (ਪੈਦਾਇਸ਼ੀ ਤੌਰ ਤੇ ਪਾਪ ਜਾਂ ਗ਼ਲਤੀ ਤੋਂ ਪਾਕ) ਅਤੇ ਕਿਸੇ ਵੀ ਤਰ੍ਹਾਂ ਦੀ ਟੀਕਾ ਟਿੱਪਣੀ ਤੋਂ ਉਪਰ ਸਮਝਦੇ ਹਨ। ਉਨ੍ਹਾਂ ਨੂੰ ਉਹ ਪਰਿਭਾਸ਼ਕ ਤੌਰ ਤੇ 14 ਮਾਸੂਮੀਨ ਆਖਦੇ ਹਨ। ਸੁੰਨੀ ਟੀਕਾ ਟਿੱਪਣੀ ਤੋਂ ਉਪਰ ਵਿਅਕਤੀਆਂ ਦੀ ਸੂਚੀ ਵਿਚ ਹਜ਼ੂਰ ਦੇ ਪਰਿਵਾਰ, ਚਹੁੰਆਂ ਖ਼ਲੀਫ਼ਿਆਂ, ਅਸਰਾ-ਏ-ਮੁਸ਼ੱਸ਼ਰਾ (ਉਹ 10 ਸਹਾਬੀ ਜਿਨ੍ਹਾਂ ਨੂੰ ਜਿਉਂਦਿਆਂ ਹੀ ਜੰਨਤ ਦੀ ਖ਼ੁਸ਼ਖ਼ਬਰੀ ਦੇ ਦਿੱਤੀ ਗਈ) ਆਦਿ ਨੂੰ ਵੀ ਸ਼ਾਮਿਲ ਕਰਦੇ ਹਨ।

ਸ਼ੀਆ-ਸੁੰਨੀ ਵਿਹਾਰਕ ਮਤਭੇਦਾਂ ਬਾਰੇ ਐਂਡਰਿਊ ਰਿਪਿਨ (Andrew Rippin) ਨੇ ਬਹੁਤ ਸੰਖੇਪ ਜਿਹੇ ਸ਼ਬਦਾਂ ਵਿਚ ਆਪਣੀ ਟਿਪਣੀ ਦਿੱਤੀ ਹੈ। ਉਸ ਨੇ ਲਿਖਿਆ ਹੈ ਕਿ ਫਿਕਰ ਦੇ ਮਾਮਲੇ ਵਿਚ ਦੋਹਾਂ ਵਿਚਕਾਰ ਬਹੁਤ ਘਟ ਫ਼ਰਕ ਹੈ ਜਿਵੇਂ ਸੁੰਨੀਆਂ ਦੀ ਬਹੁਗਿਣਤੀ ਇਮਾਮ ਅਬੂ ਹਨੀਫ਼ਾ, ਇਮਾਮ ਮਾਲਿਕ, ਇਮਾਮ ਇਮਾਮ ਸਾਫ਼ਈ ਜਾਂ ਇਮਾਮ ਅਹਿਮਦ ਬਿਨ ਹੰਬਲ ਵਿਚੋਂ ਕਿਸੇ ਇਕ ਦੀ ਪੈਰਵੀਂ ਕਰਦੇ ਹਨ ਉਵੇਂ ਹੀ ਸ਼ੀਆ ਇਮਾਮ ਜਅਫ਼ਰ ਸਾਦਿਕ ਦੀ ਫ਼ਿਕਹ ਅਨੁਸਾਰ ਅਮਲ ਕਰਦੇ ਹਨ। ਧਾਰਮਿਕ ਵਿਧੀ-ਵਿਧਾਨ ਵਿਚ ਵੀ ਮਾਮੂਲੀ ਫਰਕ ਹਨ। ਸੁੰਨੀਆਂ ਲਈ ਜੁਮਆ ਅਤੇ ਈਦ ਦੀਆਂ ਨਮਾਜ਼ਾਂ ਜਮਾਅਤ ਨਾਲ ਅਦਾ ਕਰਨੀਆਂ ਜ਼ਰੂਰੀ ਹਨ ਜਦੋਂ ਕਿ ਸ਼ੀਆਂ ਲਈ ਜਮਾਅਤ ਇਸ ਲਈ ਜ਼ਰੂਰੀ ਨਹੀਂ ਕਿਉਂਕਿ ਉਥੇ ਜਮਾਅਤ ਲਈ ਇਮਾਮ ਦੀ ਹਾਜ਼ਰੀ ਦੀ ਸ਼ਰਤ ਹੈ। ਸ਼ੀਆ ਵਿਸ਼ਵਾਸ ਅਨੁਸਾਰ 'ਲਾ ਇਲਾਹ ਇਲੱਲਾਹ ਮੁਹੰਮਦੁੱਰਸੂਲੱਲਾਹ' ਦੇ ਨਾਲ ਹੀ ਅਲੀਉਨ ਵਲੀਉਲਾਹ ਦੇ ਸ਼ਬਦ ਵੀ ਸ਼ਹਾਦਤ ਦੇ ਕਲਿਮੇ ਦਾ ਹਿੱਸਾ ਹਨ। ਇਕ ਵੱਡਾ ਫ਼ਰਕ ਮੁਹੱਰਮ ਨੂੰ ਸੋਗ ਵਜੋਂ ਮਨਾਉਣ ਦਾ ਹੈ। ਸ਼ੀਆ ਕਰਬਲਾ ਵਿਖੇ ਮੁਹੱਰਮ ਦੀ 10ਵੀਂ ਤਾਰੀਖ਼ ਨੂੰ ਹਜ਼ਰਤ ਇਮਾਮ ਹੁਸੈਨ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਸਾਥੀਆਂ

ਦੀ ਸ਼ਹੀਦੀ ਦੀ ਯਾਦ ਵਿਚ ਹਰ ਸਾਲ ਲਗਭਗ ਪੂਰਾ ਮਹੀਨਾ, ਵਿਸ਼ੇਸ਼ਕਰ ਪਹਿਲੇ 10 ਦਿਨ ਮਾਤਮੀ ਮਜਲਿਸਾਂ ਕਰਦੇ ਅਤੇ ਉਸ ਘਟਣਾ ਦੇ ਚਿਤ੍ਰਣ ਵਜੋਂ ਤਅਜ਼ੀਆ, ਅਲਮ ਅਤੇ ਜੁਲਜਨਾਹ ਦਾ ਪ੍ਰਦਰਸ਼ਨ ਕਰਦੇ ਹਨ ਸੁੰਨੀਆਂ ਵਿਚ ਅਜਿਹੀ ਕੋਈ ਰਸਮ ਨਹੀਂ। ਇਸੇ ਤਰ੍ਹਾਂ ਸ਼ੀਆ ਮੁਤਆ (ਨਿਯਤ

ਸਮੇਂ ਲਈ ਆਰਜ਼ੀ ਨਿਕਾਹ) ਅਤੇ ਤਕੀਯਾ (ਮਸਲਿਹਤ ਜਾਂ ਡਰ ਕਾਰਨ ਸੱਚ ਨੂੰ ਲੁਕਾਉਣਾ) ਨੂੰ ਜਾਇਜ਼ ਸਮਝਦੇ ਹਨ ਪਰੰਤੂ ਸੁੰਨੀ ਜਾਇਜ਼ ਨਹੀਂ ਸਮਝਦੇ। ਸ਼ੀਆ ਦੀ ਮਾਨਤਾ ਇਹ ਵੀ ਹੈ ਕਿ 12ਵੇਂ ਇਮਾਮ ਮਹਦੀ ਅਲੋਪ ਹਨ ਪਰ ਇਕ ਦਿਨ ਉਹ ਜ਼ਾਹਿਰ ਹੋ ਕੇ ਸ਼ੀਆ ਨੂੰ ਜ਼ਾਲਿਮਾਂ ਤੋਂ ਮੁਕਤੀ ਦਿਵਾਉਣਗੇ, ਉਨ੍ਹਾਂ ਨੂੰ ਉਹ ਇਮਾਮ-ਏ-ਮੁਨਤਜ਼ਰ ਵੀ ਆਖਦੇ ਹਨ।

ਸ਼ੀਆ ਉਪ ਸੰਪ੍ਰਦਾਇ

ਸ਼ੀਆਂ ਦਾ ਸਭ ਤੋਂ ਵੱਡਾ ਸੰਪ੍ਰਦਾਇ ਇਮਾਮੀਆਂ ਜਾਂ ਇਸਨਾ ਅਸ਼ਰੀ ਹੈ ਜਿਹੜਾ 12 ਇਮਾਮਾਂ ਨੂੰ ਮੰਨਦਾ ਹੈ। ਖ਼ੁਦ ਇਸਨਾ ਅਸ਼ਰ ਦਾ ਅਰਥ ਹੀ 12 ਹੁੰਦਾ ਹੈ, ਸ਼ੀਆ ਦੀ ਬਹੁਤ ਵੱਡੀ ਬਹੁਗਿਣਤੀ ਇਸੇ ਨਾਲ ਸੰਬੰਧ ਰੱਖਦੀ ਹੈ ਪਰੰਤੂ ਕੁਝ ਛੋਟੇ ਛੋਟੇ ਸੰਪ੍ਰਦਾਇ ਹੋਰ ਵੀ ਹਨ।

ਅਗਲੀਆਂ ਸਤਰਾਂ ਵਿਚ ਇਨ੍ਹਾਂ ਦਾ ਸੰਖੇਪ ਜਿਹਾ ਵੇਰਵਾ ਦਿੱਤਾ ਜਾ ਰਿਹਾ ਹੈ :

(ੳ) ਇਸਮਾਈਲੀ ਜਾਂ ਸਾਬਿਊਨ: ਇਹ ਲੋਕ 6ਵੇਂ ਇਮਾਮ ਹ. ਜਅਫ਼ਰ ਸਾਦਿਕ ਦੇ ਵੱਡੇ ਸਾਹਿਬਜ਼ਾਦੇ ਹਜ਼ਰਤ ਇਸਮਾਈਲ ਦੇ ਪੈਰੋ ਹਨ ਅਤੇ ਉਨ੍ਹਾਂ ਨੂੰ ਆਪਣੇ ਪਿਤਾ ਤੋਂ ਬਾਅਦ ਇਮਾਮ ਮੂਸਾ ਕਾਜ਼ਿਮ ਦੀ ਥਾਂ 7ਵਾਂ ਇਮਾਮ ਮੰਨਦੇ ਹਨ। ਇਸ ਸੰਪ੍ਰਦਾਇ ਵਿਚ 7 (ਅਰਬੀ: ਸਾਬਿਅ) ਦੇ ਅੰਕ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ। ਪੱਛਮੀ ਭਾਰਤ ਦੇ ਬੋਹਰਾ ਜਾਂ ਖੋਜਾ ਸੰਪ੍ਰਦਾਇ ਦਾ ਸੰਬੰਧ ਇਸੇ ਮਤ ਨਾਲ ਹੈ।

ਅ) ਜ਼ੈਦੀਆ : ਇਹ ਲੋਕ ਚੌਥੇ ਇਮਾਮ ਹ. ਜੈਨੁਲਆਬਿਦੀਨ ਪਿਛੋਂ ਇਮਾਮ ਬਾਕਿਰ ਦੀ ਥਾਂ ਉਨ੍ਹਾਂ ਦੇ ਭਰਾ ਹ. ਜ਼ੈਦ ਨੂੰ ਇਮਾਮ ਮੰਨਦੇ ਹਨ। ਉਨ੍ਹਾਂ ਦਾ ਆਪਣੇ ਭਰਾ ਨਾਲ ਮਤਭੇਦ ਉਮਵੀ ਖ਼ਲੀਫ਼ਾ ਹੱਸ਼ਾਮ ਵਿਰੁਧ ਸਿਆਸੀ ਲੜਾਈ ਜਾਂ ਬਗਾਵਤ ਦੇ ਮੁੱਦੇ ਤੇ ਸੀ। ਇਮਾਮ ਬਾਕਿਰ ਸਿਆਸੀ ਲੜਾਈ ਦੇ ਹੱਕ ਵਿਚ ਨਹੀਂ ਸਨ ਇਸ ਲਈ ਦੋਵੇਂ ਭਰਾ ਅਲੱਗ ਹੋ ਗਏ। ਜ਼ੈਦੀਆਂ ਅੱਜਕਲ ਯਮਨ ਵਿਚ ਮਿਲਦੇ ਹਨ।

ਣ) ਗਾਲੀਅ ਜਾਂ ਗੁਲਾਤ: ਇਕ ਨਜ਼ਰੀਆਤੀ-ਅਤਿਵਾਦੀ ਸੰਪ੍ਰਦਾਇ ਹੈ। ਇਸੇ ਦੀ ਇਕ ਸ਼ਾਖ਼ ਨੁਸੈਰੀ ਹਜ਼ਰਤ ਅਲੀ ਨੂੰ ਰੱਬ ਦਾ ਦਰਜਾ ਦਿੰਦੇ ਹਨ। ਇਸ ਨਾਲ ਸੰਬੰਧਤ ਲੋਕ ਅੱਜਕਲ ਸੀਰੀਆ ਆਦਿ ਇਲਾਕਿਆਂ ਵਿਚ ਰਹਿੰਦੇ ਹਨ।

ਸੁੰਨੀ ਉਪ ਸੰਪ੍ਰਦਾਇ

ਜਿਵੇਂਕਿ ਉਪਰ ਗੱਲ ਹੋਈ ਹੈ ਸੁੰਨੀ ਫ਼ਿਕਹ ਦੇ 4 ਸਕੂਲਾਂ ਦੇ ਨਾਂ ਉਤੇ ਹਨਫ਼ੀ, ਮਾਲਕੀ, ਸ਼ਾਫ਼ਈ ਅਤੇ ਹੰਬਲੀ ਸੰਪ੍ਰਦਾਇ ਹਨ। ਇਨ੍ਹਾਂ ਵਿਚੋਂ ਭਾਰਤ ਵਿਚ ਬਹੁਗਿਣਤੀ ਹਨਫ਼ੀਆਂ ਦੀ ਹੈ। ਇਨ੍ਹਾਂ ਵਿਚੋਂ ਮਜ਼ਾਰਾਂ ਦੀ ਜ਼ਿਆਰਤ ਕਰਨ, ਉਰਸ ਨਜ਼ਰ-ਨਿਆਜ਼ ਆਦਿ ਨੂੰ ਜਾਇਜ਼ ਸਮਝਣ ਵਾਲੇ ਬਰੇਲਵੀ ਅਤੇ ਦੂਜੇ ਦਿਓਬੰਦੀ ਆਖੇ ਜਾਂਦੇ ਹਨ। ਭਾਰਤ ਤੋਂ ਛੁੱਟ ਹਨਫ਼ੀ ਅਫ਼ਗਾਨਿਸਤਾਨ, ਤੁਰਕੀ ਅਤੇ ਮਿਸਰ ਆਦਿ ਵਿਚ ਹਨ। ਸ਼ਾਫ਼ਈ ਉਤਰੀ ਅਫ਼ਰੀਕਾ, ਯਮਨ, ਸ੍ਰੀ ਲੰਕਾ, ਅਤੇ ਪੱਛਮੀ ਭਾਰਤ ਦੇ ਕੁਝ ਇਲਾਕਿਆਂ ਵਿਚ ਹਨ। ਹੰਬਲੀ ਸਊਦੀ ਅਰਬ ਅਤੇ ਭਾਰਤ ਵਿਚ ਹਨ। ਕਿਸੇ ਵੀ ਸੁੰਨੀ ਇਮਾਮ ਦੀ ਫ਼ਿਕਹ ਤੇ ਚਲਣ ਵਾਲੇ ਨੂੰ ਮੁਕੱਲਿਦ (ਪੈਰੋਕਾਰ) ਆਖਿਆ ਜਾਂਦਾ ਹੈ। ਇਸ ਦੇ ਮੁਕਾਬਲੇ ਵਿਚ ਉਹ ਸੁੰਨੀ ਜਿਹੜੇ ਆਪਣੇ ਆਪ ਨੂੰ ਕਿਸੇ ਇਕ ਵਿਸ਼ੇਸ਼ ਫ਼ਿਕਰ ਦਾ ਪਾਬੰਦ ਨਹੀਂ ਸਮਝਦੇ ਸਗੋਂ ਹਦੀਸ ਦੀ ਸਿਧਿਆਂ ਪੈਰਵੀ ਦੇ ਕਾਇਲ ਹਨ ਉਹ ਆਪਣੇ ਆਪ ਨੂੰ'ਅਹਿਲ-ਏ-ਹਦੀਸ' ਅਖਵਾਉਂਦੇ ਹਨ।